# PUNJAB VIDHAN SABHA

## DEBATES

Thursday, the 9th March, 2023

## SIXTEENTH VIDHAN SABHA

(FOURTH SESSION)

(Sitting No. 4)

# OFFICIAL REPORT




PUNJAB VIDHAN SABHA SECRETARIAT

CHANDIGARH-160001

Price : Rs. ____________

# ਪੰਜਾਬ ਵਿਧਾਨ ਸਭਾ

**ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ**

**ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ**

**ਸ਼੍ਰੀ ਸੁਰਿੰਦਰ ਪਾਲ, ਸਕੱਤਰ**

# PUNJAB VIDHAN SABHA

**Sardar Kultar Singh Sandhwan, Hon'ble Speaker**

**Sardar Jai Krishan Singh, Hon'ble Deputy Speaker**

**Shri Surinder Pal, Secretary**

## ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | ਵਿਭਾਗ |
|---|---|---|
| 1. | ਸ਼੍ਰੀ ਭਗਵੰਤ ਮਾਨ<br>ਮੁੱਖ ਮੰਤਰੀ<br>Shri Bhagwant Mann<br>Chief Minister | ਆਮ ਪ੍ਰਸ਼ਾਸਨ<br>ਗ੍ਰਹਿ ਮਾਮਲੇ ਅਤੇ ਨਿਆਂ<br>ਪ੍ਰਸੋਨਲ<br>ਚੌਕਸੀ<br>ਸਹਿਕਾਰਤਾ<br>ਉਦਯੋਗ ਤੇ ਕਮਰਸ<br>ਰੁਜ਼ਗਾਰ ਉਤਪਤੀ ਤੇ ਟ੍ਰੇਨਿੰਗ<br>ਜੇਲ੍ਹਾਂ<br>ਕਾਨੂੰਨੀ ਤੇ ਵਿਧਾਨਕ<br>ਸ਼ਹਿਰੀ ਹਵਾਬਾਜ਼ੀ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | ਵਿੱਤ<br>ਯੋਜਨਾ<br>ਪ੍ਰੋਗਰਾਮ ਲਾਗੂਕਰਨ<br>ਕਰ ਤੇ ਆਬਕਾਰੀ |
| 3. | ਸ਼੍ਰੀ ਅਮਨ ਅਰੋੜਾ<br>Shri Aman Arora | ਸੂਚਨਾ ਤੇ ਲੋਕ ਸੰਪਰਕ<br>ਨਵ ਤੇ ਨਵਿਆਉਣਯੋਗ ਊਰਜਾ ਸਰੋਤ<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਛਪਾਈ ਤੇ ਲਿਖਣ ਸਮੱਗਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ, ਸਮਾਜਿਕ ਸੁਰੱਖਿਆ ਮਹਿਲਾ ਅਤੇ ਬਾਲ ਵਿਕਾਸ |

| ਕ੍ਰਮ ਨੰ: | ਨਾਮ | ਵਿਭਾਗ |
|---|---|---|
| 5. | ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ<br>Shri Gurmeet Singh Meet Hayer | ਪ੍ਰਸ਼ਾਸਕੀ ਸੁਧਾਰ<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 6. | ਸਰਦਾਰ ਕੁਲਦੀਪ ਸਿੰਘ ਧਾਲੀਵਾਲ<br>Sardar Kuldeep Singh Dhaliwal | ਦਿਹਾਤੀ ਵਿਕਾਸ ਅਤੇ ਪੰਚਾਇਤਾਂ<br>ਐਨ.ਆਰ.ਆਈ. ਮਾਮਲੇ<br>ਖੇਤੀਬਾੜੀ ਤੇ ਕਿਸਾਨ ਭਲਾਈ |
| 7. | ਡਾਕਟਰ ਬਲਬੀਰ ਸਿੰਘ<br>Doctor Balbir Singh | ਸਿਹਤ ਅਤੇ ਪਰਿਵਾਰ ਭਲਾਈ<br>ਡਾਕਟਰੀ ਸਿੱਖਿਆ ਤੇ ਖੋਜ<br>ਚੋਣਾਂ |
| 8. | ਸ਼੍ਰੀ ਬ੍ਰਮ ਸ਼ੰਕਰ<br>Shri Bram Shanker | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ<br>ਜਲ ਸਪਲਾਈ ਤੇ ਸੈਨੀਟੇਸ਼ਨ |
| 9. | ਸ਼੍ਰੀ ਲਾਲ ਚੰਦ<br>Shri Lal Chand | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ<br>ਜੰਗਲਾਤ ਤੇ ਜੰਗਲੀ ਜੀਵ |
| 10. | ਡਾਕਟਰ ਇੰਦਰਬੀਰ ਸਿੰਘ ਨਿੱਜਰ<br>Doctor Inderbir Singh Nijjar | ਸਥਾਨਕ ਸਰਕਾਰ<br>ਸੰਸਦੀ ਮਾਮਲੇ<br>ਭੂਮੀ ਤੇ ਜਲ ਸੰਭਾਲ<br>ਪ੍ਰਬੰਧਕੀ ਸੁਧਾਰ |
| 11. | ਸ਼੍ਰੀ ਲਾਲਜੀਤ ਸਿੰਘ ਭੁੱਲਰ<br>Shri Laljit Singh Bhullar | ਟਰਾਂਸਪੋਰਟ<br>ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ |

| ਕ੍ਰਮ ਨੰ: | ਨਾਮ | ਵਿਭਾਗ |
|---|---|---|
| 12. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ<br>ਉਚੇਰੀ ਸਿੱਖਿਆ<br>ਸਕੂਲ ਸਿੱਖਿਆ |
| 13. | ਸਰਦਾਰ ਹਰਭਜਨ ਸਿੰਘ<br>Sardar Harbhajan Singh | ਲੋਕ ਨਿਰਮਾਣ (ਭ ਤੇ ਮ)<br>ਊਰਜਾ |
| 14. | ਸਰਦਾਰ ਚੇਤਨ ਸਿੰਘ ਜੌੜਾਮਾਜਰਾ<br>Sardar Chetan Singh Jouramajra | ਸੁਤੰਤਰਤਾ ਸੈਨਾਨੀ<br>ਰੱਖਿਆ ਸੇਵਾਵਾਂ ਭਲਾਈ<br>ਫੂਡ ਪ੍ਰੋਸੈਸਿੰਗ<br>ਬਾਗਬਾਨੀ |
| 15. | ਮਿਸ ਅਨਮੋਲ ਗਗਨ ਮਾਨ<br>Miss Anmol Gagan Mann | ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ<br>ਨਿਵੇਸ਼ ਪ੍ਰੋਤਸਾਹਨ<br>ਕਿਰਤ<br>ਸ਼ਿਕਾਇਤ ਨਿਵਾਰਨ<br>ਪ੍ਰਾਹੁਣਾਚਾਰੀ |

# CONTENTS


| Sr. No. | Subject | Page No. |
|---|---|---|
| 1. | Starred Questions and Answers | 1 |
| 2. | Consent of the House in regard to include the Supplementary Demands in today's List of Business | 10 |
| 3. | Starred Questions and Answers (*Resumption*) | 11 |
| 4. | Written Answers to Starred Questions laid on the Table of the House under Rule 38 | 46 |
| 5. | Unstarred Questions and Answers | 48 |
| 6. | Matters raised during Zero Hour and Statements made by the Ministers thereon | 74 |
| 7. | Walk-out | 95 |
| 8. | Matters raised during Zero Hour and Statements made by the Ministers thereon (*Resumption*) | 95 |
| 9. | Call Attention Notices under Rule 66 | 101 |
| 10. | Financial Business | 107 |
| | (i) Presentation of Supplementary Demands for Grants for Expenditure of the Government of Punjab for the year 2022-23 | 107 |
| | (ii) Presentation of the Report of the Committee on Estimates on the Supplementary Demands for Grants for Expenditure of the Government of Punjab for the year 2022-23 | 107 |

| | | | |
|---|---|---|---|
| | (iii) | Supplementary Demands for Grants for Expenditure of the Government of Punjab for the year 2022-23 | 107 |
| | (1) | Discussion on the Estimates of the Expenditure Charged on Revenue of the state; and | 108 |
| | (2) | Voting on the demands for supplementary grants | 108 |
| | (iv) | The Punjab Appropriation (No. 2) Bill, 2023 | 122 |
| 11. | Presentation of Reports of the Committees | | 125 |
| 12. | Ruling by the Speaker | | 128 |
| 13. | Non-Official Resolution reg. Urging the Central Government to stop the looting of the people due to sale of medicines at exorbitant rates | | 128 |
| 14. | Extension of Time of the Sitting of the House | | 182 |
| 15. | Resolution reg. urging the Central Government to stop the looting of the people due to sale of medicines at exorbitant rates (*Resumption*) | | 182 |
| 16. | Announcement by the Speaker pertaining to the workshop to be conducted for the MLAs. in regard to the budget | | 195 |
| 17. | Annexure-I Bulletins (English & Punjabi) | | (i- xiv) |
| 18. | Annexure-II Starred Questions and Unstarred Questions | | (xv- xx) |

## PUNJAB VIDHAN SABHA

*Thursday, the 9th March, 2023*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Kultar Singh Sandhwan) in the Chair.*

-------------

## STARRED QUESTIONS AND ANSWERS

### ਰਾਜ ਵਿੱਚ 2022 ਅਤੇ 2023 ਦੌਰਾਨ ਹੁਣ ਤੱਕ ਲਗਾਏ ਗਏ ਰੁੱਖਾਂ ਦੇ ਵੇਰਵੇ

***694. ਸ਼੍ਰੀ ਅਵਤਾਰ ਸਿੰਘ ਜੂਨੀਅਰ:** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿੱਚ 2022 ਅਤੇ 2023 ਦੌਰਾਨ ਹੁਣ ਤੱਕ ਲਗਾਏ ਗਏ ਰੁੱਖਾਂ ਦੀ ਗਿਣਤੀ ਕਿੰਨੀ ਹੈ ਅਤੇ ਇਸ ਦੇ ਜ਼ਿਲ੍ਹਾ–ਵਾਰ ਵੇਰਵੇ ਕੀ ਕੀ ਹਨ;

(ਅ) ਉਨ੍ਹਾਂ ਵਿੱਚੋਂ ਬਚੇ ਹੋਏ ਰੁੱਖਾਂ ਦੀ ਗਿਣਤੀ ਕਿੰਨੀ ਹੈ;

(ੲ) ਰਾਜ ਵਿੱਚ ਜ਼ਿਲ੍ਹਾਵਾਰ ਜੰਗਲਾਤ ਅਧੀਨ ਕਵਰਡ ਕੁੱਲ ਕਿੰਨਾ ਰਕਬਾ ਹੈ ਅਤੇ ਇਸ ਦੀ ਪ੍ਰਤੀਸ਼ਤਤਾ ਕਿੰਨੀ ਕਿੰਨੀ ਹੈ; ਸਾਲ 2022–23 ਦੇ ਦੌਰਾਨ ਜੰਗਲਾਤ ਖੇਤਰ ਵਿੱਚ ਕਿੰਨਾ ਵਾਧਾ ਜਾਂ ਕਮੀ ਹੋਈ?

**ਸ਼੍ਰੀ ਲਾਲ ਚੰਦ:** ਸ਼੍ਰੀਮਾਨ ਜੀ, (ੳ) ਰਾਜ ਵਿੱਚ ਸਾਲ 2022 ਅਤੇ 2023 ਦੌਰਾਨ ਹੁਣ ਤੱਕ ਵਣ ਵਿਭਾਗ ਵੱਲੋਂ ਲਗਾਏ ਗਏ ਰੁੱਖਾਂ ਦੀ ਗਿਣਤੀ 54.53 ਲੱਖ ਹੈ, ਜਿਸ ਦਾ ਜ਼ਿਲ੍ਹਾ–ਵਾਰ ਵੇਰਵਾ 'ਅਨੁਲੱਗ–ੳ' ਤੇ ਹੈ। ਇਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਵਿਭਾਗੀ ਪਲਾਂਟੇਸ਼ਨ ਤੋਂ ਇਲਾਵਾ ਸਾਲ 2022–23 ਦੌਰਾਨ ਹੁਣ ਤੱਕ ਸ਼ਹੀਦ–ਏ–ਆਜ਼ਮ ਭਗਤ ਸਿੰਘ ਹਰਿਆਵਲ ਲਹਿਰ ਤਹਿਤ ਵੱਖ ਵੱਖ ਸਰਕਾਰੀ/ਗੈਰ–ਸਰਕਾਰੀ ਸੰਸਥਾਵਾਂ ਅਤੇ ਆਮ ਜਨਤਾ ਨੂੰ ਵੀ ਕੁੱਲ 76.27 ਲੱਖ ਬੂਟੇ ਮੁਫਤ ਵੰਡੇ ਗਏ ਹਨ, ਜਿਸ ਦਾ ਵੇਰਵਾ 'ਅਨੁਲੱਗ–ਅ' ਤੇ ਹੈ। ਇਸ ਪ੍ਰਕਾਰ ਕੁੱਲ 1.30 ਕਰੋੜ ਰੁੱਖ ਲਗਾਏ/ਵੰਡੇ ਗਏ ਹਨ।

[ਜੰਗਲਾਤ ਮੰਤਰੀ]

(ਅ) ਵਣ ਵਿਭਾਗ ਵੱਲੋਂ ਲਗਾਏ ਗਏ 54.53 ਲੱਖ ਰੁੱਖਾਂ ਵਿਚੋਂ ਬਚੇ ਹੋਏ ਰੁੱਖਾਂ ਦੀ ਗਿਣਤੀ 50.65 ਲੱਖ ਹੈ। ਪਲਾਂਟੇਸ਼ਨਾਂ ਦੀ ਸਫਲਤਾ ਦਰ ਕਰੀਬ 92 ਪ੍ਰਤੀਸ਼ਤ ਹੈ।

(ੲ) ਭਾਰਤੀ ਵਣ ਸਰਵੇਖਣ ਵੱਲੋਂ ਜਾਰੀ ਕੀਤੀ ਇੰਡੀਆ ਸਟੇਟ ਆਫ ਫਾਰੈਸਟ ਰਿਪੋਰਟ ਸਾਲ 2021 ਅਨੁਸਾਰ ਰਾਜ ਵਿੱਚ ਜ਼ਿਲ੍ਹਾ-ਵਾਰ ਜੰਗਲਾਤ ਅਧੀਨ ਕਵਰਡ ਕੁੱਲ ਰਕਬਾ 1846.65 ਵਰਗ ਕਿਲੋਮੀਟਰ ਹੈ, ਜੋ ਕਿ ਰਾਜ ਦੇ ਕੁੱਲ ਰਕਬੇ ਦਾ 3.67 ਪ੍ਰਤੀਸ਼ਤ ਹੈ, ਜਿਸ ਦਾ ਵੇਰਵਾ 'ਅਨੁਲੱਗ-ੲ' ਤੇ ਨੱਥੀ ਹੈ। ਇਸ ਰਿਪੋਰਟ ਅਨੁਸਾਰ ਸਾਲ 2019 ਤੋਂ ਸਾਲ 2021 ਦੌਰਾਨ ਸੂਬੇ ਦਾ 1.98 ਵਰਗ ਕਿਲੋਮੀਟਰ ਜੰਗਲਾਤ ਅਧੀਨ ਰਕਬਾ ਘਟਿਆ ਹੈ। ਸਾਲ 2022-23 ਦੌਰਾਨ ਜੰਗਲਾਤ ਖੇਤਰ ਵਿਚ ਆਏ ਬਦਲਾਅ ਸਬੰਧੀ ਰਿਪੋਰਟ ਭਾਰਤ ਵਣ ਸਰਵੇਖਣ ਵੱਲੋਂ ਅਜੇ ਜਾਰੀ ਕਰਨੀ ਬਾਕੀ ਹੈ।

## ਅਨੁਲੱਗ- ੳ

**ਸਾਲ 2022 ਅਤੇ 2023 ਦੌਰਾਨ ਵੱਖ ਵੱਖ ਜ਼ਿਲ੍ਹਿਆਂ ਵਿੱਚ ਲਗਾਏ ਗਏ ਬੂਟਿਆਂ ਦਾ ਵੇਰਵਾ**

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਸਾਲ 2022 ਅਤੇ 2023 ਦੌਰਾਨ ਲਗਾਏ ਗਏ ਕੁੱਲ ਬੂਟਿਆਂ ਦੀ ਗਿਣਤੀ | ਸਾਲ 2022 ਅਤੇ 2023 ਦੌਰਾਨ ਲਗਾਏ ਗਏ ਕੁੱਲ ਬੂਟਿਆਂ ਵਿੱਚੋਂ ਜੀਵਤ ਬੂਟਿਆਂ ਦੀ ਗਿਣਤੀ |
|---|---|---|---|
| 1 | ਹੁਸ਼ਿਆਰਪੁਰ | 920753 | 832741 |
| 2 | ਪਠਾਨਕੋਟ | 314500 | 277096 |
| 3 | ਰੂਪਨਗਰ | 337150 | 312337 |
| 4 | ਸ਼ਹੀਦ ਭਗਤ ਸਿੰਘ ਨਗਰ | 250424 | 234263 |
| 5 | ਐਸ.ਏ.ਐਸ. ਨਗਰ | 351320 | 341960 |
| 6 | ਫਤਿਹਗੜ੍ਹ ਸਾਹਿਬ | 56678 | 54259 |
| 7 | ਮੋਗਾ | 155310 | 148282 |
| 8 | ਫਿਰੋਜ਼ਪੁਰ | 157350 | 153548 |
| 9 | ਫਰੀਦਕੋਟ | 96980 | 94598 |
| 10 | ਮੁਕਤਸਰ | 171861 | 168424 |
| 11 | ਫਾਜ਼ਿਲਕਾ | 374496 | 367006 |
| 12 | ਬਠਿੰਡਾ | 204317 | 173669 |
| 13 | ਪਟਿਆਲਾ | 281503 | 259848 |
| 14 | ਮਾਨਸਾ | 136512 | 128588 |

| | | | |
|---|---|---|---|
| 15 | ਸੰਗਰੂਰ | 205171 | 188757 |
| 16 | ਮਲੇਰਕੋਟਲਾ | 79806 | 73421 |
| 17 | ਬਰਨਾਲਾ | 87036 | 80073 |
| 18 | ਲੁਧਿਆਣਾ | 487820 | 448794 |
| 19 | ਅੰਮ੍ਰਿਤਸਰ | 226423 | 210574 |
| 20 | ਤਰਨਤਾਰਨ | 58750 | 54636 |
| 21 | ਗੁਰਦਾਸਪੁਰ | 277810 | 261141 |
| 22 | ਜਲੰਧਰ | 145891 | 132761 |
| 23 | ਕਪੂਰਥਲਾ | 75322 | 68543 |
| | ਕੁੱਲ ਜੋੜ | 5453183 | 5065319 |

## ਅਨੁਲੱਗ–ਅ

### ਸਾਲ 2022–23 ਦੌਰਾਨ ਵੱਖ ਵੱਖ ਸੰਸਥਾਵਾਂ /ਪਬਲਿਕ ਨੂੰ ਸਪਲਾਈ ਕੀਤੇ ਗਏ ਬੂਟਿਆਂ ਦਾ ਵੇਰਵਾ

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਸਾਲ 2022–23 ਦੌਰਾਨ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਆਦਿ ਨੂੰ ਸਪਲਾਈ ਕੀਤੇ ਗਏ ਬੂਟਿਆਂ ਦੀ ਗਿਣਤੀ |
|---|---|---|
| 1 | ਹੁਸ਼ਿਆਰਪੁਰ | 503450 |
| 2 | ਪਠਾਨਕੋਟ | 150355 |
| 3 | ਰੂਪਨਗਰ | 152212 |
| 4 | ਸ਼ਹੀਦ ਭਗਤ ਸਿੰਘ ਨਗਰ | 151035 |
| 5 | ਐਸ.ਏ.ਐਸ. ਨਗਰ | 150000 |
| 6 | ਫਤਿਹਗੜ੍ਹ ਸਾਹਿਬ | 50000 |
| 7 | ਮੋਗਾ | 403950 |
| 8 | ਫਿਰੋਜ਼ਪੁਰ | 415390 |
| 9 | ਫਰੀਦਕੋਟ | 277301 |
| 10 | ਸ੍ਰੀ ਮੁਕਤਸਰ ਸਾਹਿਬ | 223619 |
| 11 | ਫਾਜ਼ਿਲਕਾ | 852310 |
| 12 | ਬਠਿੰਡਾ | 694928 |
| 13 | ਪਟਿਆਲਾ | 643640 |
| 14 | ਮਾਨਸਾ | 150000 |
| 15 | ਲੁਧਿਆਣਾ | 589762 |
| 16 | ਸੰਗਰੂਰ | 201380 |
| 17 | ਮਲੇਰਕੋਟਲਾ | 151035 |

[ਜੰਗਲਾਤ ਮੰਤਰੀ]

| | | |
|---|---|---|
| 18 | ਬਰਨਾਲਾ | 151035 |
| 19 | ਅੰਮ੍ਰਿਤਸਰ | 560240 |
| 20 | ਤਰਨਤਾਰਨ | 278799 |
| 21 | ਗੁਰਦਾਸਪੁਰ | 352415 |
| 22 | ਜਲੰਧਰ | 321645 |
| 23 | ਕਪੂਰਥਲਾ | 203179 |
| | ਕੁੱਲ ਜੋੜ | 7627680 |

## ਅਨੁਲੱਗ-ੲ

## ਪੰਜਾਬ ਰਾਜ ਵਿੱਚ ਫਾਰੈਸਟ ਕਵਰ ਦੀ ਜ਼ਿਲ੍ਹਾਵਾਰ ਰਿਪੋਰਟ

(ਵਰਗ ਕਿ:ਮੀ:)

| ਜ਼ਿਲ੍ਹੇ ਦਾ ਨਾਂ | ਭੂਗੋਲਿਕ ਰਕਬਾ | 2021 ਮੁਲਾਂਕਣ | | | | ਭੂਗੋਲਿਕ ਰਕਬੇ ਦੀ% | 2019 ਤੋਂ ਮੁਲਾਂਕਣ ਵਿੱਚ ਆਏ ਬਦਲਾਅ | ਸਕਰੱਬ |
|---|---|---|---|---|---|---|---|---|
| | | ਬਹੁਤ ਸੰਘਣੇ ਵਣ | ਦਰਮਿਆਨੇ ਸੰਘਣੇ ਵਣ | ਖੁੱਲ੍ਹੇ ਵਣ | ਕੁੱਲ | | | |
| ਅੰਮ੍ਰਿਤਸਰ | 2,683 | 1.00 | 10.47 | 14.11 | 25.58 | 0.95 | -1.20 | 1.22 |
| ਬਰਨਾਲਾ | 1,482 | 0.00 | 1.00 | 7.22 | 8.22 | 0.55 | -0.11 | 0.00 |
| ਬਠਿੰਡਾ | 3,353 | 0.00 | 18.85 | 37.59 | 56.44 | 1.68 | 1.01 | 9.10 |
| ਫਰੀਦਕੋਟ | 1,458 | 0.00 | 3.94 | 14.43 | 18.37 | 1.26 | -0.11 | 1.00 |
| ਫਤਿਹਗੜ੍ਹ ਸਾਹਿਬ | 1,180 | 0.00 | 3.74 | 0.00 | 3.74 | 0.32 | 0.00 | 0.00 |
| ਫਿਰੋਜ਼ਪੁਰ | 5,305 | 0.00 | 5.65 | 48.99 | 54.64 | 1.03 | 20.98 | 2.50 |
| ਗੁਰਦਾਸਪੁਰ | 3,551 | 0.00 | 103. | 107.3 | 210.69 | 5.93 | -1.63 | 0.97 |
| ਹੁਸ਼ਿਆਰਪੁਰ | 3,386 | 0.00 | 369.57 | 347.53 | 717.10 | 21.18 | -7.10 | 7.00 |
| ਜਲੰਧਰ | 2,624 | 0.00 | 1.88 | 8.20 | 10.08 | 0.38 | -0.53 | 1.00 |
| ਕਪੂਰਥਲਾ | 1,633 | 0.00 | 1.93 | 8.05 | 9.98 | 0.61 | 0.13 | 1.00 |
| ਲੁਧਿਆਣਾ | 3,578 | 0.00 | 22.86 | 29.86 | 52.72 | 1.47 | -6.20 | 1.21 |
| ਮਾਨਸਾ | 2,198 | 0.00 | 0.98 | 8.94 | 9.92 | 0.45 | -0.06 | 0.52 |
| ਮੋਗਾ | 2,242 | 0.00 | 0.00 | 8.45 | 8.45 | 0.38 | -0.44 | 0.00 |
| ਮੁਕਤਸਰ | 2,593 | 0.00 | 5.97 | 13.97 | 19.94 | 0.77 | 1.62 | 0.00 |
| ਪਟਿਆਲਾ | 3,325 | 8.13 | 27.78 | 38.81 | 74.72 | 2.25 | -0.09 | 2.34 |
| ਰੂਪਨਗਰ | 1,356 | 0.00 | 105.07 | 153.99 | 259.06 | 19.10 | -2.40 | 3.03 |
| ਸਾਹਿਬਜ਼ਾਦਾ ਅਜੀਤ ਸਿੰਘ ਨਗਰ | 1,094 | 0.00 | 74.35 | 66.04 | 140.39 | 12.83 | -0.34 | 3.00 |
| ਸੰਗਰੂਰ | 3,625 | 0.00 | 6.00 | 17.34 | 23.34 | 0.64 | 0.51 | 0.00 |
| ਸ਼ਹੀਦ ਭਗਤ ਸਿੰਘ ਨਗਰ | 1,282 | 0.00 | 25.45 | 99.92 | 125.37 | 9.78 | -6.39 | 0.00 |
| ਤਰਨਤਾਰਨ | 2,414 | 1.45 | 4.23 | 12.22 | 17.90 | 0.74 | 0.37 | 0.00 |
| **ਕੁੱਲ ਜੋੜ** | **50,362** | **10.58** | **793.11** | **1042.96** | **1846.65** | **3.67** | **-1.98** | **33.89** |

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਤੁਹਾਡੇ ਮਾਰਫਤ ਮੇਰੀ ਵਜ਼ੀਰ ਸਾਹਿਬ ਨੂੰ ਬੇਨਤੀ ਹੈ ਕਿ ਪੰਜਾਬ ਦਾ ਟੋਟਲ ਖੇਤਰਫਲ ਜੋ ਫੌਰੈਸਟ ਏਰੀਆ ਅਧੀਨ ਹੈ, ਉਹ ਲਗਭਗ 3.67% ਰਹਿ ਗਿਆ ਹੈ। unfortuntely ਡਿਸਟ੍ਰਿਕਟ ਫਤਿਹਗੜ੍ਹ ਸਾਹਿਬ ਵਿਖੇ 0.32% ਹੈ ਅਤੇ ਜਲੰਧਰ ਜਿਥੋਂ ਦੇ ਲੋਕਾਂ ਨੇ ਮੈਨੂੰ ਚੁਣ ਕੇ ਇਸ ਹਾਊਸ ਵਿੱਚ ਭੇਜਿਆ ਹੈ, ਉਥੇ 0.40% ਹੀ ਰਹਿ ਗਿਆ ਹੈ। ਹਿੰਦੁਸਤਾਨ ਵਿੱਚ ਫੋਰੈਸਟ ਏਰੀਆ ਥੱਲੇ 21% ਰਕਬਾ ਬਣਦਾ ਹੈ ਅਤੇ ਪੰਜਾਬ ਵਿੱਚ ਸਿਰਫ ਇੱਕ ਡਿਸਟ੍ਰਿਕਟ ਹੁਸ਼ਿਆਰਪੁਰ ਹੀ ਨੈਸ਼ਨਲ ਐਵਰੇਜ ਤੋਂ ਉਪਰ ਹੈ, ਜਿਥੇ ਕਿ ਇਹ ਰਕਬਾ 21.39% ਹੈ ਅਤੇ ਰੋਪੜ ਜ਼ਿਲ੍ਹੇ ਵਿੱਚ ਇਹ ਏਰੀਆ 19% ਬਣਦਾ ਹੈ। ਸਰ, ਜਿਹੜਾ ਸਰਕਾਰ ਨੇ ਉਪਰਾਲਾ ਕੀਤਾ ਹੈ, ਮੇਰਾ ਖਿਆਲ ਹੈ ਕਿ ਉਸ ਤਹਿਤ ਸਿਰਫ 55 ਕੁ ਲੱਖ ਦਰੱਖਤ ਹੀ ਪਿਛਲੇ ਸਾਲ ਵਿੱਚ ਲਗਾਏ ਗਏ ਹਨ, ਉਨ੍ਹਾਂ ਵਿੱਚੋਂ 92% ਬਚ ਗਏ ਹਨ। ਕੀ ਸਰਕਾਰ ਨੇ ਕੋਈ ਇਹੋ ਜਿਹੀ ਪਾਲਿਸੀ ਇਜਾਦ ਕੀਤੀ ਹੈ, ਜਿਸ ਤਹਿਤ ਫਾਰਮਾਕਲਚਰ, ਬਾਇਓ ਡਾਇਵਰਸਿਟੀ ਪਾਰਕ ਜਾਂ ਬਾਇਓ ਡਾਇਵਰਸਿਟੀ ਫੋਰੈਸਟ ਲਗਾਏ ਜਾਣ ਤਾਂ ਕਿ ਆਪਣੇ ਵਾਤਾਵਰਨ ਨੂੰ ਬਿਹਤਰ ਕੀਤਾ ਜਾ ਸਕੇ?

**ਮਾਣਯੋਗ ਸਪੀਕਰ:** ਮੰਤਰੀ ਜੀ, ਕੀ ਫਾਰਮਾਕਲਚਰ, ਬਾਇਓ ਡਾਇਵਰ-ਸਿਟੀ ਪਾਰਕ ਜਾਂ ਬਾਇਓ ਡਾਇਵਰਸਿਟੀ ਫੋਰੈਸਟਾਂ ਦਾ ਉਪਬੰਧ ਕਰੋਗੇ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਜੀ ਦੇ ਧਿਆਨ ਵਿੱਚ ਲਿਆ ਦਿੰਦਾ ਹਾਂ ਕਿ ਜਿਹੜੇ ਅਸੀਂ 54.53 ਲੱਖ ਰੁੱਖ ਲਗਾਏ ਹਨ, ਉਹ ਵਣ ਵਿਭਾਗ ਵੱਲੋਂ ਸਰਕਾਰੀ ਤੌਰ ਤੇ ਲਗਾਏ ਗਏ ਹਨ। ਇਸ ਤੋਂ ਇਲਾਵਾ ਅਸੀਂ 76.27 ਲੱਖ ਦਰੱਖਤ ਸ਼ਹੀਦ-ਏ-ਆਜ਼ਮ ਸ਼ਹੀਦ ਭਗਤ ਸਿੰਘ ਹਰਿਆਵਲ ਲਹਿਰ ਦੇ ਤਹਿਤ ਪੰਜਾਬ ਅੰਦਰ ਵੱਖ ਵੱਖ ਗੈਰ ਸਰਕਾਰੀ ਐਨ.ਜੀ.ਓਜ਼ ਰਾਹੀਂ ਅਤੇ ਇਸ ਕਿਸਮ ਦੀਆਂ ਹੋਰ ਆਰਗੇਨਾਈਜੇਸ਼ਨਜ਼ ਰਾਹੀਂ ਵੀ ਲਗਵਾਏ ਹਨ। ਸੋ, ਹੁਣ ਤੱਕ ਕੁੱਲ 1.30 ਕਰੋੜ ਬੂਟੇ ਪੰਜਾਬ ਦੀ ਸਰਜ਼ਮੀਨ ਵਿੱਚ ਲਗਾਏ ਗਏ ਹਨ। ਆਉਣ ਵਾਲੇ ਦਿਨਾਂ ਵਿੱਚ ਵਣ ਵਿਭਾਗ ਵੱਲੋਂ ਪੰਜਾਬ ਲਈ ਹੋਰ ਵੀ ਕਾਫ਼ੀ ਵੱਡੇ ਪਲਾਨ ਤੈਅ ਕੀਤੇ ਹਨ। ਵੈਸੇ ਤਾਂ ਮੈਂ ਇਸ ਸਬੰਧੀ ਸਾਰਾ ਕੁਝ ਲਿਖਤੀ ਜਵਾਬ ਵਿੱਚ ਦੱਸ ਦਿੱਤਾ ਹੈ। ਮੈਂਬਰ ਸਾਹਿਬ, ਜੇ ਹੋਰ ਵੀ ਕੋਈ ਤੁਹਾਡਾ ਪ੍ਰਸ਼ਨ ਹੋਵੇ ਤਾਂ ਪੁੱਛ ਸਕਦੇ ਹੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਮੁਆਫੀ ਚਾਹੁੰਦਾ ਹਾਂ, ਮੈਂ ਤੁਹਾਡੇ ਮਾਰਫ਼ਤ ਦੁਬਾਰਾ ਇਹੀ ਪੁੱਛਣਾ ਹੈ ਕਿ ਕੀ ਸਰਕਾਰ ਨੇ ਫਾਰਮਾਕਲਚਰ,

[ਸ਼੍ਰੀ ਅਵਤਾਰ ਸਿੰਘ ਜੂਨੀਅਰ]

ਬਾਇਓ ਡਾਇਵਰਸਿਟੀ ਪਾਰਕ ਜਾਂ ਬਾਇਓ ਡਾਇਵਰਸਿਟੀ ਫੋਰੈਸਟ ਬਾਰੇ ਕੋਈ ਪਾਲਿਸੀ ਬਣਾਈ ਹੈ? ਸੈਕਿੰਡ, ਮੈਂ ਕਹਿਣਾ ਚਾਹੁੰਦਾ ਹਾਂ ਕਿ ਐਗਰੋ ਫੋਰੈਸਟਰੀ, ਜਿਸ ਵਿੱਚ ਪਲਪ, ਟੀਕ ਅਤੇ ਹੋਰ ਵੀ ਦਰੱਖਤ ਆਉਂਦੇ ਹਨ, ਉਹ ਲਗਾ ਕੇ ਸਰਕਾਰ ਆਮ ਜ਼ਿਮੀਂਦਾਰਾਂ ਨੂੰ ਦੇਵੇ। ਸਰ, ਕਰਨਾਟਕਾ ਸਟੇਟ ਫੋਰੈਸਟ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਟਿਡ ਨੇ ਸਾਲ 1977 ਤੋਂ ਲੈ ਕੇ 2014 ਵਿੱਚ ਵੀ 68374 ਹੈਕਟੇਅਰ ਵਿੱਚ ਯੂਕੇਲਿਪਟਸ ਦੇ ਦਰੱਖਤ, 1090 ਹੈਕਟੇਅਰ ਵਿੱਚ ਟੀਕ ਦੇ, 460 ਹੈਕਟੇਅਰ ਵਿੱਚ ਟਾਮਾਰਿੰਡ,683 ਹੈਕਟੇਅਰ ਵਿੱਚ ਬੈਂਬੂ ਅਤੇ 56 ਹੈਕਟੇਅਰ ਵਿੱਚ ਟੀ ਆਦਿ ਦੇ ਦਰੱਖਤ ਲਗਾ ਕੇ ਲੋਕਾਂ ਨੂੰ ਦਿੱਤੇ ਹਨ, ਜੋ ਕਿ ਲਗਭਗ 71375 ਹੈਕਟੇਅਰ ਵਿੱਚ ਹਨ। ਇਸੇ ਤਰ੍ਹਾਂ ਐਗਰੋ ਫੋਰੈਸਟਰੀ ਵਿੱਚ 2065 ਹੈਕਟੇਅਰ ਪ੍ਰਤੀ ਸਾਲ ਦਰੱਖਤ ਲਗਾਏ ਜਾਂਦੇ ਹਨ। ਉਨ੍ਹਾਂ ਨੂੰ ਬੈਂਬੂ ਤੋਂ 29 ਲੱਖ 51 ਹਜ਼ਾਰ ਦੀ ਇਨਕਮ ਆਈ ਹੈ। ਉੱਥੇ ਹੀ ਪਲਪ ਦੀ ਪੈਦਾਵਾਰ 1,32,966 ਮੀਟਰਿਕ ਟਨ ਹੈ ਅਤੇ ਇਸ ਨਾਲ 7541 ਲੱਖ ਰੁਪਏ ਦਾ ਉਸ ਕਾਰਪੋਰੇਸ਼ਨ ਨੂੰ ਵਿੱਤੀ ਲਾਭ ਹੋਇਆ ਪਰ ਜੇਕਰ ਅਸੀਂ ਆਪਣੀ ਪੰਜਾਬ ਦੀ ਕਾਰਪੋਰੇਸ਼ਨ ਦੀ ਐਨੂਅਲ ਰਿਪੋਰਟ ਦੇਖੀਏ...

**ਮਾਣਯੋਗ ਸਪੀਕਰ:** ਮੈਂਬਰ ਸਾਹਿਬ, ਤੁਸੀਂ ਸਵਾਲ ਪੁੱਛੋ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਇਹ ਬਹੁਤ ਜ਼ਰੂਰੀ ਮੁੱਦਾ ਹੈ, ਵਾਤਾਵਰਨ ਨਾਲ ਜੁੜਿਆ ਮੁੱਦਾ ਹੈ।

**ਮਾਣਯੋਗ ਸਪੀਕਰ:** ਤੁਸੀਂ ਬੈਠੋ। ਮੰਤਰੀ ਜੀ, ਕੀ ਤੁਸੀਂ ਐਗਰੋ ਫਾਰੈਸਟਰੀ ਵਿਚ ਜਿਹੜੀਆਂ ਸਟੇਟਾਂ ਵਧੀਆ ਕੰਮ ਕਰ ਰਹੀਆਂ ਹਨ, ਉਸ ਤਰਜ਼ ਤੇ ਪੰਜਾਬ ਵਿੱਚ ਵੀ ਇੰਪਲੀਮੈਂਟ ਕਰਨ ਦੀ ਕੋਈ ਤਜਵੀਜ਼ ਰੱਖਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਅਸੀਂ ਪੰਜਾਬ ਵਿਚ ਐਗਰੋ ਫਾਰੈਸਟਰੀ ਤੇ ਕੰਮ ਕਰ ਰਹੇ ਹਾਂ। ਵੈਸੇ ਇਹ ਇਕ ਵੱਖਰਾ ਸਵਾਲ ਆ ਗਿਆ ਹੈ ਪਰ ਅਸੀਂ ਕਿਸਾਨਾਂ ਨੂੰ ਹਰ ਬੂਟੇ ਤੇ ਬਕਾਇਦਾ ਸਬਸਿਡੀ ਵੀ ਦਿੰਦੇ ਹਾਂ। ਅਸੀਂ ਕੰਮ ਕਰ ਰਹੇ ਹਾਂ। ਪੰਜਾਬ ਦੇ ਅੰਦਰ 3.67 ਫੀਸਦੀ ਜੰਗਲਾਤ ਦਾ ਹਿੱਸਾ ਹੈ, ਇਸ ਨੂੰ ਆਉਣ ਵਾਲੇ ਸਮੇਂ ਵਿਚ ਹੋਰ ਵਧਾਉਣ ਦਾ ਟੀਚਾ ਹੈ ਕਿਉਂਕਿ ਪੰਜਾਬ ਗਰੀਨਰੀ ਦੇ ਪੱਖ ਤੋਂ ਕਾਫੀ ਪਿੱਛੇ ਹੈ। ਸੋ, ਅਸੀਂ ਲੱਗੇ ਹੋਏ ਹਾਂ। ਜੇਕਰ ਤੁਹਾਡਾ ਕੋਈ ਪੰਜਾਬ ਦੇ ਹਿੱਤ ਵਿਚ ਸੁਝਾਅ ਹੈ ਤਾਂ ਅਸੀਂ ਜ਼ਰੂਰ ਇਸ ਨੂੰ ਪ੍ਰਵਾਨ ਕਰਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ ਅਤੇ ਰਾਣਾ ਗੁਰਜੀਤ ਸਿੰਘ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਤੁਹਾਡੀਆਂ ਦੋ ਸਪਲੀਮੈਂਟਰੀਜ਼ ਹੋ ਗਈਆਂ ਹਨ, ਮੰਤਰੀ ਜੀ ਨੇ ਤੁਹਾਨੂੰ ਕਹਿ ਦਿੱਤਾ ਹੈ ਕਿ ਤੁਸੀਂ ਉਨ੍ਹਾਂ ਨਾਲ ਗੱਲ ਕਰ ਲੈਣਾ। ਉਨ੍ਹਾਂ ਨੇ ਕਲੈਰੀਫਾਈ ਕਰ ਦਿੱਤਾ ਹੈ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਸਦਨ ਵਿਚ ਸੁਆਲ ਲਗਾਇਆ ਹੈ, ਮੰਤਰੀ ਜੀ ਉਸ ਦਾ ਜਵਾਬ ਤਾਂ ਦੇ ਦੇਣ।

**ਮਾਣਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਬਾਇਓਡਾਈਵਰਸਿਟੀ ਪਾਰਕ ਬਣਾਉਣ ਦਾ ਵਿਚਾਰ ਰੱਖਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਇਹ ਬਹੁਤ ਚੰਗਾ ਸੁਝਾਅ ਹੈ। ਅਸੀਂ ਲਾਜ਼ਮੀ ਤੌਰ ਤੇ ਵਿਚਾਰ ਕਰਾਂਗੇ।

**ਮਾਣਯੋਗ ਸਪੀਕਰ:** ਮੰਤਰੀ ਜੀ, ਕੀ ਇਸ ਨੂੰ ਟਾਈਮ ਬਾਊਂਡ ਕਰ ਸਕਦੇ ਹੋ?

**ਮੰਤਰੀ:** ਅਸੀਂ ਇਹ ਮਾਮਲਾ ਵਿਚਾਰਨ ਦਾ ਤੁਹਾਡੇ ਨਾਲ ਵਾਅਦਾ ਕਰਦੇ ਹਾਂ ਪਰ ਇਹ ਵੱਖਰਾ ਸਵਾਲ ਆ ਗਿਆ ਹੈ। ਸਪੀਕਰ ਸਾਹਿਬ, ਮੈਂ ਇਸ ਪਵਿੱਤਰ ਸਦਨ ਵਿਚ ਇਹ ਕਹਿ ਸਕਦਾ ਹਾਂ ਕਿ ਇਹ ਚੰਗਾ ਸੁਝਾਅ ਹੈ, ਅਸੀਂ ਇਸ ਤੇ ਜ਼ਰੂਰ ਕੰਮ ਕਰਾਂਗੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ ਅਤੇ ਰਾਣਾ ਗੁਰਜੀਤ ਸਿੰਘ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਧੰਨਵਾਦ ਜੀ। ਹੁਣ ਤੁਹਾਡੀ ਗੱਲ ਹੋ ਗਈ। You have got ample time and you have conveyed good point. ਇਸ ਤੋਂ ਵੱਧ ਕੁਝ ਨਹੀਂ ਹੋ ਸਕਦਾ। ਤੁਹਾਡੀ ਗੱਲ ਇਸ ਤੋਂ ਵਧੀਆ ਤਰੀਕੇ ਨਾਲ ਨਹੀਂ ਰੱਖੀ ਜਾ ਸਕਦੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਸਾਨਾਂ ਨੂੰ ਇਸ ਵਾਸਤੇ ਕਿੰਨਾ ਮੁਆਵਜ਼ਾ ਮਿਲਦਾ ਹੈ? ਜਿਹੜੇ ਸੜਕਾਂ ਤੇ ਦਰੱਖਤ ਲੱਗੇ ਹੋਏ ਹਨ, ਜੇਕਰ ਕਿਸਾਨਾਂ ਨੂੰ ਉਨ੍ਹਾਂ ਬਾਰੇ ਅਵੇਅਰ ਕੀਤਾ ਜਾਵੇ ਤਾਂ ਉਹ ਜ਼ਰੂਰ ਇਨ੍ਹਾਂ ਦਰੱਖਤਾਂ ਦੀ ਸਾਂਭ ਸੰਭਾਲ ਕਰਨਗੇ ਕਿਉਂਕਿ ਹੁਣ ਤਾਂ ਉਨ੍ਹਾਂ ਨੂੰ ਇਹ ਪਤਾ ਹੈ ਕਿ ਇਹ ਦਰੱਖਤ ਸਾਡੀ ਫਸਲ ਨੂੰ ਮਾਰ ਕਰਦੇ ਹਨ, ਇਸ ਲਈ ਉਹ ਕੁਝ ਨਾ ਕੁਝ ਜੜ੍ਹਾਂ ਵਿਚ ਪਾ ਦਿੰਦੇ ਹਨ ਜਾਂ ਉਨ੍ਹਾਂ ਦਰੱਖਤਾਂ ਨੂੰ ਵੱਢ ਦਿੰਦੇ ਹਨ। ਜੇਕਰ ਮੈਂ ਪਿਛਲੀ ਸਰਕਾਰ ਦੀ ਗੱਲ ਕਰਾਂ ਤਾਂ ਮੈਨੂੰ ਲਗਦਾ ਹੈ ਕਿ ਪੰਜਾਬ ਵਿਚ ਉਨੀ ਧਰਤੀ ਨਹੀਂ ਹੋਣੀ ਜਿੰਨੇ ਪੰਜਾਬ ਵਿਚ ਦਰੱਖਤ ਲੱਗ ਗਏ ਪਰ ਦਿਸਦਾ ਕਿਤੇ ਹੈ ਨਹੀਂ। ਇਸ ਕਰਕੇ ਇਨ੍ਹਾਂ ਨੂੰ ਸੰਭਾਲਣ ਵਾਸਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ।

**ਮਾਣਯੋਗ ਸਪੀਕਰ:** ਇਹ ਵੱਖਰਾ ਸਵਾਲ ਬਣਦਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਰਾਣਾ ਜੀ, ਤੁਹਾਡੀ ਸਪਲੀਮੈਂਟਰੀ ਬਣਦੀ ਨਹੀਂ ਪਰ ਤੁਸੀਂ ਕਈ ਦਿਨਾਂ ਬਾਅਦ ਸਦਨ ਵਿਚ ਆਏ ਹੋ, ਇਸ ਲਈ ਸਮਾਂ ਦੇ ਦਿੰਦਾ ਹਾਂ।

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਸ਼ਾਇਦ ਇਹ ਨਾ ਦੱਸ ਸਕਣ ਕਿ ਪੰਜਾਬ ਵਿਚ ਸਲਾਈਨ ਏਰੀਆ ਕਿੰਨਾ ਹੈ, ਜਿੱਥੇ ਸ਼ੋਰਾ ਹੈ? ਪਰ ਮੇਰਾ ਸਵਾਲ ਇਸ ਨਾਲ ਜੁੜਦਾ ਹੈ ਕਿ ਕੀ ਸਰਕਾਰ ਸਲਾਈਨ ਏਰੀਏ ਵਿਚ ਯੂਕੇਲਿਪਟਸ ਲਾਉਣ ਦੀ ਕੋਈ ਤਜਵੀਜ਼ ਰੱਖਦੀ ਹੈ? ਕੀ ਉਨ੍ਹਾਂ ਇਲਾਕਿਆਂ ਵਿਚ ਜਿੱਥੇ ਸ਼ੋਰਾ ਉੱਪਰ ਆ ਗਿਆ ਹੈ, ਉੱਥੇ ਯੂਕੇਲਿਪਟਸ ਲਾਉਣ ਦੀ ਕੋਈ ਤਜਵੀਜ਼ ਹੈ?ਕਿਉਂਕਿ ਜਿਹੜੀ ਸਾਡੀ ਪਲਪ ਇੰਡਸਟਰੀ ਹੈ, ਖਾਸ ਕਰਕੇ ਪੇਪਰ ਮਿੱਲਾਂ ਲਈ ਸਾਡੇ ਕੋਲ ਕੋਈ ਰਾਅ ਮੈਟੀਰੀਅਲ ਨਹੀਂ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਰਾਣਾ ਗੁਰਜੀਤ ਸਿੰਘ:** ਸਪੀਕਰ ਸਾਹਿਬ, ਕੇਵਲ ਇਕ ਮਿੰਟ ਜੀ।

**ਮਾਣਯੋਗ ਸਪੀਕਰ:** ਰਾਣਾ ਜੀ, ਸਾਰੇ ਮਾਨਯੋਗ ਮੈਂਬਰ ਸਾਹਿਬਾਨ ਦੇ ਸਵਾਲ ਲੱਗੇ ਹੋਏ ਹਨ। ਤੁਹਾਡੇ ਸਾਰਿਆਂ ਕੋਲ ਪੰਡਾਂ ਤੇ ਟੋਕਰੇ ਭਰ ਕੇ ਗਿਆਨ ਹੈ। ਜੇਕਰ ਇਕੱਲਾ ਇਕੱਲਾ ਮੈਂਬਰ ਬੋਲਣ ਲੱਗ ਗਿਆ ਤਾਂ ਸਮਾਂ ਮੁੱਕ ਜਾਵੇਗਾ। So, kindly sit down.

---

## ਨਹਿਰੀ ਵਿਭਾਗ ਦੇ ਅਧਿਕਾਰੀਆਂ ਦੀ ਤਾਇਨਾਤੀ ਫਾਜ਼ਿਲਕਾ ਵਿਖੇ ਕਰਨਾ

***612. ਸ਼੍ਰੀ ਨਰਿੰਦਰਪਾਲ ਸਿੰਘ ਸਵਨਾ:** ਕੀ ਜਲ ਸਰੋਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਾਜ਼ਿਲਕਾ ਵਿਖੇ ਨਹਿਰੀ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਦੀ ਤਾਇਨਾਤੀ ਮੌਜੂਦਾ ਸਮੇਂ ਤੱਕ ਵੀ ਨਹੀਂ ਕੀਤੀ ਗਈ; ਜੇਕਰ ਹਾਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਹ ਤਾਇਨਾਤੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਨਹੀਂ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਹਿਰੀ ਵਿਭਾਗ (ਹੁਣ ਜਲ ਸਰੋਤ ਵਿਭਾਗ) ਦੇ ਫਾਜ਼ਿਲਕਾ ਵਿਚ ਸਾਰੇ ਦਫ਼ਤਰਾਂ ਵਿਚ ਜ਼ਿਆਦਾਤਰ ਅਸਾਮੀਆਂ ਭਰੀਆਂ ਹੋਈਆਂ ਹਨ। ਮੈਂ ਮੈਂਬਰ ਸਾਹਿਬ ਨਾਲ ਉਸ ਦੇ ਵੇਰਵੇ ਸਾਂਝੇ ਕਰ ਲਵਾਂਗਾ।

**ਸ਼੍ਰੀ ਨਰਿੰਦਰਪਾਲ ਸਿੰਘ ਸਵਨਾ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਅੱਜ ਵੀ ਫਾਜ਼ਿਲਕਾ ਦੇ ਨਹਿਰੀ ਵਿਭਾਗ ਦੇ ਜ਼ਿਲ੍ਹਾ ਹੈਡਕੁਆਰਟਰ ਤੇ ਇਕ ਵੀ ਐਕਸੀਅਨ ਤਾਇਨਾਤ ਨਹੀਂ ਹੈ। ਕੁਝ ਮਹੀਨੇ ਪਹਿਲਾਂ ਫਾਜ਼ਿਲਕਾ ਨਾਲ ਸਬੰਧਿਤ ਈਸਟ ਡਵੀਜ਼ਨ ਦਾ ਨਾਮ ਬਦਲ ਕੇ Fazilka Canal and Groundwater Management ਰੱਖਿਆ ਗਿਆ ਹੈ। ਪੰਜਾਬ ਵਿੱਚ ਸਾਲ 2011 ਵਿੱਚ ਫਾਜ਼ਿਲਕਾ ਜ਼ਿਲ੍ਹਾ ਬਣਾਇਆ ਗਿਆ ਸੀ ਪਰ ਸਾਡੇ ਫਾਜ਼ਿਲਕਾ ਅਤੇ ਜਲਾਲਾਬਾਦ ਦੇ ਕਿਸਾਨਾਂ ਨੂੰ ਅੱਜ ਤੱਕ ਕੋਈ ਵੀ ਸਮੱਸਿਆ ਜਿਵੇਂ ਖਾਲ਼ਿਆਂ ਦੀ ਸਮੱਸਿਆ, ਪਾਣੀਆਂ ਦੀਆਂ ਵਾਰੀਆਂ ਦੇ ਸਮੇਂ ਬਦਲਾਉਣ ਲਈ, ਪਾਣੀ ਘੱਟ-ਵੱਧ ਕਰਵਾਉਣ ਲਈ ਜਾਂ ਮੋਘਿਆਂ ਦੇ ਕੇਸਾਂ ਲਈ 100 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਫਿਰੋਜ਼ਪੁਰ ਜਾਣਾ ਪੈਂਦਾ ਹੈ, ਜਿਸ ਨਾਲ ਕਿਸਾਨਾਂ ਦਾ ਬਹੁਤ ਸਾਰਾ ਸਮਾਂ ਖਰਾਬ ਹੁੰਦਾ ਹੈ। ਸਾਰਾ ਦਿਨ ਆਉਣ-ਜਾਣ ਵਿੱਚ ਹੀ ਲੰਘ ਜਾਂਦਾ ਹੈ। ਅੱਜ ਵੀ ਕਿਸਾਨਾਂ ਦੇ ਸੈਂਕੜੇ ਕੇਸ ਫਿਰੋਜ਼ਪੁਰ ਐਕਸੀਅਨ ਕੋਲ ਹੀ ਚੱਲ ਰਹੇ ਹਨ। ਮੈਂ ਮੰਤਰੀ ਜੀ ਨੂੰ

ਪੁੱਛਣਾ ਚਾਹੁੰਦਾ ਹਾਂ ਕਿ ਜੋ ਨਹਿਰੀ ਵਿਭਾਗ ਦੇ ਤਿੰਨ ਐਕਸੀਅਨ ਫਿਰੋਜ਼ਪੁਰ ਬੈਠਦੇ ਹਨ ਅਤੇ ਦੋ ਐਕਸੀਅਨ ਅਬੋਹਰ ਬੈਠਦੇ ਹਨ, ਕੀ ਇਨ੍ਹਾਂ ਵਿੱਚੋਂ ਕਿਸੇ ਇੱਕ ਐਕਸੀਅਨ ਨੂੰ ਫਾਜ਼ਿਲਕਾ ਡਵੀਜ਼ਨ, ਜਲਾਲਾਬਾਦ ਸਬ-ਡਵੀਜ਼ਨ ਅਤੇ ਅਬੋਹਰ ਸਬ-ਡਵੀਜ਼ਨ ਦੇ ਕੇਸਾਂ ਦਾ ਕੰਮ ਫਾਜ਼ਿਲਕਾ ਵਿਖੇ ਤਾਇਨਾਤ ਕਰਕੇ ਦਿੱਤਾ ਜਾ ਸਕਦਾ ਹੈ? ਜਿਸ ਨਾਲ ਕਿਸਾਨਾਂ ਦੇ ਸੈਂਕੜੇ ਕੇਸਾਂ ਦੀ ਸੁਣਵਾਈ ਫਾਜ਼ਿਲਕਾ ਵਿਖੇ ਹੀ ਹੋ ਸਕੇ।

**ਮੰਤਰੀ:** ਸਪੀਕਰ ਸਾਹਿਬ, ਜੋ ਮੇਰੇ ਕੋਲ ਰਿਕਾਰਡ ਹੈ ਉਸ ਮੁਤਾਬਿਕ 4 ਐਸ.ਡੀ.ਓ. ਦੀਆਂ ਅਤੇ 20 ਜੇ.ਈਜ਼ ਦੀਆਂ ਪੋਸਟਾਂ ਭਰੀਆਂ ਹੋਈਆਂ ਹਨ। ਉਥੇ ਐਕਸੀਅਨ ਦੀ ਪੋਸਟਿੰਗ ਨਹੀਂ ਹੈ ਇਹ ਇਲਾਕਾ ਟੋਟਲੀ ਨਹਿਰੀ ਪਾਣੀ ਤੇ dependant ਹੈ। ਸੋ, ਕੁਦਰਤੀ ਹੈ ਕਿ ਉਥੇ ਕੇਸ ਵੀ ਜ਼ਿਆਦਾ ਹੋਣਗੇ। ਜਿਵੇਂ ਮੈਂਬਰ ਸਾਹਿਬ ਕਹਿ ਰਹੇ ਹਨ ਕਿ ਉੱਥੋਂ ਦੇ ਮਸਲੇ ਨਜਿੱਠਣ ਲਈ ਉੱਥੇ ਕਿਸੇ ਐਕਸੀਅਨ ਦੀ ਪੱਕੀ ਡਿਊਟੀ assign ਕਰ ਦਿੱਤੀ ਜਾਵੇ ਤਾਂ ਮੈਂ ਮੈਂਬਰ ਸਾਹਿਬ ਨਾਲ ਉਸ ਤੇ ਵਿਚਾਰ ਕਰ ਲਵਾਂਗਾ ਅਤੇ ਕਿਸੇ ਦੀ ਡਿਊਟੀ ਲਗਾ ਦਿੱਤੀ ਜਾਵੇਗੀ।

---

## CONSENT OF THE HOUSE IN REGARD TO INCLUDE THE SUPPLEMENTARY DEMANDS IN TODAY'S LIST OF BUSINESS

**ਮਾਣਯੋਗ ਸਪੀਕਰ:** ਮਿਤੀ 7 ਮਾਰਚ, 2023 ਨੂੰ ਪੰਜਾਬ ਸਰਕਾਰ ਦੀਆਂ ਕੁਝ ਅਨੁਪੂਰਕ ਮੰਗਾਂ ਰਹਿ ਗਈਆਂ ਸਨ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਕਾਰਜਸੂਚੀ ਵਿੱਚ ਇਨ੍ਹਾਂ ਗਰਾਂਟਾਂ ਲਈ ਅਨੁਪੂਰਕ ਮੰਗਾਂ ਨੂੰ ਲੈ ਲਿਆ ਜਾਵੇ ਤੇ ਇਨ੍ਹਾਂ ਵਾਸਤੇ ਵੋਟਿੰਗ ਕਰਵਾ ਲਈ ਜਾਵੇ?

(**ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਉਸ ਦੀ information ਤਾਂ ਘੱਲੋ ਜੀ।

**ਮਾਣਯੋਗ ਸਪੀਕਰ:** ਤੁਹਾਡੇ ਕੋਲ information ਆ ਰਹੀ ਹੈ। ਅਸੀਂ ਹੁਣੇ ਸਰਕੂਲੇਟ ਕਰ ਰਹੇ ਹਾਂ। You will get it. ਹੁਣੇ ਆ ਰਹੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜਦੋਂ ਸਾਨੂੰ ਇਲਮ ਹੀ ਕੋਈ ਨਹੀਂ ਹੈ।

**ਮਾਣਯੋਗ ਸਪੀਕਰ:** ਸਾਲ 2022-23 ਦੀ ਹੈ। ਹੁਣੇ current ਵਾਲੀ ਤੁਹਾਨੂੰ ਆ ਰਹੀ ਹੈ। You will get it.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਪਾਸ ਹੀ ਸਮਝੋ ਜਦੋਂ ਅਜੇ ਤੱਕ ਨਹੀਂ ਆਈ।

**Mr. Speaker:** You will get it. ਇਹ ਅਨੁਪੂਰਕ ਮੰਗਾਂ ਅੱਜ ਦੀ ਕਾਰਜ ਸੂਚੀ ਵਿੱਚ ਸ਼ਾਮਲ ਕੀਤੀਆਂ ਜਾਂਦੀਆਂ ਹਨ।

------

## STARRED QUESTIONS AND ANSWERS (*RESUMPTION*)

### ਬੰਦ ਪਏ ਬੇਲਾ-ਪਨਿਆਲੀ ਲਿੰਕ ਸੜਕ ਦਾ ਕੰਮ ਦੁਬਾਰਾ ਸ਼ੁਰੂ ਕਰਨਾ

*590. **ਡਾਕਟਰ ਚਰਨਜੀਤ ਸਿੰਘ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਸ੍ਰੀ ਚਮਕੌਰ ਸਾਹਿਬ ਵਿਖੇ ਬਣਾਏ ਜਾ ਰਹੇ ਬੇਲਾ-ਪਨਿਆਲੀ ਨਵੇਂ ਲਿੰਕ ਸੜਕ ਦਾ ਕੰਮ ਬੰਦ ਹੋ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਮੁੜ ਸ਼ੁਰੂ ਕੀਤਾ ਜਾਵੇਗਾ;

(ਅ) ਕੀ ਸਰਕਾਰ ਇਸ ਕੰਮ ਨੂੰ ਟਾਈਮ-ਬਾਊਂਡ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਸ ਕੰਮ ਨੂੰ ਮੁਕੰਮਲ ਕਰ ਦਿੱਤਾ ਜਾਵੇਗਾ?

**ਸਰਦਾਰ ਹਰਭਜਨ ਸਿੰਘ:** (ੳ) ਸ੍ਰੀ ਚਮਕੌਰ ਸਾਹਿਬ ਵਿਖੇ ਬੇਲਾ-ਪਨਿਆਲੀ ਨਵੇਂ ਲਿੰਕ ਸੜਕ ਦੇ ਕੰਮ ਨੂੰ ਸ਼ੁਰੂ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

(ਅ) ਇਸ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਜੰਗਲਾਤ ਦੀ ਜ਼ਮੀਨ ਸੜਕ ਲਈ ਇਸਤੇਮਾਲ ਕਰਨ ਸਬੰਧੀ ਪਰਿਆਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲਾ, ਭਾਰਤ ਸਰਕਾਰ ਤੋਂ ਪ੍ਰਵਾਨਗੀ ਮੰਗੀ ਗਈ ਹੈ। ਭਾਰਤ ਸਰਕਾਰ ਤੋਂ ਇਹ ਪ੍ਰਵਾਨਗੀ

ਮਿਲਣ ਉਪਰੰਤ ਅਤੇ ਪ੍ਰਾਈਵੇਟ ਭੌਂ ਪ੍ਰਾਪਤ ਹੋਣ ਉਪਰੰਤ ਇਸ ਕੰਮ ਨੂੰ ਸ਼ੁਰੂ ਕਰਕੇ ਜਲਦ ਮੁਕੰਮਲ ਕੀਤਾ ਜਾਵੇਗਾ।

**ਡਾਕਟਰ ਚਰਨਜੀਤ ਸਿੰਘ:** ਸਪੀਕਰ ਸਾਹਿਬ, ਚਮਕੌਰ ਸਾਹਿਬ ਇੱਕ ਬੜਾ ਹੀ ਪਵਿੱਤਰ ਸਥਾਨ ਹੈ, ਜਿਸ ਬਾਰੇ ਉਸ ਸਮੇਂ ਅੱਲਾ ਯਾਰ ਖਾਨ ਜੋਗੀ ਨੇ ਕਿਹਾ ਹੈ ਕਿ "**बस एक ही तीर्थ है हिंद में यात्रा के लिए, कटाए बाप ने बच्चे जहां खुदा के लिए**" ਪਰ ਇਸ ਹਲਕੇ ਨਾਲ ਅੱਜ ਤੱਕ ਬਹੁਤ ਵਿਤਕਰਾ ਹੁੰਦਾ ਆਇਆ ਹੈ, ਪੰਜ ਵਾਰ ਰਹੇ ਇੱਥੋਂ ਦੇ ਕੈਬਨਿਟ ਮੰਤਰੀ ਨੇ ਵੀ ਕੋਝਾ ਮਜ਼ਾਕ ਕੀਤਾ।

**ਮਾਣਯੋਗ ਸਪੀਕਰ:** ਡਾਕਟਰ ਸਾਹਿਬ, ਤੁਸੀਂ ਸਵਾਲ ਪੁੱਛੋ।

**ਡਾਕਟਰ ਚਰਨਜੀਤ ਸਿੰਘ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਬਜਟ ਵਿੱਚ ਇਸ ਵਾਰ ਕੁਝ ਰਾਸ਼ੀ ਰੱਖੀ ਗਈ ਹੈ।

(ਇਸ ਸਪਲੀਮੈਂਟਰੀ ਦਾ ਕੋਈ ਜਵਾਬ ਨਹੀਂ ਆਇਆ।)

---------

## ਕੈਂਸਰ ਦੇ ਮਰੀਜ਼ਾਂ ਅਤੇ ਆਸ਼ਰਿਤਾਂ ਲਈ ਬੱਸ ਕਿਰਾਏ ਵਿੱਚ ਛੂਟ ਦੇਣਾ

***597. ਸ਼੍ਰੀ ਬੁੱਧ ਰਾਮ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਲਵਾ ਪੱਟੀ ਵਿੱਚ ਕੈਂਸਰ ਨੇ ਬਹੁਤ ਭਿਆਨਕ ਰੂਪ ਧਾਰਨ ਕੀਤਾ ਹੋਇਆ ਹੈ; ਇਸ ਲਈ ਮਰੀਜ਼ਾਂ ਨੂੰ ਪਟਿਆਲਾ, ਚੰਡੀਗੜ੍ਹ ਜਾਂ ਫਰੀਦਕੋਟ ਹਸਪਤਾਲਾਂ ਵਿੱਚ ਦਵਾਈ ਆਦਿ ਲੈਣ ਲਈ ਜਾਣਾ ਪੈਂਦਾ ਹੈ; ਜੇਕਰ ਹਾਂ ਤਾਂ ਕੀ ਅਜਿਹੇ ਮਰੀਜ਼ਾਂ ਅਤੇ ਆਸ਼ਰਿਤਾਂ ਲਈ ਬੱਸ ਕਿਰਾਏ ਵਿੱਚ ਛੂਟ ਦੇਣ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਲਾਲਜੀਤ ਸਿੰਘ ਭੁੱਲਰ:** ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਲਈ ਹਸਪਤਾਲ ਵਿਖੇ ਆਉਣ-ਜਾਣ ਲਈ ਪੰਜਾਬ ਰੋਡਵੇਜ਼/ਪਨਬੱਸ ਅਤੇ ਪੀ.ਆਰ.ਟੀ.ਸੀ. ਦੀਆਂ ਸਧਾਰਨ ਬੱਸਾਂ ਵਿੱਚ ਮੁਫਤ ਸਫਰ ਦੀ ਸਹੂਲਤ ਦਿੱਤੀ ਜਾ ਰਹੀ ਹੈ। ਫਿਲਹਾਲ ਕੈਂਸਰ ਮਰੀਜ਼ਾਂ ਦੇ ਆਸ਼ਰਿਤਾਂ ਲਈ ਬੱਸ ਕਿਰਾਏ ਵਿੱਚ ਛੂਟ ਦੇਣ ਦੀ ਕੋਈ ਸਕੀਮ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਇਹ ਦੱਸਣਾ ਚਾਹਾਂਗਾ ਕਿ ਪੀ.ਆਰ.ਟੀ.ਸੀ., ਪਨਬੱਸ ਜਾਂ ਜਿੰਨੇ ਵੀ ਟਰਾਂਸਪੋਰਟ ਵਿਭਾਗ ਦੇ ਸਰਕਾਰੀ ਅਦਾਰੇ ਹਨ, ਉਨ੍ਹਾਂ ਦੀਆਂ ਬੱਸਾਂ ਵਿੱਚ ਕੈਂਸਰ ਮਰੀਜ਼ਾਂ ਨੂੰ ਕੋਈ ਟਿਕਟ ਨਹੀਂ ਲੱਗਦੀ, ਇਸ ਦੀ ਮੁਆਫੀ ਹੈ। ਜਿਹੜੇ ਮਰੀਜ਼ਾਂ ਦੇ ਨਾਲ ਆਸ਼ਰਿਤ ਜਾਣੇ ਹਨ, ਉਨ੍ਹਾਂ ਬਾਰੇ ਹਾਲੇ ਕੋਈ ਤਜਵੀਜ਼ ਨਹੀਂ ਹੈ, ਮਹਿਲਾਵਾਂ ਨੂੰ ਪਹਿਲਾਂ ਹੀ ਮੁਫਤ ਬੱਸ ਸਫਰ ਦੀ ਸਹੂਲਤ ਹੈ। ਜੇ ਪਰਿਵਾਰ ਵਿੱਚੋਂ ਕਿਸੇ ਲੇਡੀ ਨੇ ਨਾਲ ਜਾਣਾ ਤਾਂ ਉਸ ਦੀ ਤਾਂ ਪਹਿਲਾਂ ਹੀ ਕੋਈ ਟਿਕਟ ਨਹੀਂ ਲੱਗਦੀ। ਬਾਕੀ ਜੇਕਰ ਸਿਹਤ ਅਤੇ ਪਰਿਵਾਰ ਭਲਾਈ ਮਹਿਕਮਾ ਇਸ ਬਾਰੇ ਵਿਚਾਰ ਕਰੇ ਅਤੇ ਇਸ ਸਬੰਧੀ ਸਰਕਾਰ ਵੱਲੋਂ ਸਾਨੂੰ ਨਿਰਦੇਸ਼ ਆਉਣ ਤਾਂ ਉਸ ਅਨੁਸਾਰ ਕਾਰਵਾਈ ਕਰ ਦਿੱਤੀ ਜਾਵੇਗੀ।

**ਸ਼੍ਰੀ ਬੁੱਧ ਰਾਮ :** ਸਰ, ਗੱਲ ਇਹ ਹੈ ਕਿ ਇਸ ਸਬੰਧੀ ਪਹਿਲਾਂ ਵੀ ਸਖਤ ਹਦਾਇਤ ਕੀਤੀ ਹੋਈ ਹੈ। ਜੇਕਰ ਫਿਰ ਤੋਂ ਜੀ.ਐਮ., ਪੀ.ਆਰ.ਟੀ.ਸੀ. ਅਤੇ ਜੀ.ਐਮ., ਪਨਬੱਸ ਨੂੰ ਸਖਤ ਹਦਾਇਤ ਕੀਤੀ ਜਾਵੇ ਕਿ ਜਦੋਂ ਵੀ ਕੈਂਸਰ ਨਾਲ ਸਬੰਧਿਤ ਮਰੀਜ਼ ਜਾਂ ਉਸ ਦਾ ਵਾਰਸ ਆਉਂਦਾ ਹੈ ਤਾਂ ਤੁਰੰਤ ਪਹਿਲ ਦੇ ਆਧਾਰ ਤੇ ਉਸ ਦਾ ਪਾਸ ਬਣਾਇਆ ਜਾਵੇ। ਕਿਸੇ ਨੇ ਉਨ੍ਹਾਂ ਨੂੰ ਪਾਸ ਬਣਾਉਣ ਤੋਂ ਜਵਾਬ ਦਿੱਤਾ ਹੈ ਤਾਂ ਹੀ ਇਹ ਗੱਲ ਮੇਰੇ ਤੱਕ ਪਹੁੰਚੀ ਹੈ।

ਦੂਜੀ ਗੱਲ ਇਹ ਹੈ ਕਿ ਮਰੀਜ਼ਾਂ ਜਾਂ ਉਨ੍ਹਾਂ ਦੇ ਆਸ਼ਰਿਤਾਂ ਨੂੰ ਕੈਂਸਰ ਦਾ ਸਰਟੀਫਿਕੇਟ ਬਣਾਉਣ ਲਈ ਲਾਈਨਾਂ ਵਿੱਚ ਖੜ੍ਹਨਾ ਪੈਂਦਾ ਹੈ, ਇਸ ਲਈ ਮੈਂ ਮਾਨਯੋਗ ਸਿਹਤ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਿਹਤ ਮੰਤਰਾਲੇ ਨੂੰ ਵੀ ਸਖਤ ਹਦਾਇਤ ਕੀਤੀ ਜਾਵੇ ਕਿ ਅਜਿਹੇ ਮਰੀਜ਼ਾਂ ਨੂੰ ਤੁਰੰਤ ਸਰਟੀਫਿਕੇਟ ਜਾਰੀ ਕੀਤਾ ਜਾਵੇ ਅਤੇ ਬੱਸ ਦਾ ਪਾਸ ਬਣਾਉਣ ਦੀ ਸਿਫਾਰਸ਼ ਕੀਤੀ ਜਾਵੇ ਤਾਂ ਕਿ ਟਰਾਂਸਪੋਰਟ ਮੰਤਰਾਲਾ ਜਲਦੀ ਤੋਂ ਜਲਦੀ ਕੈਂਸਰ ਪੀੜਤ ਅਤੇ ਉਸ ਦੇ ਵਾਰਸ ਨੂੰ ਪਾਸ ਮੁਹੱਈਆ ਕਰ ਸਕੇ। ਬਹੁਤ ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਮੰਤਰੀ ਜੀ, ਕੀ ਮਰੀਜ਼ ਅਤੇ ਆਸ਼ਰਿਤਾਂ ਨੂੰ ਜਲਦੀ ਤੋਂ ਜਲਦੀ ਪਾਸ ਮੁਹੱਈਆ ਕਰਵਾਉਗੇ?

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਇਹ ਗੱਲ ਸਿਹਤ ਮਹਿਕਮੇ ਨਾਲ ਰਿਲੇਟਿਡ ਹੈ। ਸਾਨੂੰ ਜੇਕਰ ਸਿਹਤ ਮੰਤਰੀ ਨਿਰਦੇਸ਼ ਕਰਨ ਤਾਂ ਕਰ ਸਕਦੇ ਹਾਂ।

[ਟਰਾਂਸਪੋਰਟ ਮੰਤਰੀ]

ਜਿਹੜੇ ਕੈਂਸਰ ਦੇ ਮਰੀਜ਼ ਹਨ, ਉਨ੍ਹਾਂ ਨੂੰ ਤਾਂ ਪਹਿਲਾਂ ਹੀ ਪਾਸ ਜਾਰੀ ਕੀਤੇ ਜਾਂਦੇ ਹਨ। ਜਿਵੇਂ ਕਿ ਮੈਂ ਪਹਿਲਾਂ ਵੀ ਦੱਸਿਆ ਕਿ ਔਰਤਾਂ ਨੂੰ ਮੁਫਤ ਬੱਸ ਸਫਰ ਦੀ ਸਹੂਲਤ ਦਿੱਤੀ ਹੋਈ ਹੈ। ਜੇਕਰ ਸਿਹਤ ਮੰਤਰੀ ਸਾਹਿਬ ਕਹਿਣਗੇ ਕਿ ਕੈਂਸਰ ਪੀੜਤ ਦੇ ਨਾਲ ਜਾਣ ਵਾਲੇ ਆਸ਼ਰਿਤ ਨੂੰ ਵੀ ਪਾਸ ਜਾਰੀ ਕੀਤਾ ਜਾਵੇ ਤਾਂ ਉਨ੍ਹਾਂ ਨੂੰ ਵੀ ਪਾਸ ਮੁਹੱਈਆ ਕਰਵਾ ਦਿਆਂਗੇ। ਕੈਂਸਰ ਪੀੜਤਾਂ ਦੀ ਪਹਿਲਾਂ ਹੀ ਬੱਸ ਦੀ ਕੋਈ ਟਿਕਟ ਨਹੀਂ ਲੱਗਦੀ ਹੈ।

**ਸ਼੍ਰੀ ਬੁੱਧ ਰਾਮ :** ਔਰਤਾਂ ਨੂੰ ਮੁਫਤ ਬੱਸ ਸਫਰ ਦੀ ਗੱਲ ਨਹੀਂ ਹੈ, ਗੱਲ ਤਾਂ ਇਹ ਹੈ ਕਿ ਸਪੈਸ਼ਲ ਤੌਰ ਤੇ ਨਾਲ ਜਾਣ ਵਾਲੇ ਵਾਰਸ ਨੂੰ ਵੀ ਪਾਸ ਮੁਹੱਈਆ ਕਰਵਾਇਆ ਜਾਵੇ।

**ਮੰਤਰੀ :** ਮੈਂ ਪਹਿਲਾਂ ਹੀ ਕਿਹਾ ਹੈ ਕਿ ਜੇਕਰ ਮਾਨਯੋਗ ਸਿਹਤ ਮੰਤਰੀ ਸਾਹਿਬ ਕਹਿਣਗੇ ਤਾਂ ਅਸੀਂ ਉਨ੍ਹਾਂ ਨੂੰ ਵੀ ਪਾਸ ਮੁਹੱਈਆ ਕਰਵਾ ਦਿਆਂਗੇ।

**ਮਾਣਯੋਗ ਸਪੀਕਰ :** ਮੰਤਰੀ ਸਾਹਿਬ, ਕੀ ਹੁਣ ਕੈਂਸਰ ਮਰੀਜ਼ ਅਤੇ ਉਸ ਦੇ ਆਸ਼ਰਿਤ ਨੂੰ ਮੁਫਤ ਬੱਸ ਸਫਰ ਲਈ ਪਾਸ ਦਿੱਤਾ ਜਾਂਦਾ ਹੈ?

**ਮੰਤਰੀ :** ਕੈਂਸਰ ਪੀੜਤ ਨੂੰ ਪਾਸ ਦਿੱਤਾ ਜਾਂਦਾ ਹੈ ਅਤੇ ਉਸ ਦੀ ਕੋਈ ਟਿਕਟ ਨਹੀਂ ਲੱਗਦੀ ਹੈ ਜੀ।

**ਮਾਣਯੋਗ ਸਪੀਕਰ :** ਕੀ ਉਸ ਦੇ ਆਸ਼ਰਿਤ ਨੂੰ ਵੀ ਪਾਸ ਦਿੱਤਾ ਜਾਂਦਾ ਹੈ?

**ਮੰਤਰੀ :** ਨਹੀਂ ਜੀ, ਆਸ਼ਰਿਤ ਨੂੰ ਪਾਸ ਨਹੀਂ ਦਿੱਤਾ ਜਾਦਾ, ਸਿਰਫ ਕੈਂਸਰ ਪੀੜਤ ਨੂੰ ਪਾਸ ਦਿੱਤਾ ਜਾਂਦਾ ਹੈ।

-----

## ਹਲਕਾ ਜਲਾਲਾਬਾਦ (ਪ) ਦੇ ਬਲਾਕ ਅਰਨੀਵਾਲਾ ਦਾ ਵਾਟਰ ਵਰਕਸ ਚਾਲੂ ਕਰਨਾ

***665. ਸ਼੍ਰੀ ਜਗਦੀਪ ਕੰਬੋਜ ਗੋਲਡੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਜਲਾਲਾਬਾਦ (ਪ) ਦੇ ਬਲਾਕ ਅਰਨੀਵਾਲਾ ਵਿਖੇ ਵਾਟਰ ਵਰਕਸ ਸ਼ੁਰੂ ਹੋ ਗਿਆ ਹੈ; ਜੇਕਰ ਨਹੀਂ ਤਾਂ ਇਹ ਕਦੋਂ ਤੱਕ ਸ਼ੁਰੂ ਕਰਵਾ ਦਿੱਤਾ ਜਾਵੇਗਾ?

**ਡਾਕਟਰ ਇੰਦਰਬੀਰ ਸਿੰਘ ਨਿੱਜਰ :** ਹਾਂ ਜੀ। ਅਰਨੀਵਾਲਾ ਨਗਰ ਕੌਂਸਲ ਵਿਖੇ ਵਾਟਰ ਵਰਕਸ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ ਜੋ ਕਿ ਲਗਭਗ 95 ਪ੍ਰਤੀਸ਼ਤ ਹੋ ਚੁੱਕਾ ਹੈ। ਉਥੇ ਕੁਝ ਕੰਮ ਤਾਂ ਪਹਿਲਾਂ ਹੀ ਚੱਲ ਰਿਹਾ ਹੈ। ਉਥੇ ਇੱਕ ਲੱਖ ਗੈਲਨ ਦੀ ਕਪੈਸਿਟੀ ਦਾ ਵਾਟਰ ਟਰੀਟਮੈਂਟ ਪਲਾਂਟ ਚੱਲ ਰਿਹਾ ਹੈ। ਇੱਕ ਓਵਰ ਹੈੱਡ ਟੈਂਕ ਹੈ, ਜਿਸ ਦੀ 40 ਹਜ਼ਾਰ ਗੈਲਨ ਕਪੈਸਿਟੀ ਹੈ। 2016-17 ਵਿੱਚ 30 ਕਰੋੜ ਰੁਪਏ ਦਾ ਪ੍ਰਾਜੈਕਟ ਬਣਿਆ ਸੀ ਜਿਸ ਅਧੀਨ ਸੀਵਰ ਅਤੇ ਪਾਣੀ ਦੀਆਂ ਪਾਈਪਾਂ ਪੈਣੀਆਂ ਸਨ ਪਰੰਤੂ ਨਵੀਂ ਸਰਕਾਰ ਨੇ ਸਾਲ 2017-18 ਵਿੱਚ ਕਿਸੇ ਕਾਰਨ ਕਰਕੇ ਕੈਂਸਲ ਕਰ ਦਿੱਤਾ। ਉਸ ਤੋਂ ਬਾਅਦ ਜਿਹੜਾ ਵਾਟਰ ਟਰੀਟਮੈਂਟ ਪਲਾਂਟ ਲੱਗਣਾ ਸੀ, ਉਸ ਲਈ 5 ਕਰੋੜ ਰੁਪਿਆ ਚਲਾ ਗਿਆ ਅਤੇ ਕੰਮ ਸ਼ੁਰੂ ਹੋ ਗਿਆ। 1.94 ਕਰੋੜ ਰੁਪਏ ਦੀ ਫਿਰ ਜ਼ਰੂਰਤ ਪਈ ਤਾਂ ਅਸੀਂ ਉਹ ਵੀ ਦੇ ਦਿੱਤਾ। ਸਾਨੂੰ ਆਸ ਹੈ ਕਿ ਅਪ੍ਰੈਲ ਵਿੱਚ ਵਾਟਰ ਟਰੀਟਮੈਂਟ ਪਲਾਂਟ ਦਾ ਕੰਮ ਪੂਰਾ ਹੋ ਜਾਵੇਗਾ। ਜਿਹੜੀ ਗੱਲ ਉਥੇ ਪਾਈਪਾਂ ਪਾਉਣ ਦੀ ਹੈ, ਇਸ ਲਈ ਅਸੀਂ ਸਵੱਛ ਭਾਰਤ ਅਭਿਆਨ-2 ਅਧੀਨ ਇੱਕ ਪ੍ਰਾਜੈਕਟ ਤਿਆਰ ਕੀਤਾ ਹੈ, ਇਸ ਸਬੰਧੀ 8.8 ਕਰੋੜ ਰੁਪਏ ਦੀ ਡਿਟੇਲਡ ਪ੍ਰਾਜੈਕਟ ਰਿਪੋਰਟ ਤਿਆਰ ਕੀਤੀ ਹੈ ਅਤੇ ਅਸੀਂ ਭੇਜ ਚੁੱਕੇ ਹਾਂ। ਜਦੋਂ ਹੀ ਸਾਨੂੰ ਫੰਡਜ਼ ਮਿਲਦੇ ਹਨ। ਅਸੀਂ ਇਹ ਪ੍ਰਾਜੈਕਟ ਪੂਰਾ ਕਰ ਦਿਆਂਗੇ। ਸਪੀਕਰ ਸਾਹਿਬ, ਸਵੱਛ ਭਾਰਤ ਅਭਿਆਨ ਅਧੀਨ ਸੀਵਰ ਨਹੀਂ ਆਉਂਦਾ ਪਰੰਤੂ ਅਸੀਂ ਸਾਢੇ 5 ਕਰੋੜ ਰੁਪਏ ਦੀ ਸਪੈਸ਼ਲ ਅਸਿਸਟੈਂਸ ਦਿੱਤੀ ਸੀ, ਜਿਸ ਨਾਲ ਮੇਨ ਸੀਵਰ ਪੈ ਗਿਆ ਹੈ। ਜਿਹੜੇ ਲੇਟਰਲ ਸੀਵਰ ਹਨ, ਉਹ ਸਵੱਛ ਭਾਰਤ ਅਭਿਆਨ ਅਧੀਨ ਨਹੀਂ ਆਉਂਦੇ, ਇਸ ਵਾਸਤੇ ਵੀ ਅਸੀਂ ਸਰਕਾਰ ਵੱਲੋਂ ਅਲੱਗ ਤੋਂ ਫੰਡਜ਼ ਦੇ ਰਹੇ ਹਾਂ ਅਤੇ ਇਸ ਲਈ 21.29 ਕਰੋੜ ਰੁਪਏ ਦੀ ਡੀ.ਪੀ.ਆਰ. ਵੀ ਬਣ ਗਈ ਹੈ। ਜਦੋਂ ਹੀ ਸਾਨੂੰ ਫੰਡਜ਼ ਮਿਲਣਗੇ ਤਾਂ ਅਸੀਂ ਇਹ ਕੰਮ ਪੂਰਾ ਕਰ ਦਿਆਂਗੇ।

**ਸ਼੍ਰੀ ਜਗਦੀਪ ਕੰਬੋਜ ਗੋਲਡੀ:** ਮਾਣਯੋਗ ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਨ੍ਹਾਂ ਨੇ ਸਾਢੇ 5 ਕਰੋੜ ਰੁਪਏ ਦਾ ਮੇਨ ਸੀਵਰ ਪਾ ਦਿੱਤਾ ਹੈ ਪਰ ਜਦੋਂ ਤੱਕ ਇੰਟਰਨਲ ਸੀਵਰ ਨਹੀਂ ਪੈਂਦਾ, ਉਸ ਵਿੱਚ ਨਾ ਤਾਂ ਪਾਣੀ ਦੀਆਂ ਪਾਈਪਾਂ ਪਾ ਸਕਦੇ ਹਾਂ ਅਤੇ ਨਾ ਹੀ ਸੜਕਾਂ ਬਣਾਈਆਂ ਜਾ ਸਕਦੀਆਂ ਹਨ। ਮੇਰੀ ਬੇਨਤੀ ਹੈ ਕਿ ਸਰਕਾਰ ਆਪਣੇ ਫੰਡਜ਼ ਵਿੱਚੋਂ ਪੈਸੇ ਰਿਲੀਜ਼ ਕਰੇ ਅਤੇ ਜਲਦੀ ਤੋਂ ਜਲਦੀ ਇੰਟਰਨਲ ਸੀਵਰ ਦਾ ਇੰਤਜ਼ਾਮ ਕੀਤਾ ਜਾਵੇ ਤਾਂ ਕਿ ਸੀਵਰੇਜ ਦਾ ਕੰਮ ਕੰਪਲੀਟ ਹੋ ਜਾਵੇ ਅਤੇ ਬਾਅਦ ਵਿੱਚ ਅਸੀਂ ਪਾਈਪ ਲਾਈਨ ਪਾ ਸਕੀਏ। ਅਰਨੀਵਾਲਾ ਲਈ ਇਹ ਸਾਡੀ

ਸਭ ਤੋਂ ਵੱਡੀ ਮੰਗ ਹੈ।

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਇਹ ਸੱਚੀ ਗੱਲ ਹੈ ਕਿ ਜੇ ਲੇਟਰਲ ਸੀਵਰ ਨਹੀਂ ਪਿਆ ਤਾਂ ਮੇਨ ਸੀਵਰ ਦਾ ਕੀ ਕੀਤਾ ਜਾ ਸਕਦਾ ਹੈ? ਇਸ ਤਰ੍ਹਾਂ ਕਈ ਵਾਰ ਪ੍ਰਾਜੈਕਟ ਲਟਕ ਵੀ ਜਾਂਦੇ ਹਨ, ਜਿਵੇਂ ਕਿ ਇਹ ਪ੍ਰਾਜੈਕਟ ਵੀ ਲਟਕਿਆ ਹੋਇਆ ਹੈ। ਅਸੀਂ ਛੇਤੀ ਹੀ ਫੰਡਜ਼ ਰਿਲੀਜ਼ ਕਰਾਂਗੇ, ਅਸੀਂ 21.29 ਕਰੋੜ ਰੁਪਏ ਅਰੇਂਜ ਕਰਦੇ ਹਾਂ ਤਾਂ ਕਿ ਲੇਟਰਲ ਸੀਵਰ ਬਰਾਂਚਿਜ਼ ਨੂੰ ਮੇਨ ਸੀਵਰ ਵਿੱਚ ਪਾ ਸਕੀਏ। ਮੈਨੂੰ ਆਸ ਹੈ ਕਿ ਸਾਨੂੰ ਸਵੱਛ ਭਾਰਤ ਅਭਿਆਨ-2 ਅਧੀਨ ਫੰਡਜ਼ ਇਸ ਤੋਂ ਪਹਿਲਾਂ ਮਿਲ ਜਾਣਗੇ। ਫਿਰ ਅਸੀਂ ਛੱਪੜ, ਜਿਸ ਵਿੱਚ ਪਾਣੀ ਇਕੱਠਾ ਕਰ ਰਹੇ ਹਾਂ, ਉਸ ਤੋਂ ਪਾਣੀ ਚੁੱਕ ਕੇ ਰਾਈਜ਼ਿੰਗ ਲਾਈਨ ਪਾ ਕੇ, pumping station ਅਤੇ intermediate pumping station ਲਗਾ ਕੇ ਸੀਵਰੇਜ ਟਰੀਟਮੈਂਟ ਪਲਾਂਟ ਲਗਾ ਲਵਾਂਗੇ। ਇਹ ਕੰਮ ਅਸੀਂ ਜਲਦੀ ਤੋਂ ਜਲਦੀ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ।

**ਸ਼੍ਰੀ ਜਗਦੀਪ ਕੰਬੋਜ ਗੋਲਡੀ:** ਸਰ, ਮੇਰੀ ਬੇਨਤੀ ਹੈ ਕਿ ਇਸ ਨੂੰ ਟਾਈਮ-ਬਾਊਂਡ ਕਰ ਦਿੱਤਾ ਜਾਵੇ।

**ਮਾਣਯੋਗ ਸਪੀਕਰ:** ਕੀ ਮੰਤਰੀ ਜੀ ਇਸ ਨੂੰ ਟਾਈਮ-ਬਾਊਂਡ ਕਰੋਗੇ?

**ਮੰਤਰੀ:** ਸਰ, ਟਾਈਮ-ਬਾਊਂਡ ਕਰਨਾ ਔਖਾ ਹੈ ਕਿਉਂਕਿ ਅਸੀਂ ਸਵੱਛ ਭਾਰਤ ਅਭਿਆਨ-2 ਵਿੱਚ ਅਪਲਾਈ ਕੀਤਾ ਹੈ। ਜਦੋਂ ਸਾਡੇ ਕੋਲ ਇੱਕ ਵਾਰੀ ਫੰਡਜ਼ ਮੁਹੱਈਆ ਹੋ ਜਾਣਗੇ ਫਿਰ ਅਸੀਂ ਇਸ ਨੂੰ ਜਲਦੀ ਤੋਂ ਜਲਦੀ ਪੂਰਾ ਕਰ ਦੇਵਾਂਗੇ।

-------

## ਬਾਬਾ ਹੀਰਾ ਸਿੰਘ ਭੱਠਲ ਕਾਲਜ ਨੂੰ ਮੁੜ ਚਲਾਉਣਾ

***628. ਸ਼੍ਰੀ ਬਰਿੰਦਰ ਕੁਮਾਰ ਗੋਇਲ :** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਾਬਾ ਹੀਰਾ ਸਿੰਘ ਭੱਠਲ ਕਾਲਜ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਬੰਦ ਹੋ ਚੁੱਕਿਆ ਹੈ; ਜੇਕਰ ਅਜਿਹਾ ਹੈ ਤਾਂ ਹੁਣ ਇਸ ਦੀ ਕੀ ਸਥਿਤੀ ਹੈ ਅਤੇ ਇਸ ਨੂੰ ਮੁੜ ਚਲਾਉਣ ਜਾਂ ਇਸ ਦੀ ਖਾਲੀ ਪਈ ਵਿਸ਼ਾਲ ਬਿਲਡਿੰਗ ਨੂੰ ਵਰਤੋਂ ਵਿੱਚ ਲਿਆਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ

ਵੇਰਵੇ ਕੀ ਹਨ?

**ਸਰਦਾਰ ਹਰਜੋਤ ਸਿੰਘ ਬੈਂਸ:** ਨਹੀਂ ਜੀ। ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਟੈਕਨਾਲੋਜੀ, ਲਹਿਰਾਗਾਗਾ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਕਾਰਨ ਬੰਦ ਨਹੀਂ ਹੋਇਆ ਹੈ। ਇਹ ਸੰਸਥਾ ਕੇਵਲ ਵਿੱਤੀ ਅਤੇ ਪ੍ਰਸ਼ਾਸਕੀ ਕਾਰਨਾਂ ਕਰਕੇ ਬੰਦ ਹੋਈ ਹੈ। ਇਸ ਅਦਾਰੇ ਦੇ ਸਟਾਫ ਦਾ ਮੁੜ ਵਸੇਬਾ ਕਰਨ ਦਾ ਮਾਮਲਾ ਕਾਰਵਾਈ ਅਧੀਨ ਹੈ। ਇਸ ਸੰਸਥਾ ਦੇ ਇਨਫਰਾਸਟਰੱਕਚਰ ਨੂੰ ਸੁਚਾਰੂ ਢੰਗ ਨਾਲ ਵਰਤਣ ਸਬੰਧੀ ਸਰਕਾਰ ਵੱਲੋਂ ਜਲਦ ਹੀ ਫੈਸਲਾ ਲੈ ਲਿਆ ਜਾਵੇਗਾ।

ਉੱਥੇ ਕਾਲਜ ਅਤੇ ਬਿਲਡਿੰਗ ਦਾ ਇਨਫਰਾਸਟਰੱਕਚਰ ਹੈ ਪਰੰਤੂ ਪਿਛਲੇ ਕਈ ਸਾਲਾਂ ਤੋਂ ਦੇਖਿਆ ਗਿਆ ਹੈ ਕਿ ਇੰਜੀਨੀਅਰਿੰਗ ਅਤੇ ਟੈਕਨਾਲੋਜੀ ਕਾਲਜਾਂ ਵਿੱਚ ਦਾਖਲੇ ਬਹੁਤ ਘੱਟ ਹੋਏ ਹਨ। ਸੋ, ਇਸ ਲਈ ਇਸ ਬਿਲਡਿੰਗ ਨੂੰ ਕੋਈ ਵਧੀਆ ਸਕੂਲ ਜਾਂ ਕਿਸੇ ਹੋਰ ਅਕਾਦਮਿਕ ਸੰਸਥਾ ਦੇ ਰੂਪ ਵਿੱਚ ਡਿਵੈਲਪ ਕਰਾਂਗੇ।

**ਸ਼੍ਰੀ ਬਰਿੰਦਰ ਕੁਮਾਰ ਗੋਇਲ :** ਸਰ, ਇਸ ਕਾਲਜ ਬਾਰੇ ਜਿਵੇਂ ਮੰਤਰੀ ਸਾਹਿਬ ਨੇ ਦੱਸਿਆ ਹੈ ਕਿ ਇਹ ਵਿੱਤੀ ਕਾਰਨਾਂ ਕਰਕੇ ਬੰਦ ਹੋਇਆ ਹੈ। ਜੁਲਾਈ, 2019 ਤੋਂ ਇਨ੍ਹਾਂ ਦੇ ਸਾਰੇ ਮੁਲਾਜ਼ਮਾਂ ਨੂੰ ਤਨਖਾਹ ਨਹੀਂ ਮਿਲੀ ਅਤੇ ਇਹ ਸਾਰੇ ਮੁਲਾਜ਼ਮ 32 ਮਹੀਨੇ ਪ੍ਰੋਟੈਸਟ ਕਰਦੇ ਰਹੇ। 28 ਮਾਰਚ ਨੂੰ ਇੱਕ ਮੁਲਾਜ਼ਮ ਸੁਸਾਈਡ ਵੀ ਕਰ ਗਿਆ ਸੀ। ਆਪਣੀ ਸਰਕਾਰ ਨੇ ਉਨ੍ਹਾਂ ਨੂੰ ਛੇ ਮਹੀਨਿਆਂ ਦੀ ਤਨਖਾਹ ਦਿੱਤੀ ਹੈ। ਸੋ, ਵਿੱਤੀ ਕਾਰਨਾਂ ਕਰਕੇ ਇਹ ਕਾਲਜ ਬੰਦ ਹੋਇਆ ਪਰੰਤੂ ਇਹ ਕਾਲਜ 19.2 ਏਕੜ ਵਿੱਚ ਬਣਿਆ ਹੋਇਆ ਹੈ, ਇਸ ਦੀ ਬਹੁਤ ਵਿਸ਼ਾਲ ਬਿਲਡਿੰਗ ਹੈ। ਇਸ ਦਾ 2,81,585 ਸੁਕੇਅਰ ਫੁੱਟ ਕਵਰਡ ਏਰੀਆ ਹੈ, ਇਸ ਵਿੱਚ 6 ਕੋਠੀਆਂ, ਪ੍ਰਿੰਸੀਪਲ ਰੈਜ਼ੀਡੈਂਸ, ਗੈਸਟ ਹਾਊਸ, 24 ਕੁਆਰਟਰ ਥ੍ਰੀ-ਬੈਡਰੂਮ, 24 ਕੁਆਰਟਰ ਕਲਾਸ-ਸੀ ਤੇ ਕਲਾਸ-4, ਹੋਸਟਲ ਦੇ 170 ਕਮਰੇ ਬਣੇ ਹੋਏ ਹਨ। ਇਹ ਇੰਨੀ ਵੱਡੀ ਵਿਸ਼ਾਲ ਬਿਲਡਿੰਗ ਹੈ ਪਰੰਤੂ ਅੱਜ ਦੀ ਤਾਰੀਖ ਵਿੱਚ ਚੌਕੀਦਾਰ ਵੀ ਨਹੀਂ ਹੈ, ਉਹ ਸਾਰਾ ਕਾਲਜ ਸੁੰਨਾ ਪਿਆ ਹੈ, ਕੋਈ ਕੁੰਡਾ ਲਗਾਉਣ ਵਾਲਾ ਵੀ ਨਹੀਂ ਹੈ। ਇਹ ਸਾਰਾ ਕਾਲਜ ਖਾਲੀ ਪਿਆ ਹੈ ਅਤੇ ਮੁਲਾਜ਼ਮ ਵੀ ਸ਼ਿਫਟ ਕੀਤੇ ਜਾ ਰਹੇ ਹਨ। ਸੋ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇੱਥੇ ਪਾਲੀਟੈਕਨਿਕ, ਆਈ.ਟੀ.ਆਈ ਤੇ ਡਿਗਰੀ ਕਾਲਜ ਇਕੱਠਾ ਚੱਲ ਸਕਦਾ ਹੈ, ਕੀ ਇਹ ਇਸੇ ਸੈਸ਼ਨ ਵਿੱਚ ਸ਼ੁਰੂ ਹੋ ਜਾਣਗੇ? ਕਿਉਂਕਿ ਕਾਲਜ ਦੀ ਬਿਲਡਿੰਗ ਖਾਲੀ ਪਈ ਹੈ ਅਤੇ

[ਸ਼੍ਰੀ ਬਰਿੰਦਰ ਕੁਮਾਰ ਗੋਇਲ]

ਖਾਲੀ ਰਹਿਣ ਕਾਰਨ ਕਾਲਜ ਦੀ ਬਿਲਡਿੰਗ ਖੰਡਰ ਬਣ ਸਕਦੀ ਹੈ। ਸੋ, ਮੈਂ ਮੰਤਰੀ ਸਾਹਿਬ ਤੋਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਬਿਲਡਿੰਗ ਵਿੱਚ ਹੋਰ ਕੋਰਸ ਇਸੇ ਸੈਸ਼ਨ ਵਿੱਚ ਸ਼ੁਰੂ ਹੋ ਜਾਣਗੇ ਜਾਂ ਨਹੀਂ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਬਿਲਕੁਲ ਐਮ.ਐਲ.ਏ. ਸਾਹਿਬ ਨੇ ਸਹੀ ਦੱਸਿਆ ਹੈ। ਮੈਂ ਖੁਦ ਵੀ ਇਹੀ ਦੱਸਿਆ ਹੈ ਕਿ ਬਹੁਤ ਵੱਡਾ ਇਨਫਰਾਸਟਰੱਕਚਰ ਹੈ। ਸਰ, ਇਸ ਸੈਸ਼ਨ ਵਿੱਚ ਨਹੀਂ ਹੋ ਸਕਦਾ ਪਰ ਅਗਲੇ ਅਕਾਦਮਿਕ ਸੈਸ਼ਨ ਤੋਂ ਅਸੀਂ ਪੂਰੀ ਕੋਸ਼ਿਸ਼ ਕਰਾਂਗੇ ਕਿ ਜੇਕਰ ਇੱਥੇ ਪੰਜਾਬੀ ਯੂਨੀਵਰਸਿਟੀ ਵੱਲੋਂ full-fledged ਕਾਲਜ ਚਲਾਇਆ ਜਾ ਸਕਦਾ ਹੋਵੇ ਤਾਂ ਅਸੀਂ ਕਰਾਂਗੇ ਜੀ।

-------

## TSPCL ਨੂੰ ਦਿੱਤੇ ਜਾਂਦੇ ਪਾਣੀ ਨੂੰ ਸਿੰਜਾਈ ਲਈ ਵਰਤੋਂ ਵਿੱਚ ਲਿਆਉਣਾ

***713. ਡਾਕਟਰ ਵਿਜੈ ਸਿੰਗਲਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਨਸਾ ਸ਼ਹਿਰ ਦੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਸਟੋਰੇਜ ਕਪੈਸਿਟੀ ਬਹੁਤ ਘੱਟ ਹੈ ਜਿਸ ਕਰਕੇ ਥੋੜ੍ਹਾ ਜਿਹਾ ਮੀਂਹ ਪੈਣ ਨਾਲ ਜਾਂ ਆਮ ਹਾਲਤਾਂ ਵਿੱਚ ਵੀ ਸੀਵਰੇਜ ਦਾ ਪਾਣੀ ਅਕਸਰ ਗਲੀਆਂ-ਨਾਲੀਆਂ ਵਿੱਚ ਓਵਰ-ਫਲੋ ਹੋ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ TSPCL ਨੂੰ ਦਿੱਤੇ ਜਾਂਦੇ ਪਾਣੀ ਨੂੰ ਸਿੰਜਾਈ ਲਈ ਅਤੇ ਸ਼ਹਿਰ ਦੇ ਸੀਵਰੇਜ ਪਾਣੀ ਨੂੰ ਪਾਈਪ ਲਾਈਨ ਪਾ ਕੇ TSPCL ਦੀ ਵਰਤੋਂ ਵਿੱਚ ਲਿਆਉਣ ਲਈ ਕੋਈ ਕਦਮ ਉਠਾਏਗੀ?

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਹਾਂ ਜੀ। ਮਾਨਸਾ ਸ਼ਹਿਰ ਦੇ ਨਜ਼ਦੀਕ ਕੋਈ ਵੀ ਡਰੇਨ ਮੌਜੂਦ ਨਹੀਂ ਹੈ। ਸੀਵਰ ਦਾ ਪਾਣੀ ਸੋਧ ਕੇ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਜਿਸ ਸਮੇਂ ਫਸਲਾਂ ਨੂੰ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ, ਉਸ ਸਮੇਂ ਸੀਵਰੇਜ ਦੇ ਸਾਫ ਕੀਤੇ ਹੋਏ ਪਾਣੀ ਨੂੰ ਇੱਕ ਟੋਭੇ ਵਿੱਚ ਸਟੋਰ ਕੀਤਾ ਜਾਂਦਾ ਹੈ ਜਿਸ ਦੀ ਸਮਰੱਥਾ ਬਰਸਾਤਾਂ ਦੇ ਦੌਰਾਨ ਸਿਰਫ ਇੱਕ ਦਿਨ ਦੀ ਹੈ। ਇਸ ਲਈ ਐਸ.ਟੀ.ਪੀ. ਤੋਂ ਸਰਹਿੰਦ ਚੋਅ ਡਰੇਨ ਤੱਕ 14.76 ਕਿਲੋਮੀਟਰ ਰਾਇਜਿੰਗ ਮੇਨ ਪਾਉਣ ਲਈ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ। ਇਸ ਸਮੇਂ TSPCL ਨੂੰ ਪਾਣੀ

ਦੇਣ ਲਈ ਇਸ ਵਿਭਾਗ ਕੋਲ ਕੋਈ ਤਜਵੀਜ਼ ਨਹੀਂ ਹੈ।

ਸਰ, ਹਾਂ ਜੀ, ਇਹ ਵੀ ਸੱਚ ਹੈ ਕਿ ਐਸ.ਟੀ.ਪੀ. ਦਾ ਪਾਣੀ ਖੇਤਾਂ ਵਿੱਚ ਜਾਂਦਾ ਹੈ। ਜਦੋਂ ਡਿਮਾਂਡ ਨਹੀਂ ਹੁੰਦੀ ਜਾਂ ਮੀਂਹ ਜ਼ਿਆਦਾ ਪੈ ਜਾਂਦੇ ਹਨ ਤਾਂ ਇੱਕ ਨਿੱਕਾ ਜਿਹਾ ਪੌਂਡ ਬਣਾਇਆ ਹੈ ਜਿਸ ਵਿੱਚ ਐਸ.ਟੀ.ਪੀ. ਦਾ ਇੱਕ ਦਿਨ ਦਾ ਪਾਣੀ ਇਕੱਠਾ ਹੋ ਸਕਦਾ ਹੈ। ਹੁਣੇ ਕੋਈ ਸਿਸਟਮ ਠੀਕ ਨਹੀਂ ਹੈ ਕਿਉਂਕਿ ਨਾਰਮਲੀ ਐਸ.ਟੀ.ਪੀ. ਦੇ ਪਾਣੀ ਅਸੀਂ ਕਿਤੇ ਲੈ ਕੇ ਜਾਣੇ ਹੁੰਦੇ ਹਨ। ਹੁਣ ਇੱਥੇ ਦੋ ਗੱਲਾਂ ਹਨ, ਪਹਿਲੀ ਗੱਲ ਹੈ ਕਿ ਸ਼ਹਿਰ ਦੇ ਪਾਣੀ ਦਾ 85% ਸੀਵਰੇਜ ਕਵਰਡ ਹੈ, ਜਿਹੜੀ ਥੋੜ੍ਹੀ ਬਹੁਤ ਗੁੰਜਾਇਸ਼ ਹੈ, ਉਹ 10 ਕਰੋੜ ਰੁਪਏ ਦਾ ਪ੍ਰਾਜੈਕਟ ਹੈ, ਉਹ 95% ਪੂਰਾ ਹੋ ਗਿਆ ਹੈ।

ਦੂਜੀ ਗੱਲ ਇਹ ਹੈ ਕਿ ਪਾਣੀ ਕਿੱਥੇ ਖੜ੍ਹ ਸਕਦਾ ਹੈ? ਕਿਉਂਕਿ ਜਦੋਂ ਜ਼ਿਮੀਂਦਾਰਾਂ ਨੂੰ ਲੋੜ ਨਹੀਂ ਹੁੰਦੀ, ਉਹ ਪਾਣੀ ਨਹੀਂ ਵਰਤਦੇ। ਪਾਣੀ ਖੜ੍ਹਨ ਦੇ ਦੋ ਤਰੀਕੇ ਹਨ, ਇੱਕ ਤਾਂ ਇਹ ਹੈ ਕਿ ਸਰਹਿੰਦ ਚੋਅ ਨੇੜੇ ਤੋਂ ਨਿਕਲਦਾ ਹੈ, ਉਹ ਕੋਈ 14.76 ਕਿਲੋਮੀਟਰ ਦਾ ਵਕਫਾ ਹੈ, ਉਸ ਲਈ ਅਸੀਂ 56 ਕਰੋੜ ਰੁਪਏ ਦਾ ਪ੍ਰਾਜੈਕਟ ਤਿਆਰ ਕੀਤਾ ਹੈ। ਇੱਕ ਤਾਂ ਇਹ ਤਰੀਕਾ ਹੈ।

ਇੱਥੇ ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇੱਕ ਸੈਂਟਰ ਗੌਰਮਿੰਟ ਦੀ ਹਦਾਇਤ ਸੀ ਕਿ ਜਿੰਨੇ ਥਰਮਲ ਪਾਵਰ ਪਲਾਂਟ ਹਨ, ਇਹ ਸਾਰੇ ਐਸ.ਟੀ.ਪੀ. ਦਾ ਪਾਣੀ ਵਰਤਣਗੇ, ਜਿਹੜੇ 50 ਕਿਲੋਮੀਟਰ ਦੇ ਅੰਦਰ ਪੈਂਦੇ ਹਨ। ਜਿਵੇਂ ਤਲਵੰਡੀ ਸਾਬੋ ਪਾਵਰ ਪਲਾਂਟ ਹੈ, ਉਸ ਦੇ 50 ਕਿਲੋਮੀਟਰ ਅੰਦਰ ਜਿੰਨੇ ਐਸ.ਟੀ.ਪੀ. ਪੈਂਦੇ ਹਨ, ਉਨ੍ਹਾਂ ਸਭ ਦਾ ਪਾਣੀ ਇਸ ਪਲਾਂਟ ਤੇ ਲੈ ਕੇ ਆਉਣਗੇ। ਜਿਹੜੀ ਲਾਈਨ ਦੀ ਮੇਨ ਰਾਇਜਿੰਗ ਜਾਂ ਪਾਣੀ ਖੜ੍ਹਨ ਵਾਸਤੇ ਪਾਈਪ ਪੈਂਦੀ ਹੈ, ਉਸ ਦਾ ਅਤੇ ਟਰਸ਼ਰੀ ਟਰੀਟਮੈਂਟ ਦਾ ਖਰਚਾ ਉਹ ਖੁਦ ਕਰਨਗੇ। ਸੋ, ਮਾਨਸੇ ਤੋਂ ਤਲਵੰਡੀ ਸਾਬੋ ਡਿਸਟੈਂਸ 18 ਕਿਲੋਮੀਟਰ ਦਾ ਬਣਦਾ ਹੈ। ਮੈਂ ਤਾਂ ਇਹੀ ਚਾਹਾਂਗਾ ਕਿ ਉਹ ਪਾਣੀ ਉੱਥੇ ਜਾਵੇ ਅਤੇ ਸੀਵਰ ਦਾ ਪਾਣੀ ਪਲਾਂਟ ਇਸਤੇਮਾਲ ਕਰੇ। ਜੋ ਨਹਿਰ ਦਾ ਪਾਣੀ ਪਲਾਂਟ ਇਸਤੇਮਾਲ ਕਰ ਰਿਹਾ ਹੈ, ਉਹ ਪੀਣ ਲਈ ਜਾਂ ਜ਼ਿਮੀਂਦਾਰਾਂ ਦੇ ਕੰਮ ਆਵੇ। ਇਹ ਬਹੁਤ ਚੰਗਾ ਪ੍ਰਾਜੈਕਟ ਹੈ। ਇਸ ਵਾਸਤੇ ਜਿਹੜੇ ਸਾਡੇ ਪਾਵਰ ਮਨਿਸਟਰ ਸਾਹਿਬ ਹਨ, ਉਹ ਜੋ ਵੀ ਕੁਮੈਂਟ ਕਰਨਾ ਚਾਹੁੰਦੇ ਹਨ, ਉਹ ਕਰ ਸਕਦੇ ਹਨ ਕਿਉਂਕਿ ਇਹ ਸਾਡੇ ਦੋਨੋਂ ਵਿਭਾਗਾਂ ਵੱਲੋਂ ਰਲ-ਮਿਲ ਕੇ ਕਰਨ ਵਾਲਾ ਕੰਮ ਹੈ। ਇਹ ਹਦਾਇਤ ਵੀ ਹੈ ਔਰ ਮੈਨਡੇਟਰੀ ਵੀ ਹੈ ਕਿ ਜਿੰਨੇ 50 ਕਿਲੋਮੀਟਰ ਅੰਦਰ

ਐਸ.ਟੀ.ਪੀ. ਆਉਂਦੇ ਹਨ, ਉਨ੍ਹਾਂ ਸਭ ਦਾ ਪਾਣੀ ਆਪਣੇ ਖਰਚੇ 'ਤੇ ਲੈ ਕੇ ਜਾਣ ਅਤੇ ਟਰਸ਼ਰੀ ਟਰੀਟਮੈਂਟ ਰਾਹੀਂ ਇਸਤੇਮਾਲ ਕਰਨ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਕੀ ਪਾਵਰ ਮਨਿਸਟਰ ਸਾਹਿਬ ਇਸ ਉੱਤੇ ਕੋਈ ਕੁਮੈਂਟ ਕਰਨਾ ਚਾਹੁੰਦੇ ਹਨ?

**ਊਰਜਾ ਮੰਤਰੀ (ਸਰਦਾਰ ਹਰਭਜਨ ਸਿੰਘ):** ਸਪੀਕਰ ਸਾਹਿਬ, ਥਰਮਲ ਪਲਾਂਟਾਂ ਤੇ ਅਜੇ ਤੱਕ ਕੋਈ ਵੀ ਐਸ.ਟੀ.ਪੀ. ਵਾਟਰ ਯੂਜ਼ ਨਹੀਂ ਹੋ ਰਿਹਾ ਹੈ, ਫਿਰ ਵੀ ਜਿਵੇਂ ਮੰਤਰੀ ਸਾਹਿਬ (ਸਥਾਨਕ ਸਰਕਾਰ ਮੰਤਰੀ) ਨੇ ਦੱਸਿਆ ਹੈ ਕਿ ਜੋ ਵੀ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਹੋਣਗੀਆਂ, ਉਸ ਦੇ ਮੁਤਾਬਿਕ ਇਨ੍ਹਾਂ ਦੇ ਵਿਭਾਗ ਨਾਲ ਰਲ ਕੇ ਜਾਂ ਜਲ ਸਰੋਤ ਵਿਭਾਗ ਦੇ ਨਾਲ ਤਾਲਮੇਲ ਕਾਇਮ ਕਰਕੇ ਇਸ ਦੀ feasibility ਨੂੰ ਜ਼ਰੂਰ ਚੈੱਕ ਕਰਵਾ ਲਿਆ ਜਾਵੇਗਾ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਹਾਂ ਜੀ, ਵਿਜੈ ਸਿੰਗਲਾ ਜੀ।

**ਡਾਕਟਰ ਵਿਜੈ ਸਿੰਗਲਾ:** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਰਾਹੀਂ ਮਾਨਯੋਗ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਹ ਗੱਲ ਪਹਿਲਾਂ ਵੀ ਉਠਾਈ ਸੀ ਕਿ ਸਰਕਾਰ ਉਨ੍ਹਾਂ ਨੂੰ (TSPCL) 90 ਕਿਊਸਿਕ ਵਾਟਰ ਪਰ ਸੈਕਿੰਡ ਭਾਵ 30 ਹਜ਼ਾਰ ਪ੍ਰਤੀ ਏਕੜ ਪਾਣੀ ਦੇ ਰਹੀ ਹੈ, ਜਦੋਂਕਿ ਟੀ.ਐਸ.ਪੀ.ਸੀ.ਐਲ. ਤੋਂ ਐਸ.ਟੀ.ਪੀ. 10 ਕਿਲੋਮੀਟਰ ਦੂਰ ਹੈ ਅਤੇ ਪਾਣੀ ਦਾ ਵਹਾਅ ਵੀ ਲਹਿੰਦੇ ਵੱਲ ਹੀ ਹੈ। ਜਿਹੜਾ ਰਾਇਜਿੰਗ ਮੇਨ ਦਾ ਪਰਪੋਜ਼ਲ ਬਣਾਇਆ ਹੈ, ਉਸ ਉੱਤੇ ਗੌਰਮਿੰਟ ਦਾ 80-90 ਹਜ਼ਾਰ ਰੁਪਿਆ ਖਰਚ ਹੋਣਾ ਹੈ, ਥਰਮਲ ਪਲਾਂਟ ਵਾਲੇ 15 ਸਾਲਾਂ ਤੋਂ ਉਸ ਉੱਤੇ ਅਮਲ ਨਹੀਂ ਕਰ ਰਹੇ ਹਨ। ਮੈਂ ਲੋਕਲ ਬਾਡੀਜ਼ ਮਨਿਸਟਰ ਸਾਹਿਬ, ਪਾਵਰ ਮਨਿਸਟਰ ਸਾਹਿਬ ਅਤੇ ਜਲ ਸਰੋਤ ਮਨਿਸਟਰ ਜੀ ਨੂੰ ਇਹੀ ਬੇਨਤੀ ਕਰਾਂਗਾ ਕਿ ਸੀਵਰੇਜ ਦੀ ਬਹੁਤ ਜ਼ਿਆਦਾ ਸਮੱਸਿਆ ਹੈ, ਟੋਭੇ ਦੀ ਪਾਣੀ ਸਟੋਰ ਕਰਨ ਦੀ ਸਿਰਫ ਇੱਕ ਦਿਨ ਦੀ ਹੀ ਕੈਪੇਸਿਟੀ ਹੈ। ਕੀ ਮੰਤਰੀ ਜੀ ਟਾਈਮ ਬਾਊਂਡ ਕਰਨਗੇ ਕਿ ਥਰਮਲ ਪਲਾਂਟ ਵਾਲੇ ਕਿੰਨੀ ਦੇਰ ਵਿੱਚ ਐਸ.ਟੀ.ਪੀ. ਦਾ ਪਾਣੀ ਉਥੇ ਲੈ ਕੇ ਜਾਣਗੇ? ਮੈਂ ਚਾਹੁੰਦਾ ਹਾਂ ਕਿ ਆਪਣਾ ਪਾਣੀ ਵੀ ਬਚ ਜਾਵੇ ਅਤੇ ਸੀਵਰੇਜ ਦੀ ਸਮੱਸਿਆ ਵੀ ਹੱਲ ਹੋ ਜਾਵੇ। ਕਾਈਂਡਲੀ ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ ਜੀ।

**ਸਥਾਨਕ ਸਰਕਾਰ ਮੰਤਰੀ :** ਸਪੀਕਰ ਸਾਹਿਬ, ਅਸੀਂ ਇਸ ਦੀ ਡਿਟੇਲਡ

ਪ੍ਰਾਜੈਕਟ ਰਿਪੋਰਟ ਤਿਆਰ ਕੀਤੀ ਹੋਈ ਹੈ। ਸੋ, ਮੈਂ ਇਸ ਵਕਤ ਤਾਂ ਕੁਮਿੱਟਮੈਂਟ ਨਹੀਂ ਕਰ ਸਕਾਂਗਾ। ਸਾਡੀ 56.41 ਕਰੋੜ ਦੀ ਡੀ.ਪੀ.ਆਰ. ਤਿਆਰ ਹੈ ਪਰ ਇਹ ਡੀ.ਪੀ.ਆਰ. ਸਰਹਿੰਦ ਚੋਅ ਵਾਸਤੇ ਹੀ ਤਿਆਰ ਹੈ । ਇਸ ਤੋਂ ਇਲਾਵਾ ਜਿਹੜੀ ਮੈਂਬਰ ਸਾਹਿਬ ਨੇ ਕੁਐਸਚਨ ਦੇ ਦੌਰਾਨ ਨਵੀਂ ਗੱਲ ਲਿਆਂਦੀ ਹੈ, ਇਹ ਸਾਡੇ ਨੋਟਿਸ ਵਿੱਚ ਆ ਗਈ ਹੈ ਕਿ ਜਿਹੜੇ ਐਸ.ਟੀ.ਪੀ. ਹਨ, ਇਨ੍ਹਾਂ ਦਾ ਪਾਣੀ ਥਰਮਲ ਪਲਾਂਟਾਂ ਵਿੱਚ ਜਾਣਾ ਚਾਹੀਦਾ ਹੈ। ਸੋ, ਬੈਸਟ ਇਹੀ ਰਹੇਗਾ ਕਿ ਇਹ 14 ਕਿਲੋਮੀਟਰ ਹੈ ਅਤੇ ਉਹ 18 ਕਿਲੋਮੀਟਰ ਹੈ। ਸੋ, ਫਰਕ ਬਹੁਤਾ ਨਹੀਂ ਹੈ। ਜੇਕਰ ਇਹ ਹੋ ਜਾਂਦਾ ਹੈ ਤਾਂ ਸਾਡਾ ਨਹਿਰੀ ਪਾਣੀ ਬਚ ਜਾਵੇਗਾ। ਇਹ ਜਲਦੀ ਤੋਂ ਜਲਦੀ ਕਰਾਂਗੇ। ਇਸ ਸਬੰਧੀ ਇੱਕ-ਦੋ ਮੀਟਿੰਗਾਂ ਵੀ ਹੋਈਆਂ ਹਨ, ਇਹ ਗੱਲ ਸਾਡੀ ਨਜ਼ਰ ਵਿੱਚ ਆ ਗਈ ਹੈ ਅਤੇ ਇਸ ਨੂੰ ਅਸੀਂ ਫਾਸਟ ਟਰੈਕ ਕਰ ਦੇਵਾਂਗੇ।

**ਮਾਣਯੋਗ ਸਪੀਕਰ:** ਧੰਨਵਾਦ ਜੀ।

-------

## ਲੁਧਿਆਣਾ ਸ਼ਹਿਰ ਵਿਚ ਅੱਗ, ਤੇਜ਼ਾਬ ਜਾਂ ਰਸਾਇਣ ਨਾਲ ਝੁਲਸੇ ਵਿਅਕਤੀਆਂ ਲਈ ਹਸਪਤਾਲ ਬਣਾਉਣਾ

***588. ਸ਼੍ਰੀਮਤੀ ਰਾਜਿੰਦਰ ਪਾਲ ਕੌਰ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਲੁਧਿਆਣਾ ਵਿਚ ਅੱਗ, ਤੇਜ਼ਾਬ ਅਤੇ ਰਸਾਇਣ ਨਾਲ ਝੁਲਸੇ ਵਿਅਕਤੀਆਂ ਦੇ ਉਚੇਚੇ ਤੌਰ ਤੇ ਇਲਾਜ ਕਰਨ ਹਿੱਤ ਸਰਕਾਰੀ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਨਹੀਂ ਜੀ। ਲੁਧਿਆਣਾ ਸ਼ਹਿਰ ਵਿਖੇ ਸਰਕਾਰ ਅਧੀਨ ਅੱਗ, ਤੇਜ਼ਾਬ ਜਾਂ ਰਸਾਇਣ ਨਾਲ ਝੁਲਸੇ ਵਿਅਕਤੀਆਂ ਦੇ ਉਚੇਚੇ ਇਲਾਜ ਲਈ ਕੋਈ ਵੀ ਸਰਕਾਰੀ ਹਸਪਤਾਲ ਬਣਾਉਣ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਜੀ। ਜ਼ਿਲ੍ਹਾ ਪੱਧਰੀ ਸਿਵਲ ਹਸਪਤਾਲ ਵਿਖੇ ਇਕ ਬਰਨ ਯੂਨਿਟ ਮੌਜੂਦ ਹੈ, ਜਿਸ ਵਿਚ ਪਹਿਲਾਂ ਤੋਂ ਹੀ ਇਹ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

**ਮਾਣਯੋਗ ਸਪੀਕਰ:** ਬੀਬਾ ਰਾਜਿੰਦਰ ਪਾਲ ਕੌਰ ਜੀ, ਕੀ ਤੁਹਾਡੀ ਕੋਈ ਸਪਲੀਮੈਂਟਰੀ ਹੈ?

**ਸ਼੍ਰੀਮਤੀ ਰਾਜਿੰਦਰ ਪਾਲ ਕੌਰ:** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਆਮ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਵਿੱਚ ਇੱਕ 30 ਬੈੱਡ ਦਾ ਹਸਪਤਾਲ ਹੈ ਅਤੇ ਬਿਲਡਿੰਗ ਵੀ ਬਣੀ ਹੋਈ ਹੈ। ਮੈਂ ਚਾਹੁੰਦੀ ਹਾਂ ਕਿ ਉਸ ਹਸਪਤਾਲ ਨੂੰ ਜੱਚਾ-ਬੱਚਾ ਹਸਪਤਾਲ ਬਣਾਇਆ ਜਾਵੇ।

**ਮਾਣਯੋਗ ਸਪੀਕਰ:** ਕੀ ਮੰਤਰੀ ਜੀ, ਤੁਸੀਂ ਉਸ ਨੂੰ ਜੱਚਾ-ਬੱਚਾ ਹਸਪਤਾਲ ਬਣਾਉਗੇ ਜੀ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਲੁਧਿਆਣਾ ਵਿਖੇ ਜਿਹੜਾ ਐਗਜ਼ਿਸਟਿੰਗ ਹਸਪਤਾਲ ਹੈ,ਉਹ 300 ਬੈੱਡ ਦਾ ਹੈ। ਉਸ ਵਿੱਚ ਆਲਰੇਡੀ 12 ਬੈੱਡਿਡ ਬਰਨ ਯੂਨਿਟ ਐਗਜ਼ਿਸਟ ਕਰਦਾ ਹੈ ਅਤੇ ਉਹ ਸਰਵਿਸ ਪ੍ਰੋਵਾਈਡ ਕਰ ਰਿਹਾ ਹੈ।

ਦੂਜਾ, ਇਨ੍ਹਾਂ ਦਾ ਸਵਾਲ ਜੱਚਾ-ਬੱਚਾ ਨੂੰ ਲੈ ਕੇ ਹੈ, ਉਸ ਵਿੱਚ ਸਿਵਲ ਹਸਪਤਾਲ ਵਿੱਚ 100 ਬੈੱਡ ਆਲਰੇਡੀ ਹਨ, ਉਸ ਨੂੰ ਅਪਗਰੇਡ ਕਰਕੇ 200 ਬੈੱਡ ਕੀਤਾ ਜਾ ਰਿਹਾ ਹੈ। ਸੋ, ਉਸ ਵਿੱਚ ਕਾਫੀ ਕੈਪੇਸਿਟੀ ਹੈ। ਇਸ ਤੋਂ ਇਲਾਵਾ ਲੁਧਿਆਣਾ ਵਿਖੇ ਦੋ ਮੈਡੀਕਲ ਕਾਲਜ ਹਨ, ਉਥੇ ਵੀ ਬਰਨਿੰਗ ਯੂਨਿਟ ਹੈ। ਉਨ੍ਹਾਂ ਵਿੱਚ ਵੀ ਬਹੁਤ ਐਡਵਾਂਸ ਜੱਚਾ-ਬੱਚਾ ਕੇਂਦਰ ਹੈ। ਫਿਲਹਾਲ ਕੋਈ ਸੈਪਰੇਟ ਜੱਚਾ-ਬੱਚਾ ਸੈਂਟਰ ਚਲਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

-------

## ਲੁਧਿਆਣਾ ਦੱਖਣੀ ਬਾਈਪਾਸ ਤੇ ਫੋਕਲ ਪੁਆਇੰਟ ਬਣਾਉਣਾ

***487. ਸ਼੍ਰੀ ਗੁਰਪ੍ਰੀਤ ਬੱਸੀ ਗੋਗੀ:** ਕੀ ਮੁੱਖ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਕੀ ਲੁਧਿਆਣਾ ਦੱਖਣੀ ਬਾਈਪਾਸ ਤੇ ਛੋਟੀ ਇੰਡਸਟਰੀ ਨੂੰ ਮੱਦੇਨਜ਼ਰ ਰੱਖਦੇ ਹੋਏ ਫੋਕਲ ਪੁਆਇੰਟ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਜਲ ਸਰੋਤ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ) :** ਪੀ.ਐਸ.ਆਈ.ਈ.ਸੀ. ਵੱਲੋਂ ਪੰਜਾਬ ਦੇ ਵੱਖ ਵੱਖ ਖੇਤਰਾਂ ਵਿਚ ਲੈਂਡ ਬੈਂਕ ਵਿਕਸਤ ਕਰਕੇ ਉਦਯੋਗਿਕ ਵਿਕਾਸ ਕਰਨ ਦੀ ਯੋਜਨਾ ਹੈ ਪਰ ਹਾਲ ਦੀ ਘੜੀ ਪੀ.ਐਸ.ਆਈ.ਈ.ਸੀ. ਦੇ ਵਿਚਾਰ ਅਧੀਨ ਇਸ ਇਲਾਕੇ ਸਬੰਧੀ ਕੋਈ ਤਜਵੀਜ਼

ਨਹੀਂ ਹੈ ਜੀ।

**ਸ਼੍ਰੀ ਗੁਰਪ੍ਰੀਤ ਬੱਸੀ ਗੋਗੀ:** ਮਾਨਯੋਗ ਸਪੀਕਰ ਸਾਹਿਬ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ ਬਾਰੇ ਸਾਨੂੰ ਇਸ ਲਈ ਸੋਚਣਾ ਚਾਹੀਦਾ ਹੈ ਕਿਉਂਕਿ ਉੱਥੇ 350-400 ਦੇ ਲਗਭਗ ਡਾਇੰਗ ਯੂਨਿਟਾਂ ਹਨ ਜਿਸ ਦਾ ਸਾਰਾ ਪਾਣੀ ਲੁਧਿਆਣਾ ਦੇ ਸੀਵਰੇਜ ਵਿੱਚ ਜਾਂਦਾ ਹੈ ਅਤੇ ਸੀਵਰੇਜ ਦੇ ਥਰੂ ਬੁੱਢੇ ਨਾਲੇ ਵਿੱਚ ਜਾਂਦਾ ਹੈ। ਇਸ ਤੇ ਆਪਣੀ ਸਰਕਾਰ 650 ਕਰੋੜ ਰੁਪਿਆ ਲਗਾਉਣ ਜਾ ਰਹੀ ਹੈ। ਮੈਂ ਇਸ ਦੇ ਲਈ ਸੀ.ਐਮ. ਸਾਹਿਬ, ਸਰਦਾਰ ਭਗਵੰਤ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ 225 million litre per day (MLD) Sewage Treatment Plant (STP) ਦਾ ਉਦਘਾਟਨ ਵੀ ਕੀਤਾ ਹੈ ਕਿਉਂਕਿ ਯੂਨਿਟਾਂ ਦਾ ਸਾਰਾ ਪਾਣੀ ਉਸ ਵਿੱਚ ਜਾਣ ਕਰਕੇ ਬੁੱਢੇ ਨਾਲੇ ਵਿੱਚ ਚੱਲ ਰਹੀਂ ਸਫਾਈ ਦੀ ਮੁਹਿੰਮ ਵਿੱਚ ਵਿਘਨ ਪੈ ਸਕਦਾ ਹੈ। ਇਸ ਲਈ ਡਾਇੰਗ ਯੂਨਿਟਾਂ ਵਾਸਤੇ ਬਾਹਰ ਕਿਤੇ 100 ਏਕੜ ਜਗ੍ਹਾ ਐਕੁਆਇਰ ਕਰ ਲਈ ਜਾਵੇ ਅਤੇ ਉੱਥੇ ਐਕਸਟਰਾ CETP ਪਲਾਂਟ ਲਗਾ ਦਿੱਤੇ ਜਾਣ, ਜਿਸ ਨਾਲ ਪਾਣੀ ਦੀ ਸਫਾਈ ਹੋ ਜਾਵੇ ਅਤੇ ਉਨ੍ਹਾਂ ਦੇ ਕਾਰੋਬਾਰ ਵੀ ਚਲਦੇ ਰਹਿਣ। ਇਸ ਨਾਲ ਵਾਤਾਵਰਨ ਦੀ ਸਫਾਈ ਵੀ ਹੋ ਜਾਵੇਗੀ। ਮੇਰੀ ਆਪ ਜੀ ਦੇ ਮਾਧਿਅਮ ਰਾਹੀਂ ਇਹੀ ਅਪੀਲ ਹੈ।

**ਮਾਣਯੋਗ ਸਪੀਕਰ:** ਅਪੀਲ ਨਹੀਂ ਕਰਨੀ। ਤੁਸੀਂ ਸਵਾਲ ਪੁੱਛੋ।

**ਸ਼੍ਰੀ ਗੁਰਪ੍ਰੀਤ ਬੱਸੀ ਗੋਗੀ:** ਮੈਂ ਇਹੀ ਪੁੱਛਣਾ ਚਾਹੁੰਦਾ ਹਾਂ ਕਿ ਉੱਥੇ ਡਾਇੰਗ ਯੂਨਿਟਾਂ ਵਾਸਤੇ ਜਲਦੀ ਤੋਂ ਜਲਦੀ Common Effluent Treatment Plant (CETP) ਲਗਾਇਆ ਜਾਵੇ ਤਾਂ ਕਿ ਡਾਇੰਗ ਯੂਨਿਟਾਂ ਦਾ ਪ੍ਰਦੂਸ਼ਿਤ ਪਾਣੀ ਬੁੱਢੇ ਨਾਲੇ ਵਿੱਚ ਨਾ ਜਾਵੇ।

**ਮਾਣਯੋਗ ਸਪੀਕਰ:** ਮੰਤਰੀ ਜੀ, ਕੀ ਡਾਇੰਗ ਯੂਨਿਟਸ ਨੂੰ ਬਾਹਰ ਕੱਢਣ ਦੀ ਕੋਈ ਪਰਪੋਜ਼ਲ ਹੈ?

**ਮੰਤਰੀ:** ਸਰ, ਇਹ ਡਿਪਾਰਟਮੈਂਟ ਸੀ.ਐਮ. ਸਾਹਿਬ ਕੋਲ ਹੈ। ਇਹ ਬਹੁਤ ਇੰਪਾਰਟੈਂਟ ਮੁੱਦਾ ਹੈ। ਇਹ ਗੱਲ ਬਿਲਕੁਲ ਠੀਕ ਹੈ ਕਿ ਪਿਛਲੇ ਸਮੇਂ ਵਿੱਚ ਇੰਡਸਟਰੀ ਦਾ ਪ੍ਰਦੂਸ਼ਿਤ ਪਾਣੀ ਬੁੱਢੇ ਦਰਿਆ ਵਿੱਚ ਵੀ ਪੈਂਦਾ ਰਿਹਾ ਹੈ। ਕਾਫੀ ਜਗ੍ਹਾ ਤੇ ਉਸ ਦੀ ਕੰਪਲਾਇੰਸ ਵੀ ਹੋ ਚੁੱਕੀ ਹੈ। ਪਿਛਲੇ ਦਿਨੀਂ ਸੀ.ਐਮ. ਸਾਹਿਬ ਨੇ ਉੱਥੇ ਟਰੀਟਮੈਂਟ ਪਲਾਂਟ ਦਾ ਉਦਘਾਟਨ ਵੀ ਕੀਤਾ ਹੈ। ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਇੰਡਸਟਰੀ ਅੰਦਰ ਹੈ ਤਾਂ ਇਸ ਬਾਰੇ ਸੀ.ਐਮ. ਸਾਹਿਬ

[ਜਲ ਸਰੋਤ ਮੰਤਰੀ]

ਨਾਲ ਮਿਲ ਕੇ ਡਿਸਕਸ ਕਰ ਲਿਆ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇਸ ਦੇ ਪਾਜ਼ੀਟਿਵ ਰਿਜ਼ਲਟਸ ਮਿਲ ਸਕਣ।

**ਮਾਣਯੋਗ ਸਪੀਕਰ:** ਧੰਨਵਾਦ ਜੀ।

------

## ਪੰਜਾਬ ਦੀ ਇੰਡਸਟਰੀ ਦੇ ਪੁਰਾਣੇ ਵੈਟ ਅਸੈਸਮੈਂਟ ਕੇਸਾਂ ਦੀ ਵੰਨ ਟਾਈਮ ਸੈਟਲਮੈਂਟ ਤਜਵੀਜ਼

***722. ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪੰਜਾਬ ਦੀ ਇੰਡਸਟਰੀ ਦੇ ਪੁਰਾਣੇ ਵੈਟ ਅਸੈਸਮੈਂਟ ਕੇਸਾਂ ਦੀ ਵੰਨ ਟਾਈਮ ਸੈਟਲਮੈਂਟ ਦੀ ਕੋਈ ਤਜਵੀਜ਼ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਪਾਲ ਸਿੰਘ ਚੀਮਾ:** ਜੀ ਹਾਂ, ਇਹ ਮਾਮਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਤਿੰਨ ਮੈਂਬਰੀ ਸਬ-ਕਮੇਟੀ ਗਠਿਤ ਕੀਤੀ ਗਈ ਹੈ। ਇਹ ਕਮੇਟੀ ਇਸ ਤੇ ਵਿਚਾਰ ਕਰ ਰਹੀ ਹੈ। ਹੁਣ ਤੱਕ 2 ਮੀਟਿੰਗਾਂ ਕੀਤੀਆਂ ਗਈਆਂ ਹਨ। ਮੇਰੇ ਤੋਂ ਇਲਾਵਾ ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਸਰਦਾਰ ਹਰਜੋਤ ਸਿੰਘ ਬੈਂਸ ਕਮੇਟੀ ਦੇ ਮੈਂਬਰ ਹਨ।

ਇਹ ਕੇਸ ਕਾਫੀ ਪੁਰਾਣੇ ਹਨ। ਮੈਂ ਇਨ੍ਹਾਂ ਬਾਰੇ ਡਿਟੇਲ ਵਿੱਚ ਦੱਸ ਦਿੰਦਾ ਹਾਂ ਕਿ ਪੰਜਾਬ ਵੈਟ ਐਕਟ, 2005 ਦੇ ਲਗਭਗ 12,171 ਕਰੋੜ ਰੁਪਏ ਦੇ ਬਕਾਏ, ਕੇਂਦਰੀ ਵਿਕਰੀ ਕਰ ਐਕਟ, 1956 ਦੇ 2956 ਕਰੋੜ ਰੁਪਏ ਦੇ ਬਕਾਏ, ਪੰਜਾਬ ਬੁਨਿਆਦੀ ਢਾਂਚਾ ਵਿਕਾਸ ਅਤੇ ਰੈਗੂਲੇਸ਼ਨ ਐਕਟ, 2002 ਦੇ 606 ਕਰੋੜ ਰੁਪਏ ਦੇ ਬਕਾਏ, ਪੰਜਾਬ ਜਨਰਲ ਸੇਲਜ਼ ਟੈਕਸ ਐਕਟ, 1948 ਦੇ 288 ਕਰੋੜ ਰੁਪਏ, ਪੰਜਾਬ ਮਨੋਰੰਜਨ ਕਰ ਐਕਟ, 1954 ਦੇ 15 ਕਰੋੜ ਰੁਪਏ ਮਤਲਬ ਕਿ ਕੁੱਲ 16 ਹਜ਼ਾਰ 37 ਕਰੋੜ ਰੁਪਏ ਦੇ ਬਕਾਏ ਪੈਂਡਿੰਗ ਹਨ। ਉਨ੍ਹਾਂ ਨੂੰ ਸੈਟਲ ਕਰਨ ਲਈ ਮਾਨਯੋਗ ਸੀ.ਐਮ. ਸਾਹਿਬ ਸਰਦਾਰ ਭਗਵੰਤ ਮਾਨ ਜੀ ਨੇ ਕਮੇਟੀ ਦਾ ਗਠਨ ਕੀਤਾ ਹੈ। ਇਸ ਤੇ ਸਾਡੀਆਂ ਦੋ ਮੀਟਿੰਗਾਂ ਵੀ ਹੋ ਚੁੱਕੀਆਂ ਹਨ। ਮੈਂਬਰ ਸਾਹਿਬ ਨੇ ਇਹ ਜਿਹੜਾ ਮਾਮਲਾ ਉਠਾਇਆ ਹੈ ਇਹ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2013-14 ਅਤੇ ਸਾਲ 2014-15 ਵਿੱਚ

ਸਾਡੀ ਸਰਕਾਰ ਵੇਲੇ ਵੈਟ assessment ਤੇ OTS ਹੋਈਆਂ ਸਨ। ਹੁਣ ਸਾਲ 2015-16, 2016-17 ਅਤੇ ਸਾਲ 2017-18 ਵਿੱਚ ਵੈਟ ਅਸੈਸਮੈਂਟ ਓ.ਟੀ.ਐਸ. ਸਕੀਮ ਤੇ ਮੰਤਰੀ ਜੀ ਵੱਲੋਂ ਕਿਹਾ ਗਿਆ ਹੈ ਕਿ ਦੋ ਮੀਟਿੰਗਾਂ ਕਰ ਲਈਆਂ ਗਈਆਂ ਹਨ ਜਦਕਿ ਜਿਹੜੀ ਇਨਫਰਮੇਸ਼ਨ ਮੇਰੇ ਕੋਲ ਹੈ ਉਸ ਮੁਤਾਬਿਕ ਸਾਲ 2015-16 ਦੀ ਅਸੈਸਮੈਂਟ ਮਿਤੀ 20 ਨਵੰਬਰ, 2022 ਨੂੰ ਪੂਰੀ ਕਰ ਲਈ ਗਈ ਹੈ ਮਤਲਬ ਕਿ ਉਸ ਨੂੰ ਅੱਜ ਪੂਰੀ ਹੋਈ ਨੂੰ 3-4 ਮਹੀਨੇ ਹੋ ਗਏ ਹਨ ਲੇਕਿਨ ਓ.ਟੀ.ਐਸ. ਬਾਰੇ ਅਜੇ ਤੱਕ ਕਿਸੇ ਪ੍ਰਕਾਰ ਦਾ ਕੋਈ ਵੀ ਫੈਸਲਾ ਨਹੀਂ ਲਿਆ ਗਿਆ। ਮੈਂ ਮੰਤਰੀ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਰਪਾ ਕਰਕੇ ਤੁਸੀਂ ਇਸ ਨੂੰ ਟਾਈਮ ਬਾਊਂਡ ਕਰੋ ਕਿਉਂਕਿ ਇਹ ਨਾ ਹੋਵੇ ਕਿ ਓ.ਟੀ.ਐਸ. ਸਕੀਮ ਲਈ 7-8 ਮਹੀਨੇ ਹੋਰ ਲੱਗ ਜਾਣ। ਵਪਾਰੀਆਂ ਦਾ ਬਹੁਤ ਮਾੜਾ ਹਾਲ ਹੈ, ਵਪਾਰ ਪਹਿਲਾਂ ਹੀ ਬਹੁਤ ਮੱਧਮ ਹੈ। ਇਸ ਕਰਕੇ ਉਨ੍ਹਾਂ ਨੂੰ ਰੋਜ਼ਾਨਾ ਪ੍ਰੇਸ਼ਾਨੀ ਆ ਰਹੀ ਹੈ। ਮੈਂ ਇਨ੍ਹਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਜਲੰਧਰ ਜਾ ਕੇ ਆਇਆ ਹਾਂ। ਜਿਹੜੇ sportsgoods ਹਨ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ਇਕ whistle ਦੋ ਰੁਪਏ ਦੀ ਹੈ ਤੇ ਇਸ ਤੇ 18% ਜੀ.ਐਸ.ਟੀ.ਹੈ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਜਿੰਨਾ ਚਿਰ ਓ.ਟੀ.ਐਸ. ਸਕੀਮ ਲਾਗੂ ਨਹੀਂ ਹੁੰਦੀ ਕੀ ਉਨਾ ਚਿਰ ਜਿਹੜੀ ਛਾਪੇਮਾਰੀ ਹੁੰਦੀ ਹੈ, ਇਹ ਬੰਦ ਹੋ ਜਾਵੇਗੀ?

**ਮਾਣਯੋਗ ਸਪੀਕਰ :** ਇੱਕ ਮਿੰਟ ਰਾਜਾ ਜੀ, ਦੋ ਰੁਪਏ ਦੀ whistle ਤੇ 18 ਰੁਪਏ ਜੀ.ਐਸ.ਟੀ. ਲੱਗਦਾ ਹੈ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਦੋ ਰੁਪਏ ਦੀ whistle ਤੇ 18% ਜੀ.ਐਸ.ਟੀ. ਲੱਗਦਾ ਹੈ। ਸਰ, ਇਸ ਤੇ 35 ਪੈਸੇ ਜੀ.ਐਸ.ਟੀ. ਕੱਟਿਆ ਜਾਂਦਾ ਹੈ। ਸੋ, ਮੇਰੀ ਬੇਨਤੀ ਹੈ ਕਿ ਇੱਕ ਤਾਂ ਮੰਤਰੀ ਸਾਹਿਬ ਇਸ ਨੂੰ ਟਾਈਮ ਬਾਊਂਡ ਕਰ ਦੇਣ ਅਤੇ ਇਹ ਐਨਸ਼ਿਓਰ ਕਰ ਦੇਣ ਕਿ ਜਿਹੜੀ ਓ.ਟੀ.ਐਸ. ਸਕੀਮ ਹੈ, ਇਹ ਕਦੋਂ ਤੱਕ ਲਾਗੂ ਕਰ ਦੇਣਗੇ? ਦੂਸਰਾ, ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਇਹ ਵੀ ਐਨਸ਼ਿਓਰ ਕਰ ਦੇਣ ਅਤੇ ਸਾਰੇ ਹਾਊਸ ਨੂੰ ਇਹ ਵਿਸ਼ਵਾਸ ਦਿਵਾ ਦੇਣ ਕਿ ਜਿੰਨਾ ਚਿਰ ਓ.ਟੀ.ਐਸ. ਸਕੀਮ ਲਾਗੂ ਨਹੀਂ ਹੁੰਦੀ,ਉਨਾ ਚਿਰ ਜੀ.ਐਸ.ਟੀ. ਦੀ ਕਿਸੇ ਪ੍ਰਕਾਰ ਦੀ ਰੇਡ ਨਹੀਂ ਹੋਵੇਗੀ।

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਜੀ.ਐਸ.ਟੀ. ਐਕਟ ਹੈ, ਜਿਸ ਦਾ ਮਾਨਯੋਗ ਮੈਂਬਰ ਸਾਹਿਬ ਜ਼ਿਕਰ ਕਰ ਰਹੇ ਹਨ, ਇਹ ਪੂਰੇ ਦੇਸ਼ ਵਿੱਚ ਸਾਲ 2017 ਵਿੱਚ ਲਾਗੂ ਹੋਇਆ ਹੈ। ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਜਿਹੜੇ ਪੁਰਾਣੇ ਐਕਟ ਹਨ, ਜਿਵੇਂ ਪੰਜਾਬ ਵੈਟ ਐਕਟ, ਪੰਜਾਬ ਵਿਕਰੀ ਕਰ ਐਕਟ, ਪੰਜਾਬ ਬੁਨਿਆਦੀ ਢਾਂਚਾ ਵਿਕਾਸ ਅਤੇ ਰੈਗੂਲੇਸ਼ਨ ਐਕਟ, ਜਰਨਲ ਸੇਲਜ਼ ਟੈਕਸ ਐਕਟ, ਮਨੋਰੰਜਨ ਕਰ ਜਿਹੜੇ tax ਜੀ.ਐਸ.ਟੀ. ਤੋਂ ਪਹਿਲਾਂ ਲਾਗੂ ਹੁੰਦੇ ਸੀ, ਉਨ੍ਹਾਂ ਦੀ ਓ.ਟੀ.ਐਸ. ਸਕੀਮ ਦੀ ਗੱਲ ਕੀਤੀ ਹੈ। ਮੈਂ ਪੂਰੇ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਪੁਰਾਣੀ ਸਰਕਾਰ ਵੇਲੇ, ਮਾਨਯੋਗ ਮੁੱਖ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ ਵੇਲੇ ਪੰਜਾਬ ਵਿੱਚ ਬਹੁਤ ਵੱਡੇ ਇਸ਼ਤਿਹਾਰ ਜਾਰੀ ਹੋਏ ਸੀ ਕਿ ਜਿਹੜੇ ਬਕਾਇਆ 40,000 ਕੇਸ ਸੀ, ਉਹ ਸਾਰੇ ਓ.ਟੀ.ਐਸ. ਸਕੀਮ ਦੇ ਅੰਡਰ ਮੁਆਫ ਕਰ ਦਿੱਤੇ ਗਏ ਹਨ ਪਰੰਤੂ ਇਸ ਸਕੀਮ ਸਬੰਧੀ ਨਾ ਤਾਂ ਕਦੇ ਕੋਈ ਮੀਟਿੰਗ ਹੋਈ ਕਿ ਕਿਹੜੇ ਕੇਸ ਮੁਆਫ ਕੀਤੇ ਗਏ ਹਨ। ਮੈਂ ਸਮਝਦਾ ਹਾਂ ਕਿ ਸਿਰਫ ਉਸ ਸਮੇਂ ਦੀ ਸਰਕਾਰ ਵੱਲੋਂ ਇਲੈਕਸ਼ਨ ਨੂੰ ਮੱਦੇਨਜ਼ਰ ਰੱਖਦੇ ਹੋਏ ਇੱਕ ਸ਼ੋਸ਼ਾ ਛੱਡਿਆ ਗਿਆ ਸੀ। ਹੁਣ ਇਸ ਸਕੀਮ ਤੇ ਚੰਗੀ ਤਰ੍ਹਾਂ ਵਿਚਾਰ ਹੋ ਰਿਹਾ ਹੈ। ਇਹ ਸਾਰਾ ਕੁਝ ਮਾਨਯੋਗ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਹੈ ਔਰ ਬੜੀ ਜਲਦੀ ਹੀ ਸਰਕਾਰ ਇਸ ਤੇ ਫੈਸਲਾ ਲਵੇਗੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਸਪਲੀਮੈਂਟਰੀ ਜੀ। ਮੈਨੂੰ ਇਹ ਪਤਾ ਸੀ ਕਿ ਪੁਰਾਣੀ ਸਰਕਾਰ ਦਾ ਜ਼ਿਕਰ ਜ਼ਰੂਰ ਆਵੇਗਾ। ਹਾਲਾਂਕਿ ਅਸੀਂ ਇਹ ਸਾਰਾ ਕਰਕੇ ਗਏ ਸੀ ਪਰੰਤੂ ਉਸ ਤੋਂ ਬਾਅਦ ਕੋਡ ਆਫ ਕੰਡਕਟ ਲੱਗ ਗਿਆ। ਇਸ ਨੂੰ ਪੰਜਾਬ ਦੇ ਤਮਾਮ ਵਪਾਰੀ ਜਾਣਦੇ ਹਨ, ਸਾਨੂੰ ਕਿਸੇ ਤੋਂ ਲਾਇਸੰਸ ਲੈਣ ਦੀ ਲੋੜ ਨਹੀਂ ਹੈ। ਇਨ੍ਹਾਂ ਨੇ ਚਾਰ ਮਹੀਨਿਆਂ ਤੋਂ ਇਹ ਸਾਰੀ ਅਸੈੱਸਮੈਂਟ ਕੀਤੀ ਪਈ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਿਰ ਦੁਬਾਰਾ ਇਹ ਪੁੱਛਣਾ ਚਾਹੁੰਦਾ ਹਾਂ, ਕਿਰਪਾ ਕਰਕੇ ਇਹ ਦੱਸ ਦੇਣ ਕਿ ਜਿਹੜੀ ਓ.ਟੀ.ਐਸ. ਹੈ, ਇਹ ਲਾਗੂ ਹੋਵੇਗੀ ਤਾਂ ਕਦੋਂ ਹੋਵੇਗੀ? ਇਹ ਸਾਨੂੰ ਕੋਈ ਤਰੀਕ ਦੇ ਦੇਣ, ਕੋਈ ਸਮਾਂ ਸੀਮਾ ਨਿਸ਼ਚਿਤ ਕਰ ਦੇਣ।

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਮੈਂਬਰ ਸਾਹਿਬ ਨੇ ਗੱਲ ਕੀਤੀ ਹੈ ਕਿ ਕੋਡ ਆਫ ਕੰਡਕਟ ਲੱਗ ਗਿਆ। ਜਦੋਂ ਆਪਾਂ ਨੂੰ ਪਤਾ ਹੈ ਕਿ ਕੋਡ ਆਫ ਕੰਡਕਟ ਪੰਜ ਦਿਨ ਤੱਕ ਲੱਗਣਾ ਹੈ ਫੇਰ ਇਹ ਪੰਜ ਦਿਨ ਪਹਿਲਾਂ ਸਾਰੀਆਂ ਸਕੀਮਾਂ ਕਿਉਂ ਲਿਆਉਂਦੇ ਹਨ ਤਾਂ ਕਿ ਇਹ ਸਾਰੀਆਂ ਸਕੀਮਾਂ ਕੋਡ ਆਫ ਕੰਡਕਟ ਦਾ ਸ਼ਿਕਾਰ ਹੋ

ਜਾਣ ਅਤੇ ਅਸੀਂ ਬਾਅਦ ਵਿੱਚ ਪੰਜ ਸਾਲ ਕਹਿੰਦੇ ਰਹਾਂਗੇ ਕਿ ਅਸੀਂ ਓ.ਟੀ.ਐਸ. ਲੈ ਕੇ ਆਏ ਸੀ। ਕਹਿੰਦੇ ਹਨ ਕਿ ਅਸੀਂ ਪੰਜਾਬ ਦੇ ਵਪਾਰੀਆਂ ਲਈ ਓ.ਟੀ.ਐਸ. ਲੈ ਕੇ ਆਏ ਸੀ। ਤੁਸੀਂ ਲੈ ਕੇ ਹੀ ਪੰਜ ਦਿਨ ਪਹਿਲਾਂ ਆਏ ਸੀ ਅਤੇ ਸਾਰਿਆਂ ਨੂੰ ਪਤਾ ਹੈ ਕਿ 5 ਦਿਨ ਵਿੱਚ ਇਹ ਸਾਰਾ ਕੰਮ ਹੋਣਾ ਹੀ ਨਹੀਂ ਹੈ। ਸੋ, ਉਦੋਂ ਤੁਸੀਂ ਕਿਤੇ ਨਾ ਕਿਤੇ ਗੁੰਮਰਾਹ ਕਰਨ ਦਾ ਯਤਨ ਕੀਤਾ ਸੀ। ਇਸ ਦਾ ਨਤੀਜਾ ਵੀ ਤੁਹਾਨੂੰ ਭੁਗਤਣਾ ਪਿਆ ਸੀ ਲੇਕਿਨ ਮੈਂ ਬੜਾ ਹੀ ਸਪੱਸ਼ਟ ਕਹਿੰਦਾ ਹਾਂ ਕਿ ਸਮਾਂ ਰਹਿੰਦੇ ਹੋਏ, ਬੜੀ ਜਲਦੀ ਹੀ ਮਾਨਯੋਗ ਸੀ.ਐਮ. ਸਾਹਿਬ ਇਸ ਤੇ ਕੋਈ ਫੈਸਲਾ ਲੈਣਗੇ। ਮੈਂ ਹਾਊਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਹੜੀ ਓ.ਟੀ.ਐਸ. ਹੋਵੇਗੀ, ਇਸ ਨੂੰ ਲਿਆਉਣ ਵੇਲੇ ਪੰਜਾਬ ਦੇ ਵਪਾਰੀਆਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਹੀ ਕੋਈ ਫੈਸਲਾ ਲਿਆ ਜਾਵੇਗਾ। (ਵਿਘਨ)

**ਮਾਣਯੋਗ ਸਪੀਕਰ :** ਜੇਕਰ ਆਪਾਂ ਇੱਕ ਇੱਕ ਕੁਐਸਚਨ ਤੇ ਅੜੇ ਰਹੇ ਤਾਂ ਹੋਰ ਮਾਣਯੋਗ ਮੈਂਬਰਾਂ ਨੂੰ ਸਮਾਂ ਨਹੀਂ ਮਿਲ ਸਕੇਗਾ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਵਿਘਨ....) ਮੰਤਰੀ ਜੀ ਦਾ ਜਵਾਬ ਆ ਗਿਆ ਹੈ। ਮੈਂ ਉਨ੍ਹਾਂ ਨੂੰ ਫੋਰਸ ਨਹੀਂ ਕਰ ਸਕਦਾ। ਉਨ੍ਹਾਂ ਦਾ ਜਵਾਬ ਆ ਗਿਆ ਹੈ। ਕਾਈਂਡਲੀ, ਹੁਣ ਆਪਾਂ ਅੱਗੇ ਚੱਲੀਏ।

------

## ਹਲਕਾ ਜੀਰਾ ਵਿੱਚ ਅਦਾਇਗੀ ਲਈ ਲੰਬਿਤ ਪਏ ਸ਼ਗਨ ਸਕੀਮ ਦੇ ਕੇਸਾਂ ਦੇ ਵੇਰਵੇ

***673. ਸ਼੍ਰੀ ਨਰੇਸ਼ ਕਟਾਰੀਆ :** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜੀਰਾ ਹਲਕੇ ਵਿੱਚ ਹੁਣ ਤੱਕ ਅਦਾਇਗੀ ਲਈ ਲੰਬਿਤ ਪਏ ਸ਼ਗਨ ਸਕੀਮ ਦੇ ਕੇਸਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਕੇਸਾਂ ਦੀ ਕੁੱਲ ਕਿੰਨੀ ਰਾਸ਼ੀ ਬਣਦੀ ਹੈ; ਉਕਤ ਅਦਾਇਗੀਆਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਜੀਤ ਕੌਰ :** ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਹਲਕਾ ਜੀਰਾ ਵਿੱਚ ਸ਼ਗਨ ਸਕੀਮ ਤਹਿਤ ਨਵੰਬਰ, 2021 ਤੋਂ ਜਨਵਰੀ 2023 ਤੱਕ 682 ਕੇਸਾਂ ਵਿੱਚੋਂ ਫਰਵਰੀ 2022 ਤੱਕ 255 ਕੇਸਾਂ ਨੂੰ 1,30,05,000/- ਰੁਪਏ ਦੀ ਅਦਾਇਗੀ ਕੀਤੀ ਗਈ ਹੈ ਅਤੇ ਮਾਰਚ, 2022 ਤੋਂ 31 ਜਨਵਰੀ, 2023 ਤੱਕ

ਅਦਾਇਗੀ ਲਈ 427 ਕੇਸ ਲੰਬਿਤ ਹਨ, ਇਨ੍ਹਾਂ ਲਈ 2,17,77,000/- ਰੁਪਏ ਦੀ ਰਾਸ਼ੀ ਲੋੜੀਂਦੀ ਹੈ। ਵਿੱਤ ਵਿਭਾਗ ਤੋਂ ਲੋੜੀਂਦੇ ਫੰਡਜ਼ ਪ੍ਰਾਪਤ ਹੋਣ ਤੇ ਇਨ੍ਹਾਂ ਕੇਸਾਂ ਨੂੰ ਤੁਰੰਤ ਅਦਾਇਗੀ ਕਰ ਦਿੱਤੀ ਜਾਵੇਗੀ।

**ਸ਼੍ਰੀ ਨਰੇਸ਼ ਕਟਾਰੀਆ:** ਮਾਣਯੋਗ ਸਪੀਕਰ ਸਾਹਿਬ, ਮੈਂ ਸਾਲ ਬਾਰੇ ਨਹੀਂ ਪੁੱਛਿਆ ਸੀ। ਮੈਂ ਕੁੱਲ ਅਦਾਇਗੀਆਂ ਸਬੰਧੀ ਪੁੱਛਿਆ ਹੈ। ਮੰਤਰੀ ਜੀ, ਇਸ ਬਾਰੇ ਦੱਸਿਆ ਜਾਵੇ ਅਤੇ ਨਾਲ ਹੀ ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮਾਣਯੋਗ ਸਪੀਕਰ:** ਮੰਤਰੀ ਜੀ, ਇਹ ਅਦਾਇਗੀਆਂ ਕਦੋਂ ਤੱਕ ਕਰ ਦਿੱਤੀਆਂ ਜਾਣਗੀਆਂ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਸਾਡੀ ਪੂਰੀ ਕੋਸ਼ਿਸ਼ ਹੈ ਕਿ ਸੈਸ਼ਨ ਤੋਂ ਤੁਰੰਤ ਬਾਅਦ ਹੀ ਇਹ ਪੈਂਡਿੰਗ ਪਈਆਂ ਅਦਾਇਗੀਆਂ ਕਰ ਦਿੱਤੀਆਂ ਜਾਣਗੀਆਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਮੈਂ ਤੁਹਾਨੂੰ ਇਤਲਾਹ ਦੇਣਾ ਚਾਹੁੰਦਾ ਹਾਂ ਕਿ ਸ਼ਗਨ ਸਕੀਮ almost ਸਾਰੇ ਪੰਜਾਬ ਵਿੱਚ ਨਹੀਂ ਮਿਲੀ ਹੈ। ਮੰਤਰੀ ਜੀ, ਕਿਰਪਾ ਕਰਕੇ ਦੱਸੋ ਕਿ ਕਦੋਂ ਤੱਕ ਗਰੀਬ ਬੱਚੀਆਂ ਨੂੰ ਉਨ੍ਹਾਂ ਦੀਆਂ ਸ਼ਾਦੀਆਂ ਤੇ ਸ਼ਗਨ ਸਕੀਮ ਦੀ ਅਦਾਇਗੀ ਕਰ ਦਿੱਤੀ ਜਾਵੇਗੀ? ਪਿਛਲੇ ਸੈਸ਼ਨ ਵਿੱਚ ਵੀ ਇਹ ਮਸਲਾ ਉੱਠਿਆ ਸੀ। ਇਹ ਕਿਸੇ ਨੂੰ ਵੀ ਨਹੀਂ ਮਿਲੀ ਹੈ। Let us know, ਇੱਕ expected date ਦੇ ਦੇਵੋ। ਇਸ ਸਬੰਧੀ ਸਾਰੇ ਇਲੈਕਟਿਡ ਮੈਂਬਰ ਜਾਣਨਾ ਚਾਹੁੰਦੇ ਹਨ। ਪੂਰੇ ਪੰਜਾਬ ਵਿੱਚ ਕਦੋਂ ਤੱਕ ਤੁਸੀਂ ਬੱਚੀਆਂ ਨੂੰ ਸ਼ਗਨ ਸਕੀਮ ਦਾ ਪੈਸਾ ਜਾਰੀ ਕਰ ਦੇਵੋਗੇ?

**ਮਾਣਯੋਗ ਸਪੀਕਰ:** ਬਾਜਵਾ ਜੀ, ਇਹ ਵੱਖਰਾ ਸਵਾਲ ਬਣਦਾ ਹੈ। ਸ਼੍ਰੀ ਨਰੇਸ਼ ਕਟਾਰੀਆ ਜੀ ਨੇ ਸਿਰਫ ਆਪਣੇ ਹਲਕੇ ਬਾਰੇ ਪੁੱਛਿਆ ਸੀ। ਤੁਸੀਂ ਵੱਖਰਾ ਸਵਾਲ ਦੇ ਦੇਣਾ, ਫਿਰ ਮੰਤਰੀ ਜੀ ਜਵਾਬ ਦੇ ਦੇਣਗੇ।

-------

## ਪ੍ਰਾਈਵੇਟ ਡਰਾਈਵਰਾਂ ਤੇ ਵੀ ਕਿਰਤ ਕਾਨੂੰਨ ਲਾਗੂ ਕਰਨਾ

***424. ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਟਰੱਕਾਂ, ਟਰਾਲਿਆਂ, ਬੱਸਾਂ ਸਮੇਤ ਵੱਖ ਵੱਖ ਤਰ੍ਹਾਂ ਦੇ ਵਾਹਨਾਂ ਨੂੰ ਚਲਾਉਣ ਵਾਲੇ ਪ੍ਰਾਈਵੇਟ ਡਰਾਈਵਰ ਬਿਨਾਂ ਕਿਸੇ ਹਾਜ਼ਰੀ ਰਜਿਸਟਰ ਅਤੇ ਰਿਕਾਰਡ ਤੋਂ ਕੰਮ ਕਰਦੇ ਹਨ, ਜਿਸ ਕਾਰਨ ਕਾਨੂੰਨ ਅਨੁਸਾਰ ਉਨ੍ਹਾਂ ਦੇ ਈ.ਪੀ.ਐਫ. ਸਮੇਤ ਹੋਰ ਲੋੜੀਂਦੇ ਭੱਤੇ ਵੀ ਜਮ੍ਹਾਂ ਨਹੀਂ ਹੁੰਦੇ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਉਨ੍ਹਾਂ ਤੇ ਵੀ ਕਿਰਤ ਕਾਨੂੰਨ ਲਾਗੂ ਕਰਨ ਲਈ ਕੋਈ ਕਦਮ ਚੁੱਕੇਗੀ; ਜੇਕਰ ਹਾਂ ਤਾਂ ਕਦੋਂ ਤੱਕ;

(ਅ) ਕਿਰਤ ਵਿਭਾਗ ਦੇ ਰਿਕਾਰਡ ਅਨੁਸਾਰ ਕੁੱਲ ਕਿੰਨੇ ਟਰੱਕ, ਬੱਸ ਸਮੇਤ ਵੱਖ ਵੱਖ ਤਰ੍ਹਾਂ ਦੇ ਡਰਾਈਵਰ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਕੰਮ ਕਰ ਰਹੇ ਹਨ?

**ਮਿਸ ਅਨਮੋਲ ਗਗਨ ਮਾਨ :** ਸ਼੍ਰੀਮਾਨ ਜੀ, (ੳ) ਇਸ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਪਾਸ ਕੀਤੇ ਗਏ ਮੋਟਰ ਟਰਾਂਸਪੋਰਟ ਵਰਕਰਜ਼ ਐਕਟ, 1961 (27 of 1961) ਨੂੰ ਸਾਰੇ ਭਾਰਤ ਵਿੱਚ ਮੋਟਰ ਟਰਾਂਸਪੋਰਟ ਵਰਕਰਜ਼ ਅਧੀਨ ਆਉਂਦੇ ਕਿਰਤੀਆਂ ਨੂੰ ਐਕਟ ਦੇ ਉਪਬੰਧਾਂ ਅਨੁਸਾਰ ਕਿਰਤ ਵਿਭਾਗ ਵੱਲੋਂ ਲਾਗੂ ਕਰਵਾਇਆ ਜਾਂਦਾ ਹੈ। ਕੋਈ ਵੀ ਸ਼ਿਕਾਇਤ ਪ੍ਰਾਪਤ ਹੋਣ ਤੇ ਤੁਰੰਤ ਕਿਰਤ ਵਿਭਾਗ ਵੱਲੋਂ ਐਕਟ ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ।

ਇੱਥੇ ਦੱਸਣਯੋਗ ਹੈ ਕਿ ਈ.ਪੀ.ਐਫ. (ਇੰਪਲਾਈ ਪ੍ਰੋਵੀਡੈਂਟ ਫੰਡ) ਦੀ ਕਟੌਤੀ ਕਰਨ ਸਬੰਧੀ ਮਾਮਲਾ ਰੀਜ਼ਨਲ ਪ੍ਰੋਵੀਡੈਂਟ ਫੰਡ ਸੰਸਥਾ ਨਾਲ ਸਬੰਧਿਤ ਹੈ ਜੋ ਕਿ ਕੇਂਦਰ ਸਰਕਾਰ ਦਾ ਅਦਾਰਾ ਹੈ। ਕਿਰਤ ਵਿਭਾਗ ਵੱਲੋਂ ਇਸ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

(ਅ) ਇਸ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮੋਟਰ ਟਰਾਂਸਪੋਰਟ ਵਰਕਰਜ਼ ਐਕਟ, 1961 ਅਧੀਨ ਰਜਿਸਟਰਡ ਅਦਾਰੇ ਅਤੇ ਉਨ੍ਹਾਂ ਦੇ ਕੰਮ ਕਰਦੇ ਕਾਮਿਆਂ ਦਾ ਵੇਰਵਾ ਅਨੁਲੱਗ 'ੳ' ਤੇ ਹੈ।

[ਕਿਰਤ ਮੰਤਰੀ]

**ਅਨੁਲੱਗ 'ੳ'**

| ਲੜੀ ਨੰ: | ਸ਼ਹਿਰ | ਅਦਾਰੇ | ਕਾਮਿਆਂ ਦੀ ਗਿਣਤੀ |
|---|---|---|---|
| 1 | ਸੰਗਰੂਰ | 11 | 666 |
| 2 | ਬਰਨਾਲਾ | 09 | 401 |
| 3 | ਕਪੂਰਥਲਾ | 04 | 340 |
| 4 | ਅੰਮ੍ਰਿਤਸਰ | 35 | 1103 |
| 5 | ਮਾਨਸਾ | 02 | 44 |
| 6 | ਬਠਿੰਡਾ | 16 | 563 |
| 7 | ਫਾਜ਼ਿਲਕਾ | 04 | 72 |
| 8 | ਫਿਰੋਜ਼ਪੁਰ | 03 | 276 |
| 9 | ਰੋਪੜ | 04 | 318 |
| 10 | ਬਟਾਲਾ | 05 | 154 |
| 11 | ਪਠਾਨਕੋਟ | 04 | 589 |
| 12 | ਲੁਧਿਆਣਾ | 16 | 906 |
| 13 | ਮੋਗਾ | 10 | 417 |
| 14 | ਮੁਕਤਸਰ | 02 | 222 |
| 15 | ਫਰੀਦਕੋਟ | 04 | 122 |
| 16 | ਹੁਸ਼ਿਆਰਪੁਰ | 07 | 460 |
| 17 | ਜਲੰਧਰ | 26 | 1976 |
| 18 | ਮੰਡੀ ਗੋਬਿੰਦਗੜ੍ਹ (ਫਤਿਹਗੜ੍ਹ ਸਾਹਿਬ) | 05 | 136 |
| 19 | ਪਟਿਆਲਾ | 16 | 614 |
| 20 | ਮੋਹਾਲੀ | 06 | 1755 |
| | ਕੁੱਲ | 189 | 11,134 |

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੰਤਰੀ ਸਾਹਿਬਾ ਨੇ ਜੋ ਲਿਸਟ ਦਿੱਤੀ ਹੈ, ਉਸ ਮੁਤਾਬਕ ਪੰਜਾਬ ਦੇ ਵਿੱਚ ਟਰਾਂਸਪੋਰਟ ਵਰਕਰਜ਼ ਐਕਟ ਦੇ ਅਧੀਨ ਸਿਰਫ 11,134 ਡਰਾਈਵਰਜ਼ ਰਜਿਸਟਰਡ ਹਨ, ਜਦੋਂ

ਕਿ ਟਰਾਂਸਪੋਰਟ ਮਹਿਕਮੇ ਦੇ ਅੰਕੜਿਆਂ ਮੁਤਾਬਕ ਪੰਜਾਬ ਵਿੱਚ ਕੁੱਲ 7,16,254 ਡਰਾਈਵਰ ਪ੍ਰਾਈਵੇਟ ਕੰਮ ਕਰਦੇ ਹਨ। ਜਿਹੜੇ ਸੱਤ ਲੱਖ ਤੋਂ ਜ਼ਿਆਦਾ ਡਰਾਈਵਰਜ਼ ਬਿਨਾਂ ਕਿਸੇ ਕਿਰਤ ਕਾਨੂੰਨ ਤੋਂ, ਬਿਨਾਂ ਕਿਸੇ ਕੰਮ ਕਰਨ ਦੇ ਘੰਟਿਆਂ ਦੀ ਪਾਬੰਦੀ ਤੋਂ, ਬਿਨਾਂ ਕਿਸੇ ਸਟੇਟ ਇੰਸ਼ੋਰੈਂਸ ਸਕੀਮ, ਈ.ਪੀ.ਐਫ. ਤੋਂ ਕੰਮ ਕਰਦੇ ਹਨ, ਕੀ ਇਸ ਸਬੰਧੀ ਮਾਨਯੋਗ ਮੰਤਰੀ ਸਾਹਿਬਾ ਦੱਸਣਗੇ ਕਿ ਇਨ੍ਹਾਂ ਨੂੰ ਕਿਸੇ ਲੀਗਲ ਫਰੇਮ ਵਰਕ ਵਿੱਚ ਲਿਆਉਣ ਲਈ ਕੋਈ ਕਦਮ ਚੁੱਕਿਆ ਜਾਵੇਗਾ? ਇਸ ਵਿੱਚ ਇਨ੍ਹਾਂ ਦੇ ਕੰਮ ਕਰਨ ਦੇ ਘੰਟੇ ਵੀ ਫਿਕਸ ਹੋਣ ਅਤੇ ਕੋਈ ਲਾੱਗ ਬੁੱਕ ਜਾਂ ਹਾਜ਼ਰੀ ਰਜਿਸਟਰ ਹੋਵੇ। ਜਿੱਥੇ ਚਾਰ-ਚਾਰ ਦਿਨ ਇਨ੍ਹਾਂ ਨੂੰ ਅਨਲੋਡਿੰਗ ਲਈ ਖੜ੍ਹਨਾ ਪੈਂਦਾ ਹੈ, ਉਸ ਲਈ ਵੀ ਇਨ੍ਹਾਂ ਨੂੰ ਕੋਈ ਮਿਹਨਤਾਨਾ ਮਿਲੇ। ਕੀ ਇਸ ਸਬੰਧੀ ਮਹਿਕਮੇ ਵੱਲੋਂ ਕੋਈ ਵਿਚਾਰ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਨੂੰ ਲੀਗਲ ਫਰੇਮ ਵਰਕ ਵਿੱਚ ਕਿਵੇਂ ਲਿਆਂਦਾ ਜਾਵੇ ਚਾਹੇ ਉਹ ਮੋਟਰ ਟਰਾਂਸਪੋਰਟ ਐਕਟ ਹੈ ਜਾਂ ਲੇਬਰ ਲਾਅ ਹੈ?

**ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗੀ ਕਿ ਲਾੱਗ ਬੁੱਕ ਬਿਲਕੁਲ ਮੇਨਟੇਨ ਹੋਣੀ ਚਾਹੀਦੀ ਹੈ। ਇਸ ਨਾਲ ਸਾਡਾ ਕੰਮ ਵੀ ਸੌਖਾ ਹੋ ਜਾਂਦਾ ਹੈ ਪਰ ਲਾੱਗ ਬੁੱਕ ਮੇਨਟੇਨ ਕਰਨ ਦਾ ਕੰਮ ਮੋਟਰ ਵਹੀਕਲ ਐਕਟ ਦੇ ਅਨੁਸਾਰ ਟਰਾਂਸਪੋਰਟ ਡਿਪਾਰਟਮੈਂਟ ਦੇ ਅਧੀਨ ਹੈ। ਅਸੀਂ ਉਨ੍ਹਾਂ ਨੂੰ ਇੰਸਟ੍ਰਕਟ ਕਰ ਸਕਦੇ ਹਾਂ ਤਾਂ ਕਿ ਸਾਡਾ ਵੀ ਕੰਮ ਸੌਖਾ ਹੋਵੇ। ਕੋਈ ਵੀ ਕਿਰਤੀ ਜੋ ਸਾਡੇ ਨਾਲ ਸਬੰਧਿਤ ਹੈ, ਉਸ ਲਈ ਜਿੱਥੋਂ ਤੱਕ ਸਮਾਂ ਅੱਠ ਘੰਟੇ ਤੱਕ ਕਰਵਾਉਣ ਦੀ ਗੱਲ ਹੈ ਅਤੇ ਜੇ ਓਵਰ ਟਾਈਮ ਵੀ ਕਰਵਾਉਣਾ ਹੈ ਤਾਂ ਉਹ ਸਮਾਂ 24 ਘੰਟੇ ਦਾ ਨਿਰਧਾਰਤ ਹੁੰਦਾ ਹੈ। ਇਸ ਲਈ ਪਰਾਪਰ ਇੰਸਟ੍ਰਕਸ਼ਨਾਂ ਜਾਰੀ ਕੀਤੀਆਂ ਹੋਈਆਂ ਹਨ। ਜੇ ਲਾੱਗ ਬੁੱਕ ਮੇਨਟੇਨ ਵੀ ਨਹੀਂ ਹੋ ਰਹੀ ਕਿ ਉਹ ਕਦੋਂ ਆਉਂਦੇ ਹਨ ਤਾਂ ਅਸੀਂ ਉਸ ਦਾ ਚਲਾਨ ਪੇਸ਼ ਨਹੀਂ ਕਰ ਸਕਦੇ। ਉਸ ਦਾ ਚਲਾਨ ਟਰਾਂਸਪੋਰਟ ਡਿਪਾਰਟਮੈਂਟ ਪੇਸ਼ ਕਰ ਸਕਦਾ ਹੈ। ਜੇਕਰ ਸਾਡੇ ਕੋਲ ਡਾਇਰੈਕਟ ਲੇਬਰ ਦੀ ਸ਼ਿਕਾਇਤ ਆਉਂਦੀ ਹੈ ਤਾਂ ਅਸੀਂ ਉਸ ਸ਼ਿਕਾਇਤ ਉੱਪਰ ਐਕਸ਼ਨ ਲੈ ਸਕਦੇ ਹਾਂ ਅਤੇ ਅਸੀਂ ਐਕਸ਼ਨ ਲੈਂਦੇ ਵੀ ਹਾਂ। ਦੂਜੀ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਸਾਡੇ ਨਾਲ 11,000 ਕਿਰਤੀ ਰਜਿਸਟਰਡ ਹਨ, ਉਨ੍ਹਾਂ ਲਈ ਅਸੀਂ 600 ਤੋਂ ਉੱਪਰ ਅਵੇਅਰਨੈੱਸ ਕੈਂਪ ਵੀ ਲਗਾਏ ਹਨ। ਪਿਛਲੀ ਸਰਕਾਰ ਸਮੇਂ 95 ਲੇਬਰ ਇੰਸਪੈਕਟਰ ਦੀਆਂ ਅਸਾਮੀਆਂ ਵਿਰੁੱਧ 37 ਲੇਬਰ ਇੰਸਪੈਕਟਰ ਕੰਮ ਕਰ ਰਹੇ ਸਨ। ਮੌਜੂਦਾ ਸਮੇਂ ਇਨ੍ਹਾਂ ਦੀ ਭਰਤੀ ਕੀਤੀ ਜਾ ਰਹੀ ਹੈ। ਪਿਛਲੀ ਸਰਕਾਰ ਵੇਲੇ ਉਨ੍ਹਾਂ ਦੀ ਕੋਈ ਭਰਤੀ ਨਹੀਂ ਹੋਈ ਸੀ। ਉਹ

[ਕਿਰਤ ਮੰਤਰੀ]

ਕਮੀ ਵੀ ਅਸੀਂ ਪੂਰੀ ਕਰ ਰਹੇ ਹਾਂ। ਇਸ ਦੇ ਨਾਲ ਨਾਲ ਅਵੇਅਰਨੈੱਸ ਕੈਂਪ ਵੀ ਲਗਾਏ ਜਾ ਰਹੇ ਹਨ। ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਇਨ੍ਹਾਂ ਦੀ ਗਿਣਤੀ ਘੱਟ ਹੈ ਅਤੇ ਇਹ ਪੂਰੀ ਕੀਤੀ ਜਾਵੇਗੀ। ਅਸੀਂ ਇਸ ਤੇ ਕੰਮ ਕਰਾਂਗੇ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਸਰ, ਇਹ ਸੱਤ ਲੱਖ ਤੋਂ ਜ਼ਿਆਦਾ ਡਰਾਈਵਰਾਂ ਦਾ ਮਸਲਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਟਰਾਂਸਪੋਰਟ ਮੰਤਰੀ ਨੂੰ ਇਸ ਸਬੰਧੀ ਕੰਮ ਕਰਨਾ ਚਾਹੀਦਾ ਹੈ। ਇਸ ਲਈ ਮਾਨਯੋਗ ਮੰਤਰੀ ਸਾਹਿਬਾ ਕੋਈ ਜੁਆਇੰਟ ਕਮੇਟੀ ਬਣਾਉਣ ਸਬੰਧੀ ਆਰਡਰ ਜਾਰੀ ਕਰ ਦੇਣ, ਜਿਸ ਵਿੱਚ ਸੱਤ ਲੱਖ ਡਰਾਈਵਰਾਂ ਦਾ ਮਸਲਾ ਐਡਰੈੱਸ ਹੋ ਸਕੇ ਅਤੇ ਉਨ੍ਹਾਂ ਤੇ Labour Law ਲਾਗੂ ਹੋ ਸਕੇ।

**ਮਾਣਯੋਗ ਸਪੀਕਰ:** ਕੀ ਕੋਈ ਜੁਆਇੰਟ ਕਮੇਟੀ ਬਣਾਉਗੇ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਉਨ੍ਹਾਂ ਟਰਾਂਸਪੋਰਟ ਕੰਪਨੀਆਂ ਨੂੰ ਰਜਿਸਟਰ ਕਰ ਸਕਦੇ ਹਾਂ, ਜਿਨ੍ਹਾਂ ਕੋਲ ਪੰਜ ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹਨ। ਟਰਾਂਸਪੋਰਟ ਮੰਤਰੀ (ਸ਼੍ਰੀ ਲਾਲਜੀਤ ਸਿੰਘ ਭੁੱਲਰ) ਮੇਰੀ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਇਨ੍ਹਾਂ 7 ਲੱਖ ਡਰਾਈਵਰਾਂ ਦੇ ਵਿੱਚ ਸੈੱਲਫ ਡਰਾਈਵਰ ਵੀ ਆਉਂਦੇ ਹਨ ਅਤੇ ਪੰਜ ਤੋਂ ਘੱਟ ਮੁਲਾਜ਼ਮ ਵਾਲੀਆਂ ਟਰਾਂਸਪੋਰਟ ਕੰਪਨੀਆਂ ਵੀ ਆਉਂਦੀਆਂ ਹਨ, ਜਿਨ੍ਹਾਂ ਦੀ ਰਜਿਸਟ੍ਰੇਸ਼ਨ ਸਾਡੇ ਅਧੀਨ ਨਹੀਂ ਆਉਂਦੀ। ਇਸ ਨਾਲ ਰਜਿਸਟ੍ਰੇਸ਼ਨ ਦੀ ਗਿਣਤੀ ਘੱਟ ਜਾਵੇਗੀ। ਮੈਂ ਟਰਾਂਸਪੋਰਟ ਮੰਤਰੀ ਜੀ ਨੂੰ ਵੀ ਬੇਨਤੀ ਕਰਾਂਗੀ ਕਿ ਲਾੱਗ ਬੁੱਕ maintain ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਕੋਲੋਂ ਓਵਰਟਾਈਮ ਲਗਾ ਕੇ ਕੰਮ ਲਿਆ ਜਾਂਦਾ ਹੈ। ਸਪੀਕਰ ਸਾਹਿਬ, ਜਿੱਥੋਂ ਤੱਕ ਕਮੇਟੀ ਦੇ ਗਠਨ ਦੀ ਗੱਲ ਹੈ, ਅਸੀਂ ਜ਼ਰੂਰ ਇਸ ਗੱਲ ਤੇ ਗੌਰ ਕਰਕੇ ਕਮੇਟੀ ਦਾ ਗਠਨ ਕਰਾਂਗੇ।

-------

## ਹਲਕਾ ਜਗਰਾਉਂ ਵਿੱਚ ਖੇਡ ਸਟੇਡੀਅਮ ਬਣਾਉਣਾ

***402. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ :** ਕੀ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਵਿੱਚ ਕੋਈ ਖੇਡ ਸਟੇਡੀਅਮ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਸਰਕਾਰ ਕਦੋਂ ਤੱਕ ਇੱਥੇ ਖੇਡ ਸਟੇਡੀਅਮ ਬਣਾ ਦੇਵੇਗੀ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਹਾਂ ਜੀ, ਇਹ ਠੀਕ ਹੈ ਕਿ ਹਲਕਾ ਜਗਰਾਉਂ ਵਿੱਚ ਕੋਈ ਖੇਡ ਸਟੇਡੀਅਮ ਨਹੀਂ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਰਾਮਗੜ੍ਹ ਭੁੱਲਰ ਵਿਖੇ 10 ਏਕੜ ਜਗ੍ਹਾ ਦੀ ਭਾਲ ਕੀਤੀ ਗਈ ਹੈ। ਪਿੰਡ ਦੀ ਪੰਚਾਇਤ ਇਹ ਜ਼ਮੀਨ ਸਟੇਡੀਅਮ ਦੀ ਉਸਾਰੀ ਲਈ ਦੇਣ ਨੂੰ ਤਿਆਰ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰਪੋਜ਼ਲ ਤਿਆਰ ਕੀਤੀ ਜਾ ਰਹੀ ਹੈ। ਪ੍ਰਪੋਜ਼ਲ ਪ੍ਰਾਪਤ ਹੋਣ ਉਪਰੰਤ ਸਟੇਡੀਅਮ ਬਣਾਉਣ ਲਈ ਵਿਚਾਰ ਕਰ ਲਿਆ ਜਾਵੇਗਾ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਇੱਕ ਗੱਲ ਲਿਆਉਣਾ ਚਾਹੁੰਦੀ ਹਾਂ ਕਿ ਮਿਤੀ 21.03.2018 ਨੂੰ ਪ੍ਰਸ਼ਨ ਨੰ: 738 ਵਿੱਚ ਪੁਰਾਣੀ ਸਰਕਾਰ ਦੇ ਮੰਤਰੀ ਸਾਹਿਬ ਵੱਲੋਂ ਆਸ਼ਵਾਸਨ ਦਿੱਤਾ ਹੋਇਆ ਹੈ ਕਿ ਸਟੇਡੀਅਮ ਲਈ 10 ਕਰੋੜ ਰੁਪਏ ਅਲਾਟ ਕੀਤੇ ਹੋਏ ਹਨ। ਮੈਂ ਤੁਹਾਡੇ ਮਾਰਫਤ ਮੰਤਰੀ ਸਾਹਿਬ ਨੂੰ ਐਸ਼ੋਰੈਂਸ ਦੀ ਕਾਪੀ ਦੇਣਾ ਚਾਹੁੰਦੀ ਹਾਂ ਅਤੇ ਸਦਨ ਦੀ ਮੇਜ਼ ਤੇ ਰੱਖਣਾ ਚਾਹੁੰਦੀ ਹਾਂ, ਇਸ ਤੇ ਗੌਰ ਕੀਤਾ ਜਾਵੇ। ਦੂਸਰਾ, ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਕਿ ਨੈਸ਼ਨਲ ਅਤੇ ਇੰਟਰਨੈਸ਼ਨਲ ਪਲੇਅਰ ਸਾਡੇ ਪਿੰਡ ਚੱਕਰ ਵਿਖੇ ਆਏ ਸਨ ਅਤੇ ਪੰਜਾਬ ਵਿੱਚ ਉਹ ਬਾਕਸਿੰਗ ਹੱਬ ਬਣਿਆ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਇੱਕ ਹੀ ਬੇਨਤੀ ਹੈ ਕਿ ਇਸ ਨੂੰ ਟਾਈਮ ਬਾਊਂਡ ਕਰ ਦਿੱਤਾ ਜਾਵੇ ਅਤੇ ਇਹ ਪੁਰਾਣਿਆਂ ਲਾਰਿਆਂ ਵਾਂਗ ਨਾ ਹੋਵੇ ਕਿਉਂਕਿ ਸਾਲ 2018 ਤੋਂ ਸਾਲ 2021 ਆ ਗਿਆ ਹੈ ਅਤੇ 2021 ਤੋਂ ਕਿਤੇ ਅੱਗੇ ਨਾ ਵੱਧ ਜਾਵੇ।

**ਮਾਣਯੋਗ ਸਪੀਕਰ:** ਮੰਤਰੀ ਸਾਹਿਬ, ਕਿਤੇ ਇਹ ਲਾਰਾ-ਲੱਪਾ ਤਾਂ ਨਹੀਂ।

**ਮੰਤਰੀ:** ਸਪੀਕਰ ਸਾਹਿਬ, ਲਾਰੇ-ਲੱਪੇ ਇਕੱਲੇ ਭੈਣ ਜੀ ਨੂੰ ਹੀ ਨਹੀਂ ਲੱਗੇ, ਸਾਨੂੰ ਵੀ ਬੜੇ ਲੱਗੇ ਹਨ। (ਹਾਸਾ) ਸਾਡੇ ਧਨੌਲੇ ਵਿੱਚ ਸਾਲ 1938 ਵਿੱਚ ਇੱਕ ਪਸ਼ੂਆਂ ਦਾ ਹਸਪਤਾਲ ਬਣਿਆ ਸੀ ਅਤੇ ਪਿਛਲੀ ਸਰਕਾਰ ਵੇਲੇ ਮੰਤਰੀ ਸਾਹਿਬ ਨੇ ਐਸ਼ੋਰੈਂਸ ਦਿੱਤੀ ਸੀ ਕਿ ਗਰਾਂਟ ਜਾਰੀ ਕਰ ਦਿੱਤੀ ਜਾਵੇਗੀ ਪਰ ਮੁੜ ਕੇ ਪੰਜ ਸਾਲ ਇਵੇਂ ਹੀ ਲੰਘ ਗਏ ਉਹ ਹਾਲੇ ਤੱਕ ਨਹੀਂ ਬਣਿਆ। ਹੁਣ ਅਸੀਂ ਉਸ ਪਸ਼ੂਆਂ ਦੇ ਹਸਪਤਾਲ ਨੂੰ ਅਪਗ੍ਰੇਡ ਕਰਨ ਜਾ ਰਹੇ ਹਾਂ।

**ਮਾਣਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਇਸ ਨੂੰ ਟਾਈਮ ਬਾਊਂਡ ਕਰੋਗੇ?

**ਮੰਤਰੀ :** ਸਰ, ਜਿਸ ਦਿਨ ਸਾਡੇ ਕੋਲ ਪਰਪੋਜ਼ਲ ਬਣ ਕੇ ਆ ਗਈ, ਮੈਂ ਭੈਣ ਜੀ ਨਾਲ ਵਾਅਦਾ ਕਰਦਾ ਹਾਂ ਕਿ ਆਉਣ ਵਾਲੇ ਅਗਲੇ ਬਜਟ ਸੈਸ਼ਨ ਤੱਕ ਕੰਮ ਸ਼ੁਰੂ ਕਰਵਾ

ਦਿੱਤਾ ਜਾਵੇਗਾ ਕਿਉਂਕਿ ਮੈਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਹੈ ਕਿ ਗਰਾਊਂਡ ਬਣਾਉਣ ਤੇ ਕਿੰਨਾ ਸਮਾਂ ਲੱਗੇਗਾ।

------

**ਹਲਕਾ ਬਾਘਾਪੁਰਾਣਾ ਦੇ ਪਿੰਡਾਂ ਦੇ ਛੱਪੜਾਂ ਦਾ ਨਵੀਨੀਕਰਨ ਕਰਨਾ**

***646. ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ :** ਕੀ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਹਲਕਾ ਬਾਘਾਪੁਰਾਣਾ ਦੇ ਪਿੰਡਾਂ ਦੇ ਛੱਪੜਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਇਨ੍ਹਾਂ ਦਾ ਪਾਣੀ ਘਰਾਂ ਵਿੱਚ ਚਲਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਪਿੰਡ ਸਮਾਲਸਰ, ਨੱਥੋਕੇ, ਬਾਘਾਪੁਰਾਣਾ, ਸੁਖਾਨੰਦ, ਰੋਡੇ ਜੋ ਕਿ ਵੱਧ ਸਮੱਸਿਆ ਵਾਲੇ ਪਿੰਡ ਹਨ, ਲਈ ਵਿਸ਼ੇਸ਼ ਗ੍ਰਾਂਟ ਜਾਰੀ ਕਰਨ ਦੀ ਤਜਵੀਜ਼ ਹੈ; ਜੇਕਰ ਹੈ ਤਾਂ ਕਦੋਂ ਤੱਕ?

(ਅ) ਕੀ ਉਪਰੋਕਤ ਪਿੰਡਾਂ ਦੇ ਛੱਪੜਾਂ ਦੇ ਨਵੀਨੀਕਰਨ ਦੀ ਕੋਈ ਨਵੀਂ ਤਕਨੀਕ ਹੈ; ਜੇਕਰ ਹੈ ਤਾਂ ਵੇਰਵੇ ਕੀ ਹਨ ਅਤੇ ਉਸ ਨੂੰ ਅਮਲ ਵਿੱਚ ਕਦੋਂ ਤੱਕ ਲਿਆਂਦੇ ਜਾਣ ਦੀ ਉਮੀਦ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸ਼੍ਰੀਮਾਨ ਜੀ, (ੳ) ਹਾਂ ਜੀ, ਕਈ ਵਾਰ ਬਰਸਾਤਾਂ ਦੌਰਾਨ ਪਿੰਡਾਂ ਵਿੱਚ ਛੱਪੜਾਂ ਦਾ ਪਾਣੀ ਓਵਰਫਲੋ ਹੋਣ ਕਾਰਨ ਅਜਿਹੀ ਸਮੱਸਿਆ ਹੋ ਜਾਂਦੀ ਹੈ। 15ਵੇਂ ਵਿੱਤ ਕਮਿਸ਼ਨ, ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਅਤੇ ਮਗਨਰੇਗਾ ਦੀ ਗ੍ਰਾਂਟ ਤੋਂ ਇਲਾਵਾ ਇਨ੍ਹਾਂ ਪਿੰਡਾਂ ਲਈ ਕੋਈ ਵਿਸ਼ੇਸ਼ ਗ੍ਰਾਂਟ ਜਾਰੀ ਕਰਨ ਦੀ ਤਜਵੀਜ਼ ਵਿਚਾਰ ਅਧੀਨ ਨਹੀਂ ਹੈ।

(ਅ) ਵਿਭਾਗ ਵੱਲੋਂ ਪਿੰਡਾਂ ਦੇ ਛੱਪੜਾਂ ਦੀ ਮੁੜ ਬਣਤਰ ਸਬੰਧੀ ਵੇਸਟ ਵਾਟਰ ਸਟੇਬਲਾਈਜੇਸ਼ਨ ਤਕਨੀਕ ਦੇ ਨਿਰਧਾਰਤ ਥਾਪਰ/ਪੀ.ਪੀ.ਸੀ.ਬੀ. ਮਾਡਲ ਅਨੁਸਾਰ ਕਾਰਜ ਕਰਵਾਏ ਜਾ ਰਹੇ ਹਨ। ਫੰਡਾਂ ਦਾ ਯੋਗ ਪ੍ਰਬੰਧ ਹੋਣ ਤੇ ਇਹ ਕੰਮ ਕਰਵਾ ਦਿੱਤੇ ਜਾਣਗੇ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਸਰ, ਜਵਾਬ ਤਾਂ ਮੇਰੇ ਕੋਲ ਆ ਗਿਆ ਸੀ। ਸਰ, ਮੈਂ ਵਿਸ਼ੇਸ਼ ਧਿਆਨ ਤੁਹਾਡੇ ਮਾਧਿਅਮ ਰਾਹੀਂ ਇਹ ਦਿਵਾਉਣਾ ਚਾਹੁੰਦਾ

ਹਾਂ ਕਿ ਹਾਲਾਤ ਬਹੁਤ ਮਾੜੇ ਹਨ, ਕੈਂਸਰ ਵਰਗੀਆਂ ਬਿਮਾਰੀਆਂ ਇਨ੍ਹਾਂ ਛੱਪੜਾਂ ਕਰਕੇ ਪੈਦਾ ਹੋ ਗਈਆਂ ਅਤੇ ਇਨ੍ਹਾਂ ਛੱਪੜਾਂ ਦਾ ਤਿੰਨ ਤਰ੍ਹਾਂ ਦਾ ਸਿਸਟਮ ਹੈ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛ ਲਵੋ। ਸਿਸਟਮ ਪੁੱਛਦਿਆਂ ਪੁੱਛਦਿਆਂ ਬਹੁਤ ਟਾਈਮ ਲੱਗ ਜਾਵੇਗਾ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ:** ਸਰ, ਸਵਾਲ ਹੀ ਪੁੱਛ ਰਿਹਾ ਹਾਂ। ਸਰ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੇ ਕੋਲ ਮੇਰੇ ਹਲਕੇ ਬਾਰੇ ਕੋਈ ਪਲਾਨ ਹੈ ਕਿਉਂਕਿ ਹਲਕੇ ਵਿੱਚ ਕੈਂਸਰ ਦੀ ਬਿਮਾਰੀ ਬਹੁਤ ਜ਼ਿਆਦਾ ਵੱਧ ਰਹੀ ਹੈ?

**ਮਾਣਯੋਗ ਸਪੀਕਰ:** ਕੀ ਇਸ ਦੇ ਲਈ ਕੋਈ ਵਿਸ਼ੇਸ਼ ਪਲਾਨ ਬਣਾ ਰਹੇ ਹੋ?

**ਮੰਤਰੀ:** ਸਰ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਹਲਕਾ ਬਾਘਾਪੁਰਾਣਾ ਦੇ ਪਿੰਡ ਸਮਾਲਸਰ, ਨੱਥੋਕੇ, ਬਾਘਾਪੁਰਾਣਾ, ਸੁਖਾਨੰਦ ਅਤੇ ਰੋਡੇ ਦੇ ਛੱਪੜਾਂ ਦੇ ਨਵੀਨੀਕਰਨ ਬਾਰੇ ਪੁੱਛਿਆ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀਆਂ ਚਾਰ ਪੰਚਾਇਤਾਂ ਕੋਲ ਆਲਰੇਡੀ ਫੰਡ ਪਏ ਹਨ ਅਤੇ ਇਹ ਉਨ੍ਹਾਂ ਫੰਡਾਂ ਦੀ ਵਰਤੋਂ ਛੱਪੜਾਂ ਨੂੰ ਠੀਕ ਕਰਨ ਲਈ ਕਰਨ। ਜੇ ਇਨ੍ਹਾਂ ਨੂੰ ਹੋਰ ਪੈਸੇ ਦੀ ਲੋੜ ਪਵੇਗੀ ਤਾਂ ਉਸ ਵਾਸਤੇ ਅਸੀਂ ਮਹਿਕਮੇ ਵੱਲੋਂ ਪ੍ਰਬੰਧ ਕਰ ਦਿਆਂਗੇ ਪਰ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪੰਚਾਇਤਾਂ ਨਾਲ ਗੱਲ ਕਰਨ ਕਿਉਂਕਿ ਇਨ੍ਹਾਂ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਕੋਲ ਪੈਸੇ ਹਨ।

**ਮਾਣਯੋਗ ਸਪੀਕਰ:** ਧੰਨਵਾਦ ਜੀ।

-----

## ਬੀ.ਆਰ.ਟੀ.ਐਸ. ਪ੍ਰੋਜੈਕਟ ਦੀ ਮੌਜੂਦਾ ਸਥਿਤੀ ਦੇ ਵੇਰਵੇ

***346. ਕੁੰਵਰ ਵਿਜੇ ਪ੍ਰਤਾਪ ਸਿੰਘ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਅੰਮ੍ਰਿਤਸਰ ਵਿਚ ਬੀ.ਆਰ.ਟੀ.ਐਸ. ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ; ਇਸ ਦੀ ਕੁੱਲ ਲਾਗਤ ਕੀ ਹੈ ਅਤੇ ਇਹ ਪ੍ਰੋਜੈਕਟ ਕਿਸ ਸਕੀਮ ਅਧੀਨ ਸ਼ੁਰੂ ਕੀਤਾ ਗਿਆ ਸੀ;

(ਅ) ਕਿਸ ਕੰਪਨੀ ਨੂੰ ਪ੍ਰੋਜੈਕਟ ਦਾ ਠੇਕਾ ਦਿੱਤਾ ਗਿਆ ਸੀ; ਵੇਰਵੇ ਸਹਿਤ

ਦੱਸਿਆ ਜਾਵੇ;

(ੲ) ਕਿਸ ਸਰਕਾਰੀ ਵਿਭਾਗ ਨੂੰ ਪ੍ਰੋਜੈਕਟ ਦਾ ਕੰਮ ਸੌਂਪਿਆ ਗਿਆ ਸੀ ਅਤੇ ਹੁਣ ਕਿਹੜਾ ਵਿਭਾਗ ਇਸ ਪ੍ਰੋਜੈਕਟ ਦੀ ਨਿਗਰਾਨੀ ਅਤੇ ਸਾਂਭ ਸੰਭਾਲ ਕਰ ਰਿਹਾ ਹੈ;

(ਸ) ਇਸ ਪ੍ਰੋਜੈਕਟ ਨੂੰ ਚਲਾਉਣ ਲਈ ਕਿੰਨੇ ਕਰਮਚਾਰੀ ਤਾਇਨਾਤ ਕੀਤੇ ਗਏ ਹਨ; ਉਕਤ ਦੇ ਸਟੇਟਸ ਸਹਿਤ ਉਨ੍ਹਾਂ ਦਾ ਰੈਂਕ ਵਾਰ (ਅਹੁਦੇ) (ਪੱਕੇ/ਐਡਹਾਕ/ਠੇਕੇ ਤੇ) ਵੇਰਵੇ ਦਿੱਤੇ ਜਾਣ?

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਸ਼੍ਰੀਮਾਨ ਜੀ, (ੳ) ਪ੍ਰੋਜੈਕਟ ਕੋਲ 93 ਬੱਸਾਂ ਦਾ ਫਲੀਟ ਹੈ ਜਿਨ੍ਹਾਂ ਵਿੱਚੋਂ 70 ਤੋਂ 74 ਬੱਸਾਂ ਰੋਜ਼ਾਨਾ ਬੀ.ਆਰ.ਟੀ.ਐਸ. ਰੂਟ ਤੇ ਚੱਲ ਰਹੀਆਂ ਹਨ, ਜਿਸ ਵਿੱਚ 37 ਤੋਂ 40 ਹਜ਼ਾਰ ਯਾਤਰੀ ਰੋਜ਼ਾਨਾ ਸਫਰ ਕਰਦੇ ਹਨ। ਇਸ ਪ੍ਰੋਜੈਕਟ ਨੂੰ ਭਾਰਤ ਸਰਕਾਰ ਦੇ ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਦੁਆਰਾ 2019 ਵਿੱਚ 'ਬੈਸਟ ਅਰਬਨ ਮਾਸ ਟਰਾਂਜ਼ਿਟ ਪ੍ਰੋਜੈਕਟ' ਦੀ ਸ਼੍ਰੇਣੀ ਦੇ ਤਹਿਤ ਉੱਤਮਤਾ ਦਾ ਪੁਰਸਕਾਰ ਮਿਲਿਆ ਹੈ। ਪ੍ਰੋਜੈਕਟ ਦੇ ਤਹਿਤ ਪ੍ਰਾਪਤ ਕੀਤੀ ਵੱਧ ਤੋਂ ਵੱਧ ਰੋਜ਼ਾਨਾ ਰਾਈਡਰਸ਼ਿਪ 45,000 ਮੁਫਤ ਅਜ਼ਮਾਇਸ਼ ਰਨ ਪੀਰੀਅਡ ਨੂੰ ਛੱਡ ਕੇ ਹੈ, ਜੋ ਜੈਪੁਰ ਮੈਟਰੋ ਰੇਲ ਪ੍ਰੋਜੈਕਟ ਤੋਂ ਵੱਧ ਹੈ ਅਤੇ ਲਖਨਊ ਮੈਟਰੋ ਦੀ ਰਾਈਡਰਸ਼ਿਪ ਦੇ ਆਸ-ਪਾਸ ਹੈ। ਜਿੱਥੇ ਮੈਟਰੋ ਰੇਲ ਪ੍ਰੋਜੈਕਟਾਂ ਦੀ ਲਾਗਤ 5,000 ਕਰੋੜ ਤੋਂ 10,000 ਕਰੋੜ ਰੁਪਏ ਜਾਂ ਇਸ ਤੋਂ ਵੱਧ ਹੈ, ਉੱਥੇ ਇਸ ਬੀ.ਆਰ.ਟੀ.ਐਸ. ਪ੍ਰੋਜੈਕਟ ਨੂੰ 550 ਕਰੋੜ ਰੁਪਏ ਸਮੇਤ ਬੱਸਾਂ ਦਾ ਬਣਾਇਆ ਗਿਆ ਹੈ ਅਤੇ ਸੰਚਾਲਨ, ਰੱਖ-ਰਖਾਅ ਦਾ ਖਰਚਾ ਮੈਟਰੋ ਪ੍ਰੋਜੈਕਟਾਂ ਨਾਲੋਂ ਬਹੁਤ ਹੀ ਘੱਟ ਹੈ। ਬੀ.ਆਰ.ਟੀ.ਐਸ. ਪ੍ਰੋਜੈਕਟ ਦੇ ਤਹਿਤ ਪ੍ਰਦਾਨ ਕੀਤੀ ਗਈ ਵਿਸ਼ੇਸ਼ਤਾ ਮੈਟਰੋ ਰੇਲ ਪ੍ਰੋਜੈਕਟਾਂ ਨਾਲ ਮਿਲਦੀ-ਜੁਲਦੀ ਹੈ ਜਿਵੇਂ ਕਿ: ਲੈਵਲ ਬੋਰਡਿੰਗ, ਸਰੀਰਕ ਤੌਰ 'ਤੇ ਅਪਾਹਜਾਂ ਲਈ ਫਰੈਂਡਲੀ ਬੀ.ਆਰ.ਟੀ. ਬੱਸ ਸ਼ੈਲਟਰ, ਆਟੋਮੈਟਿਕ Radio Frequency Identification (RFID) ਟੈਗ ਵਾਲੇ ਬੀ.ਆਰ.ਟੀ.ਐਸ. ਬੱਸ ਸ਼ੈਲਟਰਾਂ 'ਤੇ ਸਲਾਈਡਿੰਗ ਦਰਵਾਜ਼ੇ, ਆਟੋਮੈਟਿਕ ਫੇਅਰ ਕਲੈਕਸ਼ਨ ਸਿਸਟਮ ਅਤੇ ਡੈਡੀਕੇਟਿਡ ਬੀ.ਆਰ.ਟੀ.ਐਸ. ਕੋਰੀਡੋਰ ਆਦਿ। ਡੈਡੀਕੇਟਿਡ ਬੀ.ਆਰ.ਟੀ.ਐਸ. ਕੋਰੀਡੋਰ ਦੇ ਕਾਰਨ, ਬੱਸਾਂ ਪੀਕ ਘੰਟਿਆਂ ਦੌਰਾਨ 5 ਤੋਂ 8 ਮਿੰਟ ਦੀ ਬੱਸ ਦੀ ਬਾਰੰਬਾਰਤਾ ਨੂੰ ਪੂਰਾ ਕਰਨ ਦੇ ਯੋਗ ਹੁੰਦੀਆਂ ਹਨ, ਜੋ ਕਿ ਆਮ ਸਿਟੀ ਬੱਸ ਸੰਚਾਲਨ ਵਿੱਚ ਇਸ ਬੱਸ ਫਲੀਟ ਦੀ ਗਿਣਤੀ ਨਾਲ ਅਸੰਭਵ ਹੈ। ਇਹ ਉਜਾਗਰ ਕਰਨ ਯੋਗ

ਹੈ ਕਿ ਬੀ.ਆਰ.ਟੀ.ਐਸ. ਸਿਸਟਮ ਦੀ ਅਣਹੋਂਦ ਵਿੱਚ, ਬੀ.ਆਰ.ਟੀ.ਐਸ. ਯਾਤਰੀ (37,000 ਤੋਂ 40,000) ਸ਼ਹਿਰ ਵਿੱਚ ਆਵਾਜਾਈ ਲਈ 8,000 ਤੋਂ 10,000 ਹੋਰ ਨਿੱਜੀ ਵਾਹਨਾਂ ਦਾ ਵਾਧਾ ਕਰਦੇ, ਜਿਸ ਨਾਲ traffic congestion ਵਧਦਾ ਹੈ ਅਤੇ ਹਰੇਕ ਜੰਕਸ਼ਨ ’ਤੇ 3 ਤੋਂ 5 ਮਿੰਟ ਦੀ ਦੇਰੀ ਹੁੰਦੀ ਹੈ ਅਤੇ ਸ਼ਹਿਰ ਦੇ ਹਰੇਕ ਯਾਤਰੀ ਦਾ ਲਗਭਗ 15 ਤੋਂ 20 ਮਿੰਟ ਦਾ ਸਫ਼ਰ ਸਮਾਂ ਵੱਧ ਜਾਂਦਾ ਹੈ। ਪ੍ਰੋਜੈਕਟ ਨੂੰ ਰਾਈਡਰਸ਼ਿਪ ਤੋਂ ਲਗਭਗ 70 ਲੱਖ ਰੁਪਏ ਮਹੀਨਾਵਾਰ ਆਮਦਨ ਇਕੱਤਰ ਹੋ ਰਹੀ ਹੈ, ਐਡਵਰਟਾਈਜ਼ਮੈਂਟ ਤੋਂ 12.36 ਲੱਖ ਰੁਪਏ ਮਹੀਨਾਵਾਰ ਆਮਦਨ ਹੋ ਰਹੀ ਹੈ, ਲਗਭਗ 1.40 ਕਰੋੜ ਰੁਪਏ ਮਹੀਨਾਵਾਰ ਪੰਜਾਬ ਅਰਬਨ ਟਰਾਂਸਪੋਰਟ ਫੰਡ ਤੋਂ ਇਕੱਤਰ ਹੋ ਰਿਹਾ ਹੈ ਅਤੇ ਪੂਰੇ ਪ੍ਰੋਜੈਕਟ ਦਾ ਲਗਭਗ 3.30 ਕਰੋੜ ਰੁਪਏ ਮਹੀਨਾਵਾਰ ਖਰਚਾ ਹੋ ਰਿਹਾ ਹੈ। ਭਾਰਤ ਸਰਕਾਰ ਵੱਲੋਂ ਇਹ ਪ੍ਰੋਜੈਕਟ 21 ਜਨਵਰੀ, 2014 ਨੂੰ ਜਵਾਹਰ ਲਾਲ ਨਹਿਰੂ ਰਾਸ਼ਟਰੀ ਸ਼ਹਿਰੀ ਨਵੀਨੀਕਰਨ ਮਿਸ਼ਨ ਅਧੀਨ ਕੁੱਲ 495.54 ਕਰੋੜ ਲਾਗਤ ਨਾਲ ਮਨਜ਼ੂਰ ਕੀਤਾ ਗਿਆ ਸੀ।

(ਅ) ਇਸ ਪ੍ਰੋਜੈਕਟ ਨੂੰ ਚਲਾਉਣ ਲਈ ਹੇਠ ਲਿਖੀਆਂ 5 ਕੰਪਨੀਆਂ ਨੂੰ ਠੇਕਾ ਦਿੱਤਾ ਹੋਇਆ ਹੈ। ਹਰੇਕ ਕੰਪਨੀ ਵੱਲੋਂ ਕੀਤੇ ਜਾ ਰਹੇ ਕੰਮਾਂ ਦਾ ਵੇਰਵਾ ਉਹਨਾਂ ਦੇ ਸਾਹਮਣੇ ਦਰਸਾਇਆ ਗਿਆ ਹੈ:-

| **ਲੜੀ ਨੰ:** | **ਕੰਪਨੀ ਦਾ ਨਾਮ** | **ਕੰਮਾਂ ਦਾ ਵੇਰਵਾ** |
|---|---|---|
| 1. | ਮੈਸ: ਸਵਰਨਾ ਸਤਨਾਮ ਟਰਾਂਸਪੋਰਟ ਸਰਵਿਸਿਜ਼ ਪ੍ਰਾ. ਲਿਮ | ਡਰਾਈਵਰਾਂ ਸਮੇਤ ਬੱਸਾਂ ਦਾ ਰੱਖ-ਰਖਾਅ ਅਤੇ ਸੰਚਾਲਨ |
| 2. | ਮੈਸ: ਸਾਈਟੇਫਿਕ ਸਕਿਊਰਟੀ ਮੈਨੇਜਮੈਂਟ ਸਰਵਿਸਿਜ਼ ਪ੍ਰਾਈਵੇਟ ਲਿਮਿਟਡ | ਸਾਰੇ ਮੈਟਰੋ ਬੱਸ ਸਟੇਸ਼ਨਾਂ ਲਈ ਮੈਨਪਾਵਰ ਮੁਹੱਈਆ ਕਰਾਉਣਾ (ਟਿਕਟ ਕੁਲੈਕਟਰ, ਸਕਿਊਰਿਟੀ ਗਾਰਡ, ਹਾਊਸ ਕੀਪਿੰਗ ਸਟਾਫ) |
| 3. | ਮੈਸ: ਏ.ਜੀ.ਐਸ. ਟਰਾਂਜ਼ੈਕਟ ਲਿਮ | Design, Development, Implementation, Maintenance of Automatic Fare Collection System (AFCS) for Bus Rapid Transit System (BRTS) Amritsar |

| | | |
|---|---|---|
| 4. | ਮੈਸ: ਐਮਨੈਕਸ ਟੈਕਨਾਲੋਜੀ ਪ੍ਰਾਈਵੇਟ ਲਿਮ. | Design, Development, Implementation, O&M and Management of Intelligent Transit Management System (ITMS) for Bus Rapid Transit System (BRTS) Amritsar |
| 5. | ਮੈਸ: ਇੰਨੋਵੀਜ਼ਨ ਪ੍ਰਾਈਵੇਟ ਲਿਮ: ਮੋਹਾਲੀ | ਪ੍ਰੋਜੈਕਟ ਦੀ ਸੁਪਰਵੀਜਨ ਅਤੇ ਪ੍ਰਬੰਧਕੀ ਕੰਮਾਂ ਲਈ ਆਊਟਸੋਰਸ ਸਟਾਫ ਮੁਹੱਈਆ ਕਰਵਾਉਣਾ |

(ੲ) ਪੰਜਾਬ ਬੱਸ ਮੈਟਰੋ ਸੁਸਾਇਟੀ (PBMS) ਦੇ ਅਧੀਨ ਬੀ.ਆਰ.ਟੀ.ਐਸ. ਪ੍ਰੋਜੈਕਟ ਦਾ ਪ੍ਰਬੰਧਨ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (PIDB), ਦੁਆਰਾ ਅਗਸਤ, 2020 ਤੱਕ ਕੀਤਾ ਗਿਆ ਸੀ ਅਤੇ ਇਸ ਤੋਂ ਬਾਅਦ PBMS ਦਾ ਪ੍ਰਬੰਧਨ ਪੰਜਾਬ ਮਿਊਂਸਿਪਲ ਬੁਨਿਆਦੀ ਢਾਂਚਾ ਵਿਕਾਸ ਕੰਪਨੀ, ਚੰਡੀਗੜ੍ਹ (ਸਥਾਨਕ ਸਰਕਾਰਾਂ ਦਾ ਵਿਭਾਗ) ਦੁਆਰਾ ਕੀਤਾ ਜਾ ਰਿਹਾ ਹੈ। ਪ੍ਰੋਜੈਕਟ ਦੇ ਰੋਜ਼ਾਨਾ ਸੰਚਾਲਨ ਅਤੇ ਰੱਖ-ਰਖਾਅ ਦੀ ਨਿਗਰਾਨੀ ਲਈ ਸਮਰਪਿਤ ਸਟਾਫ ਰੱਖਿਆ ਗਿਆ ਹੈ ਜੋ ਕਿ ਬੀ.ਆਰ.ਟੀ.ਐਸ. ਦੇ ਬੱਸ ਡਿਪੂ ਵਿੱਚ ਬੈਠਦਾ ਹੈ। ਜਨਰਲ ਮੈਨੇਜਰ, ਪੰਜਾਬ ਰੋਡਵੇਜ਼ ਨੂੰ ਬਤੌਰ ਸੀ.ਈ.ਓ.-ਬੀ.ਆਰ.ਟੀ.ਐਸ., ਅੰਮ੍ਰਿਤਸਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਕਮਿਸ਼ਨਰ, ਮਿਊਂਸਿਪਲ ਕਾਰਪੋਰੇਸ਼ਨ, ਅੰਮ੍ਰਿਤਸਰ ਜੋ ਕਿ ਇਸ ਸੋਸਾਇਟੀ ਦੇ ਬੋਰਡ ਦੇ ਮੈਂਬਰ ਹਨ, ਪ੍ਰਸ਼ਾਸਕੀ ਤੌਰ ਤੇ ਇਸ ਪ੍ਰੋਜੈਕਟ ਨੂੰ ਸੰਭਾਲ ਰਹੇ ਹਨ ਅਤੇ ਪ੍ਰੋਜੈਕਟ ਦੇ ਸੁਚਾਰੂ ਸੰਚਾਲਨ ਅਤੇ ਰੱਖ-ਰਖਾਅ ਲਈ ਉਨ੍ਹਾਂ ਨੂੰ ਸੋਸਾਇਟੀ ਦੇ ਮੈਂਬਰ ਸੈਕਟਰੀ ਦੀਆਂ ਵਿੱਤੀ ਸ਼ਕਤੀਆਂ ਸਬ-ਡੈਲੀਗੇਟਿਡ ਕੀਤੀਆਂ ਹੋਈਆਂ ਹਨ।

(ਸ) ਇਸ ਪ੍ਰੋਜੈਕਟ ਨੂੰ ਚਲਾਉਣ ਲਈ ਤਾਇਨਾਤ ਕੀਤੇ ਗਏ ਕਰਮਚਾਰੀਆਂ ਦੇ ਰੈਂਕ-ਵਾਰ (ਪੱਕੇ/ਐਡਹਾਕ/ਠੇਕੇ ਤੇ) ਵੇਰਵੇ ਦੀ ਸੂਚੀ ਨਾਲ ਨੱਥੀ ਕੀਤੀ ਜਾਂਦੀ ਹੈ।

## NOMINAL ROLL OF STAFF PUNJAB BUS METRO SOCIETY, AMRITSAR

| SR NO. | NAME | DESIGNATION REMARKS | REMARKS |
|---|---|---|---|
| 1 | HARBRINDER SINGH GILL | CHIEF EXECUTIVE OFFICER | ADDITIONAL CHARGE CEO, PBM: SCURRENTLY POSTED AT PUNJAB ROADWAYS ASR, DEPOT-2 |
| 2 | SIMARJOT SINGH | PROJECT MANAGER | ON CONTRACTUAL BASIS |
| 3 | KAMAL KAUSHAL | ASST MANAGER (FINANCE) | ON OUT SOURCE BASIS |
| 4 | LAKHWINDER SINGH | AUDITOR | ON OUT SOURCE BASIS |
| 5 | KAMAL | WORKSHOP SUPERVISOR | ON OUT SOURCE BASIS |
| 6 | AKSHAY SHARMA | MANAGER-PROJECT | ON OUT SOURCE BASIS/ POSTED AT HEAD OFFICE PMIDC CHANDIGARH |
| 7 | BALJEET SINGH | ACCOUNTANT | ON OUT SOURCE BASIS/ POSTED AT HEAD OFFICE PMIDC CHANDIGARH |
| 8 | HARPARTAP SINGH | EXECUTIVE ASSISTANT | ON OUT SOURCE BASIS/ POSTED AT HEAD OFFICE PMIDC CHANDIGARH |
| 9 | PARAMJIT | PA-CUM-STENO | ON OUT SOURCE BASIS |
| 10 | YATIN PURI | ASST EXEC (F) | ON OUT SOURCE BASIS |
| 11 | ASHU BHARTI | ASST EXEC (OFFICE) | ON OUT SOURCE BASIS |
| 12 | ASHOK KUMAR | ASST EXEC (OFFICE) | ON OUT SOURCE BASIS |
| 13 | HARBANS SINGH | INSPECTOR | ON OUT SOURCE BASIS |
| 14 | DEVINDER KUMAR | INSPECTOR | ON OUT SOURCE BASIS |
| 15 | NAVDEEP SINGH | INSPECTOR | ON OUT SOURCE BASIS |
| 16 | SARABJEET SINGH | EXEC. ASSTT. (I.T) | ON OUT SOURCE BASIS |
| 17 | MUKHTIARSINGH S/O BACHAN SINGH | INSPECTOR | ON OUT SOURCE BASIS |
| 18 | SANDEEP SINGH | INSPECTOR | ON OUT SOURCE BASIS |
| 19 | HARINDER SINGH | INSPECTOR | ON OUT SOURCE BASIS |
| 20 | GOURAV SHARMA | INSPECTOR | ON OUT SOURCE BASIS |
| 21 | JASWANT SINGH | INSPECTOR | ON OUT SOURCE BASIS |
| 22 | KINDER PAL SINGH | INSPECTOR | ON OUT SOURCE BASIS |
| 23 | MALKIAT SINGH | INSPECTOR | ON OUT SOURCE BASIS |
| 24 | SUKHWANT SINGH | INSPECTOR | ON OUT SOURCE BASIS |
| 25 | MASSA SINGH S/O BAKHSISH SINGH | INSPECTOR | ON OUT SOURCE BASIS |

[ਸਥਾਨਕ ਸਰਕਾਰ ਮੰਤਰੀ]

| | | | |
|---|---|---|---|
| 26 | FATEH SINGH S/O KANSA SINGH | INSPECTOR | ON OUT SOURCE BASIS |
| 27 | ROHIT KUMAR S/O KISHORI LAL | INSPECTOR | ON OUT SOURCE BASIS |
| 28 | ARUN KUMAR | INSPECTOR | ON OUT SOURCE BASIS |
| 29 | ROHIT KUMAR S/O KANS RAJ | INS PECTOR | ON OUT SOURCE BASIS |
| 30 | RAMAN KUMAR MODHRA | INSPECTOR | ON OUT SOURCE BASIS |
| 31 | JARMANJEET SINGH | INSPECTOR | ON OUT SOURCE BASIS |
| 32 | AMIT KUMAR | INSPECTOR | ON OUT SOURCE BASIS |
| 33 | HARDEV SINGH | UDC | ON OUT SOURCE BASIS |
| 34 | RAJESH KUMAR SHARMA | UDC | ON OUT SOURCE BASIS |
| 35 | AMANJOT KAUR | DATA ENTRY OPERATOR | ON OUT SOURCE BASIS |
| 36 | VISHAL BHAGAT | DATA ENTRY OPERATOR | ON OUT SOURCE BASIS |
| 37 | RAJINDER KUMAR | DPA | ON OUT SOURCE BASIS |
| 38 | SUKHWINDER SINGH | DPA | ON OUT SOURCE BASIS |
| 39 | SUKHDEV SINGH S/O AMAR SINGH | DPA | ON OUT SOURCE BASIS |
| 40 | KULWINDER SINGH | TIME KEEPER | ON OUT SOURCE BASIS |
| 41 | KARANDEEP SINGH | ELECTRICIAN | ON OUT SOURCE BASIS |
| 42 | PRABHJIT SINGH | ELECTRICIAN | ON OUT SOURCE BASIS |
| 43 | RAMAN | MULTI TASK WORKER | ON OUT SOURCE BASIS |
| 44 | JAGPREET SINGH | PEON | ON OUT SOURCE BASIS |
| 45 | PARAMJIT KAUR | SWEEPER | ON OUT SOURCE BASIS |
| 46 | KAWALJIT KAUR | SWEEPER | ON OUT SOURCE BASIS |

ਸਰ, ਇਹ ਪ੍ਰੋਜੈਕਟ 2014 ਵਿਚ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ ਦੇ ਅਧੀਨ ਸ਼ੁਰੂ ਹੋਇਆ ਸੀ । ਇਸ ਵਿਚ ਲੁਧਿਆਣਾ ਅਤੇ ਅੰਮ੍ਰਿਤਸਰ ਲਿਆ ਸੀ, ਦੋਹਾਂ ਦੀ ਡੀ.ਪੀ.ਆਰ. ਭੇਜੀ ਸੀ, ਜਿਸ ਵਿੱਚ ਅੰਮ੍ਰਿਤਸਰ ਸਿਲੈਕਟ ਹੋ ਗਿਆ ਸੀ ਅਤੇ ਲੁਧਿਆਣਾ ਰਿਜੈਕਟ ਹੋ ਗਿਆ ਸੀ।

**ਕੁੰਵਰ ਵਿਜੇ ਪ੍ਰਤਾਪ ਸਿੰਘ:** ਮਾਣਯੋਗ ਸਪੀਕਰ ਸਾਹਿਬ, ਮੈਂ ਅੰਮ੍ਰਿਤਸਰ ਦੇ ਲੋਕਾਂ ਦੇ ਹਿੱਤ ਦੀ ਗੱਲ ਕੀਤੀ ਹੈ, ਉਸ ਸਬੰਧ ਵਿਚ ਸਵਾਲ ਕੀਤਾ ਹੈ। ਇਸ ਪ੍ਰਸ਼ਨ ਦੇ ਜਵਾਬ ਵਿੱਚ ਜੈਪੁਰ ਮੈਟਰੋ ਤੇ ਲਖਨਊ ਮੈਟਰੋ ਦੇ ਨਾਲ ਤੁਲਨਾ ਅੰਮ੍ਰਿਤਸਰ ਬੀ.ਆਰ.ਟੀ.ਐਸ. ਦੀ ਕੀਤੀ ਗਈ ਹੈ। ਜੇਕਰ ਅੰਮ੍ਰਿਤਸਰ ਦੇ ਲੋਕਾਂ ਨੂੰ ਪੁੱਛ ਲਿਆ

ਜਾਵੇ ਤਾਂ ਸਾਰੇ ਇਹੀ ਬੋਲਦੇ ਹਨ ਕਿ ਇਹ ਇਕ ਫਲਾਪ ਸ਼ੋਅ ਹੈ ਔਰ ਪਿਛਲੀ ਤੋਂ ਪਿਛਲੀ ਸਰਕਾਰ ਨੇ ਜਾਣ-ਬੁੱਝ ਕੇ ਇਹ ਕੰਮ ਕੀਤਾ ਸੀ, 550 ਕਰੋੜ ਰੁਪਿਆ ਬਰਬਾਦ ਹੋਇਆ ਸੀ। ਮਾਣਯੋਗ ਸਪੀਕਰ ਸਾਹਿਬ, ਇਸ ਕਰਕੇ ਸੜਕ ਦੇ ਵਿਚਕਾਰ ਜੋ ਸੜਕ ਬਣਾਈ ਗਈ ਹੈ, ਉਸ ਦੇ ਨਾਲ ਅੰਮ੍ਰਿਤਸਰ ਸ਼ਹਿਰ ਦੀ ਟਰੈਫਿਕ ਬਿਲਕੁਲ ਅਸਤ-ਵਿਅਸਤ ਹੋ ਗਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਪੰਜ ਤੋਂ ਲੈ ਕੇ ਅੱਠ ਮਿੰਟ ਦਾ ਸਮਾਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਲਈ ਲੱਗਦਾ ਹੈ ਪਰੰਤੂ ਜਦੋਂ ਟਰੈਫਿਕ ਜਾਮ ਹੁੰਦਾ ਹੈ ਤਾਂ ਛੋਟੇ ਜਿਹੇ ਸ਼ਹਿਰ ਵਿੱਚ ਲੋਕਾਂ ਨੂੰ ਜਾਣ ਲਈ ਇੱਕ-ਇੱਕ ਘੰਟਾ, ਦੋ-ਦੋ ਘੰਟੇ ਲੱਗ ਜਾਂਦੇ ਹਨ। ਇਹ ਰੋਜ਼ ਦਾ ਕੰਮ ਹੈ, ਇਸ ਕਰਕੇ ਮੇਰੀ ਬੇਨਤੀ ਹੈ ਕਿ ਇਸ ਪਵਿੱਤਰ ਸਦਨ ਦੀ ਇੱਕ ਕਮੇਟੀ ਬਣਾ ਲਈ ਜਾਵੇ ਅਤੇ ਕਮੇਟੀ ਵੱਲੋਂ ਇਸ ਬਾਰੇ ਇੱਕ ਸਟੱਡੀ ਕੀਤੀ ਜਾਵੇ।

**ਮਾਣਯੋਗ ਸਪੀਕਰ:** ਤੁਸੀਂ ਸਵਾਲ ਪੁੱਛੋ ਜੀ, ਬੇਨਤੀ ਨਾ ਕਰੋ।

**ਕੁੰਵਰ ਵਿਜੇ ਪ੍ਰਤਾਪ ਸਿੰਘ:** ਮਾਣਯੋਗ ਸਪੀਕਰ ਸਾਹਿਬ, ਇਹ ਇੱਕ ਫਲਾਪ ਪ੍ਰਾਜੈਕਟ ਹੈ। ਸਵਾਲ ਵਿੱਚ ਮੈਂ ਇਹ ਵੀ ਪੁੱਛਿਆ ਸੀ ਕਿ ਇਹ ਪ੍ਰਾਜੈਕਟ ਪ੍ਰਾਫਿਟ ਵਿੱਚ ਹੈ ਜਾਂ ਲਾਸ ਵਿੱਚ ਹੈ ਜਿਸ ਦਾ ਜਵਾਬ ਨਹੀਂ ਆਇਆ ਹੈ। ਮੈਂ ਇਸ ਵਿੱਚ ਇਹੀ ਕਹਿਣਾ ਚਾਹਾਂਗਾ ਕਿ ਇਸ ਪਵਿੱਤਰ ਸਦਨ ਦੀ, ਹਾਊਸ ਦੀ ਇੱਕ ਕਮੇਟੀ ਬਣਾ ਲਈ ਜਾਵੇ ਤਾਂ ਜੋ ਇਸ ਪ੍ਰਾਜੈਕਟ ਦੀ ਸਟੱਡੀ ਕਰੇ ਅਤੇ ਉਸ ਦੀ ਰਿਪੋਰਟ ਅਨੁਸਾਰ ਕੰਮ ਅੱਗੇ ਤੋਰਿਆ ਜਾਵੇ।

**ਮਾਣਯੋਗ ਸਪੀਕਰ :** ਠੀਕ ਹੈ ਜੀ। ਮੰਤਰੀ ਜੀ, ਕੀ ਇਹ ਪ੍ਰਾਜੈਕਟ ਪ੍ਰਾਫਿਟ ਵਿੱਚ ਹੈ ਜਾਂ ਲਾੱਸ ਵਿੱਚ ਹੈ ਜੀ?

**ਮੰਤਰੀ :** ਸਰ, ਜਿਹੜੇ ਰੈਪਿਡ ਟਰਾਂਸਪੋਰਟ ਦੇ ਪ੍ਰਾਜੈਕਟ ਹੁੰਦੇ ਹਨ, ਦੁਨੀਆ ਭਰ ਵਿਚ ਕਿਤੇ ਵੀ ਪ੍ਰਾਫਿਟ ਵਿਚ ਨਹੀਂ ਜਾਂਦੇ। ਅਸੀਂ ਜੈਪੁਰ ਔਰ ਲਖਨਊ ਨਾਲ ਕੰਪੇਅਰ ਇਸ ਵਾਸਤੇ ਕੀਤਾ ਹੈ ਕਿਉਂਕਿ ਉਥੇ 5000/- 10000/- ਕਰੋੜ ਰੁਪਏ ਦਾ ਖਰਚਾ ਆਇਆ ਸੀ। ਸਾਡਾ ਪ੍ਰਾਜੈਕਟ ਇਸ ਵਕਤ ਜੈਪੁਰ ਜਿੰਨਾ ਪ੍ਰਾਫਿਟ ਵਿਚ ਜਾ ਰਿਹਾ ਹੈ, ਅਸੀਂ ਲਖਨਊ ਦੇ ਨੇੜੇ-ਤੇੜੇ ਪਹੁੰਚ ਗਏ ਹਾਂ। ਰੋਜ਼ਾਨਾ 37,000 ਤੋਂ ਲੈ ਕੇ 42,000 ਪੈਸੰਜਰ ਜਾਂਦੇ ਹਨ ਜੇਕਰ ਇੰਨੇ ਬੱਸਾਂ ਵਿਚ ਨਾ ਲਿਜਾਈਏ ਤਾਂ ਸਮਝ ਲਵੋ ਕਿ ਅੱਠ ਤੋਂ ਦਸ ਹਜ਼ਾਰ ਤੱਕ ਵਹੀਕਲਜ਼ ਹੋਰ ਐਡ ਹੋ ਜਾਣਗੇ। ਉਸ ਨਾਲ ਕੀ ਹੋਵੇਗਾ ਕਿ ਚੌਂਕਾਂ ਵਿੱਚ ਜਿਹੜਾ ਟਰੈਫਿਕ ਦਾ ਟਾਈਮ ਹੈ ਉਹ ਦੋ-ਤਿੰਨ ਤੋਂ ਲੈ ਕੇ ਪੰਜ ਮਿੰਟ ਵੱਧ ਜਾਵੇਗਾ। ਜਿਸ ਨੇ ਆਪਣੇ ਡੈਸਟੀਨੇਸ਼ਨ ਉਤੇ ਪਹੁੰਚਣ ਲਈ ਤਿੰਨ ਚੌਂਕ

ਪਾਰ ਕਰਨੇ ਹਨ, ਉਹ 15 ਮਿੰਟ ਲੇਟ ਪਹੁੰਚੇਗਾ। ਸੋ, ਇਹ ਇੱਕ ਚੰਗਾ ਸਿਸਟਮ ਹੈ, I do not think we should ignore this. ਐਸਾ ਪ੍ਰਾਜੈਕਟ ਦੁਨੀਆਂ ਵਿਚ ਕਿਤੇ ਵੀ 30% ਤੋਂ ਵੱਧ ਕਮਾਈ ਨਹੀਂ ਕਰਦਾ, ਸਾਨੂੰ ਇਸ ਨੂੰ ਕੰਟੀਨਿਊ ਕਰਨਾ ਚਾਹੀਦਾ ਹੈ, ਸਾਨੂੰ ਸਗੋਂ ਸਭ ਨੂੰ ਮੋਢੇ ਨਾਲ ਮੋਢਾ ਲਗਾ ਕੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਹੁਣ ਚੀਜ਼ ਬਣ ਗਈ ਹੈ, 550 ਕਰੋੜ ਵਿੱਚ ਸਾਡਾ ਵੇਰਕਾ ਦਾ ਪੁਲ ਵੀ ਬਣਿਆ ਹੈ, ਸਾਡੇ ਉੱਚੇ ਪੁਲ ਦੇ ਲਾਗੇ ਦੋ ਡਾਈਵਰਸ਼ਨਜ਼ ਵੀ ਹੋਈਆਂ ਹਨ ਅਤੇ ਸੜਕਾਂ 120 ਫੁੱਟ ਦੇ ਨੇੜੇ-ਤੇੜੇ ਚੌੜੀਆਂ ਹੋ ਗਈਆਂ ਹਨ, ਸਾਈਕਲ ਟਰੈਕ ਬਣ ਗਿਆ, ਸਾਈਡ ਉਤੇ ਪਾਰਕਿੰਗ ਵਾਸਤੇ ਜਗ੍ਹਾ ਬਣ ਗਈ ਹੈ। ਸੋ, I would not say it is a bad project. ਕਿਸੇ ਨੇ ਵੀ ਬਣਾਇਆ ਹੋਵੇ, ਕਿਸੇ ਨੇ ਕੀਤਾ ਹੋਵੇ ਪਰ ਸਾਨੂੰ ਸਭ ਨੂੰ ਮੋਢੇ ਨਾਲ ਮੋਢਾ ਲਗਾ ਕੇ ਇਸ ਨੂੰ ਕਾਮਯਾਬ ਕਰਨਾ ਚਾਹੀਦਾ ਹੈ। ਸਰ, ਅਸੀਂ ਮੋਹਾਲੀ ਵਿਖੇ ਇਲੈਕਟ੍ਰਿਕ ਬੱਸਾਂ ਦਾ ਸਿਸਟਮ ਕਰ ਰਹੇ ਹਾਂ, ਜਿਸ ਵਿੱਚ ਜ਼ੀਰਕਪੁਰ ਅਤੇ ਖਰੜ ਨੂੰ ਵੀ ਨਾਲ ਰਲਾ ਰਹੇ ਹਾਂ। So, we are thinking on these lines ਤਾਂ ਕਿ ਲੋਕਾਂ ਨੂੰ ਸਹੂਲਤ ਹੋ ਜਾਵੇ।

**ਕੁੰਵਰ ਵਿਜੇ ਪ੍ਰਤਾਪ ਸਿੰਘ:** ਸਪੀਕਰ ਸਾਹਿਬ, ਇਹ ਜਿਹੜਾ ਪ੍ਰਾਜੈਕਟ ਹੈ, ਜੇਕਰ ਇਹ ਗਲਤ ਕੰਮ ਹੋਇਆ ਹੈ ਤਾਂ ਸਾਨੂੰ ਗਲਤ ਕੰਮ ਦੀ ਸਰਾਹਣਾ ਨਹੀਂ ਕਰਨੀ ਚਾਹੀਦੀ, ਜਿਸ ਤਰ੍ਹਾਂ ਇਸ ਜਵਾਬ ਵਿਚ ਕੀਤਾ ਗਿਆ ਹੈ। ਮਾਣਯੋਗ ਸਪੀਕਰ ਸਾਹਿਬ, ਮੇਰਾ ਇਹੀ ਸਵਾਲ ਹੈ ਕਿ ਇਸ ਹਾਊਸ ਦੀ ਤੁਸੀਂ ਇੱਕ ਕਮੇਟੀ ਬਣਾ ਦਿਉ, ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ। ਅੰਮ੍ਰਿਤਸਰ ਦੇ ਲੋਕਾਂ ਦੀ ਗੱਲ ਵੀ ਰਹਿ ਜਾਵੇਗੀ।ਜੋ ਅੰਮ੍ਰਿਤਸਰ ਦੇ ਲੋਕ ਚਾਹੁੰਦੇ ਹਨ, ਉਹ ਹੋਣਾ ਚਾਹੀਦਾ ਹੈ। ਅੰਮ੍ਰਿਤਸਰ ਦੇ ਲੋਕ ਪ੍ਰੇਸ਼ਾਨ ਹਨ। ਅੰਮ੍ਰਿਤਸਰ ਇਕ ਪਵਿੱਤਰ ਸ਼ਹਿਰ ਹੈ। ਅਸੀਂ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਦੀ ਅਰਦਾਸ ਕਰਦੇ ਹਾਂ। ਮਾਣਯੋਗ ਸਪੀਕਰ ਸਾਹਿਬ, ਤੁਸੀਂ ਹਾਊਸ ਦੀ ਇਕ ਕਮੇਟੀ ਬਣਾਓ, ਉਹ ਕਮੇਟੀ ਜਿਹੜੀ ਸਟੱਡੀ ਕਰੇਗੀ, ਉਸ ਸਟੱਡੀ ਅਨੁਸਾਰ ਜੋ ਚੰਗਾ ਹੋਵੇਗਾ ਉਹ ਕੀਤਾ ਜਾਵੇ।

**ਮਾਣਯੋਗ ਸਪੀਕਰ :** ਧੰਨਵਾਦ ਜੀ।

-----

## ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤਾਂ ਨੂੰ ਦਿੱਤੀ ਜਾਂਦੀ ਪੈਨਸ਼ਨ ਵਿੱਚ ਵਾਧਾ ਕਰਨਾ

***506. ਸ਼੍ਰੀਮਤੀ ਗਨੀਵ ਕੌਰ ਮਜੀਠੀਆ :** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤਾਂ ਨੂੰ ਮੌਜੂਦਾ ਦਿੱਤੀ ਜਾ ਰਹੀ ਪੈਨਸ਼ਨ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਡਾਕਟਰ ਬਲਜੀਤ ਕੌਰ :** ਹਾਂ ਜੀ, ਨੇੜ ਭਵਿੱਖ ਵਿੱਚ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬਾ ਪੁੱਛਣਾ ਚਾਹਾਂਗੀ ਕਿ ਇਹ ਪੈਨਸ਼ਨ ਕਦੋਂ ਤੱਕ ਵਧਾਉਣਗੇ ਅਤੇ ਕੀ ਇਸ ਨੂੰ ਟਾਈਮ ਬਾਊਂਡ ਕਰ ਸਕਦੇ ਹਨ ਅਤੇ ਇਹ ਕਿੰਨੀ ਪੈਨਸ਼ਨ ਵਧਾਉਣਗੇ? ਸਾਡੇ ਸੂਬੇ ਵਿੱਚ ਅਜਿਹੀਆਂ ਕਈ ਵਿਧਵਾਵਾਂ, ਬਜ਼ੁਰਗ ਅਤੇ ਅੰਗਹੀਣ ਹਨ ਜਿਹੜੇ ਕਾਫੀ ਹੱਦ ਤੱਕ ਇਸ ਪੈਨਸ਼ਨ ਤੇ ਡਿਪੈਂਡੈਂਟ ਹਨ। ਇਹ ਤੁਹਾਡੇ ਮੈਨੀਫੈਸਟੋ ਦੀ ਗਰੰਟੀ ਵੀ ਸੀ। ਕੀ ਤੁਸੀਂ ਇਸ ਨੂੰ ਟਾਈਮ ਬਾਊਂਡ ਕਰ ਸਕਦੇ ਹੋ ਅਤੇ ਇਹ ਦੱਸ ਸਕਦੇ ਹੋ ਕਿ ਕਿੰਨੀ ਪੈਨਸ਼ਨ ਵਧਾਓਗੇ?

**ਮਾਣਯੋਗ ਸਪੀਕਰ :** ਮੰਤਰੀ ਜੀ, ਕੀ ਤੁਸੀਂ ਇਸ ਨੂੰ ਟਾਈਮ ਬਾਊਂਡ ਕਰੋਗੇ?

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਬਿਲਕੁਲ ਇਹ ਮੈਨੀਫੈਸਟੋ ਵਿੱਚ ਦਿੱਤਾ ਗਿਆ ਸੀ ਕਿ ਅਸੀਂ ਇਸ ਨੂੰ ਵਧਾਵਾਂਗੇ ਪਰ ਉਸ ਤੋਂ ਪਹਿਲਾਂ ਜਿਹੜੀਆਂ ਦਿੱਤੀਆਂ ਹੋਈਆਂ ਪੈਨਸ਼ਨਾਂ ਵਿੱਚ ਬੇਨਿਯਮੀਆਂ ਸਨ, ਅਸੀਂ ਉਨ੍ਹਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਜੁਲਾਈ, 2022 ਵਿੱਚ ਸਰਵੇ ਕਰਵਾਇਆ ਸੀ, ਜਿਸ ਵਿੱਚ 90,248 ਲਾਭਪਾਤਰੀ ਮ੍ਰਿਤਕ ਪਾਏ ਗਏ ਸਨ। ਇਨ੍ਹਾਂ 95% ਲੋਕਾਂ ਤੋਂ ਅਸੀਂ 23.94 ਕਰੋੜ ਰੁਪਏ ਦੀ ਰਿਕਵਰੀ ਕੀਤੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦੀ ਹਾਂ ਕਿ ਇੱਥੇ ਹੀ ਬੱਸ ਨਹੀਂ, ਪਿਛਲੀਆਂ ਸਰਕਾਰਾਂ ਵਲੋਂ ਵੀ ਪੈਨਸ਼ਨਾਂ ਸਬੰਧੀ ਇਹ ਸਰਵੇ ਸਾਲ 2017 ਵਿੱਚ ਕਰਵਾਇਆ ਗਿਆ ਸੀ ਤਾਂ ਕਿ ਪਤਾ ਲੱਗ ਸਕੇ ਕਿ ਐਗਜ਼ੈਕਟ ਬੈਨੀਫਿਸ਼ਰੀ ਕੌਣ ਹਨ? ਉਨ੍ਹਾਂ ਵਿੱਚ 70,137 ਲਾਭਪਾਤਰੀ ਅਯੋਗ ਪਾਏ ਗਏ ਸਨ, ਜਿਸ ਸਬੰਧੀ 162.35 ਕਰੋੜ ਰੁਪਏ ਦੀ ਰਿਕਵਰੀ ਕੀਤੀ ਜਾਣੀ ਬਣਦੀ ਸੀ ਪਰੰਤੂ ਸਿਰਫ ਇੱਕ ਕਰੋੜ ਦੀ

ਰਿਕਵਰੀ ਹੀ ਕੀਤੀ ਗਈ ਸੀ। ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਮਈ, 2017 ਤੋਂ ਨਵੰਬਰ, 2017 ਤੱਕ ਪੈਨਸ਼ਨ ਨਹੀਂ ਦਿੱਤੀ ਗਈ ਸੀ, ਜਿਸ ਦਾ 693.33 ਕਰੋੜ ਬੈਕਲਾਗ ਪੈਂਡਿੰਗ ਪਿਆ ਹੈ। ਸੋ, ਇਸ ਪ੍ਰਕਾਰ ਦੀਆਂ ਬਹੁਤ ਸਾਰੀਆਂ ਪੁਰਾਣੀਆਂ ਬੇਨਿਯਮੀਆਂ ਹਨ, ਜਿਨ੍ਹਾਂ ਨੂੰ ਅਸੀਂ ਦਰੁਸਤ ਕਰਾਂਗੇ। ਜਿਥੋਂ ਤੱਕ ਹੈਂਡੀਕੈਪਡ, ਡਿਸਏਬਲਡ ਲੋਕਾਂ ਦਾ ਸਵਾਲ ਹੈ, ਉਨ੍ਹਾਂ ਦਾ ਕਨਵੇਂਸ ਅਲਾਊਂਸ ਪਿਛਲੀਆਂ ਸਰਕਾਰਾਂ ਵਲੋਂ ਰੋਕ ਦਿੱਤਾ ਗਿਆ ਸੀ ਅਸੀਂ ਉਹ 1000/- ਰੁਪਿਆ ਦੁਬਾਰਾ ਚਾਲੂ ਕੀਤਾ ਹੈ। ਸੋ, ਮੈਂ ਮਾਣਯੋਗ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦੀ ਹਾਂ ਕਿ ਅਸੀਂ ਜਲਦੀ ਹੀ ਆਪਣਾ ਕੀਤਾ ਹੋਇਆ ਵਾਅਦਾ ਪੂਰਾ ਕਰਾਂਗੇ ਪਰੰਤੂ ਬੇਨਿਯਮੀਆਂ ਨੂੰ ਦਰੁਸਤ ਕਰਕੇ ਪੂਰਾ ਕਰਾਂਗੇ। ਧੰਨਵਾਦ ਜੀ।

**ਸ਼੍ਰੀਮਤੀ ਗਨੀਵ ਕੌਰ ਮਜੀਠੀਆ :** ਸਪੀਕਰ ਸਾਹਿਬ, ਮੇਰਾ ਪ੍ਰਸ਼ਨ ਪੈਨਸ਼ਨਾਂ ਬਾਰੇ ਸੀ। ਮੈਂ ਪੁੱਛਣਾ ਚਾਹਾਂਗੀ ਕਿ ਇਹ ਕਿੰਨੀ ਪੈਨਸ਼ਨ ਵਧਾ ਰਹੇ ਹਨ? ਇਨ੍ਹਾਂ ਦੀ ਗਰੰਟੀ ਸੀ ਕਿ 2500/- ਰੁਪਿਆ ਦੇਣਗੇ। ਕੀ ਇਸ ਬਜਟ ਵਿੱਚ 2500/- ਰੁਪਏ ਤੱਕ ਪੈਨਸ਼ਨ ਕਰਕੇ ਦੇਣਗੇ? ਜੇ ਨਹੀਂ ਤਾਂ ਕਦੋਂ ਤੱਕ ਕਰਕੇ ਦੇਣਗੇ ਅਤੇ ਕਿੰਨੀ ਦੇਣਗੇ? ਮੈਨੂੰ ਇਹ ਇਸ ਬਾਰੇ ਐਸ਼ੋਰੈਂਸ ਦੇ ਦੇਣ।

**ਮੰਤਰੀ :** ਆਨਰੇਬਲ ਸਪੀਕਰ ਸਾਹਿਬ, ਮੈਂ ਫੇਰ ਉਹੀ ਗੱਲ ਕਹਾਂਗੀ ਕਿ ਅਸੀਂ ਆਪਣੇ ਵਾਅਦੇ ਦੇ ਬਿਲਕੁਲ ਪੱਕੇ ਹਾਂ। ਜੇਕਰ ਮੈਨੀਫੈਸਟੋ ਵਿੱਚ 2500/- ਰੁਪਏ ਲਿਖਿਆ ਗਿਆ ਹੈ ਤਾਂ ਅਸੀਂ ਇਹ ਗਰੰਟੀ ਵੀ ਜ਼ਰੂਰ ਪੂਰੀ ਕਰਾਂਗੇ ਪਰ ਇਸ ਸਕੀਮ ਨੂੰ ਬਿਲਕੁਲ ਪੂਰੀ ਤਰ੍ਹਾਂ ਦਰੁਸਤ ਕਰਨ ਤੋਂ ਬਾਅਦ ਕਿਉਂਕਿ ਅਸੀਂ ਇਸ ਨੂੰ ਆਨਲਾਈਨ ਵੀ ਕਰਨਾ ਹੈ।

**ਮਾਣਯੋਗ ਸਪੀਕਰ :** ਧੰਨਵਾਦ ਜੀ। ਅਗਲਾ ਸਵਾਲ। ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਜੀ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਸਪਲੀਮੈਂਟਰੀ।

**ਮਾਣਯੋਗ ਸਪੀਕਰ :** ਉਨ੍ਹਾਂ ਦਾ ਸਵਾਲ ਆ ਜਾਣ ਦਿਓ। (ਵਿਘਨ....) ਉਨ੍ਹਾਂ ਦੇ ਹਲਕੇ ਦੇ ਲੋਕਾਂ ਨੇ ਕੀ ਵਿਗਾੜਿਆ ਹੈ? (ਵਿਘਨ....) ਬੱਸ ਜੀ, ਹੋ ਗਿਆ। ਅਗਲਾ ਸਵਾਲ।

-------

## ਆਦਮਪੁਰ ਵਿਖੇ ਸ਼੍ਰੀ ਕਾਂਸ਼ੀ ਰਾਮ ਜੀ ਦੇ ਨਾਮ ਤੇ ਮਨਜ਼ੂਰ ਹੋਏ ਸਰਕਾਰੀ ਡਿਗਰੀ ਕਾਲਜ ਦੀ ਤਾਜ਼ਾ ਸਥਿਤੀ

***718. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ :** ਕੀ ਉਚੇਰੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਆਦਮਪੁਰ ਵਿਖੇ ਸ਼੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਪਹਿਲਾਂ ਹੀ ਇਕ ਸਰਕਾਰੀ ਡਿਗਰੀ ਕਾਲਜ ਮਨਜ਼ੂਰ ਕੀਤਾ ਹੈ ਅਤੇ ਕੀ ਇਹ ਵੀ ਠੀਕ ਹੈ ਕਿ ਨਗਰ ਕੌਂਸਲ, ਆਦਮਪੁਰ ਨੇ ਇਸ ਕਾਲਜ ਲਈ ਲੋੜੀਂਦੀ ਜ਼ਮੀਨ ਮੁਹੱਈਆ ਕਰਵਾਈ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਪ੍ਰੋਜੈਕਟ ਉੱਤੇ ਕੰਮ ਸ਼ੁਰੂ ਨਾ ਹੋਣ ਦੇ ਕੀ ਕਾਰਨ ਹਨ;

(ੲ) ਇਸ ਕਾਲਜ ਦਾ ਕੰਮ ਕਦੋਂ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਇਸ ਦੇ ਮੁਕੰਮਲ ਹੋਣ ਦਾ ਸੰਭਾਵਿਤ ਸਮਾਂ ਕੀ ਹੈ ਅਤੇ ਉੱਥੇ ਕਲਾਸਾਂ ਕਦੋਂ ਤੱਕ ਸ਼ੁਰੂ ਹੋ ਜਾਣਗੀਆਂ?

**ਸਰਦਾਰ ਹਰਜੋਤ ਸਿੰਘ ਬੈਂਸ :** ਸ਼੍ਰੀਮਾਨ ਜੀ,(ੳ) ਹਾਂ ਜੀ, ਸਰਕਾਰ ਨੇ ਆਦਮਪੁਰ ਵਿਖੇ ਸ਼੍ਰੀ ਕਾਂਸ਼ੀ ਰਾਮ ਜੀ ਦੇ ਨਾਂ ਤੇ ਸਰਕਾਰੀ ਕਾਲਜ ਮਨਜ਼ੂਰ ਕੀਤਾ ਸੀ ਪ੍ਰੰਤੂ ਇਸ ਕਾਲਜ ਲਈ ਅਜੇ ਤੱਕ ਢੁਕਵੀਂ ਜਗ੍ਹਾ ਉਪਲਬਧ ਨਹੀਂ ਹੋ ਸਕੀ।

(ਅ) ਇਸ ਪ੍ਰੋਜੈਕਟ ਲਈ ਹੁਣ ਤੱਕ ਜ਼ਮੀਨ ਉਪਲਬਧ ਨਾ ਹੋਣ ਕਰਕੇ ਇਹ ਕਾਲਜ ਨਹੀਂ ਖੋਲ੍ਹਿਆ ਗਿਆ।

(ੲ) ਇਸ ਕਾਲਜ ਲਈ ਢੁੱਕਵੀਂ ਜ਼ਮੀਨ ਮਿਲਣ ਤੇ ਕਾਲਜ ਖੋਲ੍ਹਣ ਸਬੰਧੀ ਅਗਲੇਰੀ ਕਾਰਵਾਈ ਆਰੰਭੀ ਜਾ ਸਕੇਗੀ। ਇਸ ਉਪਰੰਤ ਹੀ ਕਾਲਜ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਜਾਣਗੀਆਂ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ :** ਸਪੀਕਰ ਸਾਹਿਬ, ਕੌਮ ਦੇ ਮਹਾਨ ਰਹਿਬਰ ਸ਼੍ਰੀ ਕਾਂਸ਼ੀ ਰਾਮ ਜੀ ਦੇ ਨਾਮ ਤੇ ਆਦਮਪੁਰ ਸ਼ਹਿਰ ਵਿੱਚ ਡਿਗਰੀ ਕਾਲਜ ਬਣਨ ਦਾ ਐਲਾਨ ਹੋਇਆ ਸੀ। ਮੈਂ ਪਿਛਲੇ ਵਿਧਾਨ ਸਭਾ ਸੈਸ਼ਨ ਵਿੱਚ ਵੀ ਇਹ ਮੁੱਦਾ ਉਠਾਇਆ ਸੀ ਕਿ ਇਸ ਨੂੰ ਜਲਦੀ ਬਣਾਇਆ ਜਾਵੇ ਅਤੇ ਉਦੋਂ ਕਿਹਾ ਗਿਆ ਸੀ ਕਿ ਲੋੜੀਂਦੀ ਜ਼ਮੀਨ ਉਪਲਬਧ ਨਹੀਂ ਕਰਵਾਈ ਗਈ ਅਤੇ ਹੁਣ ਵੀ ਇਹੀ ਜਵਾਬ

ਆਇਆ ਹੈ ਕਿ ਲੋੜੀਂਦੀ ਜ਼ਮੀਨ ਉਪਲਬਧ ਨਹੀਂ ਕਰਵਾਈ ਗਈ। ਸਪੀਕਰ ਸਾਹਿਬ, ਮੈਂ ਪੂਰਾ ਰਿਕਾਰਡ ਲੈ ਕੇ ਆਇਆ ਹਾਂ। ਨਗਰ ਕੌਂਸਲ ਵਲੋਂ ਮਤਾ ਪੈ ਚੁੱਕਾ ਹੈ ਅਤੇ ਡਿਪਟੀ ਕਮਿਸ਼ਨਰ ਸਾਹਿਬ ਦੀ ਚਿੱਠੀ ਪਰਸੋਨਲ ਡਿਪਾਰਟਮੈਂਟ ਕੋਲ ਚਲੀ ਗਈ ਹੈ।

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

-------

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਬੀਜ ਪੈਕਟਾਂ ਅਤੇ ਕੀਟ ਨਾਸ਼ਕਾਂ ਤੇ ਕਿਊ.ਆਰ. ਕੋਡ ਲਗਾਉਣਾ

***657. ਸ਼੍ਰੀ ਸੰਦੀਪ ਜਾਖੜ:** ਕੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਬੀਜ ਪੈਕਟਾਂ ਅਤੇ ਕੀਟਨਾਸ਼ਕ ਪੈਕਟਾਂ ਤੇ ਕਿਊ.ਆਰ. ਕੋਡ ਲਗਾਉਣ ਦੀ ਯੋਜਨਾ ਤਿਆਰ ਕਰ ਰਹੀ ਹੈ; ਜੇ ਹਾਂ ਤਾਂ ਕਦੋਂ ਤੱਕ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸ਼੍ਰੀਮਾਨ ਜੀ, ਹਾਂ ਜੀ, ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਵੱਲੋਂ ਪੰਜਾਬ ਰਾਜ ਵਿੱਚ ਤਿਆਰ ਕੀਤੇ ਗਏ ਫਾਊਂਡੇਸ਼ਨ ਅਤੇ ਸਰਟੀਫਾਈਡ ਬੀਜਾਂ ਤੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ QR ਕੋਡ ਵਾਲੇ ਟੈਗ ਲਗਾਉਣ ਦੀ ਤਜਵੀਜ਼ ਹੈ। ਪੰਜਾਬ ਰਾਜ ਵਿੱਚ ਸਾਉਣੀ 2023 ਤੋਂ ਬਾਅਦ ਪੈਦਾ ਹੋਣ ਵਾਲੇ ਸਾਰੇ ਫਾਊਂਡੇਸ਼ਨ ਅਤੇ ਸਰਟੀਫਾਈਡ ਬੀਜਾਂ ਤੇ 100% QR ਕੋਡ ਵਾਲੇ ਟੈਗ ਲੱਗੇ ਹੋਣ ਦੀ ਉਮੀਦ ਹੈ।

------

### ਨਿਹਾਲ ਸਿੰਘ ਵਾਲਾ ਦੇ ਪਿੰਡ ਦੌਧਰ, ਮਾਡੀਕੇ ਅਤੇ ਮਧੇਕੇ ਵਿਖੇ ਪਸ਼ੂ ਹਸਪਤਾਲ ਬਣਾਉਣਾ

***707. ਸਰਦਾਰ ਮਨਜੀਤ ਸਿੰਘ ਬਿਲਾਸਪੁਰ :** ਕੀ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ

ਨਿਹਾਲ ਸਿੰਘ ਵਾਲਾ ਦੇ ਵੱਡੇ ਪਿੰਡ ਦੌਧਰ, ਮਾਡੀਕੇ ਅਤੇ ਮਧੇਕੇ ਵਿਖੇ ਪਸ਼ੂਆਂ ਦੀ ਗਿਣਤੀ ਕਾਫੀ ਜ਼ਿਆਦਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇੱਥੇ ਪਸ਼ੂ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਲਾਲਜੀਤ ਸਿੰਘ ਭੁੱਲਰ :** ਸ਼੍ਰੀਮਾਨ ਜੀ, (1) ਪਿੰਡ ਦੌਧਰ ਸ਼ਰਕੀ ਵਿਖੇ 20ਵੀਂ ਪਸ਼ੂਧਨ ਗਣਨਾ ਅਨੁਸਾਰ ਪਸ਼ੂਆਂ ਦੀ ਗਿਣਤੀ 1902 ਅਤੇ ਦੌਧਰ ਗੜ੍ਹਬੀ ਵਿਖੇ ਪਸ਼ੂਆਂ ਦੀ ਗਿਣਤੀ 653 ਹੈ, ਜੋ ਕਿ ਕੁੱਲ 2555 ਬਣਦੀ ਹੈ। ਇਸ ਪਿੰਡ ਵਿੱਚ ਪਹਿਲਾਂ ਹੀ ਮਨਜ਼ੂਰਸ਼ੁਦਾ ਸਿਵਲ ਪਸ਼ੂ ਡਿਸਪੈਂਸਰੀ ਹੈ, ਪ੍ਰੰਤੂ ਵੈਟਰਨਰੀ ਇੰਸਪੈਕਟਰ ਦੀ ਅਸਾਮੀ ਖਾਲੀ ਹੋਣ ਕਰਕੇ ਸਿਵਲ ਪਸ਼ੂ ਡਿਸਪੈਂਸਰੀ ਦਾ ਚਾਰਜ ਵੈਟਰਨਰੀ ਇੰਸਪੈਕਟਰ ਸਿਵਲ ਪਸ਼ੂ ਹਸਪਤਾਲ, ਬਧਨੀ ਕਲਾਂ ਨੂੰ ਦਿੱਤਾ ਹੋਇਆ ਹੈ। ਇਹ ਪਿੰਡ ਪਸ਼ੂਧਨ ਗਣਨਾ ਅਨੁਸਾਰ ਸਿਵਲ ਪਸ਼ੂ ਹਸਪਤਾਲ ਖੋਲ੍ਹਣ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ। ਇਸ ਲਈ ਫਿਲਹਾਲ ਪਿੰਡ ਦੌਧਰ ਵਿਖੇ ਸਿਵਲ ਪਸ਼ੂ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

(2) ਜ਼ਿਲ੍ਹਾ ਮੋਗਾ ਵਿੱਚ ਮਾਡੀਕੇ ਨਾਮ ਦਾ ਕੋਈ ਪਿੰਡ ਨਹੀਂ ਹੈ, ਬਲਕਿ ਮਾਛੀਕੇ ਨਾਮ ਦਾ ਪਿੰਡ ਮੌਜੂਦ ਹੈ। ਪਿੰਡ ਮਾਛੀਕੇ ਦੇ ਪਸ਼ੂਆਂ ਦੀ ਗਿਣਤੀ 2600 ਅਤੇ ਨਵਾਂ ਮਾਛੀਕੇ ਦੇ ਪਸ਼ੂਆਂ ਦੀ ਗਿਣਤੀ 550 ਹੈ। ਇਸ ਤਰ੍ਹਾਂ ਪਿੰਡ ਮਾਛੀਕੇ ਅਤੇ ਨਵਾਂ ਮਾਛੀਕੇ ਦੀ ਕੁੱਲ ਪਸ਼ੂਧਨ ਗਣਨਾ 3150 ਬਣਦੀ ਹੈ। ਪਿੰਡ ਮਾਛੀਕੇ ਨੂੰ ਸਿਵਲ ਪਸ਼ੂ ਹਸਪਤਾਲ ਖੋਟੇ ਨਾਲ ਜੋੜਿਆ ਹੋਇਆ ਹੈ ਜੋ ਕਿ ਪਿੰਡ ਤੋਂ 14 ਕਿਲੋਮੀਟਰ ਦੀ ਦੂਰੀ ਤੇ ਹੈ। ਇਸ ਸਿਵਲ ਪਸ਼ੂ ਹਸਪਤਾਲ ਵਿੱਚ ਵੈਟਰਨਰੀ ਅਫਸਰ ਸਮੇਤ ਪੂਰਾ ਸਟਾਫ ਤੈਨਾਤ ਹੈ। ਇਹ ਪਿੰਡ ਪਸ਼ੂਧਨ ਗਣਨਾ ਅਨੁਸਾਰ ਸਿਵਲ ਪਸ਼ੂ ਹਸਪਤਾਲ ਖੋਲ੍ਹਣ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ। ਇਸ ਲਈ ਫਿਲਹਾਲ ਪਿੰਡ ਮਾਛੀਕੇ ਵਿਖੇ ਸਿਵਲ ਪਸ਼ੂ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

(3) ਪਿੰਡ ਮਧੇਕੇ ਵਿਖੇ ਪਸ਼ੂਆਂ ਦੀ ਗਿਣਤੀ ਸਿਰਫ 880 ਹੈ ਅਤੇ ਇਹ ਪਿੰਡ ਸਿਵਲ ਪਸ਼ੂ ਹਸਪਤਾਲ ਸੈਦੋਕੇ ਨਾਲ ਜੁੜਿਆ ਹੋਇਆ ਹੈ। ਜਿਸ ਵਿੱਚ ਇੱਕ ਵੈਟਰਨਰੀ ਇੰਸਪੈਕਟਰ ਤੈਨਾਤ ਕੀਤਾ ਹੋਇਆ ਹੈ। ਪਿੰਡ ਮਧੇਕੇ ਦੀ ਪਿੰਡ ਸੈਦੋਕੇ ਤੋਂ ਦੂਰੀ 2 ਕਿਲੋਮੀਟਰ ਹੈ। ਪਿੰਡ ਮਧੇਕੇ ਨਵਾਂ ਸਿਵਲ ਪਸ਼ੂ ਹਸਪਤਾਲ ਖੋਲ੍ਹਣ ਸਬੰਧੀ ਸਰਕਾਰ ਦੀਆਂ ਜਾਰੀ ਸ਼ਰਤਾਂ ਨੂੰ ਪੂਰਾ ਨਹੀਂ ਕਰਦਾ। ਇਸ ਲਈ ਫਿਲਹਾਲ ਪਿੰਡ ਦੌਧਰ ਵਿਖੇ ਸਿਵਲ ਪਸ਼ੂ ਹਸਪਤਾਲ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ

ਅਧੀਨ ਨਹੀਂ ਹੈ।

------

## ਕਿੱਕ ਬਾਕਸਿੰਗ ਖੇਡਣ ਵਾਲੇ ਬੱਚਿਆਂ ਨੂੰ ਮੁਫਤ ਸਿਖਲਾਈ ਦੇਣਾ

***497. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਦੇ ਜਿਹੜੇ ਬੱਚੇ ਕਿੱਕ ਬੋਕਸਿੰਗ (Kickboxing) ਵਿੱਚ ਰੁਚੀ ਰੱਖਦੇ ਹਨ ਅਤੇ ਨੈਸ਼ਨਲ ਖੇਡਣ ਜਾਂਦੇ ਹਨ, ਅਜਿਹੇ ਹੋਣਹਾਰ ਬੱਚਿਆਂ ਨੂੰ ਪ੍ਰਮੋਟ ਕਰਨ ਲਈ ਕੀ ਸਰਕਾਰ ਵੱਲੋਂ ਕੋਈ ਕੋਚਿੰਗ-ਮੁਫਤ ਸਿਖਲਾਈ ਜਾਂ ਕੋਈ ਹੋਰ ਯੋਗਦਾਨ ਦਿੱਤਾ ਜਾਂਦਾ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸ਼੍ਰੀਮਾਨ ਜੀ, ਖੇਡ ਵਿਭਾਗ ਵਿੱਚ ਇਸ ਵੇਲੇ 3 ਕਿੱਕ ਬਾਕਸਿੰਗ ਕੋਚ ਜ਼ਿਲ੍ਹਾ ਹੁਸ਼ਿਆਰਪੁਰ, ਸੰਗਰੂਰ ਅਤੇ ਬਰਨਾਲਾ ਵਿਖੇ ਤਾਇਨਾਤ ਹਨ, ਜਿਨ੍ਹਾਂ ਵੱਲੋਂ ਕਿੱਕ ਬਾਕਸਿੰਗ ਦੇ 47 ਲੜਕੇ ਅਤੇ 22 ਲੜਕੀਆਂ ਕੁੱਲ 69 ਖਿਡਾਰੀਆਂ ਨੂੰ ਮੁਫਤ ਕੋਚਿੰਗ-ਸਿਖਲਾਈ ਦਿੱਤੀ ਜਾਂਦੀ ਹੈ। ਸਬੰਧਿਤ ਟੀਮਾਂ ਜਦੋਂ ਨੈਸ਼ਨਲ ਵਿੱਚ ਹਿੱਸਾ ਲੈਣ ਜਾਂਦੀਆਂ ਹਨ ਤਾਂ ਇਨ੍ਹਾਂ ਟੀਮਾਂ ਦੀ ਤਿਆਰੀ ਲਈ ਵਿਭਾਗ ਵੱਲੋਂ ਐਸੋਸੀਏਸ਼ਨ ਦੀ ਮੰਗ ਅਨੁਸਾਰ ਸਬੰਧਿਤ ਟੀਮ ਨੂੰ ਕੋਚਿੰਗ ਕੈਂਪ ਅਲਾਟ ਕੀਤਾ ਜਾਂਦਾ ਹੈ। ਕੋਚਿੰਗ ਕੈਂਪ ਦੌਰਾਨ ਖਿਡਾਰੀਆਂ ਨੂੰ ਮੁਫਤ ਰਿਹਾਇਸ਼ ਅਤੇ ਖਾਣਾ ਦਿੱਤਾ ਜਾਂਦਾ ਹੈ। ਨੈਸ਼ਨਲ ਖੇਡਾਂ ਵਿੱਚ ਮੈਡਲ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਪੰਜਾਬ ਸਰਕਾਰ ਦੀ ਕੈਸ਼ ਐਵਾਰਡ ਪਾਲਿਸੀ ਅਨੁਸਾਰ ਕੈਸ਼ ਅਵਾਰਡ ਵੀ ਦਿੱਤਾ ਜਾਂਦਾ ਹੈ।

------

# UNSTARRED QUESTIONS AND ANSWERS

## ਤਰਨਤਾਰਨ ਵਿਖੇ ਆਰ.ਟੀ.ਓ. ਦਫਤਰ ਖੋਲ੍ਹਣਾ

**112. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਤਰਨਤਾਰਨ ਵਿਚ ਆਰ.ਟੀ.ਓ. ਦਫਤਰ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਇੱਥੇ ਆਰ.ਟੀ.ਓ. ਦਫਤਰ ਕਦੋਂ ਤੱਕ ਖੁੱਲ੍ਹ ਜਾਵੇਗਾ?

**ਸ਼੍ਰੀ ਲਾਲਜੀਤ ਸਿੰਘ ਭੁੱਲਰ :** ਹਾਂ ਜੀ। ਇਸ ਵਿਭਾਗ ਦੀ ਰੀਸਟਰਕਚਰਿੰਗ

ਸਰਕਾਰ ਦੇ ਪੱਧਰ ਤੇ ਕਾਰਵਾਈ ਅਧੀਨ ਹੈ, ਜਿਸ ਵਿਚ ਹਰ ਜ਼ਿਲ੍ਹੇ ਵਿਚ ਇਕ ਆਰ.ਟੀ.ਓ. (ਰਿਜ਼ਨਲ ਟਰਾਂਸਪੋਰਟ ਅਫ਼ਸਰ) ਦਫਤਰ ਖੋਲ੍ਹਣ ਦੀ ਤਜਵੀਜ਼ ਹੈ।

------

## ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਰੈਸਟ ਹਾਊਸਾਂ ਦੀ ਤਾਜ਼ਾ ਸਥਿਤੀ

**113. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖਡੂਰ ਸਾਹਿਬ ਅਧੀਨ ਕਿੰਨੇ ਰੈਸਟ ਹਾਊਸ ਹਨ, ਉਹ ਇਸ ਸਮੇਂ ਕਿਸ ਸਥਿਤੀ ਵਿੱਚ ਹਨ; ਜੇਕਰ ਉਹ ਖਰਾਬ ਸਥਿਤੀ ਵਿੱਚ ਹਨ ਜਾਂ ਬੰਦ ਪਏ ਹਨ ਤਾਂ ਉਹ ਕਦੋਂ ਤੱਕ ਮੁਰੰਮਤ ਕਰਵਾ ਕੇ ਸ਼ੁਰੂ ਕਰ ਦਿੱਤੇ ਜਾਣਗੇ?

**ਸਰਦਾਰ ਹਰਭਜਨ ਸਿੰਘ:** ਹਲਕਾ ਖਡੂਰ ਸਾਹਿਬ ਅਧੀਨ ਕੋਈ ਵੀ ਪੀ.ਡਬਲਿਊ.ਡੀ. ਰੈਸਟ ਹਾਊਸ ਨਹੀਂ ਹੈ।

------

## ਬਰੇਟਾ ਸ਼ਹਿਰ ਦੇ ਸਰਕਾਰੀ ਹਸਪਤਾਲ ਦੀਆਂ ਅਸਾਮੀਆਂ ਦੇ ਵੇਰਵੇ

**119. ਸ਼੍ਰੀ ਬੁੱਧ ਰਾਮ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁੱਢਲਾਡਾ ਦੇ ਸ਼ਹਿਰ ਬਰੇਟਾ ਵਿਖੇ ਸਰਕਾਰੀ ਹਸਪਤਾਲ ਵਿੱਚ ਚਾਰ ਸਪੈਸ਼ਲਿਸਟ ਡਾਕਟਰਾਂ, ਸਟਾਫ ਨਰਸ, ਚੌਕੀਦਾਰ ਅਤੇ ਸਫਾਈ ਸੇਵਕਾਂ ਦੀਆਂ ਅਸਾਮੀਆਂ ਖਾਲੀ ਪਈਆਂ ਹਨ; ਜੇਕਰ ਅਜਿਹਾ ਹੈ ਤਾਂ ਇਹ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ,ਕਮਿਊਨਿਟੀ ਹੈਲਥ ਸੈਂਟਰ, ਬਰੇਟਾ, ਜ਼ਿਲ੍ਹਾ ਮਾਨਸਾ ਵਿਖੇ ਉਪਰੋਕਤ ਪੁੱਛੇ ਗਏ ਸਵਾਲ ਅਨੁਸਾਰ ਵੱਖ ਵੱਖ ਕੈਟਾਗਰੀਆਂ ਦੀਆਂ ਕੁੱਲ 17 ਅਸਾਮੀਆਂ ਮਨਜ਼ੂਰਸ਼ੁਦਾ ਹਨ ਜੋ ਕਿ ਖਾਲੀ ਹਨ।

ਇੱਥੇ ਦੱਸਿਆ ਜਾਂਦਾ ਹੈ ਕਿ ਸੀ.ਐਚ.ਸੀ. ਬਰੇਟਾ ਵਿਖੇ ਹੋਰ ਕੈਟਾਗਰੀਆਂ ਦੀਆਂ ਪੋਸਟਾਂ ਵੀ ਮਨਜੂਰਸ਼ੁਦਾ ਹਨ, ਜਿਨ੍ਹਾਂ ਦਾ ਵੇਰਵਾ ਹੇਠਾਂ ਅਨੁਸਾਰ ਹੈ:-

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

| ਲੜੀ ਨੰਬਰ | ਅਸਾਮੀ ਦਾ ਨਾਮ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1. | ਸੀਨੀਅਰ ਮੈਡੀਕਲ ਅਫਸਰ | 1 | 0 | 1 |
| 2. | ਮੈਡੀਕਲ ਅਫਸਰ (ਜਨਰਲ) | 2 | 2 | 0 |
| 3. | ਮੈਡੀਕਲ ਅਫਸਰ (ਡੈਂਟਲ) | 1 | 1 | 0 |
| 4. | ਅਪਥਾਲਮਿਕ ਅਫਸਰ | 1 | 1 | 0 |
| 5. | ਨਰਸਿੰਗ ਸਿਸਟਰ | 1 | 0 | 1 |
| 6. | ਫਾਰਮੇਸੀ ਅਫਸਰ | 3 | 3 | 0 |
| 7. | ਰੇਡੀਓਗ੍ਰਾਫਰ | 1 | 1 | 0 |
| 8. | ਐਮ.ਐਲ.ਟੀ. | 2 | 0 | 2 |
| 9. | ਡਰਾਈਵਰ | 2 | 1 | 1 |
| 10. | ਕੰਪਿਊਟਰ ਆਪਰੇਟਰ | 1 | 0 | 1 |
| 11. | ਸਟੈਨੋ ਟਾਈਪਿਸਟ | 1 | 1 | 0 |
| 12. | ਆਪਰੇਸ਼ਨ ਥੀਏਟਰ ਸਹਾਇਕ | 1 | 0 | 1 |
| 13. | ਵਾਰਡ ਅਟੈਂਡੈਂਟ | 19 | 9 | 10 |
| 14. | ਚੌਂਕੀਦਾਰ | 1 | 0 | 1 |
| 15. | ਸਫਾਈ ਸੇਵਕ | 5 | 0 | 5 |
| | **ਕੁੱਲ** | **42** | **19** | **23** |

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਿਹਤ ਵਿਭਾਗ ਵੱਲੋਂ ਮਿਤੀ 16.01.2023 ਨੂੰ 271 ਮੈਡੀਕਲ ਅਫਸਰ (ਸਪੈਸ਼ਲਿਸਟਾਂ) ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿੱਚੋਂ 92 ਮੈਡੀਕਲ ਅਫਸਰ (ਸਪੈਸ਼ਲਿਸਟਾਂ) ਵੱਲੋਂ ਆਪਣੀ ਡਿਊਟੀ ਜੁਆਇਨ ਕਰ ਲਈ ਗਈ ਹੈ। ਇਨ੍ਹਾਂ 92 ਉਮੀਦਵਾਰਾਂ ਵਿੱਚੋਂ ਕਿਸੇ ਵੀ ਉਮੀਦਵਾਰ ਨੇ ਸੀ.ਐਚ.ਸੀ. ਬਰੇਟਾ ਵਿਖੇ ਜੁਆਇਨ ਕਰਨ ਲਈ ਆਪਣੀ ਆਪਸ਼ਨ ਨਹੀਂ ਦਿੱਤੀ ਸੀ। ਇਸ ਕਾਰਨ ਸੀ.ਐਚ.ਸੀ. ਬਰੇਟਾ ਵਿਖੇ ਖਾਲੀ ਪਈਆਂ 04 ਅਸਾਮੀਆਂ ਨੂੰ ਭਰਿਆ ਨਹੀਂ ਜਾ ਸਕਿਆ।

ਭਵਿੱਖ ਵਿੱਚ ਸਿਹਤ ਵਿਭਾਗ ਵੱਲੋਂ ਸੀ.ਐਚ.ਸੀ. ਬਰੇਟਾ ਵਿਖੇ ਮੈਡੀਕਲ ਅਫਸਰ (ਸਪੈਸ਼ਲਿਸਟ), ਸਟਾਫ ਨਰਸ, ਚੌਂਕੀਦਾਰ, ਸਫਾਈ ਸੇਵਕ ਅਤੇ ਹੋਰ

ਖਾਲੀ ਅਸਾਮੀਆਂ ਨੂੰ ਭਰਨ ਲਈ ਕਾਰਵਾਈ ਕਰ ਲਈ ਜਾਵੇਗੀ।

---------

## ਜ਼ਿਲ੍ਹਾ ਪ੍ਰੀਸ਼ਦਾਂ ਨੂੰ ਆਈ ਪੇਂਡੂ ਵਿਕਾਸ ਦੀ ਗ੍ਰਾਂਟ ਦੀ ਵੰਡ ਸਬੰਧੀ

**139. ਸ਼੍ਰੀ ਬੁੱਧ ਰਾਮ :** ਕੀ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਆਈ ਪੇਂਡੂ ਵਿਕਾਸ ਦੀ ਗ੍ਰਾਂਟ ਜ਼ਿਲ੍ਹੇ ਅਧੀਨ ਆਉਂਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਬਰਾਬਰ ਵੰਡੀ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਪਿਛਲੇ ਪੰਜ ਸਾਲਾਂ ਦੌਰਾਨ ਜ਼ਿਲ੍ਹਾ ਮਾਨਸਾ ਦੀ ਜ਼ਿਲ੍ਹਾ ਪ੍ਰੀਸ਼ਦ ਵਲੋਂ ਹਲਕਾ ਬੁੱਢਲਾਡਾ, ਮਾਨਸਾ ਅਤੇ ਸਰਦੂਲਗੜ੍ਹ ਨੂੰ ਕਿੰਨੀ ਕਿੰਨੀ ਗ੍ਰਾਂਟ ਜਾਰੀ ਕੀਤੀ ਗਈ;

(ਅ) ਜੇਕਰ ਗ੍ਰਾਂਟ ਵੰਡਣ ਵਿੱਚ ਪੱਖ-ਪਾਤ ਕੀਤਾ ਜਾਂਦਾ ਹੈ ਤਾਂ ਕੀ ਸਰਕਾਰ ਕੋਈ ਕਾਰਵਾਈ ਕਰੇਗੀ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ** : ਸ਼੍ਰੀਮਾਨ ਜੀ, (ੳ)15ਵੇਂ ਵਿੱਤ ਕਮਿਸ਼ਨ ਤਹਿਤ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਨੂੰ ਪ੍ਰਾਪਤ ਹੋਈਆਂ ਗ੍ਰਾਂਟਾਂ ਦੀ ਜ਼ਿਲ੍ਹਾ ਪ੍ਰੀਸ਼ਦ ਹਾਊਸ ਵਲੋਂ ਦਿੱਤੀ ਗਈ ਪ੍ਰਵਾਨਗੀ ਮੁਤਾਬਕ ਵੰਡ ਕੀਤੀ ਜਾਂਦੀ ਹੈ ਜੀ। ਜ਼ਿਲ੍ਹਾ ਮਾਨਸਾ ਦੀ ਜ਼ਿਲ੍ਹਾ ਪ੍ਰੀਸ਼ਦ ਵਲੋਂ ਹਲਕਾ ਬੁੱਢਲਾਡਾ, ਮਾਨਸਾ ਅਤੇ ਸਰਦੂਲਗੜ੍ਹ ਨੂੰ ਜਾਰੀ ਗ੍ਰਾਂਟਾਂ ਦਾ ਵੇਰਵਾ ਅਨੁਲੱਗ "ੳ" ਤੇ ਰੱਖਿਆ ਜਾਂਦਾ ਹੈ ਜੀ।

(ਅ) ਹਾਂ ਜੀ।

**"ਅਨੁਲੱਗ-ੳ"**

| 15ਵੇਂ ਵਿੱਤ ਕਮਿਸ਼ਨ ਅਧੀਨ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਨੂੰ ਪ੍ਰਾਪਤ ਗ੍ਰਾਂਟ ਦੀ ਰਿਪੋਰਟ (ਰੁਪਏ ਵਿੱਚ) | | | | | | |
|---|---|---|---|---|---|---|
| **ਲੜੀ ਨੰ:** | **ਵਿੱਤੀ ਸਾਲ** | **ਬੰਧਨ ਮੁਕਤ ਗ੍ਰਾਂਟ** | **ਬੰਧਨ ਗ੍ਰਾਂਟ** | **ਕੁੱਲ ਗ੍ਰਾਂਟ** | **ਖਰਚ** | **ਬਕਾਇਆ** |
| 1 | 2020-21 | 2,41,01,998 | 2,41,01,998 | 4,82,03,996 | 4,81,44,000 | 59,996 |
| 2 | 2021-22 | 1,38,12,524 | 2,07,18,788 | 3,45,31,312 | 2,89,52,516 | 55,78,796 |
| 3 | 2022-23 | 71,48,587 | 1,07,22,881 | 1,78,71,468 | 0 | 1,78,71,468 |
| **ਕੁੱਲ ਰਕਮ** | | **4,50,63,109** | **5,55,43,667** | **10,06,06,776** | **7,70,96,516** | **2,35,10,260** |

[ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ]

| 15 ਵੇਂ ਵਿੱਤ ਕਮਿਸ਼ਨ ਅਧੀਨ ਹਲਕਾ ਵਾਰ ਕੀਤੀ ਗਈ ਵੰਡ ਸਬੰਧੀ ਰਿਪੋਰਟ (ਰੁਪਏ ਵਿੱਚ) | | | | | | |
|---|---|---|---|---|---|---|
| ਲੜੀ ਨੰ: | ਵਿੱਤੀ ਸਾਲ | ਵਿਧਾਨ ਸਭਾ ਬੁਢਲਾਡਾ | ਵਿਧਾਨ ਸਭਾ ਹਲਕਾ ਮਾਨਸਾ | ਵਿਧਾਨ ਸਭਾ ਹਲਕਾ ਸਰਦੂਲਗੜ੍ਹ | ਦਫ਼ਤਰੀ ਜਾਂ ਹੋਰ ਖਰਚ | ਕੁੱਲ ਜਾਰੀ ਕੀਤੀ ਗਈ ਗ੍ਰਾਂਟ |
| 1 | 2020-21 | 12,44,000 | 25,12,000 | 4,43,88,000 | 0 | 4,81,44,000 |
| 2 | 2021-22 | 0 | 48,47,791 | 2,39,93,525 | 1,11,200 | 2,89,52,5163 |
| 3 | 2022-23 | 0 | 0 | 0 | 0 | 0 |
| | **ਕੁੱਲ ਰਕਮ** | **12,44,000** | **73,59,791** | **6,83,81,525** | **1,11,200** | **7,70,96,516** |

-----

## ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਤੇ ਕਾਰਵਾਈ

**142. 1. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**
**2. ਡਾਕਟਰ ਨਛੱਤਰ ਪਾਲ** } : ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਸਬੰਧੀ ਸਦਨ ਦੀ ਕਮੇਟੀ (2021-22) ਨੇ ਮੀਂਹ ਦੇ ਪਾਣੀ ਅਤੇ ਸੀਵਰੇਜ ਪਾਣੀ ਦੀ ਵੱਖ ਵੱਖ ਸੰਭਾਲ ਕਰਨ ਲਈ ਅਤੇ ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਲਈ ਸਰਕਾਰ ਨੂੰ ਕੀ ਕੀ ਸਿਫਾਰਸ਼ਾਂ ਕੀਤੀਆਂ ਸਨ ਤੇ ਕਮੇਟੀ ਇਨ੍ਹਾਂ ਸਿਫਾਰਸ਼ਾਂ ਤੇ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਹਾਂ ਜੀ। ਪੰਜਾਬ ਦੇ ਜਲ ਸਰੋਤ ਵਿਭਾਗ ਅਤੇ ਹੋਰ ਵਿਭਾਗਾਂ ਵੱਲੋਂ ਸਦਨ ਦੀ ਕਮੇਟੀ (2021-22) ਵੱਲੋਂ ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਦੀਆਂ ਸਿਫਾਰਸ਼ਾਂ ਅਨੁਸਾਰ ਹੇਠ ਦਰਸਾਏ ਤਹਿਤ ਹੁਣ ਤੱਕ ਕਾਰਵਾਈ ਕੀਤੀ ਗਈ ਹੈ:

ਨਹਿਰੀ ਪਾਣੀ ਤੇ ਅਧਾਰਿਤ 129 ਨੰਬਰ ਆਰਟੀਫਿਸ਼ੀਅਲ ਰਿਚਾਰਜ ਗਰਾਊਂਡ ਵਾਟਰ ਸਕੀਮਾਂ MGNREGA ਅਤੇ PWRDA ਵੱਲੋਂ ਫੰਡਿਗ (Funding) ਦੁਆਰਾ ਲਗਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ। ਪਹਿਲਾਂ ਤੋਂ ਹੀ 30 ਨੰਬਰ ਸਕੀਮਾਂ ਨਹਿਰੀ ਵਿਸ਼ਰਾਮ ਘਰਾਂ ਵਿੱਚ ਲਗਾਈਆਂ ਜਾ ਚੁੱਕੀਆਂ ਹਨ ਅਤੇ ਇਨ੍ਹਾਂ ਦਾ ਰੀਚਾਰਜ ਮਾਪਣ ਲਈ ਫਲੋਅ ਮੀਟਰ ਲਗਾਏ ਜਾ ਰਹੇ ਹਨ। ਜਲ ਸਰੋਤ ਵਿਭਾਗ ਪੰਜਾਬ ਅਧੀਨ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ

ਸਥਿਤ ਨਹਿਰੀ ਰੈਸਟ ਹਾਊਸਾਂ ਵਿੱਚ ਵੱਖ ਵੱਖ ਰੀਚਾਰਜ ਸਕੀਮਾਂ ਬਣਾ ਕੇ ਵਾਧੂ ਨਹਿਰੀ ਪਾਣੀ ਨੂੰ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਲਈ ਵਰਤਣ ਦੀ ਤਜਵੀਜ਼ ਹੈ।

ਜਲ ਸਰੋਤ ਵਿਭਾਗ ਅਤੇ ਆਈ.ਸੀ.ਆਈ.ਸੀ.ਆਈ. ਫਾਊਂਡੇਸ਼ਨ ਦੁਆਰਾ ਸਾਂਝੇ ਤੌਰ ਤੇ ਸਕੂਲਾਂ ਅਤੇ ਡਿਸਪੈਂਸਰੀਆਂ ਸਮੇਤ 45 ਨੰਬਰ ਸਾਈਟਾਂ ਦਾ ਸਰਵੇਖਣ ਕੀਤਾ ਗਿਆ ਸੀ। ਇਸ ਪਹਿਲ ਦੇ ਅਧਾਰ ਤੇ ਕੁੱਲ 13 ਨੰਬਰ ਸਾਈਟਾਂ ਤੇ ਛੱਤ ਤੇ ਪਏ ਮੀਂਹ ਦੇ ਪਾਣੀ ਨੂੰ ਇਕੱਠਾ ਕਰਕੇ ਧਰਤੀ ਹੇਠ ਰੀਚਾਰਜ ਕਰਨ ਲਈ ਢਾਂਚੇ ਦੀ ਸਥਾਪਨਾ ਲਈ ਸਰਕਾਰੀ ਸਕੂਲਾਂ ਵਿੱਚ ਕੰਮ ਮੁਕੰਮਲ ਕੀਤਾ ਜਾ ਰਿਹਾ ਹੈ।

ਸਟੇਟ ਵਾਟਰ ਇਨਫਾਰਮੈਟਿਕ ਸੈਂਟਰ (SWIC) ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਪਾਣੀ ਨਾਲ ਸਬੰਧਿਤ ਵਿਭਾਗਾਂ ਤੋਂ ਨੋਡਲ ਅਫਸਰ ਨਿਯੁਕਤ ਕੀਤੇ ਜਾ ਰਹੇ ਹਨ। ਇਸ ਦਾ ਮੰਤਵ ਪਾਣੀ ਨਾਲ ਸਬੰਧਿਤ ਡਾਟਾ ਇੱਕ ਸਥਾਨ ਤੇ ਇਕੱਠਾ ਕਰਨਾ ਹੈ।

ਪੰਜਾਬ ਵਾਟਰ ਰਿਸੋਰਸਿਜ਼ ਰੈਗੂਲੇਸ਼ਨ ਅਤੇ ਡਿਵੈਲਪਮੈਂਟ ਅਥਾਰਿਟੀ (ਪੀ.ਡਬਲਯੂ.ਆਰ.ਡੀ.ਏ.) ਦੀ ਸਥਾਪਨਾ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਨਿਯਮ) ਐਕਟ, 2020 ਦੀ ਧਾਰਾ 3 ਅਧੀਨ ਕੀਤੀ ਗਈ ਹੈ। PWRDA ਨੂੰ ਨੋਟੀਫਿਕੇਸ਼ਨ ਨੰ: 11/42/2018-PJ-3-598 ਮਿਤੀ 18 ਮਾਰਚ, 2020 ਦੁਆਰਾ ਨੋਟੀਫਾਈ ਕੀਤਾ ਗਿਆ ਸੀ ਜਿਸ ਦੇ ਤਹਿਤ ਅਥਾਰਿਟੀ ਏਕੀਕ੍ਰਿਤ ਰਾਜ ਜਲ ਯੋਜਨਾ (ISWP) ਦੇ ਅਨੁਸਾਰ ਰਾਜ ਵਿੱਚ ਪਾਣੀ ਦੀ ਸੰਭਾਲ, ਪ੍ਰਬੰਧਨ ਅਤੇ ਨਿਯਮ ਨੂੰ ਯਕੀਨੀ ਬਣਾਏਗੀ। ਇਸ ਨੂੰ ਰਾਜ ਦੇ ਸਾਰੇ ਜਲ ਸਰੋਤਾਂ ਦੀ ਸਰਵੋਤਮ ਅਤੇ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਣ ਦੇ ਨਾਲ ਨਾਲ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਅਤੇ ਵਰਤੋਂ ਨਾਲ ਸਬੰਧਤ ਆਮ ਨਿਰਦੇਸ਼ ਜਾਰੀ ਕਰਨ ਦਾ ਵੀ ਅਧਿਕਾਰ ਹੈ। ਭਵਿੱਖ ਵਿੱਚ ਰਾਜ ਦੇ ਜਲ ਸਰੋਤਾਂ ਦੀ ਸੰਭਾਲ ਅਤੇ ਸਥਾਈ ਪ੍ਰਬੰਧਨ 'ਤੇ ਕੰਮ ਕਰਨ ਲਈ ਪੰਜਾਬ ਸਰਕਾਰ ਦੁਆਰਾ ਏਕੀਕ੍ਰਿਤ ਰਾਜ ਜਲ ਯੋਜਨਾ ਤਿਆਰ ਕੀਤੀ ਜਾਵੇਗੀ ਅਤੇ ਇਸ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਪੰਜਾਬ ਸਰਕਾਰ ਨੇ ਇਜ਼ਰਾਇਲ ਦੀ ਮੈਸਰਜ਼ ਮੈਕੋਰੋਟ ਨੈਸ਼ਨਲ ਵਾਟਰ ਕੰਪਨੀ ਦੀਆਂ ਸਿਫਾਰਸ਼ਾਂ ਦੇ ਤਹਿਤ ਜਲ ਕੰਜ਼ਰਵੇਸ਼ਨ ਐਂਡ ਮੈਨੇਜਮੈਂਟ ਮਾਸਟਰ ਪਲਾਨ (WCMMP) ਸਥਾਪਿਤ ਕੀਤਾ ਹੈ। ਜਿਸ ਦੇ ਤਹਿਤ ਪੰਜਾਬ ਰਾਜ ਦੇ ਵੱਖ ਵੱਖ ਹਿੱਸੇਦਾਰ ਵਿਭਾਗਾਂ ਦੇ ਇੱਕ ਕੋਰ ਗਰੁੱਪ ਦਾ ਗਠਨ ਕੀਤਾ ਹੈ ਜੋ ਕਿ ਫਸਲੀ ਵਿਭਿੰਨਤਾ ਅਤੇ ਕੁਸ਼ਲ ਸਿੰਚਾਈ ਯੋਜਨਾ ਨਾਲ ਸਬੰਧਿਤ ਆਰਥਿਕ ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ

[ਜਲ ਸਰੋਤ ਮੰਤਰੀ]

ਯੋਜਨਾਵਾਂ ਨੂੰ ਤਿਆਰ ਕਰਨ ਵਿੱਚ ਸਹਾਇਤਾ ਕਰੇਗਾ। ਅੰਤਿਮ ਦਸਤਾਵੇਜ਼ ਮੁੱਖ ਮੰਤਰੀ, ਪੰਜਾਬ ਦੀ ਅਗਵਾਈ ਵਾਲੀ ਰਾਜ ਜਲ ਪ੍ਰੀਸ਼ਦ ਨੂੰ ਸੌਂਪਿਆ ਜਾਵੇਗਾ। ਇਸ ਕੰਪਨੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ 700 ਮੀਟਰ ਦੀ ਡੂੰਘਾਈ ਤੱਕ ਧਰਤੀ ਹੇਠਲੇ ਪਾਣੀ ਦੀ ਖੋਜ ਦਾ ਕੰਮ ਪੰਜਾਬ ਰਾਜ ਵਿੱਚ 9 ਨੰਬਰ ਸਾਈਟਾਂ/ਸਥਾਨਾਂ 'ਤੇ ਕੀਤਾ ਜਾ ਰਿਹਾ ਹੈ। ਇਸ ਕੰਮ ਲਈ ਚੁਣੀਆਂ ਗਈਆਂ ਸਾਈਟਾਂ ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ (2 ਨੰਬਰ ਸਾਈਟਾਂ) ਪਟਿਆਲਾ ਅਤੇ ਸੰਗਰੂਰ (2 ਨੰਬਰ ਸਾਈਟਾਂ) ਵਿਖੇ ਸਥਿਤ ਹਨ।

192 ਨੰਬਰ ਨਵੇਂ ਚੈੱਕ ਡੈਮ ਸਾਈਟਾਂ ਦੀ ਪਛਾਣ ਕੀਤੀ ਗਈ ਹੈ। ਮਨਰੇਗਾ ਦੀ ਕਾਰਗੁਜ਼ਾਰੀ ਨਾਲ ਪਾਣੀ ਦੀ ਬੰਦੀ ਅਤੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਨਵੇਂ ਚੈੱਕ ਡੈਮ ਬਣਾਏ ਜਾ ਰਹੇ ਹਨ। ਵਿਭਾਗ ਦੇ ਦੋਵਾਂ ਡਰੇਨੇਜ ਅਤੇ ਕੈਨਾਲ ਵਿੰਗ ਆਪਸੀ ਤਾਲਮੇਲ ਨਾਲ ਕੰਮ ਕਰ ਰਹੇ ਹਨ ਅਤੇ ਜਿੱਥੇ ਕਿਤੇ ਵੀ ਨਹਿਰ ਅਤੇ ਡਰੇਨ ਇੱਕ-ਦੂਜੇ ਨੂੰ ਪਾਰ ਕਰਦੇ ਹਨ, ਉਸ ਜਗ੍ਹਾ ਤੇ ਨਹਿਰੀ ਪਾਣੀ ਦੀ ਵਰਤੋਂ ਨਾਲ ਡਰੇਨੇਜ ਨੈਟਵਰਕ ਰਾਹੀਂ ਧਰਤੀ ਦੇ ਹੇਠਲੇ ਪਾਣੀ ਨੂੰ ਘੱਟ ਮੰਗ ਵਾਲੇ ਸਮੇਂ ਦੌਰਾਨ ਰੀਚਾਰਜ ਕੀਤਾ ਜਾਵੇਗਾ।

ਬੁੱਢੇ ਨਾਲੇ ਅਤੇ ਤੁੰਗ ਢਾਬ ਡਰੇਨ ਦੀ ਸਫਾਈ ਲਈ ਅੱਜ ਤੱਕ ਕੋਈ ਵੀ ਕੇਂਦਰੀ ਸਹਾਇਤਾ ਪ੍ਰਾਪਤ ਨਹੀਂ ਹੋਈ ਹਾਲਾਂਕਿ ਦੋਵੇਂ ਡਰੇਨਾਂ ਦੀ ਸਫਾਈ ਹਰ ਸਾਲ ਪੰਜਾਬ ਰਾਜ ਦੇ ਉਪਲਬਧ ਫੰਡਾਂ ਨਾਲ ਕੀਤੀ ਜਾਂਦੀ ਹੈ। ਬੁੱਢੇ ਨਾਲੇ ਤੋਂ ਵੱਡੇ ਨਜਾਇਜ਼ ਕਬਜ਼ੇ ਹਟਾਏ ਜਾ ਰਹੇ ਹਨ। ਜਲ ਸਰੋਤ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਬੁੱਢੇ ਨਾਲੇ ਦੀ ਹੱਦਬੰਦੀ ਲਗਭਗ 59.37 ਕਿਲੋਮੀਟਰ ਦੀ ਲੰਬਾਈ ਵਿੱਚ ਮੁਕੰਮਲ ਕਰ ਲਈ ਗਈ ਹੈ।

ਨਹਿਰਾਂ ਅਤੇ ਡਰੇਨਾਂ ਦੀ ਸਫਾਈ ਨਿਯਮਿਤ ਤੌਰ ਤੇ ਕੀਤੀ ਜਾ ਰਹੀ ਹੈ ਅਤੇ ਹਾਈਸਿੰਥ ਬੂਟੀ ਜੇਕਰ ਕੋਈ ਹੋਵੇ, ਨੂੰ ਹਟਾ ਦਿੱਤਾ ਜਾਂਦਾ ਹੈ ਜਦਕਿ ਸਫਾਈ ਦੇ ਕੰਮ ਵੀ ਮਨਰੇਗਾ ਦੇ ਸਹਿਯੋਗ ਨਾਲ ਕੀਤੇ ਜਾਂਦੇ ਹਨ।

ਵਿੱਤੀ ਸਾਲ 2022-23 ਦੌਰਾਨ ਲਗਭਗ 368 ਕਰੋੜ ਰੁਪਏ ਦੇ ਨਹਿਰਾਂ/ਡਿਸਟ੍ਰੀਬਿਊਟਰੀਆਂ/ਮਾਈਨਰਾਂ ਦੀ ਲਾਈਨਿੰਗ ਦੇ ਕੰਮ ਕੀਤੇ ਗਏ ਹਨ। ਕੰਕਰੀਟ ਲਾਈਨਿੰਗ ਦਾ ਮੁੱਖ ਕੰਮ ਨਹਿਰਾਂ/ਡਿਸਟ੍ਰੀਬਿਊਟਰੀਜ਼/ਮਾਈਨਰਾਂ ਦੇ ਟੇਲਾਂ ਤੇ ਕਿਸਾਨਾਂ ਦੇ ਖੇਤਾਂ ਵਿੱਚ ਉਪਲਬਧ ਕਰਵਾ ਕੇ ਪਾਣੀ ਨੂੰ ਇਸ ਦੇ ਸਰਵੋਤਮ ਪੱਧਰ

ਤੱਕ ਵਰਤਣਾ ਹੈ। ਜ਼ਮੀਨੀ ਪਾਣੀ ਨੂੰ ਰੀਚਾਰਜ ਕਰਨ ਲਈ ਨਹਿਰਾਂ ਦੀਆਂ ਸਾਈਡ ਲਾਈਨਾਂ ਦੀ ਕੰਕਰੀਟ ਲਾਈਨਿੰਗ ਕੀਤੀ ਜਾਂਦੀ ਹੈ ਅਤੇ ਬੈੱਡ ਨੂੰ ਕੱਚਾ ਰੱਖਿਆ ਜਾਂਦਾ ਹੈ ਜੋ ਕਿ ਨਹਿਰਾਂ/ਡਿਸਟੀਬਿਊਟਰੀਜ਼/ਮਾਈਨਰਾਂ ਦੇ ਟੁੱਟਣ ਤੋਂ ਵੀ ਬਚਾਉਂਦੀ ਹੈ। ਭਾਰਤ ਸਰਕਾਰ ਦੀ ਅਮਰਿਤ ਸਰੋਵਰ ਸਕੀਮ ਅਧੀਨ ਰੀਚਾਰਜਿੰਗ ਢਾਂਚੇ ਦਾ ਨਿਰਮਾਣ ਵਿਚਾਰ ਅਧੀਨ ਹੈ।

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਸਥਾਨਕ ਸਰਕਾਰਾਂ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਜਲ ਸਰੋਤ ਵਿਭਾਗ ਦੁਆਰਾ ਨਹਿਰੀ ਪਾਣੀ ਦੀ ਪੀਣ ਲਈ ਉਪਲਬਧਤਾ ਦੀ ਸੰਭਾਵਨਾ ਦਾ ਅਧਿਐਨ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਅਤੇ ਲੁਧਿਆਣਾ ਜ਼ਿਲ੍ਹਾ ਦੇ ਸ਼ਹਿਰਾਂ ਲਈ 24×7 ਪੀਣ ਵਾਲੇ ਪਾਣੀ ਦੀ ਸਪਲਾਈ ਸਕੀਮ ਦਾ ਪ੍ਰੋਜੈਕਟ ਵਿਚਾਰ ਅਧੀਨ ਹੈ। ਨਹਿਰਾਂ ਦੇ ਕੰਢੇ ਤੇ ਜੰਗਲਾਤ ਨੂੰ ਵਧਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਨਹਿਰੀ ਪਾਣੀ ਦੀ ਕਿਸੇ ਵੀ ਚੋਰੀ ਦੇ ਮਾਮਲੇ ਵਿੱਚ, ਡਿਫਾਲਟਰਾਂ ਵਿਰੁੱਧ ਧਾਰਾ 70 ਅਧੀਨ ਨਹਿਰੀ ਅਤੇ ਡਰੇਨੇਜ ਐਕਟ, 1873 ਦੇ ਤਹਿਤ ਦੰਡਕਾਰੀ ਕਾਰਵਾਈ ਕੀਤੀ ਜਾਂਦੀ ਹੈ।

ਸੂਖਮ ਸਿੰਚਾਈ ਸਕੀਮ ਵਿੱਚ ਵੱਖਰੀਆਂ ਸਕੀਮਾਂ ਤੋਂ ਰਾਸ਼ੀ ਉਪਲਬਧ ਹੁੰਦੀ ਹੈ, ਜਿਸ ਨਾਲ ਪਹਿਲਾਂ ਫੰਡਜ਼ ਖਰਚਣ ਵਿੱਚ ਮੁਸ਼ਕਲ ਆਉਂਦੀ ਸੀ ਪਰ ਹੁਣ ਇਸ ਮੁਸ਼ਕਲ ਨੂੰ ਦੂਰ ਕਰ ਦਿੱਤਾ ਗਿਆ ਹੈ। ਅਗਲੇ 5 ਸਾਲਾਂ ਵਿੱਚ 20,000 ਹੈਕਟੇਅਰ ਰਕਬਾ ਕਵਰ ਕਰਨ ਦਾ ਟੀਚਾ ਹੈ।

ਪੀ.ਡੀ.ਏ., ਪਟਿਆਲਾ ਵਿਖੇ ਲੱਗੇ 13 ਐਮ.ਐਲ.ਡੀ., ਗਲਾਡਾ ਵਿਖੇ 2.6 ਐਮ.ਐਲ.ਡੀ. ਅਤੇ ਪੁੱਡਾ ਵਿਖੇ ਲੱਗੇ 2 ਐਮ.ਐਲ.ਡੀ. ਸਮਰੱਥਾ ਦੇ ਐਸ.ਟੀ.ਪੀ. ਵੱਲੋਂ ਸੋਧੇ ਪਾਣੀ ਦੀ ਵਰਤੋਂ ਬਾਗਬਾਨੀ, ਫਲਸ਼ਿੰਗ, ਉਸਾਰੀ ਅਤੇ ਖੇਤੀਬਾੜੀ ਲਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਗਮਾਡਾ ਵਿਖੇ ਇਕੋਸਿਟੀ-1, ਇਕੋਸਿਟੀ-2, ਮੈਡੀਸਿਟੀ, ਐਰੋਸਿਟੀ ਅਤੇ ਆਈ.ਈ. ਸਿਟੀ ਵਿਖੇ ਐਸ.ਟੀ.ਪੀਜ਼ ਦੇ ਸੋਧੇ ਪਾਣੀ ਨੂੰ ਵਰਤਣ ਲਈ ਵੱਖਰੇ ਤੌਰ ਤੇ ਪਾਈਪ ਲਾਈਨ ਨੈੱਟਵਰਕ ਵਿਛਾਇਆ ਗਿਆ ਹੈ।

ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾਉਣ ਲਈ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 1500/- ਰੁਪਏ ਮਾਲੀ ਮਦਦ ਰਾਸ਼ੀ ਦੇਣ ਲਈ ਨੋਟੀਫਿਕੇਸ਼ਨ ਨੰ. 8/19/2006-ਖਬ2(6)/6127 ਮਿਤੀ 24.05.2022 ਜਾਰੀ ਕੀਤਾ ਗਿਆ ਸੀ, ਜਿਸ ਉਪਰੰਤ ਖੇਤੀਬਾੜੀ ਵਿਭਾਗ

ਵੱਲੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮਿਲ ਕੇ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵਧਾਉਣ ਲਈ ਉਤਸ਼ਾਹਿਤ ਕੀਤਾ ਗਿਆ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਵੇਸਟ ਵਾਟਰ ਸਟੈਬਲਾਈਜ਼ੇਸ਼ਨ ਪੌਂਡ ਤਕਨੀਕ ਤੇ ਆਧਾਰਿਤ ਥਾਪਰ ਇੰਜੀਨੀਅਰਿੰਗ ਕਾਲਜ, ਪਟਿਆਲਾ ਪਾਸੋਂ ਇਸ ਸਬੰਧੀ ਅਧਿਐਨ ਕਰਵਾਉਣ ਉਪਰੰਤ ਛੱਪੜਾਂ ਦੇ ਨਵੀਨੀਕਰਨ ਲਈ ਥਾਪਰ ਮਾਡਲ ਨੂੰ ਅਪਣਾਇਆ ਜਾ ਰਿਹਾ ਹੈ।

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਸਥਾਨਕ ਸਰਕਾਰਾਂ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਜਲ ਸਰੋਤ ਵਿਭਾਗ ਦੁਆਰਾ ਨਹਿਰੀ ਪਾਣੀ ਦੀ ਪੀਣ ਲਈ ਉਪਲਬਧਤਾ ਦੀ ਸੰਭਾਵਨਾ ਦਾ ਅਧਿਐਨ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਅਤੇ ਲੁਧਿਆਣਾ ਜ਼ਿਲ੍ਹਾ ਦੇ ਸ਼ਹਿਰਾਂ ਲਈ 24×7 ਪੀਣ ਵਾਲੇ ਪਾਣੀ ਦੀ ਸਪਲਾਈ ਸਕੀਮ ਦਾ ਪ੍ਰੋਜੈਕਟ ਵਿਚਾਰ ਅਧੀਨ ਹੈ। ਨਹਿਰਾਂ ਦੇ ਕੰਢੇ ਤੇ ਜੰਗਲਾਤ ਨੂੰ ਵਧਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਇਹ ਯਕੀਨੀ ਬਣਾਉਣ ਲਈ ਕਿ ਪੀ.ਪੀ.ਸੀ.ਬੀ. ਅਤੇ ਡੀ.ਡਬਲਯੂ.ਐਸ.ਐਸ. ਦੁਆਰਾ ਨਿਯਮਤ ਤੌਰ ਤੇ ਸਪਲਾਈ ਕੀਤੇ ਜਾਣ ਵਾਲੇ ਪਾਣੀ ਦੇ ਨਮੂਨੇ ਇਕੱਠੇ ਕੀਤੇ ਅਤੇ ਟੈਸਟ ਕੀਤੇ ਜਾ ਰਹੇ ਹਨ।

ਵਣ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਵਿੱਚ ਸਹਾਈ ਹੁੰਦੇ ਹਨ। ਵਾਤਾਵਰਨ ਨੂੰ ਸ਼ੁੱਧ ਕਰਨ ਅਤੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੇ ਮੰਤਵ ਲਈ ਵਣ ਵਿਭਾਗ ਵੱਲੋਂ ਸੂਬੇ ਵਿੱਚ ਸਾਲ 2021-22 ਦੌਰਾਨ ਕੁੱਲ 66.17 ਲੱਖ ਅਤੇ ਸਾਲ 2022-23 ਦੌਰਾਨ ਹੁਣ ਤੱਕ ਵਿਭਾਗ ਵੱਲੋਂ 54.33 ਲੱਖ ਬੂਟੇ ਲਗਾਏ ਗਏ ਹਨ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪਲਾਂਟੇਸ਼ਨ ਤੋਂ ਇਲਾਵਾ ਸਾਲ 2022-23 ਦੌਰਾਨ ਹੁਣ ਤੱਕ ਸ਼ਹੀਦ-ਏ-ਆਜ਼ਮ ਭਗਤ ਸਿੰਘ ਹਰਿਆਵਲ ਲਹਿਰ ਤਹਿਤ ਵੱਖ ਵੱਖ ਸਰਕਾਰੀ/ਗੈਰ ਸਰਕਾਰੀ ਸੰਸਥਾਵਾਂ ਅਤੇ ਆਮ ਜਨਤਾ ਨੂੰ ਵੀ ਕੁੱਲ 76.27 ਲੱਖ ਬੂਟੇ ਮੁਫਤ ਵੰਡੇ ਗਏ ਹਨ।

ਪੰਜਾਬ ਸਟੇਟ ਕੌਂਸਲ ਫਾਰ ਵਾਟਰ ਮੈਨੇਜਮੈਂਟ ਐਂਡ ਡਿਵੈਲਪਮੈਂਟ ਦਾ ਗਠਨ ਪੰਜਾਬ ਵਾਟਰ ਰਿਸੋਰਸਿਜ (ਮੈਨੇਜਮੈਂਟ ਐਂਡ ਰੈਗੂਲੇਸ਼ਨ) ਐਕਟ, 2020 ਦੇ ਤਹਿਤ ਮਾਨਯੋਗ ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਹੇਠ ਕੀਤਾ ਗਿਆ ਹੈ, ਜਿਸ ਵਿੱਚ ਵੱਖ

ਵੱਖ ਮੰਤਰੀ ਸ਼ਾਮਲ ਹਨ, ਜਿਨ੍ਹਾਂ ਕੋਲ ਨੀਤੀ, ਸੰਭਾਲ ਲਈ ਵੱਖ ਵੱਖ ਵਿਭਾਗਾਂ ਦੇ ਪੋਰਟਫੋਲੀਓ ਹਨ ਜੋ ਕਿ ਪਾਣੀ ਦੀ ਵਰਤੋਂ ਦੀ ਨੀਤੀ, ਸਰਕਾਰ ਦੁਆਰਾ ਤਿਆਰ ਕੀਤੀ ਜਾਣ ਵਾਲੀ ਏਕੀਕ੍ਰਿਤ ਰਾਜ ਜਲ ਸਰੋਤ ਦੀ ਸਮੀਖਿਆ ਜਾਂ ਸੋਧ ਅਤੇ ਪ੍ਰਵਾਨਗੀ ਦੇਣ ਲਈ ਸਮਰੱਥ ਹਨ।

------

## ਖਿਡਾਰੀਆਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਵਿੱਚ ਵਾਧਾ ਕਰਨਾ

**143. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਸਰਕਾਰ ਵੱਲੋਂ ਕਿਸ ਕਿਸ ਪੱਧਰ ਦੇ ਖਿਡਾਰੀਆਂ ਨੂੰ ਕਿੰਨੀ ਕਿੰਨੀ ਪੈਨਸ਼ਨ ਦਿੱਤੀ ਜਾਂਦੀ ਹੈ, ਪਿਛਲੇ ਕਿੰਨੇ ਸਮੇਂ ਤੋਂ ਪੈਨਸ਼ਨ ਦੇਣਾ ਪੈਂਡਿੰਗ ਹੈ ਅਤੇ ਇਨ੍ਹਾਂ ਸਾਰੇ ਲਾਭਪਾਤਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਸਮੇਂ ਸਿਰ ਨਾ ਕਰਨ ਦੇ ਕੀ ਕਾਰਨ ਹਨ ਅਤੇ ਕਦੋਂ ਤੱਕ ਇਨ੍ਹਾਂ ਖਿਡਾਰੀਆਂ ਨੂੰ ਪੈਨਸ਼ਨ ਦੀ ਅਦਾਇਗੀ ਕਰ ਦਿੱਤੀ ਜਾਵੇਗੀ;

(ਅ) ਕੀ ਅਜੋਕੀ ਮਹਿੰਗਾਈ ਦੇ ਮੱਦੇਨਜ਼ਰ ਖਿਡਾਰੀਆਂ ਨੂੰ ਮੌਜੂਦਾ ਦਿੱਤੀ ਜਾ ਰਹੀ ਪ੍ਰਤੀ ਮਹੀਨਾ ਪੈਨਸ਼ਨ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ:** ਸ਼੍ਰੀਮਾਨ ਜੀ, (ੳ) ਰਾਜ ਸਰਕਾਰ ਵੱਲੋਂ ਵੱਖ ਵੱਖ ਪੱਧਰ ਤੇ ਰਾਜ ਦੇ ਵੈਟਰਨ ਖਿਡਾਰੀਆਂ ਨੂੰ ਹੇਠ ਲਿਖੇ ਅਨੁਸਾਰ ਪੈਨਸ਼ਨ ਦਿੱਤੀ ਜਾਂਦੀ ਹੈ:

1. ਉਲੰਪਿਕ ਖੇਡਾਂ ਵਿੱਚ ਤਗਮਾ ਜੇਤੂ ਵੈਟਰਨ ਖਿਡਾਰੀਆਂ ਨੂੰ15,000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ।

2. ਏਸ਼ੀਅਨ ਗੇਮਜ਼ ਕਾਮਨਵੈਲਥ ਗੇਮਜ਼, ਵਰਲਡ ਚੈਂਪੀਅਨਸ਼ਿਪ (4 ਸਾਲਾਂ ਵਿੱਚ ਇਕ ਵਾਰ ਆਯੋਜਿਤ) ਵਿੱਚ ਤਗਮਾ ਜੇਤੂ ਖਿਡਾਰੀਆਂ ਨੂੰ 7,500/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ।

3. ਰਾਸ਼ਟਰੀ ਗੇਮਜ਼ ਵਿੱਚ ਪਿਛਲੀਆਂ ਪੰਜ ਰਾਸ਼ਟਰੀ ਖੇਡਾਂ ਵਿੱਚ ਘੱਟ ਘੱਟ 2 ਤਗਮਾ ਜੇਤੂ ਖਿਡਾਰੀਆਂ ਨੂੰ 5000/-ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਂਦੀ ਹੈ।

ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਵੈਟਰਨ ਖਿਡਾਰੀ/ਖਿਡਾਰਨਾਂ ਜਿਹੜੇ ਕਿ ਸਾਲ 2018 ਦੀ ਪਾਲਿਸੀ ਵਿੱਚ ਕਵਰ ਨਹੀਂ ਹੁੰਦੇ, ਉਨ੍ਹਾਂ ਵੈਟਰਨ ਖਿਡਾਰੀਆਂ ਨੂੰ ਪਹਿਲਾਂ ਅਧਿਸੂਚਿਤ ਕੀਤੀਆਂ ਗਈਆਂ ਪੁਰਾਣੀ ਸਪੋਰਟਸ ਪਾਲਿਸੀ ਅਧੀਨ ਪੈਨਸ਼ਨ ਦਿੱਤੀ ਜਾ ਰਹੀ ਹੈ। ਉਨ੍ਹਾਂ ਖਿਡਾਰੀਆਂ ਨੂੰ ਉਲੰਪਿਕ ਖੇਡਾਂ ਅਤੇ ਵਰਲਡ ਚੈਂਪੀਅਨਸ਼ਿਪ ਵਿੱਚ ਤਗਮਾ ਜੇਤੂ ਖਿਡਾਰੀਆਂ ਨੂੰ 5000/- ਰੁਪਏ, ਏਸ਼ੀਅਨ ਗੇਮਜ਼ ਕਾਮਨਵੈਲਥ ਗੇਮਜ਼, ਵਿੱਚ ਤਗਮਾ ਜੇਤੂ ਖਿਡਾਰੀਆਂ ਨੂੰ 2500/- ਰੁਪਏ, ਉਲੰਪਿਕ ਖੇਡਾਂ, ਆਫੀਸ਼ੀਅਲ ਵਰਲਡ ਕੱਪ, ਡੇਵਿਸ ਕੱਪ, ਟੈਨਿਸ, ਟੈਸਟ ਮੈਚ/ਇੱਕ ਰੋਜ਼ਾ ਇੰਟਰਨੈਸ਼ਨਲ ਕ੍ਰਿਕਟ ਪੱਧਰ ਤੇ ਪਾਰਟੀਸੀਪੇਟ ਖਿਡਾਰੀਆਂ ਨੂੰ 1000/- ਰੁਪਏ ਅਤੇ ਕਾਮਨਵੈਲਥ ਗੇਮਜ਼, ਏਸ਼ੀਅਨ ਗੇਮਜ਼ ਵਿੱਚ ਪਾਰਟੀਸੀਪੇਟ ਖਿਡਾਰੀਆਂ ਨੂੰ 600/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ।

ਵੈਟਰਨ ਖਿਡਾਰੀਆਂ ਨੂੰ ਵਿੱਤੀ ਸਾਲ ਖਤਮ ਹੋਣ ਉਪੰਰਤ ਪੈਨਸ਼ਨ ਦੀ ਅਦਾਇਗੀ ਕੀਤੀ ਜਾਂਦੀ ਹੈ। ਸਾਲ 2021-22 ਦੇ ਸਮੇਂ ਦੀ 108 ਵੈਟਰਨ ਖਿਡਾਰੀਆਂ ਨੂੰ ਪੈਨਸ਼ਨ ਦਿੱਤੀ ਜਾ ਰਹੀ ਹੈ ਜਿਨ੍ਹਾਂ ਵਿਚੋਂ 14 ਵੈਟਰਨ ਖਿਡਾਰੀਆਂ ਵੱਲੋਂ ਜੀਵਿਤ ਸਰਟੀਫਿਕੇਟ ਦਫਤਰ ਵਿਖੇ ਨਾ ਭੇਜਣ ਕਾਰਣ ਪੈਨਸ਼ਨ ਪੈਂਡਿੰਗ ਹੈ, ਇਨ੍ਹਾਂ ਵੈਟਰਨ ਖਿਡਾਰੀਆਂ ਵੱਲੋਂ ਜੀਵਿਤ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਪੈਨਸ਼ਨ ਦੀ ਅਦਾਇਗੀ ਤੁਰੰਤ ਕਰ ਦਿੱਤੀ ਜਾਵੇਗੀ। ਵਿੱਤੀ ਸਾਲ 2022-2023 ਦੀ ਪੈਨਸ਼ਨ ਦੀ ਅਦਾਇਗੀ ਅਪ੍ਰੈਲ, 2023 ਤੋਂ ਕੀਤੀ ਜਾਵੇਗੀ।

(ਅ) ਰਾਜ ਸਰਕਾਰ ਵੱਲੋਂ ਜਲਦ ਹੀ ਨਵੀਂ ਖੇਡ ਨੀਤੀ-2023 ਤਿਆਰ ਕੀਤੀ ਜਾ ਰਹੀ ਹੈ, ਜਿਸ ਵਿੱਚ ਖਿਡਾਰੀਆਂ ਦੀ ਪ੍ਰਤੀ ਮਹੀਨਾ ਪੈਨਸ਼ਨ ਵਿੱਚ ਵਾਧਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

----

## ਲੋਕ ਨਿਰਮਾਣ ਵਿਭਾਗ ਦੀਆਂ ਖਤਮ ਕੀਤੀਆਂ ਅਸਾਮੀਆਂ ਦੇ ਵੇਰਵੇ

**156. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਲੋਕ ਨਿਰਮਾਣ (ਭ ਤੇ ਮ)

ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਲੋਕ ਨਿਰਮਾਣ ਵਿਭਾਗ ਨੇ ਸਾਲ, 2017 ਤੋਂ ਜੂਨ 2022 ਤੱਕ ਗਰੁੱਪ-ਬੀ ਦੀਆਂ 133, ਦਰਜਾ ਤਿੰਨ ਦੀਆਂ ਤਕਰੀਬਨ 528 ਅਤੇ ਦਰਜਾ ਚਾਰ ਦੀਆਂ ਤਕਰੀਬਨ 2314 ਮਨਜ਼ੂਰਸ਼ੁਦਾ ਅਸਾਮੀਆਂ ਖਤਮ ਕਰ ਦਿੱਤੀਆਂ ਸਨ, ਜੇਕਰ ਹਾਂ ਤਾਂ ਅਜਿਹਾ ਕਰਨ ਦੇ ਕੀ ਕਾਰਨ ਹਨ;

(ਅ) ਕੀ ਉਪਰੋਕਤ ਅਸਾਮੀਆਂ ਦੀ ਥਾਂ ਤੇ ਇਸੇ ਦਰਜੇ ਦੀਆਂ ਹੋਰ ਨਵੀਆਂ ਅਸਾਮੀਆਂ ਸਿਰਜ ਕੇ ਰੈਗੂਲਰ ਭਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** (ੳ) ਹਾਂ ਜੀ, ਵਿਭਾਗ ਦੇ ਪੁਨਰਗਠਨ ਕਰਕੇ ਇਹ ਅਸਾਮੀਆਂ ਖਤਮ ਕੀਤੀਆਂ ਗਈਆਂ ਸਨ।

(ਅ) ਹਾਂ ਜੀ, ਵਿਭਾਗ ਦੇ ਪੁਨਰਗਠਨ ਮੁਤਾਬਿਕ 303 ਅਸਾਮੀਆਂ ਦੀ ਸਿਰਜਣਾ ਕੀਤੀ ਗਈ ਹੈ, ਜਿਨ੍ਹਾਂ ਵਿਰੁੱਧ 123 ਅਸਾਮੀਆਂ ਭਰ ਲਈਆਂ ਗਈਆਂ ਹਨ ਅਤੇ 63 ਉਮੀਦਵਾਰਾਂ ਦੀਆਂ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਪਾਸੋਂ ਸਿਫਾਰਸ਼ਾਂ ਪ੍ਰਾਪਤ ਹੋਈਆਂ ਹਨ। ਬਾਕੀ ਰਹਿੰਦੀਆਂ ਨਵੀਆਂ ਸਿਰਜਤ ਕੀਤੀਆਂ ਅਸਾਮੀਆਂ ਦੇ ਵਿਭਾਗੀ ਨਿਯਮ ਸਰਕਾਰ ਦੇ ਵਿਚਾਰ ਅਧੀਨ ਹਨ। ਨਿਯਮਾਂ ਦੀ ਨੋਟੀਫਿਕੇਸ਼ਨ ਹੋਣ ਉਪਰੰਤ ਅਗਲੇਰੀ ਕਾਰਵਾਈ ਅਰੰਭ ਲਈ ਜਾਵੇਗੀ।

------

## ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੀਆਂ ਖਤਮ ਕੀਤੀਆਂ ਅਸਾਮੀਆਂ ਦੇ ਵੇਰਵੇ

**157. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੇ ਸਾਲ 2017 ਤੋਂ ਜੂਨ, 2022 ਤੱਕ ਗਰੁੱਪ-ਬੀ ਦੀਆਂ 139, ਦਰਜਾ ਤਿੰਨ ਦੀਆਂ ਤਕਰੀਬਨ 129 ਅਤੇ ਦਰਜਾ ਚਾਰ ਦੀਆਂ ਤਕਰੀਬਨ 282 ਮਨਜ਼ੂਰਸ਼ੁਦਾ ਅਸਾਮੀਆਂ ਖਤਮ ਕਰ ਦਿੱਤੀਆਂ ਸਨ, ਜੇਕਰ ਹਾਂ ਤਾਂ

ਅਜਿਹਾ ਕਰਨ ਦੇ ਕੀ ਕਾਰਨ ਹਨ;

(ਅ) ਕੀ ਉਪਰੋਕਤ ਅਸਾਮੀਆਂ ਦੀ ਥਾਂ ਤੇ ਇਸੇ ਦਰਜੇ ਦੀਆਂ ਹੋਰ ਨਵੀਆਂ ਅਸਾਮੀਆਂ ਸਿਰਜ ਕੇ ਰੈਗੂਲਰ ਭਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਜੀਤ ਕੌਰ:** ਸ਼੍ਰੀਮਾਨ ਜੀ,(ੳ) ਇਹ ਠੀਕ ਹੈ ਕਿ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੀ ਰੀ-ਸਟਰਕਚਰਿੰਗ ਸਬੰਧੀ ਆਫੀਸਰ ਕਮੇਟੀ ਦੀਆਂ ਸਿਫਾਰਸ਼ਾਂ ਦੇ ਅਧਾਰ ਤੇ ਮੰਤਰੀ ਮੰਡਲ ਵੱਲੋਂ ਮਿਤੀ 05.03.2021 ਨੂੰ ਲਏ ਗਏ ਫੈਸਲੇ ਅਨੁਸਾਰ ਕੁਝ ਅਸਾਮੀਆਂ ਹੇਠ ਲਿਖੇ ਵੇਰਵੇ ਅਨੁਸਾਰ ਸਰੰਡਰ ਕੀਤੀਆਂ ਗਈਆਂ ਹਨ:-

| | | |
|---|---|---|
| ਗਰੁੱਪ-ਬੀ | 14 | |
| ਗਰੁੱਪ-ਸੀ | 139 | ਕੁੱਲ 153 |
| ਗਰੁੱਪ-ਡੀ | 0 | |

(ਅ) ਹਾਂ ਜੀ। ਸਰੰਡਰ ਕੀਤੀਆਂ ਗਈਆਂ ਅਸਾਮੀਆਂ ਦੇ ਇਵਜ਼ ਵਿੱਚ ਹੇਠ ਲਿਖੀਆਂ ਅਸਾਮੀਆਂ ਦੀ ਸਿਰਜਣਾ ਕੀਤੀ ਗਈ:-

| | | |
|---|---|---|
| ਗਰੁੱਪ-ਬੀ | ਸੈਕਸ਼ਨ ਅਫਸਰ (22) | ਕੁੱਲ 52 |
| | ਸੁਪਰਡੰਟ (16) | |
| | ਤਹਿਸੀਲ ਭਲਾਈ ਅਫਸਰ (14) | |
| ਗਰੁੱਪ-ਸੀ | ਆਈ.ਟੀ. ਕਲਰਕ ਕਮ ਡਾਟਾ ਐਂਟਰੀ ਓਪਰੇਟਰ (25) | ਕੁੱਲ 95 |
| | ਲਾਅ ਕਲਰਕ (10) | |
| | ਕਲਰਕ ਕਮ ਡਾਟਾ ਐਂਟਰੀ ਓਪਰੇਟਰ (60) | |
| ਗਰੁੱਪ-ਡੀ | 0 | 0 |

ਇਨ੍ਹਾਂ ਅਸਾਮੀਆਂ ਦੇ ਵਿਭਾਗੀ ਨਿਯਮ ਬਣਾਉਣ ਦੀ ਕਾਰਵਾਈ ਵਿਚਾਰ ਅਧੀਨ ਹੈ ਜਦੋਂ ਵਿਭਾਗੀ ਨਿਯਮ ਨੋਟੀਫਾਈ ਹੋ ਗਏ ਉਦੋਂ ਇਨ੍ਹਾਂ ਅਸਾਮੀਆਂ ਨੂੰ ਭਰਨ ਦੀ ਕਾਰਵਾਈ ਅਰੰਭੀ ਜਾਵੇਗੀ।

-----

## ਪਿੰਡਾਂ ਦੀਆਂ ਲਿੰਕ ਸੜਕਾਂ ਤੇ ਕਿਨਾਰੇ ਦਰੱਖਤ ਲਗਾਉਣ ਦੀ ਜ਼ਿੰਮੇਵਾਰੀ ਵਣ ਵਿਭਾਗ ਨੂੰ ਦੇਣਾ

**144. ਸਰਦਾਰ ਜਸਵੰਤ ਸਿੰਘ ਗੱਜਣਮਾਜਰਾ:** ਕੀ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡਾਂ ਦੀਆਂ ਲਿੰਕ ਸੜਕਾਂ ਤੇ ਕਿਨਾਰੇ ਤੇ ਦਰੱਖਤ ਲਗਾਉਣ ਦੀ ਜ਼ਿੰਮੇਵਾਰੀ ਪਿੰਡਾਂ ਦੀ ਪੰਚਾਇਤਾਂ ਦੀ ਹੈ ਪਰ ਉਨ੍ਹਾਂ ਕੋਲ ਦੇਖਭਾਲ ਨਹੀਂ ਹੁੰਦੀ; ਜੇਕਰ ਅਜਿਹਾ ਹੋਵੇ ਤਾਂ ਕੀ ਇਹ ਜ਼ਿੰਮੇਵਾਰੀ ਵਣ-ਵਿਭਾਗ ਨੂੰ ਦੇਣ ਦੀ ਕੋਈ ਤਜਵੀਜ਼ ਹੈ?

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਸ਼੍ਰੀਮਾਨ ਜੀ, ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 30 (VI)(ੳ) ਦੇ ਅਨੁਸਾਰ ਸੜਕਾਂ ਦੇ ਦੋਹੀਂ ਪਾਸੀਂ ਰੁੱਖ ਲਗਾਉਣੇ ਤੇ ਉਨ੍ਹਾਂ ਦੀ ਦੇਖਭਾਲ ਕਰਨੀ ਗਰਾਮ ਪੰਚਾਇਤ ਦੇ ਕੰਮਾਂ ਵਿੱਚ ਸ਼ਾਮਲ ਹੈ ਅਤੇ ਇਹ ਵੀ ਠੀਕ ਹੈ ਕਿ ਕਈ ਗਰਾਮ ਪੰਚਾਇਤਾਂ ਕੋਲ ਇਨ੍ਹਾਂ ਦਰੱਖਤਾਂ ਦੀ ਦੇਖਭਾਲ ਲਈ ਲੋੜੀਂਦੇ ਵਿੱਤੀ ਸਾਧਨ ਉਪਲਬਧ ਨਹੀਂ ਹੁੰਦੇ ਅਤੇ ਮਗਨਰੇਗਾ ਸਕੀਮ ਤਹਿਤ ਫੰਡਾਂ ਨੂੰ ਵਰਤਦੇ ਹੋਏ ਇਨ੍ਹਾਂ ਦੀ ਦੇਖਭਾਲ ਕੀਤੀ ਜਾਂਦੀ ਹੈ। ਇਨ੍ਹਾਂ ਦਰੱਖਤਾਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਵਣ ਵਿਭਾਗ ਨੂੰ ਦੇਣ ਦੀ ਕੋਈ ਤਜਵੀਜ਼ ਨਹੀਂ ਹੈ ਜੀ।

-----

## ਹਲਕਾ ਚੱਬੇਵਾਲ ਦੇ ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ ਸਕੂਲਾਂ ਦੇ ਵੇਰਵੇ

**149. ਡਾਕਟਰ ਰਾਜ ਕੁਮਾਰ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਚੱਬੇਵਾਲ ਵਿੱਚ ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ ਦੇ ਕਿੰਨੇ ਸਕੂਲ ਹਨ ਅਤੇ ਇਨ੍ਹਾਂ ਸਕੂਲਾਂ ਵਿੱਚ ਕੁੱਲ ਕਿੰਨੀਆਂ ਅਧਿਆਪਕਾਂ ਅਤੇ ਐਡਮਨਿਸਟ੍ਰੇਸ਼ਨ ਦੀਆਂ ਪੋਸਟਾਂ ਹਨ;

[ਡਾਕਟਰ ਰਾਜ ਕੁਮਾਰ]

(ਅ) ਇਨ੍ਹਾਂ ਪੋਸਟਾਂ ਵਿੱਚੋਂ ਕਿੰਨੀਆਂ ਖਾਲੀ ਹਨ ਅਤੇ ਇਨ੍ਹਾਂ ਨੂੰ ਭਰਨ ਦੀ ਕੀ ਨੀਤੀ ਹੈ, ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਹਰਜੋਤ ਸਿੰਘ ਬੈਂਸ:** ਸ਼੍ਰੀਮਾਨ ਜੀ, (ੳ) ਹਲਕਾ ਚੱਬੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪੈਂਦੇ ਐਲੀਮੈਂਟਰੀ ਸਕੂਲਾਂ ਦੀ ਗਿਣਤੀ 168 ਹੈ। ਸੈਕੰਡਰੀ ਸਿੱਖਿਆ ਦੇ ਸਕੂਲਾਂ ਵਿੱਚੋਂ ਮਿਡਲ ਸਕੂਲਾਂ ਦੀ ਗਿਣਤੀ 30, ਹਾਈ ਸਕੂਲਾਂ ਦੀ ਗਿਣਤੀ 24 ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ 19 ਹੈ। ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 1029 ਹੈ ਅਤੇ ਐਡਮਨਿਸਟ੍ਰੇਸ਼ਨ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ 62 ਹੈ।

(ਅ) ਇਨ੍ਹਾਂ ਪੋਸਟਾਂ ਵਿੱਚੋਂ 373 ਪੋਸਟਾਂ ਖਾਲੀ ਹਨ। ਇਹ ਖਾਲੀ ਪੋਸਟਾਂ ਸਿੱਧੀ ਭਰਤੀ, ਪਦਉੱਨਤੀਆਂ ਅਤੇ ਬਦਲੀਆਂ ਰਾਹੀਂ ਭਰੀਆਂ ਜਾਣਗੀਆਂ।

------

## ਜ਼ਿਲ੍ਹਾ ਹੈੱਡ ਕੁਆਰਟਰਾਂ ਤੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਲਗਾਉਣਾ

**173. ਡਾਕਟਰ ਨਛੱਤਰ ਪਾਲ :** ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਰਾਜ ਦੇ ਕਿੰਨੇ ਜ਼ਿਲ੍ਹਾ ਹੈੱਡ ਕੁਆਰਟਰ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਲੱਗੇ ਹੋਏ ਹਨ ਅਤੇ ਬਾਕੀ ਰਹਿੰਦੇ ਜ਼ਿਲ੍ਹਾ ਹੈੱਡ ਕੁਆਰਟਰਜ਼ ਤੇ ਸਰਕਾਰ ਵੱਲੋਂ ਬੁੱਤ ਕਦੋਂ ਤੱਕ ਲਗਾ ਦਿੱਤੇ ਜਾਣਗੇ;

(ਅ) ਕੀ ਸਰਕਾਰ ਰਾਜ ਵਿੱਚ ਸਬ-ਡਵੀਜ਼ਨ ਪੱਧਰ ਤੇ ਵੀ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਲਗਾਉਣ ਬਾਰੇ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ,ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਜੀਤ ਕੌਰ:** ਸ਼੍ਰੀਮਾਨ ਜੀ, (ੳ) ਰਾਜ ਦੇ 20 ਜ਼ਿਲ੍ਹਾ ਹੈੱਡ ਕੁਆਰਟਰਾਂ ਤੇ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਲੱਗੇ ਹੋਏ ਹਨ। ਜ਼ਿਲ੍ਹਾ ਅੰਮ੍ਰਿਤਸਰ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਜਗ੍ਹਾ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮਲੇਰਕੋਟਲਾ ਇਕ ਨਵਾਂ ਜ਼ਿਲ੍ਹਾ ਹੋਣ ਕਰਕੇ ਬਾਬਾ ਸਾਹਿਬ ਜੀ ਦਾ ਬੁੱਤ ਲਗਾਉਣਾ ਬਾਕੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿੱਚ ਬੁੱਤ

ਲਗਾਉਣ ਸਬੰਧੀ ਜਲਦੀ ਹੀ ਕਾਰਵਾਈ ਕੀਤੀ ਜਾਵੇਗੀ।

(ਅ) ਨਹੀਂ ਜੀ।

------

## ਸਾਲ 2022 ਅਤੇ 2023 ਹੁਣ ਤੱਕ ਐਚ.ਆਈ.ਵੀ. ਪਾਜ਼ੇਟਿਵ ਪੁਰਸ਼ਾਂ ਅਤੇ ਔਰਤਾਂ ਦੇ ਰਜਿਸਟਰਡ ਕੇਸਾਂ ਦੇ ਵੇਰਵੇ

**174. ਡਾਕਟਰ ਨਛੱਤਰ ਪਾਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿੱਚ ਸਾਲ 2022 ਅਤੇ 2023 ਵਿੱਚ ਹੁਣ ਤੱਕ ਸਰਕਾਰ ਵੱਲੋਂ ਐਚ.ਆਈ.ਵੀ. ਪਾਜ਼ੇਟਿਵ ਦੇ ਜ਼ਿਲ੍ਹਾਵਾਰ ਰਜਿਸਟਰਡ ਕੀਤੇ ਗਏ ਕੇਸਾਂ ਵਿੱਚ ਕਿੰਨੇ ਪੁਰਸ਼ ਅਤੇ ਕਿੰਨੀਆਂ ਔਰਤਾਂ ਹਨ ਤੇ ਇਨ੍ਹਾਂ ਦੀ ਉਮਰ ਕਿੰਨੀ ਕਿੰਨੀ ਹੈ;

(ਅ) ਕੀ ਸਰਕਾਰ ਵੱਲੋਂ ਐਚ.ਆਈ.ਵੀ. ਪਾਜ਼ੇਟਿਵ ਵਿਅਕਤੀਆਂ ਦੇ ਨਾਂ ਜਨਤਕ ਕੀਤੇ ਜਾਂਦੇ ਹਨ ਜਾਂ ਅਜਿਹਾ ਕਰਨ ਦੀ ਕੋਈ ਤਜਵੀਜ਼ ਹੈ ਅਤੇ ਭਵਿੱਖ ਵਿੱਚ ਇਸ ਬਿਮਾਰੀ ਦੀ ਰੋਕਥਾਮ ਲਈ ਸਰਕਾਰ ਵੱਲੋਂ ਕੀ ਕਦਮ ਉਠਾਏ ਜਾ ਰਹੇ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, (ੳ) ਪੰਜਾਬ ਵਿੱਚ ਕੁੱਲ 10,109 ਨਵੇਂ HIV patients ਸਾਲ 2022 ਅਤੇ 2023 (ਜਨਵਰੀ ਤੱਕ) ਰਜਿਸਟਰ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 15 ਸਾਲ ਤੋਂ ਘੱਟ ਉਮਰ ਦੇ 88 ਅਤੇ 15 ਸਾਲ ਤੋਂ ਵੱਧ ਉਮਰ ਵਾਲੇ 10,021 ਹਨ। ਜ਼ਿਲ੍ਹਾਵਾਰ ਉਨ੍ਹਾਂ ਦੀ ਸੰਖਿਆ ਹੇਠ ਮੁਤਾਬਕ ਹੈ:

| ਜ਼ਿਲ੍ਹਾ | ਪੁਰਸ਼ | ਔਰਤਾਂ | ਟੀ.ਐਸ./ਟੀ.ਜੀ. (ਟਰਾਂਸਸੈਕਸ਼ੂਅਲ/ ਟਰਾਂਸਜੈਂਡਰ) | ਬੱਚੇ | | ਕੁੱਲ |
|---|---|---|---|---|---|---|
| | | | | ਪੁਰਸ਼ | ਔਰਤਾਂ | |
| ਅੰਮ੍ਰਿਤਸਰ | 679 | 148 | 2 | 6 | 1 | 836 |
| ਬਰਨਾਲਾ | 57 | 20 | 0 | 0 | 0 | 77 |
| ਬਠਿੰਡਾ | 1281 | 225 | 2 | 4 | 2 | 1514 |
| ਫਰੀਦਕੋਟ | 619 | 86 | 0 | 3 | 0 | 708 |
| ਫਿਰੋਜ਼ਪੁਰ | 513 | 127 | 1 | 3 | 3 | 647 |

| | | | | | | |
|---|---|---|---|---|---|---|
| ਗੁਰਦਾਸਪੁਰ | 180 | 40 | 0 | 2 | 3 | 225 |
| ਹੁਸ਼ਿਆਰਪੁਰ | 190 | 34 | 0 | 0 | 1 | 225 |
| ਜਲੰਧਰ | 435 | 110 | 1 | 4 | 3 | 553 |
| ਕਪੂਰਥਲਾ | 250 | 65 | 1 | 2 | 0 | 318 |
| ਲੁਧਿਆਣਾ | 1448 | 233 | 2 | 19 | 9 | 1711 |
| ਮਾਨਸਾ | 220 | 69 | 2 | 1 | 1 | 293 |
| ਮੋਗਾ | 561 | 147 | 0 | 3 | 1 | 712 |
| ਐਸ.ਏ.ਐਸ. ਨਗਰ | 158 | 46 | 5 | 0 | 0 | 209 |
| ਨਵਾਂ ਸ਼ਹਿਰ | 168 | 48 | 1 | 0 | 1 | 218 |
| ਪਠਾਨਕੋਟ | 197 | 52 | 0 | 1 | 0 | 250 |
| ਪਟਿਆਲਾ | 572 | 215 | 0 | 3 | 5 | 141 |
| ਰੋਪੜ | 119 | 22 | 0 | 0 | 0 | 141 |
| ਸੰਗਰੂਰ | 113 | 42 | 2 | 0 | 0 | 157 |
| ਤਰਨਤਾਰਨ | 395 | 118 | 0 | 5 | 2 | 520 |
| ਕੁੱਲ | 8155 | 1847 | 19 | 56 | 32 | 101 |

(ਅ) ਸਰਕਾਰ ਵੱਲੋਂ ਐਚ.ਆਈ.ਵੀ. ਪਾਜ਼ੇਟਿਵ ਵਿਅਕਤੀਆਂ ਦੇ ਨਾਮ ਜਨਤਕ ਨਹੀਂ ਕੀਤੇ ਜਾਂਦੇ ਹਨ ਅਤੇ ਨਾ ਹੀ ਅਜਿਹਾ ਕਰਨ ਦੀ ਕੋਈ ਤਜਵੀਜ਼ ਹੈ। ਰਾਜ ਵਿੱਚ ਐਚ.ਆਈ.ਵੀ. ਦੀ ਬੁਨਿਆਦੀ ਜਾਣਕਾਰੀ ਅਤੇ ਇਸ ਦੇ ਰੋਕਥਾਮ ਦੇ ਉਪਾਵਾਂ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਕਲੰਕ/ ਵਿਤਕਰਾ, ਮਾਂ ਤੋਂ ਬੱਚੇ ਨੂੰ ਹੋਣ ਵਾਲੇ ਸੰਕ੍ਰਮਣ (EMTCT), ਐਂਟੀ ਰੇਟ੍ਰੋਵਾਇਰਲ ਇਲਾਜ (ਏ.ਆਰ.ਟੀ. ਸੇਵਾਵਾਂ) ਬਾਰੇ ਜਾਗਰੂਕਤਾ ਪੈਦਾ ਕਰਨ ਲਈ ਹੇਠ ਲਿਖੀਆਂ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ:–

1. ਐਚ.ਆਈ.ਵੀ./ ਏਡਜ਼ ਨੂੰ ਰੋਕਣ ਲਈ ਜਾਗਰੂਕਤਾ ਗਤੀਵਿਧੀਆਂ ਵੱਖ ਵੱਖ ਮਾਧਿਅਮ ਜਿਵੇਂ ਕਿ ਆਲ ਇੰਡੀਆ ਰੇਡੀਓ, ਐਫ.ਐਮ. ਚੈਨਲਜ਼, ਟੀ.ਵੀ. ਚੈਨਲਜ਼, ਸਿਨੇਮਾ ਘਰ, ਵੈਬ ਨਿਊਜ਼ ਪੋਰਟਲਜ਼ ਰਾਹੀਂ ਪੰਜਾਬ ਦੀ ਆਮ ਜਨਤਾ ਤੱਕ ਜਾਣਕਾਰੀ ਪਹੁੰਚਾਈ ਜਾ ਰਹੀ ਹੈ।

2. ਵੱਖ ਵੱਖ ਸਰਕਾਰੀ ਹਸਪਤਾਲਾਂ, ਮੈਡੀਕਲ ਕਾਲਜਾਂ, ਰੇਲਵੇ ਸਟੇਸ਼ਨ, ਬੱਸ

ਸਟੈਂਡ ਅਤੇ ਹੋਰ ਮਹੱਤਵਪੂਰਨ ਥਾਵਾਂ ਤੇ ਹੋਰਡਿੰਗ/ ਪੈਨਲ/ ਟਰਾਂਸਲਾਈਟਸ/ ਯੂਨੀਪੋਲ ਲਗਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ।

3. ਪਿੰਡ ਪੱਧਰ ਤੇ ਨੁੱਕੜ ਨਾਟਕ ਕਰਵਾਏ ਜਾ ਰਹੇ ਹਨ, ਜਿੱਥੇ ਐਚ.ਆਈ.ਵੀ. ਪਾਜ਼ੇਟਿਵ ਕੇਸ ਪਾਏ ਗਏ ਹਨ ਤਾਂ ਜੋ ਲੋਕਾਂ ਨੂੰ ਐਚ.ਆਈ.ਵੀ. ਤੋਂ ਬਚਾਅ ਦੇ ਉਪਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।

4. ਲੋਕਾਂ ਨੂੰ ਸੋਸ਼ਲ ਮੀਡੀਆ ਜਿਵੇਂ ਕਿ ਫੇਸਬੁੱਕ, ਟਵਿੱਟਰ, ਇੰਸਟਾਗਰਾਮ ਤੇ ਯੂ-ਟਿਊਬ ਰਾਹੀਂ ਜਾਗਰੂਕ ਕੀਤਾ ਜਾਂਦਾ ਹੈ।

5. ਐਚ.ਆਈ.ਵੀ. ਜਨ-ਜਾਗਰੂਕਤਾ ਮੁਹਿੰਮ 27 ਫਰਵਰੀ, 2023 ਨੂੰ ਸ਼ੁਰੂ ਕੀਤੀ ਗਈ ਹੈ ਅਤੇ 28 ਮਾਰਚ, 2023 ਨੂੰ ਪੂਰੀ ਹੋਵੇਗੀ। ਇਸ ਮੁਹਿੰਮ ਦੌਰਾਨ 11 ਆਈ.ਈ.ਸੀ. ਵੈਨਾਂ ਰਾਹੀਂ1650 ਪਿੰਡਾਂ ਵਿੱਚ ਐਚ.ਆਈ.ਵੀ. ਦੀ ਜਾਣਕਾਰੀ ਦਾ ਪਸਾਰ, ਮੁਫਤ ਐਚ.ਆਈ.ਵੀ. ਟੈਸਟਿੰਗ ਕੈਂਪ ਅਤੇ 330 ਨੁੱਕੜ ਨਾਟਕਾਂ ਰਾਹੀਂ ਐਚ.ਆਈ.ਵੀ. ਦੀ ਜਾਣਕਾਰੀ ਦਿੱਤੀ ਜਾਵੇਗੀ। ਇਸ ਮੁਹਿੰਮ ਦਾ ਮੁੱਖ ਉਦੇਸ਼ ਐਚ.ਆਈ.ਵੀ. ਸਬੰਧੀ ਜਾਣਕਾਰੀ ਅਤੇ ਇਸ ਦੀ ਰੋਕਥਾਮ ਬਾਰੇ ਜਾਗਰੂਕ ਕਰਨਾ ਹੈ।

6. ਕਿਸ਼ੋਰ ਸਿੱਖਿਆ ਪ੍ਰੋਗਰਾਮ ਅਧੀਨ 6057 ਸਕੂਲਾਂ ਦੇ ਅੱਠਵੀਂ ਤੋਂ ਬਾਰ੍ਹਵੀਂ ਜਮਾਤ ਦੇ ਬੱਚਿਆਂ ਲਈ ਐਚ.ਆਈ.ਵੀ./ਏਡਜ਼ ਜਾਗਰੂਕਤਾ ਗਤੀਵਿਧੀਆਂ ਜਿਵੇਂ ਕਿ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ, ਕਵਿੱਜ਼ ਮੁਕਾਬਲੇ, ਸੈਮੀਨਾਰ ਕਰਵਾਏ ਜਾ ਰਹੇ ਹਨ ਤਾਂ ਜੋ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕਰਕੇ ਤੰਦਰੁਸਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਇਹ ਪ੍ਰੋਗਰਾਮ ਐਸ.ਸੀ.ਈ.ਆਰ.ਟੀ., ਪੰਜਾਬ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ।

7. ਰੈਡ ਰੀਬਨ ਕਲੱਬ ਪ੍ਰੋਗਰਾਮ ਅਧੀਨ ਐਚ.ਆਈ.ਵੀ./ਏਡਜ਼ ਸਬੰਧੀ ਜਾਣਕਾਰੀ ਲਈ ਰਾਜ ਦੇ 700 ਸਰਕਾਰੀ ਤੇ ਗੈਰ ਸਰਕਾਰੀ ਕਾਲਜਾਂ ਦੇ ਯੁਵਾਵਾਂ ਲਈ ਵੱਖ ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਹ ਪ੍ਰੋਗਰਾਮ ਯੁਵਕ ਸੇਵਾਵਾਂ ਵਿਭਾਗ, ਪੰਜਾਬ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ।

[ਸਿਹਤ ਅਤੇ ਪਰਿਵਾਰ ਭਲਾਈ ਮੰਤਰੀ]

8. ਵੱਖ ਵੱਖ ਸਰਕਾਰੀ ਤੇ ਗੈਰ ਸਰਕਾਰੀ ਵਿਭਾਗਾਂ ਵਿੱਚ ਐਚ.ਆਈ.ਵੀ./ ਏਡਜ਼ ਸਬੰਧੀ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ।

------

## ਅਪ੍ਰੈਲ, 2022 ਤੋਂ ਹੁਣ ਤੱਕ ਡਰੱਗ ਮਾਫੀਏ ਦੇ ਦਰਜ ਮਾਮਲਿਆਂ ਦੇ ਵੇਰਵੇ

**175. ਡਾਕਟਰ ਨਛੱਤਰ ਪਾਲ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਅਪ੍ਰੈਲ, 2022 ਤੋਂ ਹੁਣ ਤੱਕ ਡਰੱਗ ਮਾਫੀਆ ਨੂੰ ਠੱਲ੍ਹ ਪਾਉਣ ਲਈ ਸਰਕਾਰ ਵੱਲੋਂ ਕਿੰਨੇ ਮਾਮਲੇ ਦਰਜ ਕੀਤੇ ਗਏ ਹਨ ਅਤੇ ਇਨ੍ਹਾਂ ਵਿੱਚੋਂ ਕਿੰਨੇ ਤੇ ਕਿਹੜੇ ਵਿਅਕਤੀ ਗ੍ਰਿਫਤਾਰ ਕੀਤੇ ਗਏ ਹਨ; ਜ਼ਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਭਗਵੰਤ ਮਾਨ:** ਮਿਤੀ 01.04.2022 ਤੋਂ ਮਿਤੀ 28.02.2023 ਤੱਕ ਕਮਿਸ਼ਨਰ ਆਫ ਪੁਲਿਸ/ਜ਼ਿਲ੍ਹਾ/ਯੂਨਿਟ ਵਾਈਜ਼ ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਕੇਸਾਂ ਦੀ ਗਿਣਤੀ ਅਤੇ ਇਨ੍ਹਾਂ ਕੇਸਾਂ ਵਿੱਚ ਫੜੇ ਗਏ ਵਿਅਕਤੀਆਂ ਦੀ ਗਿਣਤੀ ਸਬੰਧੀ ਸੂਚਨਾ ਅਨੁਲੱਗ ਤੇ ਰੱਖੀ ਗਈ ਹੈ। ਇਨ੍ਹਾਂ ਕੇਸਾਂ ਦੇ ਵੇਰਵਿਆਂ ਸਬੰਧੀ ਕੰਮਪੈਕਟ ਡਿਸਕ*** ਨਾਲ ਨੱਥੀ ਹੈ।

**ਅਨੁਲੱਗ**

### ਐਨ.ਡੀ.ਪੀ.ਐਸ. ਐਕਟ ਅਧੀਨ ਮਿਤੀ 01.04.2022 ਤੋਂ 28.02.2023 ਤੱਕ ਦਰਜ ਕੇਸ

| ਲੜੀ ਨੰਬਰ | ਸੀ.ਪੀਜ਼/ਜ਼ਿਲ੍ਹਾ/ਯੂਨਿਟ | ਕੇਸਾਂ ਦੀ ਗਿਣਤੀ | ਨਾਮਜ਼ਦ ਮੁਲਜ਼ਮਾਂ ਦੀ ਗਿਣਤੀ | ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੀ ਗਿਣਤੀ |
|---|---|---|---|---|
| 1. | ਸੀ.ਪੀ. ਅੰਮ੍ਰਿਤਸਰ | 826 | 1193 | 1168 |
| 2. | ਸੀ.ਪੀ.ਜਲੰਧਰ | 374 | 493 | 489 |
| 3. | ਸੀ.ਪੀ. ਲੁਧਿਆਣਾ | 722 | 961 | 945 |
| 4. | ਅੰਮ੍ਰਿਤਸਰ (ਆਰ) | 411 | 530 | 523 |
| 5. | ਬਟਾਲਾ | 333 | 554 | 498 |

*** Placed in the Revisor Branch.

| | | | | |
|---|---|---|---|---|
| 6. | ਗੁਰਦਾਸਪੁਰ | 275 | 402 | 397 |
| 7. | ਪਠਾਨਕੋਟ | 160 | 246 | 246 |
| 8. | ਤਰਨਤਾਰਨ | 558 | 787 | 729 |
| 9. | ਫਿਰੋਜ਼ਪੁਰ | 876 | 1075 | 1075 |
| 10. | ਫਾਜ਼ਿਲਕਾ | 295 | 523 | 485 |
| 11. | ਮੋਗਾ | 487 | 862 | 797 |
| 12. | ਫਰੀਦਕੋਟ | 222 | 370 | 352 |
| 13. | ਬਠਿੰਡਾ | 517 | 784 | 751 |
| 14. | ਸ੍ਰੀ ਮੁਕਤਸਰ ਸਾਹਿਬ | 470 | 826 | 769 |
| 15. | ਮਾਨਸਾ | 430 | 668 | 621 |
| 16. | ਪਟਿਆਲਾ | 728 | 855 | 818 |
| 17. | ਸੰਗਰੂਰ | 383 | 516 | 452 |
| 18. | ਬਰਨਾਲਾ | 209 | 427 | 378 |
| 19. | ਮਲੇਰਕੋਟਲਾ | 325 | 578 | 527 |
| 20. | ਰੂਪਨਗਰ | 167 | 266 | 262 |
| 21. | ਐਸ.ਏ.ਐਸ.ਨਗਰ | 331 | 484 | 484 |
| 22. | ਫਤਿਹਗੜ੍ਹ ਸਾਹਿਬ | 274 | 365 | 363 |
| 23. | ਲੁਧਿਆਣਾ (ਆਰ) | 389 | 595 | 574 |
| 24. | ਖੰਨਾ | 313 | 443 | 443 |
| 25. | ਐਸ.ਬੀ.ਐਸ.ਨਗਰ | 398 | 514 | 502 |
| 26. | ਜਲੰਧਰ (ਆਰ) | 470 | 755 | 696 |
| 27. | ਹੁਸ਼ਿਆਰਪੁਰ | 595 | 938 | 918 |
| 28. | ਕਪੂਰਥਲਾ | 530 | 734 | 637 |
| 29. | ਜੀ.ਆਰ.ਪੀ./ਪਟਿਆਲਾ | 99 | 85 | 81 |
| 30. | ਐਸ.ਐਸ.ਓ.ਸੀ./ਅੰਮ੍ਰਿਤਸਰ | 18 | 54 | 43 |
| 31. | ਐਸ.ਐਸ.ਓ.ਸੀ./ਫਾਜ਼ਿਲਕਾ | 5 | 9 | 9 |
| 32. | ਐਸ.ਐਸ.ਓ.ਸੀ./ ਐਸ.ਏ.ਐਸ.ਨਗਰ | 3 | 22 | 20 |
| 33. | ਪੀ.ਐਸ. ਐਸ.ਟੀ.ਐਫ. | 307 | 603 | 526 |
| | ਕੁੱਲ | 12500 | 18517 | 17578 |

--------

## ਭਾਦਸੋਂ ਵਿਖੇ ਇੰਡਸਟ੍ਰੀਅਲ ਫੋਕਲ ਪੁਆਇੰਟ ਬਣਾਉਣਾ

**186. ਸਰਦਾਰ ਗੁਰਦੇਵ ਸਿੰਘ ਦੇਵ ਮਾਨ:** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਭਾਦਸੋਂ ਵਿਖੇ ਇੰਡਸਟ੍ਰੀਅਲ ਫੋਕਲ ਪੁਆਇੰਟ ਬਣਾਉਣ ਲਈ ਕਿਸੇ ਤਜਵੀਜ਼ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਭਗਵੰਤ ਮਾਨ:** ਪੀ.ਐਸ.ਆਈ.ਈ.ਸੀ. ਵੱਲੋਂ ਪੰਜਾਬ ਦੇ ਵੱਖ ਵੱਖ ਖੇਤਰਾਂ ਵਿੱਚ ਲੈਂਡ ਬੈਂਕ ਵਿਕਸਤ ਕਰਕੇ ਉਦਯੋਗਿਕ ਵਿਕਾਸ ਕਰਨ ਦੀ ਯੋਜਨਾ ਹੈ ਪਰ ਹਾਲ ਦੀ ਘੜੀ ਪੀ.ਐਸ.ਆਈ.ਈ.ਸੀ. ਦੇ ਵਿਚਾਰ ਅਧੀਨ ਭਾਦਸੋਂ ਵਿਖੇ ਕੋਈ ਇੰਡਸਟ੍ਰੀਅਲ ਫੋਕਲ ਪੁਆਇੰਟ ਬਣਾਉਣ ਦੀ ਤਜਵੀਜ਼ ਨਹੀਂ ਹੈ ਜੀ।

-----

## ਨਾਭਾ ਵਿਖੇ ਬਾਈਪਾਸ ਬਣਾਉਣਾ

**187. ਸਰਦਾਰ ਗੁਰਦੇਵ ਸਿੰਘ ਦੇਵ ਮਾਨ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਾਭਾ ਵਿਖੇ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ:** ਨਹੀਂ ਜੀ।

-----

## ਵਿਰਾਸਤੀ ਸ਼ਹਿਰ ਨਾਭਾ ਵਿਖੇ ਇਤਿਹਾਸਕ ਇਮਾਰਤ ਦੀ ਸੰਭਾਲ ਅਤੇ ਰਿਪੇਅਰ ਕਰਨਾ

**188. ਸਰਦਾਰ ਗੁਰਦੇਵ ਸਿੰਘ ਦੇਵ ਮਾਨ**: ਕੀ ਸੱਭਿਆਚਾਰਕ ਮਾਮਲੇ ਅਤੇ ਸੈਰ-ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਰਾਸਤੀ ਸ਼ਹਿਰ ਨਾਭਾ ਵਿਖੇ ਇਤਿਹਾਸਕ ਇਮਾਰਤ ਦੀ ਸੰਭਾਲ ਅਤੇ ਰਿਪੇਅਰ ਲਈ ਕਿਸੇ ਤਜਵੀਜ਼ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਮਿਸ ਅਨਮੋਲ ਗਗਨ ਮਾਨ :** ਪੰਜਾਬ ਸਰਕਾਰ ਵਿਰਾਸਤ ਸ਼ਹਿਰ ਨਾਭਾ ਵਿਖੇ

ਇਤਿਹਾਸਕ ਇਮਾਰਤ ਦੀ ਸੰਭਾਲ ਅਤੇ ਰਿਪੇਅਰ ਸਬੰਧੀ ਤਜਵੀਜ਼ ਪ੍ਰਾਪਤ ਹੋਣ ਉਪਰੰਤ ਵਿਚਾਰ ਕਰੇਗੀ। ਹਾਲ ਦੀ ਘੜੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

## ਨਾਭਾ ਸਥਿਤ ਭਾਈ ਕਾਹਨ ਸਿੰਘ ਲਾਇਬ੍ਰੇਰੀ ਦੀ ਸੰਭਾਲ ਅਤੇ ਸਟਾਫ ਦੀ ਨਿਯੁਕਤੀ ਅਤੇ ਭਾਦਸੋਂ ਵਿਖੇ ਨਵੀਂ ਲਾਇਬ੍ਰੇਰੀ ਬਣਾਉਣਾ

**189. ਸਰਦਾਰ ਗੁਰਦੇਵ ਸਿੰਘ ਦੇਵ ਮਾਨ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨਾਭਾ ਸਥਿਤ ਭਾਈ ਕਾਹਨ ਸਿੰਘ ਲਾਇਬ੍ਰੇਰੀ ਦੀ ਸੰਭਾਲ ਅਤੇ ਸਟਾਫ (ਪੱਕਾ ਲਾਇਬ੍ਰੇਰੀਅਨ ਅਤੇ ਹੋਰ ਸਹਾਇਕ ਸਟਾਫ) ਦੀ ਨਿਯੁਕਤੀ ਅਤੇ ਭਾਦਸੋਂ ਵਿਖੇ ਨਵੀਂ ਲਾਇਬ੍ਰੇਰੀ ਲਈ ਕਿਸੇ ਤਜਵੀਜ਼ ਤੇ ਵਿਚਾਰ ਕਰੇਗੀ, ਜੇਕਰ ਹਾਂ ਤਾਂ ਕਦੋਂ ਤੱਕ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਇੰਦਰਬੀਰ ਸਿੰਘ ਨਿੱਜਰ:** ਨਹੀਂ ਜੀ। ਨਾਭਾ ਸਥਿਤ ਭਾਈ ਕਾਹਨ ਸਿੰਘ ਲਾਇਬ੍ਰੇਰੀ ਦੀ ਸੰਭਾਲ ਅਤੇ ਸਟਾਫ (ਪੱਕਾ ਲਾਇਬ੍ਰੇਰੀਅਨ ਅਤੇ ਹੋਰ ਸਹਾਇਕ ਸਟਾਫ) ਦੀ ਨਿਯੁਕਤੀ ਅਤੇ ਭਾਦਸੋਂ ਵਿਖੇ ਨਵੀਂ ਲਾਇਬ੍ਰੇਰੀ ਲਈ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

-----

## ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਦੇ ਸਾਬਕਾ ਚੇਅਰਮੈਨ ਖਿਲਾਫ ਕੀਤੀ ਕਾਰਵਾਈ ਦੇ ਵੇਰਵੇ

**201. ਡਾਕਟਰ ਜਸਬੀਰ ਸਿੰਘ ਸੰਧੂ** : ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਅੰਮ੍ਰਿਤਸਰ ਵਿਜੀਲੈਂਸ ਬਿਊਰੋ ਵੱਲੋਂ ਮਿਤੀ 06.07.2022 ਨੂੰ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਦੇ ਸਾਬਕਾ ਚੇਅਰਮੈਨ ਖਿਲਾਫ ਜੋ ਮੁਕੱਦਮਾ ਦਰਜ ਕੀਤਾ ਸੀ ਉਸ ਵਿੱਚ ਸਟੇਟ ਵਿਜੀਲੈਂਸ ਬਿਊਰੋ ਵੱਲੋਂ ਅਗਲੀ ਕੀ ਕਾਰਵਾਈ ਕੀਤੀ ਗਈ ਹੈ ;

(ਅ) ਕੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਵੱਲੋਂ ਇਸ

ਬਹੁ-ਕਰੋੜੀ ਘਪਲੇ ਦੇ ਸਬੰਧ ਵਿੱਚ ਵਿਜੀਲੈਂਸ ਬਿਊਰੋ ਨੂੰ ਇਸ ਦੀ ਜਾਂਚ ਏ.ਆਈ.ਜੀ. ਜਾਂ ਉਸ ਤੋਂ ਵੱਡੇ ਅਫਸਰ ਵੱਲੋਂ ਕਰਨ ਲਈ ਕਿਹਾ ਸੀ; ਜੇਕਰ ਹਾਂ ਤਾਂ ਕੀ ਵਿਜੀਲੈਂਸ ਬਿਊਰੋ ਵੱਲੋ ਅਜਿਹਾ ਕੀਤਾ ਗਿਆ ਸੀ ਜਾਂ ਨਹੀਂ ;

(ੲ) ਵਿਜੀਲੈਂਸ ਬਿਊਰੋ ਵੱਲੋਂ ਮੁਕੱਦਮੇ ਦੇ ਬਾਕੀ ਦੋਸ਼ੀਆਂ ਦੀ ਗ੍ਰਿਫਤਾਰੀ ਅਜੇ ਤੱਕ ਨਾ ਕਰਨ ਦੇ ਕਾਰਨ;

(ਸ) ਸਾਬਕਾ ਚੇਅਰਮੈਨ ਦੇ ਕਾਰਜ-ਕਾਲ ਦੌਰਾਨ ਜੋ 60-70 ਠੇਕੇਦਾਰੀ ਫਰਮਾਂ ਗਲਤ ਢੰਗ ਨਾਲ ਇਨਲਿਸਟ ਹੋਈਆਂ ਸਨ ਅਤੇ ਜਿਨ੍ਹਾਂ ਨੇ ਅੰਮ੍ਰਿਤਸਰ ਦੇ ਇਲਾਕਿਆਂ ਵਿੱਚ ਕਰੋੜਾਂ ਰੁਪਏ ਦੇ ਕੰਮ ਅਲਾਟ ਕਰਵਾਏ, ਉਸ ਤੇ ਵਿਜੀਲੈਂਸ ਬਿਊਰੋ ਨੇ ਕੀ ਕਾਰਵਾਈ ਕੀਤੀ?

**ਸ਼੍ਰੀ ਭਗਵੰਤ ਮਾਨ**: ਸ਼੍ਰੀਮਾਨ ਜੀ, (ੳ) ਵਿਜੀਲੈਂਸ ਬਿਊਰੋ, ਅੰਮ੍ਰਿਤਸਰ ਵੱਲੋਂ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਦੇ ਸਾਬਕਾ ਚੇਅਰਮੈਨ ਸ਼੍ਰੀ ਦਿਨੇਸ਼ ਬੱਸੀ ਦੇ ਖਿਲਾਫ ਮਿਤੀ 06.07.2022 ਨੂੰ ਆਈ.ਪੀ.ਸੀ. ਦੀ ਧਾਰਾ 409,201,120-ਬੀ ਅਤੇ ਪੀ.ਸੀ. ਐਕਟ,1988 ਦੀ ਧਾਰਾ 7-ਏ ਤਹਿਤ ਮੁਕੱਦਮਾ ਦਰਜ ਕਰਨ ਉਪਰੰਤ ਸ਼੍ਰੀ ਦਿਨੇਸ਼ ਬੱਸੀ ਨੂੰ ਉਸੇ ਦਿਨ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਤਫਤੀਸ਼ ਦੌਰਾਨ ਹੋਰ ਤੱਥ ਸਾਹਮਣੇ ਆਉਣ ਤੇ ਮੁਕੱਦਮੇ ਵਿੱਚ ਆਈ.ਪੀ.ਸੀ. ਦੀ ਧਾਰਾ 420 ਅਤੇ ਪੀ.ਸੀ. ਐਕਟ ਦੀ ਧਾਰਾ 13(2) ਦਾ ਵਾਧਾ ਕੀਤਾ ਗਿਆ। ਮਾਨਯੋਗ ਅਦਾਲਤ ਵਿੱਚ ਇਸ ਮੁਕੱਦਮੇ ਦਾ ਚਲਾਨ ਮਿਤੀ 02.09.2022 ਨੂੰ ਪੇਸ਼ ਕੀਤਾ ਜਾ ਚੁੱਕਾ ਹੈ। ਦੋਸ਼ੀ ਦਿਨੇਸ਼ ਬੱਸੀ ਵਿਰੁੱਧ ਸਮਾਇਤ ਮਨਜ਼ੂਰੀ ਹਾਸਲ ਕਰਨ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਬਾਬਤ ਫੈਸਲਾ ਤੁਰੰਤ ਹੀ ਲੈ ਲਿਆ ਜਾਵੇਗਾ। ਤਫਤੀਸ਼ ਦੌਰਾਨ ਮੁਕੱਦਮੇ ਵਿੱਚ ਵਿਕਾਸ ਖੰਨਾ ਪੁੱਤਰ ਬਾਂਕੇ ਲਾਲ ਅਤੇ ਰਾਘਵ ਸ਼ਰਮਾ ਪੁੱਤਰ ਵੇਦ ਪ੍ਰਕਾਸ਼ ਸ਼ਰਮਾ ਨੂੰ ਸਹਿਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਮੁਕੱਦਮੇ ਵਿੱਚ ਅਗਲੇਰੀ ਤਫਤੀਸ਼ ਕੀਤੀ ਜਾ ਰਹੀ ਹੈ।

(ਅ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਵਿਜੀਲੈਂਸ ਬਿਊਰੋ ਵੱਲੋਂ ਇਕ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਗਠਿਤ ਕੀਤੀ ਗਈ ਹੈ, ਜਿਸ ਵੱਲੋਂ ਅਗਲੇਰੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

(ੲ) ਮੁਕੱਦਮੇ ਦੀ ਤਫਤੀਸ਼ ਦੌਰਾਨ ਵਿਕਾਸ ਖੰਨਾ ਅਤੇ ਰਾਘਵ ਸ਼ਰਮਾ ਨੂੰ ਸਹਿਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਇਨ੍ਹਾਂ ਦੀ ਗ੍ਰਿਫਤਾਰੀ ਸਬੰਧੀ ਰੇਡ ਕੀਤੀ ਜਾ ਰਹੀ ਹੈ ਕਿਉਂਜੋ ਇਹ ਦੋਵੇਂ ਹੀ ਭਗੌੜੇ ਹਨ। ਵਿਕਾਸ ਖੰਨਾ ਦੇ ਖਿਲਾਫ ਪੀ.ਓ. ਦੀ ਕਾਰਵਾਈ ਦੇ ਸਬੰਧ ਵਿੱਚ ਗ੍ਰਿਫਤਾਰੀ ਵਾਰੰਟ ਜਾਰੀ ਕਰਵਾਉਣ ਲਈ ਮਾਨਯੋਗ ਅਦਾਲਤ ਵਿੱਚ ਦਰਖਾਸਤ ਦਿੱਤੀ ਗਈ ਹੈ, ਜੋ ਮਾਨਯੋਗ ਅਦਾਲਤ ਦੇ ਵਿਚਾਰ ਅਧੀਨ ਹੈ ਅਤੇ ਇਸ ਦੀ ਅਗਲੀ ਤਰੀਕ 01.04.2023 ਮੁਕੱਰਰ ਕੀਤੀ ਗਈ ਹੈ। ਇਸ ਤੋਂ ਇਲਾਵਾ, ਮੁਕੱਦਮੇ ਦੀ ਅਗਲੇਰੀ ਤਫਤੀਸ਼ ਦੌਰਾਨ ਹੋਰ ਕਿਸੇ ਅਧਿਕਾਰੀ ਜਾਂ ਕਰਮਚਾਰੀ ਜਾਂ ਪ੍ਰਾਈਵੇਟ ਵਿਅਕਤੀ ਦੀ ਸ਼ਮੂਲੀਅਤ ਪਾਏ ਜਾਣ ਤੇ ਉਨ੍ਹਾਂ ਦੇ ਰੋਲ ਨੂੰ ਵੀ ਤਫਤੀਸ਼ ਦੌਰਾਨ ਵਿਚਾਰਿਆ ਜਾਵੇਗਾ।

(ਸ) ਸਾਬਕਾ ਚੇਅਰਮੈਨ ਦੇ ਕਾਰਜਕਾਲ ਦੌਰਾਨ ਐਨਲਿਸਟ ਕੀਤੀਆਂ ਗਈਆਂ ਨਵੀਆਂ ਫਰਮਾਂ ਦੇ ਸਬੰਧ ਵਿੱਚ ਨਗਰ ਸੁਧਾਰ ਟਰੱਸਟ, ਅੰਮ੍ਰਿਤਸਰ ਪਾਸੋਂ ਕਾਫੀ ਰਿਕਾਰਡ ਹਾਸਲ ਕੀਤਾ ਗਿਆ ਹੈ। ਇਹ ਰਿਕਾਰਡ ਬਹੁਤ ਜ਼ਿਆਦਾ ਅਤੇ ਟੈਕਨੀਕਲ ਕਿਸਮ ਦਾ ਹੋਣ ਕਰਕੇ ਇਸ ਰਿਕਾਰਡ ਦੀ ਤਕਨੀਕੀ ਪੱਖੋਂ ਜਾਂਚ ਕਰਵਾਉਣ ਲਈ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਵੱਲੋਂ ਸੀਨੀਅਰ ਅਧਿਕਾਰੀਆਂ ਦੀ ਇਕ ਟੈਕਨੀਕਲ ਟੀਮ ਗਠਿਤ ਕੀਤੀ ਗਈ ਹੈ, ਜਿਸ ਵੱਲੋਂ ਇਸ ਰਿਕਾਰਡ ਦੀ ਘੋਖ ਕੀਤੀ ਜਾ ਰਹੀ ਹੈ। ਇਸ ਟੈਕਨੀਕਲ ਟੀਮ ਦੀ ਰਿਪੋਰਟ ਉਪਰੰਤ ਕਰਵਾਏ ਗਏ ਕੰਮਾਂ ਦੀ ਫਿਜ਼ੀਕਲ ਅਸੈਸਮੈਂਟ ਕਰਵਾ ਕੇ ਰਿਪੋਰਟ ਅਨੁਸਾਰ ਅਗਲੇਰੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾਵੇਗੀ।

-----

## ਅੰਮ੍ਰਿਤਸਰ ਦੀਆਂ ਅਧਿਕਾਰਤ ਕਲੋਨੀਆਂ ਵਿੱਚ ਬਿਜਲੀ ਦੇ ਕੁਨੈਕਸ਼ਨ ਦੇਣਾ

**202. ਡਾਕਟਰ ਜਸਬੀਰ ਸਿੰਘ ਸੰਧੂ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ ਦੇ ਵੱਖ ਵੱਖ ਇਲਾਕਿਆਂ ਦੇ ਵਿੱਚ ਬਣੀਆਂ ਅਧਿਕਾਰਤ ਕਲੋਨੀਆਂ ਜਿਵੇਂ ਵਾਈਟ ਐਵੀਨਿਊ, ਕਬੀਰ ਪਾਰਕ, ਸ੍ਰੀ ਗੁਰੂ ਰਾਮ ਦਾਸ ਅਰਬਨ ਅਸਟੇਟ ਪੁਰਾਣੀ ਜੇਲ੍ਹ ਰੋਡ (ਪੁੱਡਾ ਕਲੋਨੀ) ਰਣਜੀਤ ਐਵੀਨਿਊ ਡੀ-ਬਲਾਕ ਗਾਰਡਨ ਗਰੀਨ ਜੋ ਕਿ ਅਪਰੂਵਡ ਕਲੋਨੀਆਂ ਹਨ ਪ੍ਰੰਤੂ ਉਥੇ ਬਿਜਲੀ ਦੇ ਕੁਨੈਕਸ਼ਨ ਨਹੀਂ ਦਿੱਤੇ ਜਾ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** ਸ਼੍ਰੀਮਾਨ ਜੀ, ਵਾਈਟ ਐਵੀਨਿਊ ਕਲੋਨੀ ਵਿੱਚ ਬਿਜਲੀ ਕੁਨੈਕਸ਼ਨ ਜਾਰੀ ਕੀਤੇ ਜਾ ਰਹੇ ਹਨ।

ਕਬੀਰ ਪਾਰਕ ਕਲੋਨੀ ਵਿੱਚ ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ ਵੱਲੋਂ ਕੀਤਾ ਜਾ ਰਿਹਾ ਬਿਜਲੀ ਦਾ ਐਲ.ਡੀ. (ਲੋਕਲ ਡਿਸਟਰੀਬਿਊਸ਼ਨ) ਸਿਸਟਮ ਮੁਕੰਮਲ ਨਾ ਹੋਣ ਕਾਰਨ ਅਜੇ ਤੱਕ ਪੀ.ਐਸ.ਪੀ.ਸੀ.ਐਲ. ਨੂੰ ਹੈਂਡ ਓਵਰ ਨਹੀਂ ਕੀਤਾ ਗਿਆ ਹੈ। ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਇਸ ਕਲੋਨੀ ਦਾ ਐਲ.ਡੀ. ਸਿਸਟਮ ਦਾ ਕੰਮ ਮੁਕੰਮਲ ਕਰਕੇ ਜਲਦੀ ਹੀ ਪੀ.ਐਸ.ਪੀ.ਸੀ.ਐਲ. ਨੂੰ ਹੈਂਡ ਓਵਰ ਕਰ ਦਿੱਤਾ ਜਾਵੇਗਾ। ਇੰਪਰੂਵਮੈਂਟ ਟਰੱਸਟ, ਅੰਮ੍ਰਿਤਸਰ ਦੁਆਰਾ ਕਲੋਨੀ ਦਾ ਐਲ.ਡੀ. ਸਿਸਟਮ ਹੈਂਡ ਓਵਰ ਕਰਨ ਤੋਂ ਬਾਅਦ ਬਿਜਲੀ ਕੁਨੈਕਸ਼ਨ ਜਾਰੀ ਕੀਤੇ ਜਾਣਗੇ।

ਸ੍ਰੀ ਗੁਰੂ ਰਾਮਦਾਸ ਅਰਬਨ ਅਸਟੇਟ ਕਲੋਨੀ ਦਾ ਐਲ.ਡੀ. (ਲੋਕਲ ਡਿਸਟਰੀਬਿਊਸ਼ਨ) ਸਿਸਟਮ ਦਾ ਕੰਮ ਪੁੱਡਾ, ਅੰਮ੍ਰਿਤਸਰ ਵੱਲੋਂ ਕਰਵਾਇਆ ਜਾ ਰਿਹਾ ਹੈ ਜੋ ਕਿ ਅਜੇ ਮੁਕੰਮਲ ਨਹੀਂ ਹੈ।ਪੁੱਡਾ ਵੱਲੋਂ ਐਲ.ਡੀ. ਸਿਸਟਮ ਦੇ ਕੰਮ ਨੂੰ ਮੁਕੰਮਲ ਕਰਕੇ ਪੀ.ਐਸ.ਪੀ.ਸੀ.ਐਲ. ਨੂੰ ਹੈਂਡ ਓਵਰ ਕਰਨ ਉਪਰੰਤ ਹੀ ਕੁਨੈਕਸ਼ਨ ਜਾਰੀ ਕੀਤੇ ਜਾਣਗੇ।

ਰਣਜੀਤ ਐਵੀਨਿਊ ਕਲੋਨੀ ਵਿੱਚ ਡੀ-ਬਲਾਕ ਵਿੱਚ ਕੁਨੈਕਸ਼ਨ ਜਾਰੀ ਕੀਤੇ ਜਾ ਰਹੇ ਹਨ।

ਗਾਰਡਨ ਗਰੀਨ ਕਲੋਨੀ ਦੇ ਡਿਵੈਲਪਰ ਵੱਲੋਂ ਅਜੇ ਤੱਕ ਪੀ.ਐਸ.ਪੀ.ਸੀ.ਐਲ. ਕੋਲ ਐਨ.ਓ.ਸੀ. ਅਪਲਾਈ ਨਹੀਂ ਕੀਤਾ ਗਿਆ ਜਿਸ ਕਰਕੇ ਪੀ.ਐਸ.ਈ.ਆਰ.ਸੀ. ਦੀਆਂ ਹਦਾਇਤਾਂ ਅਨੁਸਾਰ ਕੁਨੈਕਸ਼ਨ ਜਾਰੀ ਨਹੀਂ ਕੀਤੇ ਜਾ ਸਕਦੇ।

-------

## ਹਲਕਾ ਪੱਛਮੀ ਦੇ ਸੰਘਣੀ ਅਬਾਦੀ ਵਾਲੇ ਇਲਾਕਿਆਂ ਵਿੱਚੋਂ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਹਟਾਉਣਾ

**203. ਡਾਕਟਰ ਜਸਬੀਰ ਸਿੰਘ ਸੰਧੂ:** ਕੀ ਊਰਜਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਪੱਛਮੀ ਦੇ ਸੰਘਣੀ ਅਬਾਦੀ ਵਾਲੇ ਇਲਾਕੇ

ਇਸਲਾਮਾਬਾਦ, ਪੁਤਲੀਘਰ, ਛੇਹਰਟਾ, ਕੋਟ ਖਾਲਸਾ, ਗਵਾਲ ਮੰਡੀ, ਢੱਪਈ, ਨਰਾਇਣਗੜ੍ਹ, ਘਨੂੰਪੁਰ ਕਾਲੇ ਅਤੇ ਵਡਾਲੀ ਗੁਰੂ ਆਦਿ ਤੋਂ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਲੰਘਦੀਆਂ ਹਨ, ਜਿਸ ਨਾਲ ਲੋਕਾਂ ਦੀ ਜਾਨ-ਮਾਲ ਦਾ ਖਤਰਾ ਬਣਿਆ ਰਹਿੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਨੂੰ ਬਦਲਣ ਦੀ ਜਾਂ ਅੰਡਰ ਗਰਾਊਂਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ:** ਜੀ ਹਾਂ, ਇਹ ਠੀਕ ਹੈ ਕਿ ਹਲਕਾ ਪੱਛਮੀ ਦੇ ਸੰਘਣੀ ਅਬਾਦੀ ਵਾਲੇ ਇਲਾਕੇ ਇਸਲਾਮਾਬਾਦ, ਪੁਤਲੀਘਰ, ਛੇਹਰਟਾ, ਕੋਟ ਖਾਲਸਾ, ਗਵਾਲ ਮੰਡੀ, ਢੱਪਈ, ਨਰਾਇਣਗੜ੍ਹ, ਘਨੂੰਪੁਰ ਕਾਲੇ ਅਤੇ ਵਡਾਲੀ ਗੁਰੂ ਆਦਿ ਤੋਂ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਲੰਘਦੀਆਂ ਹਨ। ਸੰਘਣੀ ਅਬਾਦੀ ਵਾਲੇ ਇਨ੍ਹਾਂ ਇਲਾਕਿਆਂ ਵਿੱਚ ਲੋਕਾਂ ਵੱਲੋਂ 11 ਕੇ.ਵੀ. ਅਤੇ ਐਲ.ਟੀ. ਲਾਈਨਾਂ ਦੇ ਨੇੜੇ ਅਤੇ ਹੇਠਾਂ ਅਣ-ਅਧਿਕਾਰਤ ਤਰੀਕੇ ਨਾਲ ਘਰ ਅਤੇ ਇਮਾਰਤਾਂ ਉਸਾਰੀਆਂ ਗਈਆਂ ਹਨ।

ਪੀ.ਐਸ.ਈ.ਆਰ.ਸੀ. ਦੁਆਰਾ ਮਨਜ਼ੂਰਸ਼ੁਦਾ ਸਪਲਾਈ ਕੋਡ-2014 ਦੇ ਰੈਗੂਲੇਸ਼ਨ 11.1 ਤੋਂ 11.5 ਅਨੁਸਾਰ ਐਚ.ਟੀ. ਲਾਈਨਾਂ ਦੀ ਸ਼ਿਫਟਿੰਗ ਜਾਂ ਹਟਾਉਣ ਦਾ ਕੰਮ ਖਪਤਕਾਰਾਂ/ਅਰਜ਼ੀਕਰਤਾ ਦੀ ਬੇਨਤੀ ਤੇ ਕੀਤਾ ਜਾਂਦਾ ਹੈ ਅਤੇ ਅਸਲ ਖਰਚਾ ਅਰਜ਼ੀਕਰਤਾ ਦੁਆਰਾ ਜਮ੍ਹਾਂ ਕਰਵਾਉਣਾ ਹੁੰਦਾ ਹੈ। ਇਸ ਲਈ ਪੀ.ਐਸ.ਪੀ.ਸੀ.ਐਲ. ਆਪਣੇ ਖਰਚੇ ਤੇ ਇਨ੍ਹਾਂ ਲਾਈਨਾਂ ਦੀ ਸ਼ਿਫਟਿੰਗ ਨਹੀਂ ਕਰ ਸਕਦਾ।

ਪਿਛਲੇ ਸਮੇਂ ਦੌਰਾਨ ਮਿਤੀ 14.9.2021 ਤੋਂ 13.1.2022 ਤੱਕ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੁਆਰਾ ਹਲਕਾ ਪੱਛਮੀ ਅਧੀਨ ਲਾਈਨ ਸ਼ਿਫਟਿੰਗ ਦੇ 57 ਕਾਰਜਾਂ ਲਈ ਪੰਜਾਬ ਨਿਰਮਾਣ ਯੋਜਨਾ ਅਧੀਨ 2,39,09,990/- ਰੁਪਏ (ਸਿਰਫ ਦੋ ਕਰੋੜ ਉਨਤਾਲੀ ਲੱਖ ਨੌ ਹਜ਼ਾਰ ਨੌ ਸੌ ਨੱਬੇ ਰੁਪਏ) ਦੀ ਰਕਮ ਪੀ.ਐਸ.ਪੀ.ਸੀ.ਐਲ. ਕੋਲ ਜਮ੍ਹਾਂ ਕਰਵਾਈ ਗਈ ਸੀ ਜਿਨ੍ਹਾਂ ਵਿੱਚੋਂ 51 ਕਾਰਜ ਪੂਰੇ ਕੀਤੇ ਜਾ ਚੁੱਕੇ ਹਨ ਅਤੇ ਬਾਕੀ ਰਹਿੰਦੇ 6 ਕਾਰਜ ਪ੍ਰਗਤੀ ਅਧੀਨ ਹਨ ਜੋ ਕਿ ਮਿਤੀ 15.4.2023 ਤੱਕ ਪੂਰੇ ਕਰਵਾ ਦਿੱਤੇ ਜਾਣਗੇ।

ਇਸ ਤੋਂ ਇਲਾਵਾ 35 ਸ਼ਿਫਟਿੰਗ ਕਾਰਜਾਂ ਦੀ ਸ਼ਨਾਖਤ ਕੀਤੀ ਗਈ ਹੈ ਪ੍ਰੰਤੂ ਇਨ੍ਹਾਂ ਦੀ ਸ਼ਿਫਟਿੰਗ ਸਬੰਧੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ

ਹੈ। ਇਨ੍ਹਾਂ ਕਾਰਜਾਂ ਨੂੰ ਲੋੜੀਂਦੀ ਰਾਸ਼ੀ ਪ੍ਰਾਪਤ ਹੋਣ ਤੋਂ ਬਾਅਦ ਹੀ ਆਰੰਭਿਆ ਜਾਵੇਗਾ।

------

## MATTERS RAISED DURING ZERO HOUR AND STATEMENTS MADE BY THE MINISTERS THEREON

**ਮਾਣਯੋਗ ਸਪੀਕਰ :** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਜ਼ੀਰੋ ਆਵਰ ਲਵਾਂਗੇ। ਹਾਂ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ):** ਸਪੀਕਰ ਸਾਹਿਬ, ਤੁਹਾਡੀ ਮਿਹਰਬਾਨੀ। ਕੱਲ੍ਹ ਅਸੈਂਬਲੀ ਵਿੱਚ ਰੂਰਲ ਡਿਵੈਲਪਮੈਂਟ ਮਨਿਸਟਰ ਨੇ ਸਾਡੇ ਇੱਕ ਐਮ.ਐਲ.ਏ. ਸਾਥੀ ਤੇ ਸੰਗੀਨ ਇਲਜ਼ਾਮ ਲਗਾਏ ਹਨ ਕਿ ਉਨ੍ਹਾਂ ਦੇ ਜੱਦੀ ਪਿੰਡ ਰਾਮਗੜ੍ਹ ਵਿੱਚ ਉਨ੍ਹਾਂ ਦੇ ਕੁਝ ਰਿਸ਼ਤੇਦਾਰਾਂ ਕੋਲ ਪੰਚਾਇਤ ਦੀ ਕੁਝ ਜ਼ਮੀਨ ਹੈ। ਬੰਦਾ ਆਪਣੇ ਮਾਲ ਦਾ ਹੀ ਜ਼ਿੰਮੇਵਾਰ ਹੁੰਦਾ ਹੈ। ਉਨ੍ਹਾਂ ਨੇ ਬਕਾਇਦਾ ਤੌਰ ਤੇ ਇਹ ਗੱਲ ਕਹੀ ਹੈ ਕਿ ਜੇ ਮੇਰੇ ਕੋਲ ਸਿੱਧੇ ਤੌਰ ਤੇ ਇੰਚ ਵੀ ਕੋਈ ਜਗ੍ਹਾ ਨਿਕਲ ਆਵੇ ਤਾਂ ਉਨ੍ਹਾਂ ਲਈ ਵੱਧ ਤੋਂ ਵੱਧ ਜੋ ਵੀ ਸਜ਼ਾ ਇੱਥੇ ਲਗਾਈ ਜਾਵੇਗੀ, ਉਹ ਉਸ ਨੂੰ ਕਬੂਲਣ ਨੂੰ ਤਿਆਰ ਹਨ। ਉਸ ਤੋਂ ਪਹਿਲਾਂ ਮੈਂਬਰ ਸਾਹਿਬ ਨੇ ਕਿਹਾ ਸੀ ਕਿ ਆਮ ਆਦਮੀ ਪਾਰਟੀ ਨਾਲ ਤੁਅੱਲਕ ਰੱਖਦੇ ਰਾਜ ਸਭਾ ਦੇ ਦੋ ਐਮ.ਪੀਜ਼., ਇੱਕ ਐਲ.ਪੀ.ਯੂ. ਦੇ ਮਿੱਤਲ ਸਾਹਿਬ ਅਤੇ ਦੂਜੇ ਸੰਤ ਬਲਬੀਰ ਸਿੰਘ ਸੀਚੇਵਾਲ ਕੋਲ ਪੰਚਾਇਤ ਦੀ ਜ਼ਮੀਨ ਹੈ। ਸਾਡੀ ਰਿਕੁਐਸਟ ਇਹ ਹੈ ਕਿ ਇਸ ਸਬੰਧ ਵਿੱਚ ਹਾਊਸ ਦੀ ਇੱਕ ਕਮੇਟੀ ਬਣਾਈ ਜਾਵੇ। ਦੋਨੋਂ ਐਮ.ਪੀਜ਼. ਅਤੇ ਤੀਸਰੀ ਸਰਦਾਰ ਸੁਖਪਾਲ ਸਿੰਘ ਖਹਿਰਾ ਨਾਲ ਤੁਅੱਲਕ ਰੱਖਦਾ ਹੋਇਆ ਜਿਹੜਾ ਪੰਚਾਇਤ ਮੰਤਰੀ ਸਾਹਿਬ ਦਾ ਇਲਜ਼ਾਮ ਹੈ, ਉਸ ਸਬੰਧੀ ਇੱਕ ਕਮੇਟੀ ਬਣਾ ਦਿੱਤੀ ਜਾਵੇ ਜੋ ਇਸ ਮਾਮਲੇ ਦੀ ਤਹਿਕੀਕਾਤ ਕਰੇ ਅਤੇ ਅਗਲੇ ਸੈਸ਼ਨ ਤੋਂ ਪਹਿਲਾਂ ਪਹਿਲਾਂ ਇਸ ਦੀ ਰਿਪੋਰਟ ਹਾਊਸ ਦੇ ਸਾਹਮਣੇ present ਕੀਤੀ ਜਾਵੇ। ਸਪੀਕਰ ਸਾਹਿਬ, ਦੂਸਰੀ ਗੱਲ, ਮੈਨੂੰ ਬਹੁਤ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਦੋਂ ਮੈਂ ਗਵਰਨਰਜ਼ ਐਡਰੈੱਸ 'ਤੇ ਬੋਲ ਰਿਹਾ ਸੀ, ਸਾਡੀ ਪਾਰਟੀ ਕੋਲ 35 ਮਿੰਟ ਦਾ ਟਾਈਮ ਸੀ ਅਤੇ ਮੇਰੇ 27 ਮਿੰਟ ਦੇ ਟਾਈਮ ਵਿੱਚੋਂ 10 ਮਿੰਟ ਤਾਂ ਤੁਹਾਡੇ ਚੀਫ਼ ਮਨਿਸਟਰ ਸਾਹਿਬ ਦੀ ਬਹਿਸੋ-ਬਹਿਸੀ ਵਿੱਚ ਚਲੇ ਗਏ।

ਉਹ ਵੀ ਮੇਰੇ ਟਾਈਮ ਵਿੱਚ ਗਿਣੇ ਗਏ ਹਨ। ਕੱਲ੍ਹ ਸਾਡੀ ਪਾਰਟੀ ਦੇ ਪ੍ਰਧਾਨ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਸਾਹਿਬ ਇੱਥੇ 16 ਮਿੰਟ ਲਈ ਬੋਲੇ ਸਨ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਬੈਠੇ-ਬੈਠੇ) :** ਨਹੀਂ ਜੀ, ਮੈਂ 14 ਮਿੰਟ ਬੋਲਿਆਂ ਹਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਬੇਸ਼ੱਕ 14 ਮਿੰਟ ਸੀ, ਕਹਿਣ ਦਾ ਮਤਲਬ ਇਹ ਹੈ ਕਿ 27 ਮਿੰਟ ਸਾਡੀ ਪਾਰਟੀ ਨੂੰ ਬਕਾਇਦਾ ਤੌਰ ਤੇ ਵਾਂਝਿਆ ਰੱਖਿਆ ਗਿਆ। ਮੈਂ ਤੁਹਾਨੂੰ ਕਾਗਜ਼ ਘੱਲਿਆ ਸੀ ਅਤੇ ਉਸ list of speakers ਵਿੱਚ ਕੱਲ੍ਹ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸ਼੍ਰੀਮਤੀ ਅਰੁਨਾ ਚੌਧਰੀ ਜੀ, ਸ਼੍ਰੀ ਵਿਕਰਮਜੀਤ ਸਿੰਘ ਚੌਧਰੀ ਅਤੇ ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਸਾਹਿਬ ਦੇ ਨਾਂ ਸਨ।

**ਮਾਣਯੋਗ ਸਪੀਕਰ:** ਬਾਜਵਾ ਜੀ, ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਪਹਿਲੀ ਗੱਲ ਤਾਂ ਜਦੋਂ ਤੁਸੀਂ ਬੋਲਣਾ ਸੀ, ਉਦੋਂ ਤੁਸੀਂ ਇਥੋਂ ਸੀਟਾਂ ਛੱਡ ਕੇ ਚਲੇ ਗਏ। (ਥੰਪਿੰਗ) (ਵਿਘਨ) ਅਗਲੀ ਗੱਲ ਚੇਅਰ ਦੇ ਫੈਸਲੇ ਉਪਰ ਕੋਈ ਵੀ ਕੁਐਸਚਨ ਨਹੀਂ ਕੀਤਾ ਜਾ ਸਕਦਾ। This is a Rule. ਹੁਣ ਤੁਹਾਡੇ ਵਾਸਤੇ ਮੈਂ ਕਹਿੰਦਾ ਹਾਂ ਕਿ ਤੁਸੀਂ ਬਜਟ ਤੇ ਜਿੰਨਾ ਮਰਜ਼ੀ ਬੋਲ ਲੈਣਾ। ਤੁਸੀਂ ਜਿੰਨਾ ਮਰਜ਼ੀ ਬੋਲਿਓ ਪਰ ਸੀਟਾਂ ਛੱਡ ਕੇ ਨਾ ਜਾਇਓ। ਤੁਸੀਂ ਬਾਹਰ ਚਲੇ ਜਾਂਦੇ ਹੋ ਅਤੇ ਫਿਰ ਕਹਿੰਦੇ ਹੋ ਕਿ ਬੋਲਣ ਲਈ ਟਾਈਮ ਨਹੀਂ ਮਿਲਦਾ। ਅਸੀਂ ਸਵਾ ਛੇ ਵਜੇ ਤੱਕ ਤੁਹਾਡੀ ਵੇਟ ਕਰਦੇ ਰਹੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਜੋ ਚੀਫ਼ ਮਨਿਸਟਰ ਦਾ ਵਤੀਰਾ ਸੀ, ਕੀ ਉਹ ਬੋਲਣ ਦੇ ਲਾਇਕ ਸੀ? (ਵਿਘਨ)

**ਮਾਣਯੋਗ ਸਪੀਕਰ:** ਠੀਕ ਹੈ। ਕੀ ਹੁਣ ਤੁਹਾਡਾ ਕੋਈ ਹੋਰ ਮੁੱਦਾ ਹੈ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਹੁਣ ਹਾਊਸ ਕਿੰਨਾ peacefully ਚੱਲ ਰਿਹਾ ਹੈ। ਇਹ ਕਿਉਂ ਚੱਲ ਰਿਹਾ ਹੈ? ਤੁਹਾਨੂੰ ਇੱਥੋਂ ਸਮਝ ਆ ਗਈ ਹੋਣੀ।

**ਮਾਣਯੋਗ ਸਪੀਕਰ:** ਹੁਣ ਤੁਸੀਂ ਇਸ ਗੱਲ ਨੂੰ ਛੱਡੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਤੁਹਾਨੂੰ ਸਮਝ ਆ ਗਈ ਹੋਣੀ ਹੈ ਕਿ ਹਾਊਸ ਹੁਣ peacefully ਕਿਉਂ ਚੱਲ ਰਿਹਾ ਹੈ। ਸੋ, ਗੱਲ ਇਹ ਹੈ ਕਿ (ਵਿਘਨ) ਬੇਸ਼ੱਕ ਜਿਹੜੀ ਮੇਰੀ ਗੁਜ਼ਾਰਿਸ਼ ਹੈ ਕਿ ਜਿਹੜੀ ਅਸੀਂ ਵਿਧਾਨ ਸਭਾ ਦੀ ਕਮੇਟੀ ਦੀ ਮੰਗ ਕੀਤੀ ਹੈ, into very serious allegations against the Members of Parliament and then ਜਿਹੜੇ ਆਨਰੇਬਲ ਮਨਿਸਟਰ ਸਾਹਿਬ ਨੇ ਸਾਡੇ ਸਾਥੀ ਤੇ ਐਲੀਗੇਸ਼ਨ ਲਗਾਏ ਹਨ, he is willing, he has himself said that I am willing to face the probe. ਇਸ ਸਬੰਧ ਵਿੱਚ ਹਾਊਸ ਦੀ ਇੱਕ ਕਮੇਟੀ ਬਣਾਓ ਤਾਂ ਕਿ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਸਕੇ। ਪੰਜਾਬ ਦੇ ਲੋਕਾਂ ਨੂੰ ਸੱਚਾਈ ਸਾਫ ਨਜ਼ਰ ਆਉਣੀ ਚਾਹੀਦੀ ਹੈ। These are very serious charges.

**ਮਾਣਯੋਗ ਸਪੀਕਰ:** ਤੁਹਾਡੀ ਗੱਲ ਆ ਗਈ ਹੈ। ਹੁਣ ਆਪਾਂ ਸਰਦਾਰ ਮਨਪ੍ਰੀਤ ਸਿੰਘ ਇਆਲੀ ਸਾਹਿਬ ਨੂੰ ਟਾਈਮ ਦੇ ਦੇਈਏ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਕੀ ਅਸੀਂ ਕਮੇਟੀ ਬਣਨ ਦੀ ਆਸ ਛੱਡ ਦੇਈਏ ਜੀ?

**ਮਾਣਯੋਗ ਸਪੀਕਰ:** ਇਸ ਸਬੰਧੀ ਵਿਚਾਰ ਕਰ ਲੈਂਦੇ ਹਾਂ। ਹਾਂ ਜੀ, ਸਰਦਾਰ ਮਨਪ੍ਰੀਤ ਸਿੰਘ ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ) :** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਜੀ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸੀ.ਐਮ. ਕੈਂਸਰ ਰਿਲੀਫ ਫੰਡ ਦੇ ਸਬੰਧ ਵਿੱਚ ਗੱਲ ਕਰਨੀ ਚਾਹੁੰਦਾ ਹਾਂ। ਅੱਜ ਦੇ ਸਮੇਂ ਵਿੱਚ ਗਰੀਬ ਵਾਸਤੇ ਗਰੀਬੀ ਅਤੇ ਬਿਮਾਰੀ ਦੋਵਾਂ ਨਾਲ ਲੜਨਾ ਬਹੁਤ ਔਖਾ ਹੈ। ਜੇ ਕਿਸੇ ਨੂੰ ਕੈਂਸਰ ਹੋ ਜਾਂਦਾ ਹੈ ਤਾਂ ਉਸ ਦੇ ਇਲਾਜ ਸਬੰਧੀ ਸ਼ਰਤਾਂ ਉਸ ਪਰਿਵਾਰ ਲਈ ਪੂਰੀਆਂ ਕਰਨੀਆਂ ਬੜੀਆਂ ਔਖੀਆਂ ਹਨ। ਇੱਕ ਬਿਮਾਰ ਬੰਦੇ ਅਤੇ ਉਸ ਦੇ ਪਰਿਵਾਰ ਲਈ ਇਹ ਸ਼ਰਤਾਂ ਪੂਰੀਆਂ ਕਰਨੀਆਂ ਬੜੀਆਂ ਮੁਸ਼ਕਲ ਹਨ। ਉਸ ਵਿੱਚ ਖਾਸ ਤੌਰ ਤੇ ਇਨਕਮ ਸਰਟੀਫਿਕੇਟ, ਜਿਹੜਾ low income certificate ਦੇਣਾ ਹੁੰਦਾ ਹੈ, ਉਹ ਬਣਦਾ ਹੀ ਨਹੀਂ। ਸੋ, ਇਸ ਲਈ ਕੋਈ ਨਾ ਕੋਈ ਰਿਲੈਕਸੇਸ਼ਨ ਦਿੱਤੀ ਜਾਵੇ ਜਾਂ ਪਟਵਾਰੀ ਨੂੰ ਇਸ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਇਹ ਸਰਟੀਫਿਕੇਟ ਬਣਾਏ ਜਾਣ ਅਤੇ ਜਦੋਂ ਮਰੀਜ਼ ਦਾ ਆਪਰੇਸ਼ਨ ਹੋ ਜਾਂਦਾ ਹੈ ਤਾਂ ਉਸ ਤੋਂ

ਬਾਅਦ ਲਗਭਗ ਛੇ ਮਹੀਨੇ ਤੱਕ ਦਵਾਈਆਂ ਦਾ ਪ੍ਰਬੰਧ ਵੀ ਜ਼ਰੂਰ ਕੀਤਾ ਜਾਵੇ ਕਿਉਂਕਿ ਦਵਾਈਆਂ ਬਹੁਤ ਮਹਿੰਗੀਆਂ ਹੁੰਦੀਆਂ ਹਨ। ਇਹ ਗਰੀਬਾਂ ਲਈ ਬਹੁਤ ਜ਼ਰੂਰੀ ਹੈ। ਧੰਨਵਾਦ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਨਵਾਂ ਸ਼ਹਿਰ ਕੋਆਪਰੇਟਿਵ ਸ਼ੂਗਰ ਮਿੱਲ 1956 ਵਿੱਚ ਲੱਗੀ ਸੀ ਅਤੇ ਉਸ ਦੀ ਇੱਕ ਦਿਨ ਦੀ ਕਪੈਸਿਟੀ 2500 ਟਨ ਗੰਨਾ ਪੀੜਨ ਦੀ ਹੈ। ਸਾਡੇ ਇਲਾਕੇ ਵਿੱਚ 60 ਲੱਖ ਕੁਇੰਟਲ ਗੰਨਾ ਹੁੰਦਾ ਹੈ ਅਤੇ 30 ਲੱਖ ਕੁਇੰਟਲ ਗੰਨਾ ਅਸੀਂ ਬੁੱਢੇਵਾਲ, ਮੋਰਿੰਡਾ ਅਤੇ ਅਮਲੋਹ ਮਿੱਲਾਂ ਨੂੰ ਦਿੰਦੇ ਹਾਂ। ਸਾਡੀ ਮਿੱਲ ਨੂੰ ਪਿਛਲੀ ਵਾਰ ਨੈਸ਼ਨਲ ਐਵਾਰਡ ਵੀ ਮਿਲਿਆ ਹੈ। ਮੇਰੀ ਤੁਹਾਨੂੰ ਬੇਨਤੀ ਹੈ ਕਿ ਇਸ ਦੀ ਐਕਸਪੈਨਸ਼ਨ ਕੀਤੀ ਜਾਵੇ। ਉੱਥੇ ethanol ਦਾ ਪਲਾਂਟ ਲਗਾਉਣ ਦੀ ਮਨਜ਼ੂਰੀ ਭੇਜੀ ਹੋਈ ਹੈ, ਉਹ ਵੀ ਲਗਾਇਆ ਜਾਵੇ। ਇਸ ਨਾਲ ਜਿੱਥੇ ਮੁਲਾਜ਼ਮਾਂ ਦੀ ਗਿਣਤੀ ਦੁੱਗਣੀ ਹੋਵੇਗੀ, ਉੱਥੇ ਸਾਡੇ ਇਲਾਕੇ ਦੇ ਲੋਕਾਂ ਨੂੰ ਵੀ ਫਾਇਦਾ ਹੋਵੇਗਾ। ਨਵਾਂ ਸ਼ਹਿਰ ਵਿਚ ਮਿੱਲ ਦੀ ਕਾਲਖ ਲੋਕਾਂ ਨੂੰ ਕਾਫੀ ਪ੍ਰਭਾਵਿਤ ਕਰ ਰਹੀ ਹੈ ਅਤੇ ਲੋਕ ਇਸ ਵਾਸਤੇ ਸੰਘਰਸ਼ ਵੀ ਕਰ ਰਹੇ ਹਨ। ਸੋ, ਮੇਰੀ ਬੇਨਤੀ ਹੈ ਕਿ ਇਸ ਮਸਲੇ ਦਾ ਵੀ ਕੋਈ ਨਾ ਕੋਈ ਹੱਲ ਕੀਤਾ ਜਾਵੇ। ਧੰਨਵਾਦ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.):** ਸਪੀਕਰ ਸਾਹਿਬ, ਮੈਂ ਪੰਜਾਬ ਦੀ ਮਾਂ ਬੋਲੀ ਪੰਜਾਬੀ ਬਾਰੇ ਗੱਲ ਕਰਨਾ ਚਾਹੁੰਦਾ ਹਾਂ। ਸਾਡੀ ਮਾਂ ਬੋਲੀ ਪਿਛਲੇ ਸਮਿਆਂ ਦੌਰਾਨ ਵਿਸਾਰੀ ਜਾਂਦੀ ਰਹੀ ਹੈ। ਪੂਰੀ ਦੁਨੀਆ ਵਿਚ ਤਕਰੀਬਨ 3-4 ਕਰੋੜ ਪੰਜਾਬੀ ਰਹਿੰਦੇ ਹਨ, ਜੋ ਪੰਜਾਬੀ ਬੋਲਦੇ ਹਨ।

ਸਾਡੀ ਮਾਂ ਬੋਲੀ ਬੜੀ ਹੀ ਮਿੱਠੀ,
ਕੰਨਾਂ ਦੇ ਵਿੱਚ ਮਿਸ਼ਰੀ ਘੋਲੇ,
ਐਸੀ ਬੋਲੀ ਕਿਤੇ ਹੋਰ ਨਾ ਡਿੱਠੀ।

ਸੋ, ਸਾਡੀ ਮਾਂ ਬੋਲੀ ਪੰਜਾਬੀ ਨੂੰ ਗੁਰੂਆਂ ਪੀਰਾਂ, ਪੈਗੰਬਰਾਂ, ਇਤਿਹਾਸਕਾਰਾਂ ਨੇ ਆਪਣੇ ਤਰੀਕੇ ਨਾਲ ਪੰਜਾਬ ਵਿਚ ਪਰੋਇਆ ਅਤੇ ਇਸ ਨੂੰ ਪ੍ਰਫੁੱਲਿਤ ਕੀਤਾ ਹੈ। ਪਿਛਲੇ ਸਮਿਆਂ ਦੌਰਾਨ ਪੰਜਾਬੀ ਬੋਲੀ ਨਾਲ ਬਹੁਤ ਵਿਤਕਰਾ ਹੋਇਆ ਹੈ। ਪਿਛਲੇ ਸਮਿਆਂ ਵਿਚ ਜਿਹੜੇ ਲੋਕਾਂ ਨੇ ਇਸ ਨੂੰ ਪ੍ਰਫੁੱਲਿਤ ਕਰਨ ਵਾਸਤੇ ਹੰਭਲਾ ਮਾਰਿਆ ਸੀ, ਹੁੰਗਾਰਾ ਭਰਿਆ ਸੀ, ਉਨ੍ਹਾਂ ਤੇ ਪਰਚੇ ਹੋਏ ਅਤੇ ਉਨ੍ਹਾਂ ਤੇ ਕਾਨੂੰਨੀ ਕਾਰਵਾਈਆਂ

ਕੀਤੀਆਂ ਗਈਆਂ ਹਨ। ਮੇਰੀ ਮੁੱਖ ਮੰਤਰੀ ਜੀ ਨੂੰ ਬੇਨਤੀ ਹੈ ਕਿ ਉਨ੍ਹਾਂ ਵੱਲੋਂ ਜਿਹੜੀ ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਵਾਸਤੇ ਮੁਹਿੰਮ ਚਲਾਈ ਗਈ ਹੈ, ਉਸ ਅਧੀਨ ਅਜਿਹੇ ਪਰਚਿਆਂ ਨੂੰ ਰੱਦ ਕੀਤਾ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਸੁਖਜਿੰਦਰ ਸਿੰਘ ਰੰਧਾਵਾ (ਡੇਰਾ ਬਾਬਾ ਨਾਨਕ):** ਸਪੀਕਰ ਸਾਹਿਬ, ਮੈਂ ਜੇਲ੍ਹਾਂ ਦਾ ਇੱਕ ਬੜਾ ਸੰਵੇਦਨਸ਼ੀਲ ਮੁੱਦਾ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਕੱਲ੍ਹ ਵੀ ਸੋਸ਼ਲ ਮੀਡੀਆ ਤੇ ਵੱਖ ਵੱਖ ਜੇਲ੍ਹਾਂ ਵਿੱਚੋਂ ਕਾਲੇ ਬਿੱਲੇ ਲਗਾ ਕੇ ਆਪਣਾ ਪ੍ਰੋਟੈਸਟ ਸ਼ੋਅ ਕੀਤਾ ਗਿਆ ਹੈ। ਮਿਤੀ 27.02.2023 ਨੂੰ ਗੋਇੰਦਵਾਲ ਜੇਲ੍ਹ ਵਿੱਚ ਇੱਕ ਐਫ.ਆਈ.ਆਰ. ਦਰਜ ਹੋਈ ਪਰ ਅੱਜ ਤੱਕ ਉਸ ਦੇ ਮੁਲਜ਼ਮਾਂ ਦੀ ਕਸਟੋਡੀਅਲ ਇੰਟੈਰੋਗੇਸ਼ਨ ਨਹੀਂ ਕੀਤੀ ਗਈ। ਐਫ.ਆਈ.ਆਰ. ਦਰਜ ਹੋ ਗਈ ਪਰ ਉਨ੍ਹਾਂ ਮੁਲਜ਼ਮਾਂ ਨੂੰ ਅਰੈਸਟ ਨਹੀਂ ਕੀਤਾ ਗਿਆ। ਇਸ ਦੇ ਉਲਟ ਜਿਹੜੇ ਉੱਥੇ ਮੁਲਾਜ਼ਮ ਸਨ, ਉਸ ਵਿਚ ਸੁਪਰਡੰਟ ਜੇਲ੍ਹ ਜਾਂ ਬਾਕੀ ਜਿਹੜੇ ਮੁਲਾਜ਼ਮ ਸਨ, ਉਨ੍ਹਾਂ ਤੇ ਐਫ.ਆਈ.ਆਰ. ਦਰਜ ਹੋ ਕੇ ਉਨ੍ਹਾਂ ਦੀ ਅਰੈਸਟ ਵੀ ਹੋ ਗਈ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਗੁਰਚਰਨ ਸਿੰਘ ਧਾਲੀਵਾਲ, ਫਿਰੋਜ਼ਪੁਰ ਵਿੱਚ ਸੁਪਰਡੰਟ ਜੇਲ੍ਹ ਨੂੰ ਪਾਕਿਸਤਾਨ ਤੋਂ ਆਉਂਦੇ ਡਰੋਨਾਂ ਦੇ ਕੇਸ ਸਬੰਧੀ ਅਰੈਸਟ ਕੀਤਾ ਗਿਆ ਸੀ ਪਰ ਅਦਾਲਤ ਵੱਲੋਂ ਕੇਸ ਡਿਸਚਾਰਜ ਕਰ ਦਿੱਤਾ ਗਿਆ। ਇਸੇ ਤਰ੍ਹਾਂ ਬਲਬੀਰ ਸਿੰਘ, ਗੋਇੰਦਵਾਲ ਜੇਲ੍ਹ ਵਿਚ ਡਿਪਟੀ ਸੁਪਰਡੰਟ ਤੇ ਵੀ ਐਫ.ਆਈ.ਆਰ. ਕੀਤੀ ਜਾਂਦੀ ਹੈ। ਅਦਾਲਤ ਵੱਲੋਂ ਉਹ ਵੀ ਡਿਸਚਾਰਜ ਕਰ ਦਿੱਤੀ ਜਾਂਦੀ ਹੈ। ਮੈਂ ਇਸ ਕਰਕੇ ਦੱਸ ਰਿਹਾ ਹਾਂ ਕਿ ਜਿਹੜੇ ਜੇਲ੍ਹਾਂ ਅੰਦਰ ਕ੍ਰਿਮੀਨਲਜ਼ ਹਨ, ਉਨ੍ਹਾਂ ਨੂੰ ਕੰਟਰੋਲ ਕਰਨਾ ਜੇਲ੍ਹ ਵਿਭਾਗ ਦੇ ਅਫ਼ਸਰਾਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਇੱਥੇ ਆਈ.ਜੀ. ਸਾਹਿਬ ਬੈਠੇ ਹਨ, ਮੇਰੇ ਸਮੇਂ ਵਿਚ ਤਿੰਨ ਇਨਕੁਆਰੀਆਂ ਭੇਜੀਆਂ ਗਈਆਂ ਸਨ ਉਨ੍ਹਾਂ ਤਿੰਨੇ ਇਨਕੁਆਰੀਆਂ ਵਿੱਚ, ਇੱਕ ਵਿੱਚ ਡਿਸਮਿਸ ਕੀਤਾ ਅਤੇ ਬਾਕੀਆਂ ਤੇ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਅੱਜ ਤੱਕ ਉਹ ਬੰਦੇ ਜੇਲ੍ਹਾਂ ਵਿੱਚ ਹਨ ਤੇ ਉਹ ਕਿਸੇ ਵੀ ਕੇਸ ਵਿੱਚੋਂ ਬਰੀ ਨਹੀਂ ਹੋਏ ਸਨ। ਮੇਰੀ ਮੁੱਖ ਮੰਤਰੀ ਸਾਹਿਬ ਨੂੰ ਗੁਜ਼ਾਰਿਸ਼ ਹੈ ਕਿ ਪੁਲਿਸ ਡਿਪਾਰਟਮੈਂਟ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ। ਪੁਲਿਸ ਬਾਹਰੋਂ ਗੁੰਡਿਆਂ ਨੂੰ ਫੜ ਕੇ ਜੇਲ੍ਹਾਂ ਵਿੱਚ ਭੇਜਦੀ ਹੈ ਤੇ ਸਭ ਤੋਂ ਵੱਧ ਸੈਂਸੇਟਿਵ ਥਾਂ ਜੇਲ੍ਹ ਹੁੰਦੀ ਹੈ। ਸਭ ਤੋਂ ਵੱਧ ਪ੍ਰੈਸ਼ਰ ਸੁਪਰਡੰਟ ਜੇਲ੍ਹ ਤੇ ਹੁੰਦਾ ਹੈ ਕਿ ਇਨ੍ਹਾਂ ਸਭ ਨੂੰ ਕੰਟਰੋਲ ਕਿਵੇਂ ਕਰਨਾ ਹੈ। ਸਾਨੂੰ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ ਹੈ ਅਤੇ ਉਥੇ ਵੱਧ ਤੋਂ ਵੱਧ ਸਕਿਓਰਿਟੀ ਦਾ

ਇੰਤਜ਼ਾਮ ਕਰਨਾ ਚਾਹੀਦਾ ਹੈ। ਜਿਹੜੇ ਗੁੰਡੇ ਜਾਂ ਗੈਂਗਸਟਰ ਹਨ, ਇਨ੍ਹਾਂ ਗੁੰਡਿਆਂ ਨੂੰ ਪਹਿਲਾਂ ਧਿਆਨ ਵਿੱਚ ਰੱਖ ਕੇ ਕਿ ਉਹ ਕਿਸ ਗਰੁੱਪ ਦੇ ਹਨ, ਇਨ੍ਹਾਂ ਨੂੰ ਇਕੱਠੇ ਨਾ ਹੋਣ ਦਿੱਤਾ ਜਾਵੇ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਲ੍ਹ ਡਿਪਾਰਟਮੈਂਟ ਨੂੰ demoralise ਨਾ ਕਰੀਏ, ਉਨ੍ਹਾਂ ਨੂੰ encourage ਕਰੀਏ ਤਾਂ ਕਿ ਗੁੰਡਿਆਂ ਨੂੰ ਜੇਲ੍ਹਾਂ ਵਿੱਚ ਨੱਥ ਪਾਈ ਜਾ ਸਕੇ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਸਪੀਕਰ ਸਾਹਿਬ, ਸਰਦਾਰ ਬਲਕੌਰ ਸਿੰਘ ਮੂਸੇਵਾਲਾ ਜਿਨ੍ਹਾਂ ਦੇ ਇੱਕੋ-ਇੱਕ ਹੋਣਹਾਰ ਪੁੱਤਰ ਦਾ ਮਿਤੀ 29.5.2022 ਨੂੰ ਕਤਲ ਕੀਤਾ ਗਿਆ ਸੀ, ਉਹ ਦਰ ਦਰ ਠੋਕਰਾਂ ਖਾਂਦੇ ਫਿਰਦੇ ਹਨ। ਕਦੀ ਉਹ ਕਿਤੇ ਜਾਂਦੇ ਹਨ, ਕਦੀ ਕਿਤੇ ਜਾਂਦੇ ਹਨ। ਕੱਲ੍ਹ ਉਹ ਵਿਧਾਨ ਸਭਾ ਆਏ ਸਨ ਅਤੇ ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਨੂੰ ਮਿਲੇ ਸਨ। ਉਨ੍ਹਾਂ ਨੇ ਸਦਨ ਦੇ ਬਾਹਰ ਭੁੰਜੇ ਬੈਠ ਕੇ ਧਰਨਾ ਲਾਇਆ ਕਿ ਮੇਰੇ ਪੁੱਤ ਦਾ ਇਨਸਾਫ ਦੇ ਦੇਵੋ। ਜਿੱਥੇ ਹੋਰ ਉਨ੍ਹਾਂ ਨੇ ਡਿਮਾਂਡਜ਼ ਕੀਤੀਆਂ ਹਨ, ਉੱਥੇ ਸਪੈਸੀਫਿਕਲੀ ਕਿਹਾ ਕਿ ਇੱਕ ਸਰਦਾਰ ਭਗਵੰਤ ਸਿੰਘ ਮਾਨ ਦਾ ਮੀਡੀਆ ਐਡਵਾਈਜ਼ਰ ** ਹੈ, ਉਸ ਨੇ ਟਵੀਟ ਕੀਤਾ ਸੀ ਅਤੇ ਇਸ ਤੋਂ ਇਲਾਵਾ ਇੱਕ ** ਨਾਮ ਦੀ ਲੜਕੀ ਸੋਸ਼ਲ ਮੀਡੀਆ ਤੇ ਕੰਮ ਕਰਦੀ ਹੈ, ਇਨ੍ਹਾਂ ਨੇ 28 ਤਾਰੀਖ ਨੂੰ ਟਵੀਟ ਤੇ ਲਿਖਿਆ ਕਿ ਮੂਸੇਵਾਲਾ ਦੀ ਸਿਕਿਓਰਿਟੀ ਉਠਾਈ ਗਈ, 28 ਤਾਰੀਖ ਨੂੰ ** ਟਵੀਟ ਕੀਤਾ ਗਿਆ ਅਤੇ 29 ਤਾਰੀਖ ਨੂੰ ਉਨ੍ਹਾਂ ਦਾ ਕਤਲ ਹੋ ਗਿਆ। He has specifically demanded action against him. ਅੱਜ ਸਾਲ ਹੋ ਗਿਆ ਹੈ ਲੇਕਿਨ ਕਿਸੇ ਨੇ ਇਸ ਦੀ investigation ਨਹੀਂ ਕੀਤੀ ਕਿ ਕਿਹੜੇ ਬੰਦਿਆਂ ਕਰਕੇ ਉਸ ਦਾ ਕਤਲ ਹੋਇਆ ਹੈ। ਸਟੇਟਮੈਂਟ ਹੀ ਰਿਕਾਰਡ ਨਹੀਂ ਕੀਤੀ ਗਈ। ਕੱਲ੍ਹ ਜਦੋਂ ਸ਼੍ਰੀ ਚਰਨਜੀਤ ਸਿੰਘ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ I don't know SSP, Mansa. ਮੀਡੀਆ ਨੇ ਪੁੱਛਿਆ, ਉਹ ਕਹਿੰਦੇ ਜੇਕਰ ਲੋੜ ਪਵੇਗੀ ਤਾਂ ਅਸੀਂ ਉਨ੍ਹਾਂ ਨੂੰ ਸੱਦਾਂਗੇ। ਸਪੀਕਰ ਸਾਹਿਬ, ਮੂਸੇਵਾਲਾ ਦੇ ਪਿਤਾ ਜੀ ਤੁਹਾਡੇ ਦਰ ਤੇ ਆ ਕੇ ਬੈਠੇ ਹਨ, probably ਤੁਹਾਡੇ ਟਵਿੱਟਰ ਮਨਿਸਟਰ (ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਕੱਲ੍ਹ ਉਨ੍ਹਾਂ ਨੂੰ ਮਿਲਣ ਵੀ ਗਏ ਸਨ। ਉਨ੍ਹਾਂ ਨੂੰ ਆਸ਼ਵਾਸਨ ਵੀ ਦੇ ਕੇ ਆਏ ਸਨ।** ਤੇ ਲੜਕੀ** ਵੈਸੇ ਤਾਂ ਆਮ ਆਦਮੀ ਪਾਰਟੀ ਦੇ ਆਫੀਸ਼ੀਅਲ ਹੈਂਡਲ ਤੇ ਸਰਦਾਰ ਭਗਵੰਤ ਸਿੰਘ ਮਾਨ ਦੀ ਫੋਟੋ ਲਗਾ ਕੇ ਸਿੱਧੂ ਮੂਸੇਵਾਲਾ ਦੀ ਸਿਕਿਓਰਿਟੀ ਦੇ withdrawal ਦਾ ਸਾਰਾ ਕੁਝ ਸ਼ੇਅਰ ਕੀਤਾ ਗਿਆ ਸੀ। ਇਸ ਦੇ ਵਿੱਚ ਇਹ ਸਿੱਧਾ

** Expunged as ordered by the Hon'ble Speaker.

ਕਾਰਨ ਬਣਿਆ। ਉਸਦੀ ਅੱਜ ਸਿਕਿਓਰਿਟੀ withdraw ਹੁੰਦੀ ਹੈ ਤੇ ਕੱਲ੍ਹ ਨੂੰ ਉਸ ਨੂੰ ਘੇਰ ਕੇ ਮਾਰ ਦਿੱਤਾ ਜਾਂਦਾ ਹੈ। ਉਹ ਵਾਰ ਵਾਰ ਇਲਜ਼ਾਮ ਲਗਾ ਰਹੇ ਹਨ। ਸਾਰੀ ਦੁਨੀਆ ਨੇ ਕਿਹਾ ਕਿ this has primarily happened because of sharing of withdrawal of security on the social media. ਸਿਕਿਓਰਿਟੀਆਂ ਪਹਿਲਾਂ ਵੀ ਬਹੁਤ ਘਟਦੀਆਂ-ਵਧਦੀਆਂ ਰਹੀਆਂ ਹਨ ਪਰ ਕਦੇ ਵੀ ਕਿਸੇ ਨੇ social media ਤੇ ਇਹ details ਸ਼ੇਅਰ ਨਹੀਂ ਕੀਤੀਆਂ ਜਿਸਦਾ ਹੁਣ ਖਮਿਆਜ਼ਾ ਉਹ ਪਰਿਵਾਰ ਭੁਗਤ ਰਿਹਾ ਹੈ। ਸਪੀਕਰ ਸਾਹਿਬ, ਇੱਕ ਮਿੰਟ ਅੱਖਾਂ ਬੰਦ ਕਰਕੇ ਸੋਚੋ, ਫਰਜ਼ ਕਰੋ ਆਪਣੇ ਵਿੱਚੋਂ ਕਿਸੇ ਨਾਲ ਇਸ ਤਰ੍ਹਾਂ ਹੋਇਆ ਹੁੰਦਾ ਤਾਂ ਆਪਾਂ ਉਸ ਨੂੰ ਕਿਸ ਤਰ੍ਹਾਂ ਡੀਲ ਕਰਦੇ? ਕੀ ਤੁਸੀਂ ਉਨ੍ਹਾਂ ਨੂੰ ਇਨਸਾਫ ਦਿਵਾਉਗੇ? ਪੰਜਾਬ ਸਰਕਾਰ ਵਿੱਚੋਂ ਕੋਈ ਵੀ ਮਨਿਸਟਰ, ਚਲੋ ਹਾਲੇ ਸੀ.ਐਮ. ਸਾਹਿਬ ਇੱਥੇ ਬੈਠੇ ਨਹੀਂ ਹਨ, number 2-3-4 ministers ਹਨ, please get up and assure the Public.

**ਮਾਣਯੋਗ ਸਪੀਕਰ:** ਖਹਿਰਾ ਸਾਹਿਬ, ਚੇਅਰ ਨੂੰ ਐਡਰੈਸ ਕਰੋ ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਤੁਹਾਨੂੰ ਨਾਲ ਦੀ ਨਾਲ ਮੌਕਾ ਮਿਲ ਗਿਆ ਹੈ। ਹੁਣ ਸ਼੍ਰੀਮਤੀ ਅਰੁਨਾ ਚੌਧਰੀ ਜੀ ਦੀ ਵਾਰੀ ਹੈ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਇੱਕ ਬਹੁਤ ਹੀ sensitive issue ਤੇ ਗੱਲ ਕਰਨਾ ਚਾਹੁੰਦੀ ਹਾਂ। ਡਾਕਟਰ ਮਨਮੋਹਨ ਸਿੰਘ ਜੀ ਦੀ ਸਰਕਾਰ ਵੇਲੇ 2013 ਵਿੱਚ National Food Security Act ਬਣਿਆ। ਪੰਜਾਬ ਵਿੱਚ 40 ਲੱਖ 66 ਹਜ਼ਾਰ 19 ਕਾਰਡ ਬਣੇ ਸਨ। ਇਹ ਬੜਾ ਲੰਮਾ ਪ੍ਰੋਸੀਜ਼ਰ ਸੀ ਕਿ ਪਟਵਾਰੀ ਦੀ ਲੈਂਡ ਹੋਲਡਿੰਗ, ਤਹਿਸੀਲਦਾਰ ਦਾ low income certificate, ਪੰਚਾਇਤ ਸੈਕਟਰੀ ਦੇ residential status ਤੋਂ ਬਾਅਦ AFSO, DFSC ਤੋਂ ਬਾਅਦ ਰਾਸ਼ਨ ਕਾਰਡ ਬਣਦੇ ਸਨ। ਡਾਇਰੈਕਟੋਰੇਟ ਵਿੱਚ ਆ ਕੇ ਫਿਰ smart card ਬਣਦੇ ਸਨ ਲੇਕਿਨ ਹੁਣ ਕਿਸੇ ਵੀ ਡਿਪਾਰਟਮੈਂਟ ਦੇ unqualified ਬੰਦਿਆਂ ਵੱਲੋਂ ਜਾ ਕੇ ਇੱਕ ਜਗ੍ਹਾ ਬੈਠ ਕੇ ਬਿਨਾਂ ਕਿਸੇ ਨੂੰ ਸੁਣੇ ਰਾਸ਼ਨ ਕਾਰਡ delete ਕੀਤੇ ਜਾ ਰਹੇ ਹਨ। ਮੈਨੂੰ ਅੱਜ ਤੱਕ ਸਮਝ ਨਹੀਂ ਆਈ ਕਿ 4 ਗਜ਼ਟਿਡ ਅਫਸਰਾਂ ਦੀ verification ਤੋਂ ਬਾਅਦ ਕੋਈ ਵੀ unqualified ਬੰਦਾ ਜਾ

ਕੇ ਕਿਵੇਂ ਉਹ ਰਾਸ਼ਨ ਕਾਰਡ ਕੱਟ ਸਕਦਾ ਹੈ?ਮੇਰੀ ਗੁਜ਼ਾਰਿਸ਼ ਹੈ ਕਿ ਇਸ ਬਾਰੇ ਜ਼ਰੂਰ ਇੱਕ ਮੌਕਾ ਦੇਣਾ ਚਾਹੀਦਾ ਹੈ। ਅੱਜ ਤੱਕ ਮੈਂ ਅਜਿਹੇ ਗਰੀਬ ਲੋਕਾਂ ਦੇ ਕਾਰਡ ਕੱਟਦੇ ਦੇਖੇ ਹਨ ਜਿਹੜੇ ਕਿ ਇੱਕ ਕਮਰੇ ਵਿੱਚ 6-6, 7-7 ਜੀਅ ਗਰੀਬੀ ਨਾਲ ਗੁਜ਼ਾਰਾ ਕਰ ਰਹੇ ਹਨ। ਮੇਰੇ ਇਲਾਕੇ ਵਿੱਚ ਹੀ ਖਾਸ ਤੌਰ ਤੇ ਸੁਮਿਤ ਕੁਮਾਰ ਉਰਫ ਰਿਸ਼ੂ ਨੂੰ ਇੰਚਾਰਜ ਬਣਾਇਆ ਹੋਇਆ ਹੈ। ਰਾਜਨੀਤੀ ਦੀ ਪੂਰੀ ਖੁੱਲ੍ਹ-ਖੇਡ ਹੋ ਰਹੀ ਹੈ। ਉਸ ਦਾ ਕੰਮ ਹੈ ਕਿ ਜਿੱਥੇ ਵੀ ਕੋਈ ਕਾਂਗਰਸੀ ਵੋਟਰ ਹਨ, ਉਨ੍ਹਾਂ ਦੇ ਕਾਰਡ ਕੱਟੇ ਜਾਣ। ਮੈਂ ਫੂਡ ਕਮਿਸ਼ਨ ਪੰਜਾਬ ਨੂੰ ਸ਼ਿਕਾਇਤ ਲਿਖ ਕੇ ਭੇਜੀ ਹੈ। ਮੈਂ ਕੁਝ ਸੈਂਪਲ ਲੈ ਕੇ ਆਈ ਹਾਂ ਕਿ ਪਿੰਡ ਬਹਿਰਾਮਪੁਰ ਦੇ 12 ਕਾਰਡ ਇਨ੍ਹਾਂ ਵਿੱਚੋਂ ਕੱਟੇ ਗਏ ਹਨ ਅਤੇ ਉਹ ਵੀ ਬੜੇ flimsy ਗਰਾਊਂਡ ਤੇ ਕੱਟੇ ਗਏ ਹਨ। ਦੋ ਦਾ ਤਾਂ ਲਿਖਿਆ ਹੈ ਕਿ ਉਨ੍ਹਾਂ ਕੋਲ ਅਸਲਾ ਹੈ। ਸੋ, ਅਸਲੇ ਦਾ ਤਾਂ ਰਾਸ਼ਨ ਕਾਰਡ ਨਾਲ ਕੋਈ ਸਬੰਧ ਹੀ ਨਹੀਂ ਹੈ ਕਿਉਂਕਿ ਅੱਜ ਕੱਲ੍ਹ ਤਾਂ 2200/- ਰੁਪਏ ਦਾ ਵੀ ਅਸਲਾ ਆ ਜਾਂਦਾ ਹੈ। ਬਾਕੀ ਦਸ ਪਰਿਵਾਰਾਂ ਬਾਰੇ ਲਿਖਿਆ ਹੈ ਕਿ ਸਰਕਾਰੀ ਨੌਕਰ ਹਨ ਜਦੋਂ ਕਿ ਉਹ ਲੋਕ ਮਜ਼ਦੂਰੀ ਕਰਦੇ ਹਨ ਅਤੇ ਪਰਿਵਾਰ ਵਿੱਚ ਕੋਈ ਵੀ ਸਰਕਾਰੀ ਨੌਕਰ ਨਹੀਂ ਹੈ। ਸੋ, ਇਹ ਬਿਲਕੁਲ ਝੂਠ ਦਾ ਪੁਲੰਦਾ ਹੈ।

ਮੈਂ ਜਿਹੜੇ ਸੁਮਿਤ ਕੁਮਾਰ ਦੀ ਗੱਲ ਕੀਤੀ ਹੈ, ਉਸ ਨੂੰ ਫਰਜ਼ੀ ਸਰਟੀਫਿਕੇਟ ਲੈ ਕੇ ਪਰਮੋਟ ਕੀਤਾ ਗਿਆ ਹੈ ਅਤੇ ਇਹ 24 ਕਰੋੜ ਦੇ ਫੂਡ ਸਕੈਮ ਵਿੱਚ ਵੀ ਚਾਰਜਸ਼ੀਟ ਹੋਇਆ ਹੈ।

**ਮਾਣਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ।

**ਸ਼੍ਰੀਮਤੀ ਅਰੁਨਾ ਚੌਧਰੀ :** ਮੈਂ ਅਪੀਲ ਕਰਦੀ ਹਾਂ ਕਿ ਇਹ ਸਕੀਮ ਜਿਹੜੀ ਕਿ ਗਰੀਬਾਂ ਵਾਸਤੇ ਬਣੀ ਹੈ, ਇਸ ਵਿੱਚ ਗਰੀਬਾਂ ਨਾਲ ਨਜਾਇਜ਼ ਧੱਕਾ ਨਾ ਕੀਤਾ ਜਾਵੇ।

**ਮਾਣਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ ਜੀ। ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ?

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ਼੍ਰੀ ਲਾਲ ਚੰਦ):** ਮਾਨਯੋਗ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਸਮਝਦਾ ਹਾਂ ਕਿ ਇਸ ਪਵਿੱਤਰ ਹਾਊਸ ਵਿੱਚ ਇੰਨੀ ਗੈਰ ਸਾਇੰਟੀਫਿਕ ਜਾਣਕਾਰੀ ਨਹੀਂ ਦੇਣੀ ਚਾਹੀਦੀ। ਅਸੀਂ ਸਬ-ਡਵੀਜ਼ਨਾਂ ਵਿੱਚ ਵੈਰੀਫਿਕੇਸ਼ਨ ਦਾ ਕੰਮ ਡਿਪਟੀ ਕਮਿਸ਼ਨਰਾਂ ਦੀ

ਅਗਵਾਈ ਵਿੱਚ ਸ਼ੁਰੂ ਕਰਵਾਇਆ ਹੈ ਅਤੇ ਇਸ ਵਿੱਚ ਐਸ.ਡੀ.ਐਮ. ਆਲ ਟੂ ਆਲ ਹਨ, ਜਿਨ੍ਹਾਂ ਨੂੰ ਕਿ ਇਹ ਗੈਰ-ਕੁਆਲੀਫਾਈਡ ਕਹਿ ਰਹੇ ਹਨ। ਬਕਾਇਦਾ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮ ਇਸ ਕੰਮ ਵਿੱਚ ਲੱਗੇ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਹਲਕੀ ਜਾਣਕਾਰੀ ਹਾਊਸ ਵਿੱਚ ਨਹੀਂ ਦੇਣੀ ਚਾਹੀਦੀ। (ਵਿਘਨ) (ਸ਼ੋਰ)

ਮੇਰੀ ਬੇਨਤੀ ਸੁਣ ਲਉ ਜੀ। ਅਰੁਨਾ ਜੀ, ਤੁਸੀਂ ਮੇਰੀ ਵੱਡੀ ਭੈਣ ਹੋ। ਤੁਸੀਂ ਪਰਸੋਂ ਵੀ ਮੈਨੂੰ ਇੱਕ ਚੂੰਢੀ ਭੋਰੀ ਸੀ। ਮੈਂ ਤੁਹਾਨੂੰ ਬੜੀ ਹੰਬਲ ਬੇਨਤੀ ਕਰਦਾ ਹਾਂ। ਤੁਸੀਂ ਪੰਜ ਸਾਲ ਵਜ਼ੀਰ ਰਹੇ ਹੋ। ਤੁਹਾਡੀ ਸਰਕਾਰ ਰਹੀ ਹੈ। ਸਾਨੂੰ ਪਤਾ ਹੈ ਕਿ ਦੀਨਾਨਗਰ ਵਿੱਚ ਕਿੰਨੀਆਂ ਕੁ ਦੁੱਧ ਦੀਆਂ ਨਦੀਆਂ ਵਗਦੀਆਂ ਰਹੀਆਂ ਹਨ। ਗਰੀਬ ਲੋਕਾਂ ਵਿਰੁੱਧ ਸਭ ਤੋਂ ਵੱਡਾ ਘੁਟਾਲਾ ਉਥੇ ਹੋਇਆ ਹੈ ਜਿੱਥੇ ਤੁਹਾਡੀ ਰਿਹਾਇਸ਼ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਸੱਚ ਤੁਹਾਡੇ ਸਾਹਮਣੇ ਆ ਰਿਹਾ ਹੈ। ਇਸ ਕਰਕੇ ਤੁਸੀਂ ਜਿਸ ਦਾ ਨਾਂ ਲੈ ਰਹੇ ਹੋ, ਇਸ ਤਰ੍ਹਾਂ ਤੁਸੀਂ ਬਿਲਕੁਲ ਵੈਨਡੇਟਾ ਕਰ ਰਹੇ ਹੋ। (ਵਿਘਨ) ਮੈਂ ਜਵਾਬ ਦੇ ਦੇਣਾ ਹੈ। ਤੁਸੀਂ ਗੈਰ-ਸਾਇੰਟੀਫਿਕ ਗੱਲ ਕਰਦੇ ਹੋ। (ਵਿਘਨ)(ਸ਼ੋਰ) ਮੈਂ ਹਾਊਸ ਨੂੰ ਜਨਰਲ ਬੇਨਤੀ ਕਰਦਾ ਹਾਂ ਕਿ ਜੇ ਕਿਸੇ ਗਰੀਬ ਦਾ ਕਾਰਡ ਕੱਟਿਆ ਗਿਆ ਤਾਂ ਅਸੀਂ ਉਸ ਦੀ ਰਾਖੀ ਕਰਾਂਗੇ, ਉਸ ਦਾ ਕਾਰਡ ਬਿਲਕੁਲ ਨਹੀਂ ਕੱਟਿਆ ਜਾਵੇਗਾ।

**ਮਾਣਯੋਗ ਸਪੀਕਰ :** ਧੰਨਵਾਦ ਜੀ। ਹੁਣ ਬੀਬਾ ਬਲਜਿੰਦਰ ਕੌਰ ਬੋਲਣਗੇ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ ਨਾਲ ਬਹਿਸ ਕਰ ਰਹੇ ਸਨ ।)

**ਮਾਣਯੋਗ ਸਪੀਕਰ :** ਮੰਤਰੀ ਜੀ, ਆਪਾਂ ਅੱਗੇ ਗੱਲ ਚੱਲਣ ਦੇਈਏ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ) :** ਸ਼ੁਕਰੀਆ, ਸਪੀਕਰ ਸਾਹਿਬ। ਮੈਂ ਗੁਰੂ ਗੋਬਿੰਦ ਸਿੰਘ ਰਿਫਾਈਨਰੀ, ਤਲਵੰਡੀ ਸਾਬੋ ਸਬੰਧੀ ਇੱਕ ਬਹੁਤ ਜ਼ਰੂਰੀ ਮਸਲੇ ਬਾਰੇ ਗੱਲ ਕਰਨਾ ਚਾਹੁੰਦੀ ਹਾਂ। ਹਰ ਸਰਕਾਰ ਨੇ ਰਿਫਾਈਨਰੀ ਨਾਲ ਲੱਗਦੇ ਪਿੰਡਾਂ ਨਾਲ ਬਹੁਤ ਸਾਰੀਆਂ ਕੁਮਿੱਟਮੈਂਟਸ ਕੀਤੀਆਂ ਹਨ। ਜਦੋਂ ਵੀ ਇਲੈਕਸ਼ਨ ਦਾ

ਟਾਈਮ ਆਉਂਦਾ ਸੀ, ਉਨ੍ਹਾਂ ਨਾਲ ਬਹੁਤ ਸਾਰੇ ਵਾਅਦੇ ਕੀਤੇ ਜਾਂਦੇ ਸਨ। ਪਿੰਡ ਕਣਕਵਾਲ, ਜਿਸ ਨੂੰ ਕਿਹਾ ਜਾਂਦਾ ਸੀ ਕਿ ਤੁਹਾਡੇ ਤੇ ਇਸ ਰਿਫਾਈਨਰੀ ਦੇ ਬਹੁਤ ਗਹਿਰੇ ਇੰਪੈਕਟ ਹਨ। 2013 ਵਿੱਚ ਉਥੇ ਅੱਗ ਲੱਗੀ ਅਤੇ ਹੁਣ 2023 ਵਿੱਚ ਫਿਰ ਅੱਗ ਲੱਗੀ ਤਾਂ ਬਹੁਤ ਸਾਰੇ ਲੋਹੇ ਦੇ ਟੁਕੜੇ ਇਨ੍ਹਾਂ ਪਿੰਡਾਂ ਵਿੱਚ ਡਿੱਗਦੇ ਹਨ। ਇਸ ਰਿਫਾਈਨਰੀ ਵਿੱਚੋਂ ਬਹੁਤ ਸਾਰੇ ਭਿਆਨਕ ਕੈਮੀਕਲ ਵੀ ਨਿਕਲਦੇ ਹਨ, ਜਿਸ ਕਰਕੇ ਉਥੋਂ ਦੀ ਵਸੋਂ ਅਤੇ ਪਸ਼ੂਆਂ ਤੇ ਗਹਿਰਾ ਇੰਪੈਕਟ ਪੈਂਦਾ ਹੈ। ਉਥੋਂ ਦੇ ਲੋਕਾਂ ਨੂੰ ਸਕਿਨ ਦੀਆਂ ਸਮੱਸਿਆਵਾਂ, ਸਾਹ ਦੀਆਂ ਸਮੱਸਿਆਵਾਂ ਅਤੇ ਕੈਂਸਰ ਵਰਗੀਆਂ ਸਮੱਸਿਆਵਾਂ ਵੀ ਹੋ ਰਹੀਆਂ ਹਨ। ਹਰ ਸਰਕਾਰ ਨੇ ਵਾਅਦਾ ਕੀਤਾ, ਸਾਲ 2014 ਵਿੱਚ ਬਾਦਲ ਸਾਹਿਬ ਗਏ ਤੇ ਪਿੰਡ ਵਾਸੀਆਂ ਨੂੰ ਕਹਿ ਕੇ ਆਏ ਸੀ ਕਿ ਤੁਹਾਡੇ ਪਿੰਡ ਲਈ ਜਗ੍ਹਾ ਦਿਖਾ ਦਿੱਤੀ ਹੈ, ਤੁਹਾਨੂੰ ਸ਼ਿਫਟ ਕਰ ਦੇਵਾਂਗੇ। ਉਹ ਦਿਨ ਤਾਂ ਹੱਦ ਹੀ ਸੀ, ਜਿਵੇਂ-ਜਿਵੇਂ ਪੁਰਾਣੇ ਪਾਲੀਟੀਸ਼ਨ ਉੱਥੇ ਜਾਂਦੇ ਰਹੇ ਅਤੇ ਜਾ ਕੇ ਇੱਕ ਗੱਲ ਕਹਿੰਦੇ ਸੀ ਕਿ ਅਜੇ ਤੁਸੀਂ ਇੱਥੇ ਹੀ ਬੈਠੇ ਹੋ, ਤੁਹਾਨੂੰ ਕਿਸੇ ਨੇ ਸ਼ਿਫਟ ਨਹੀਂ ਕੀਤਾ? ਉਸ ਰਿਫਾਈਨਰੀ ਵਿੱਚੋਂ ਬਹੁਤ ਗਹਿਰੀਆਂ ਅਵਾਜ਼ਾਂ ਨਿਕਲਦੀਆਂ ਹਨ ਜਿਸ ਕਾਰਨ ਪਿੰਡ ਦੇ ਲੋਕਾਂ ਨੂੰ ਸੁਣਨ ਦੀ ਸਮੱਸਿਆ ਹੋਣੀ ਸ਼ੁਰੂ ਹੋ ਗਈ ਹੈ। ਸੋ, ਪਿੰਡ ਕਣਕਵਾਲ ਦਾ ਮੰਗ ਪੱਤਰ ਮੇਰੇ ਕੋਲ ਆਇਆ ਹੋਇਆ ਹੈ। (At this stage, the Member was showing the said representation in the House) ਉਹ ਚਾਹੁੰਦੇ ਹਨ ਕਿ ਸਾਡਾ ਪਿੰਡ ਕਿਸੇ ਹੋਰ ਜਗ੍ਹਾ ਸ਼ਿਫਟ ਕੀਤਾ ਜਾਵੇ। ਮੇਰੀ ਬੇਨਤੀ ਹੈ ਕਿ ਆਪਾਂ ਇਸ ਗੱਲ ਤੇ ਜ਼ਰੂਰ ਗੌਰ ਕਰੀਏ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਹਾਂ ਜੀ, ਸਰਦਾਰ ਜਗਰੂਪ ਸਿੰਘ ਗਿੱਲ ਜੀ ਬੋਲੋ। ਚਲੋ, ਬਾਜਵਾ ਸਾਹਿਬ ਬੋਲਣਗੇ। ਗਿੱਲ ਸਾਹਿਬ, ਤੁਸੀਂ ਬੈਠੋ। ਮੈਂ ਤਿੰਨ ਬੰਦੇ ਇੱਧਰੋਂ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਬੁਲਾਉਂਦਾ ਹਾਂ ਅਤੇ ਇੱਕ ਬੰਦਾ ਉੱਧਰੋਂ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਬੁਲਾਉਂਦਾ ਹਾਂ।(ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਹੁਣ ਉਨ੍ਹਾਂ (ਆਪੋਜ਼ੀਸ਼ਨ ਬੈਂਚਿਜ਼) ਨੂੰ ਵੀ ਥੋੜ੍ਹਾ ਬੋਲ ਲੈਣ ਦਿਉ, ਆਪਾਂ ਉਨ੍ਹਾਂ ਨੂੰ ਵੀ ਬੋਲ ਲੈਣ ਦੇਈਏ। ਹਾਂ ਜੀ, ਬਾਜਵਾ ਜੀ ਬੋਲੋ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸਪੀਕਰ ਸਾਹਿਬ, ਹਲਕਾ ਇੰਚਾਰਜ ਦੀ ਗੱਲ ਸ਼੍ਰੀਮਤੀ ਅਰੁਨਾ ਜੀ ਨੇ ਵੀ ਕੀਤੀ ਹੈ। ਮੇਰੇ ਹਲਕੇ ਵਿੱਚ ਵੀ ਹਲਕਾ ਇੰਚਾਰਜ ਹਨ। ਭੁੱਲਰ ਸਾਹਿਬ, ਟਰਾਂਸਪੋਰਟ ਮੰਤਰੀ ਜੀ ਵੀ ਬੈਠੇ ਹਨ।

(ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਅਵਾਜ਼ਾਂ: ਟੈਲੀਫੋਨ ਸੁਣ ਰਹੇ ਹਨ।)

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਭੁੱਲਰ ਸਾਹਿਬ, ਇੱਧਰ ਧਿਆਨ ਕਰੋ। ਜਿਪਸੀ ਨੂੰ ਮੋਟਰਸਾਈਕਲ ਦਾ ਨੰਬਰ ਲਗਾਇਆ ਹੋਇਆ ਹੈ। ਕੀ ਤਫਤੀਸ਼ ਕਰਕੇ ਪਰਚਾ ਦਰਜ ਕਰੋਗੇ? ਇਹ ਪਰਚੇ ਇਸੇ ਵਾਸਤੇ ਹੀ ਹਨ। ਹਲਕਾ ਇੰਚਾਰਜ ਨੇ ਜਿਪਸੀ ਤੇ ਮੋਟਰਸਾਈਕਲ ਦਾ ਨੰਬਰ ਲਗਾਇਆ ਹੈ ਅਤੇ ਆਪ ਦੇ ਵਰਕਰਾਂ ਨੇ ਹੀ ਫੜਿਆ ਹੈ।

**ਮਾਣਯੋਗ ਸਪੀਕਰ:** ਤੁਸੀਂ (ਟਰਾਂਸਪੋਰਟ ਮੰਤਰੀ, ਸ਼੍ਰੀ ਲਾਲਜੀਤ ਸਿੰਘ ਭੁੱਲਰ ਵੱਲ ਇਸ਼ਾਰਾ) ਬੈਠੋ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਤੁਹਾਨੂੰ ਨਾਮ ਤਾਂ ਪਤਾ ਹੀ ਹੈ ਜੀ। ਜਿਹੜੇ ਹਲਕਾ ਇੰਚਾਰਜ ਸਾਡੇ ਫਤਿਹਗੜ੍ਹ ਚੂੜੀਆਂ ਦੇ ਪਨਸਪ ਦੇ ਚੇਅਰਮੈਨ ਲੱਗੇ ਹੋਏ ਹਨ ਉਨ੍ਹਾਂ ਨੇ ਜਿਪਸੀ ਨੂੰ ਮੋਟਰਸਾਈਕਲ ਦਾ ਨੰਬਰ ਲਗਾਇਆ ਹੈ। ਅਖਬਾਰਾਂ ਵਿੱਚ ਆਇਆ ਹੈ ਅਤੇ ਤੁਹਾਨੂੰ ਵਰਕਰ ਵੀ ਮਿਲੇ ਹਨ। ਸ਼੍ਰੀ ਲਾਲ ਚੰਦ ਜੀ, 47 ਲੱਖ ਦੀ ਕਣਕ ਦਾ ਗਬਨ ਹੋਇਆ, ਉਸ ਵਿੱਚ ਵੀ ਉਨ੍ਹਾਂ ਦਾ ਹੀ ਨਾਮ ਬੋਲਦਾ ਹੈ। ਪਲੀਜ਼, ਇਸ ਦੀ ਇਨਕੁਆਰੀ ਕਰੋ ਅਤੇ ਜਿਹੜਾ ਕਸੂਰਵਾਰ ਹੈ, ਉਸ ਤੇ ਪਰਚਾ ਜ਼ਰੂਰ ਦਰਜ ਕਰੋ। ਤੁਹਾਡੀ ਪਾਰਟੀ ਵਾਲਿਆਂ ਨੇ ਹੀ ਫੜਿਆ ਹੈ, ਮੈਂ ਆਪ ਜਾਂ ਕਾਂਗਰਸੀ ਵਰਕਰਾਂ ਨੇ ਨਹੀਂ ਫੜਿਆ, ਆਪ ਦੇ ਵਰਕਰਾਂ ਨੇ ਹੀ ਫੜਿਆ ਹੈ।

**ਮਾਣਯੋਗ ਸਪੀਕਰ:** ਠੀਕ ਹੈ, ਬਾਜਵਾ ਸਾਹਿਬ, ਧੰਨਵਾਦ। ਸਰਦਾਰ ਜਗਰੂਪ ਸਿੰਘ ਗਿੱਲ, ਬੋਲੋ ਜੀ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ):** ਬਹੁਤ ਹੀ ਧੰਨਵਾਦ, ਸਪੀਕਰ ਸਾਹਿਬ। ਮੈਂ ਹਾਊਸ ਦਾ ਧਿਆਨ ਅਤਿ ਸੰਵੇਦਨਸ਼ੀਲ ਔਰ ਬਹੁਤ ਇੰਪਾਰਟੈਂਟ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਪਹਿਲਾਂ ਮੈਂ ਧੰਨਵਾਦ ਕਰਦਾ ਹਾਂ ਕਿ ਸਾਡੇ ਇੱਥੇ ਪੰਚਾਇਤ ਮੰਤਰੀ ਸਾਹਿਬ ਅਤੇ ਸਰਕਾਰ ਨੇ ਦੱਸਿਆ ਹੈ ਕਿ 10 ਹਜ਼ਾਰ ਏਕੜ ਦੇ ਲਗਭਗ ਸ਼ਾਮਲਾਤ ਜ਼ਮੀਨਾਂ ਖਾਲੀ ਕਰਵਾਈਆਂ ਜਾ ਚੁੱਕੀਆਂ ਹਨ। ਮੈਂ ਤੁਹਾਡੇ ਰਾਹੀਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸ਼ਾਮਲਾਤ ਲੈਂਡ ਰੈਵੇਨਿਊ ਐਕਟ ਜਾਂ ਟਰਾਂਸਫਰ ਆਫ ਪ੍ਰਾਪਰਟੀ ਐਕਟ ਮੁਤਾਬਿਕ ਚਾਰ ਤਰ੍ਹਾਂ ਦੀ ਸ਼ਾਮਲਾਤ ਹੁੰਦੀ ਹੈ ਜਿਸ ਵਿੱਚ ਪੱਤੀ ਸ਼ਾਮਲਾਤ, ਸ਼ਾਮਲਾਤ-ਦੇਹ, ਜੁਮਲਾ ਮਾਲਕਾ ਜਾਂ ਚਰਾਗਾਹ ਹੁੰਦੀ ਹੈ। ਕਾਨੂੰਨ ਦੇ ਮੁਤਾਬਿਕ ਚਰਾਗਾਹ, ਜੁਮਲਾ ਮਾਲਕਾ ਜਾਂ

ਸ਼ਾਮਲਾਤ-ਦੇਹ ਪੰਜਾਬ ਸਰਕਾਰ ਦੀ ਮਾਲਕੀ ਹੈ। ਪੰਜਾਬ ਸਰਕਾਰ ਨੂੰ ਹੱਕ ਹੈ ਕਿ ਉਸ ਉੱਤੇ ਜੋ ਨਜਾਇਜ਼ ਕਾਬਜ਼ਕਾਰ ਹਨ, ਉਨ੍ਹਾਂ ਤੋਂ ਕਬਜ਼ਾ ਲਿਆ ਜਾਵੇ ਅਤੇ ਉਸ ਨੂੰ ਸਹੀ ਤਰੀਕੇ ਨਾਲ ਤਕਸੀਮ ਕੀਤਾ ਜਾਵੇ। ਪੱਤੀ ਸ਼ਾਮਲਾਤ ਪੱਤੀਦਾਰਾਂ ਦੇ ਖਾਤਿਆਂ ਵਿੱਚੋਂ ਕੱਟ ਕੇ ਪੱਤੀ ਸ਼ਾਮਲਾਤ ਬਣਦੀ ਹੈ, ਉਹ ਪੱਤੀਦਾਰਾਂ ਦੀ ਮਾਲਕੀ ਹੁੰਦੀ ਹੈ। ਪੰਜਾਬ ਦੇ ਬਹੁਤ ਹਿੱਸਿਆਂ ਵਿੱਚ ਖਾਸ ਤੌਰ ਤੇ ਮੈਂ ਆਪਣੇ ਹਲਕੇ ਬਠਿੰਡਾ ਬਾਰੇ ਦੱਸਣਾ ਚਾਹੁੰਦਾ ਹਾਂ ਕਿ 15% ਤੋਂ 17% ਅਬਾਦੀ ਪੱਤੀ ਸ਼ਾਮਲਾਤ ਉੱਤੇ ਆਬਾਦ ਹੈ। ਇਸ ਤੋਂ ਪਹਿਲਾਂ ਪੱਤੀ ਸ਼ਾਮਲਾਤ ਦੇ ਵਿਰਾਸਤ ਦੇ ਇੰਤਕਾਲ ਅਤੇ ਰਜਿਸਟਰੀਆਂ ਹੁੰਦੀਆਂ ਰਹੀਆਂ ਹਨ। ਇੱਕ ਫੈਸਲਾ ਜੋ ਹਰਿਆਣਾ ਸਰਕਾਰ ਦੇ ਸਬੰਧ ਵਿੱਚ ਸੁਪਰੀਮ ਕੋਰਟ ਦਾ ਆਇਆ ਹੈ, ਉਸ ਦੇ ਆਉਣ ਤੋਂ ਬਾਅਦ ਜੋ ਵੀ ਸ਼ਾਮਲਾਤ ਹੈ, ਬੇਸ਼ੱਕ ਉਹ ਪੱਤੀ ਸ਼ਾਮਲਾਤ ਹੈ ਜਾਂ ਸ਼ਾਮਲਾਤ-ਦੇਹ ਹੈ, ਉਨ੍ਹਾਂ ਲੋਕਾਂ ਉੱਤੇ ਪੱਤੀ ਸ਼ਾਮਲਾਤ ਦੇ ਮਾਲਕ ਜਾਂ ਕਾਬਜ਼ਕਾਰ ਹਨ, ਉਨ੍ਹਾਂ ਦੇ ਸਿਰ ਉੱਤੇ ਤਲਵਾਰ ਲਟਕੀ ਹੋਈ ਹੈ ਔਰ ਉਨ੍ਹਾਂ ਦੀਆਂ ਰਜਿਸਟਰੀਆਂ ਵੀ ਬੰਦ ਹਨ। ਇਸ ਤਰ੍ਹਾਂ ਦਾ ਇੱਕ ਲੈਟਰ ਜਾਰੀ ਕਰਕੇ, ਮੇਰੇ ਆਪਣੇ ਹਲਕੇ ਦੇ ਪੱਤੀ-ਸ਼ਾਮਲਾਤ ਨੂੰ ਨਗਰ ਨਿਗਮ ਦੇ ਨਾਮ ਤੇ ਤਬਦੀਲ ਕੀਤਾ ਗਿਆ ਸੀ ਜਿਸ ਦੇ ਖਿਲਾਫ ਕੇਸ ਵੀ ਚੱਲੇ ਅਤੇ ਉਸ ਕੇਸ ਵਿੱਚ ਨਗਰ ਨਿਗਮ ਹਾਰ ਗਈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਜਾਂ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਸ਼ਾਮਲਾਤ ਜ਼ਮੀਨ ਦੀ ਜਿਹੜੀ ਤਸ਼ਰੀਹ ਹੈ, ਉਸ ਨੂੰ ਵੱਖ ਵੱਖ ਕੀਤਾ ਜਾਵੇ, ਜਿਹੜੇ ਲੋਕ ਪੱਤੀ ਸ਼ਾਮਲਾਤ ਉੱਤੇ ਕਾਬਜ਼ ਹਨ, ਉਨ੍ਹਾਂ ਨੂੰ ਮਾਲਕੀ ਦਿੱਤੀ ਜਾਵੇ। ਜਿਹੜੀ ਸ਼ਾਮਲਾਤ ਦੀ ਪੰਜਾਬ ਸਰਕਾਰ ਮਾਲਕ ਹੈ, ਉਸ ਦੇ ਕਬਜ਼ੇ ਲਏ ਜਾਣ। ਸੋ, ਮੈਂ ਇਸ ਮੁੱਦੇ ਉੱਤੇ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜੋ ਕਿ ਬਹੁਤ ਹੀ ਜ਼ਰੂਰੀ ਹੈ। ਧੰਨਵਾਦ ਜੀ।

**ਸ਼੍ਰੀ ਅਸ਼ੋਕ ਪਰਾਸ਼ਰ ਪੱਪੀ (ਲੁਧਿਆਣਾ ਕੇਂਦਰੀ):** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 600 ਸਾਲ ਪੁਰਾਣਾ ਕਿਲਾ ਜੋ ਮੇਰੇ ਹਲਕੇ ਵਿੱਚ ਪੈਂਦਾ ਹੈ, ਜਿਸ ਕਿਲੇ ਕਰਕੇ ਲੁਧਿਆਣਾ ਸ਼ਹਿਰ ਦਾ ਨਾਂ ਰੱਖਿਆ ਗਿਆ, ਉਸ ਕਿਲੇ ਨੂੰ ਬਣਾਇਆ ਜਾਵੇ ਔਰ ਇੱਕ ਜਿਹੜੀਆਂ ਲਾਲ ਲਕੀਰ ਦੇ ਅੰਦਰ ਸ਼ਹਿਰ ਦੀਆਂ ਪ੍ਰਾਪਰਟੀਆਂ ਹਨ ਅਤੇ ਲੋਕ 50-60 ਸਾਲਾਂ ਤੋਂ ਇਨ੍ਹਾਂ ਪ੍ਰਾਪਰਟੀਆਂ ਉੱਤੇ ਰਹਿ ਰਹੇ ਹਨ, ਉਨ੍ਹਾਂ ਨੂੰ ਰਜਿਸਟਰੀਆਂ ਕਰਵਾ ਕੇ ਦਿੱਤੀਆਂ ਜਾਣ। ਬਹੁਤ ਬਹੁਤ ਧੰਨਵਾਦ ਜੀ।

(ਇਸ ਸਮੇਂ ਸੂਚਨਾ ਤੇ ਲੋਕ ਸੰਪਰਕ ਮੰਤਰੀ, ਸ਼੍ਰੀ ਅਮਨ ਅਰੋੜਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਹਾਂ ਜੀ, ਰਾਜਾ ਵੜਿੰਗ ਜੀ। ਇੱਕ ਮਿੰਟ ਵੜਿੰਗ ਜੀ, ਮੰਤਰੀ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਸੂਚਨਾ ਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਮਿਹਰਬਾਨੀ ਜੀ। ਸਪੀਕਰ ਸਾਹਿਬ, ਇੱਕ ਬਹੁਤ ਹੀ ਸੰਵੇਦਨਸ਼ੀਲ ਇਸ਼ੂ ਜਿਸ ਉੱਤੇ ਪਹਿਲਾਂ ਵੀ ਕਈ ਵਾਰੀ ਡਿਸਕਸ਼ਨ ਹੋਈ ਸੀ ਅਤੇ ਅੱਜ ਵੀ ਮੇਰੇ ਵੱਡੇ ਵੀਰ ਖਹਿਰਾ ਸਾਹਿਬ ਨੇ ਇਸ਼ੂ ਰੇਜ਼ ਕੀਤਾ ਹੈ ਕਿ ਕੱਲ੍ਹ ਸਿੱਧੂ ਮੂਸੇਵਾਲੇ ਦੇ parents ਵਿਧਾਨ ਸਭਾ ਦੇ ਬਾਹਰ ਆਏ ਸਨ। ਇਨ੍ਹਾਂ ਨੇ ਇਹ ਗੱਲ ਵੀ ਕਹੀ ਕਿ ਜੇਕਰ ਸੀ.ਐਮ. ਸਾਹਿਬ ਹਾਊਸ ਵਿੱਚ ਹਾਜ਼ਰ ਨਹੀਂ ਹਨ ਤਾਂ ਸਾਡੇ ਵਿੱਚੋਂ ਕੋਈ ਵੀ, must stand up and speak. ਸਰ, ਇਸ ਤਰ੍ਹਾਂ ਹੈ ਕਿ ਸਾਡਾ ਬੈਠਿਆਂ ਦਾ ਕੰਮ ਬੋਲਦਾ ਹੈ ਅਤੇ ਭਗਵੰਤ ਮਾਨ ਜੀ ਦੀ ਜਿਹੜੀ ਕੁਮਿੱਟਮੈਂਟ ਹੈ, ਉਹ ਸਾਡੀ ਸਰਕਾਰ ਦੀ ਕੁਮਿੱਟਮੈਂਟ ਹੈ। ਸਰ, law and order ਬਾਰੇ ਕੋਈ compromise ਨਹੀਂ ਹੈ। ਸਪੀਕਰ ਸਾਹਿਬ, ਅਸੀਂ ਤਾਂ ਪਿਛਲੀਆਂ ਸਰਕਾਰਾਂ ਦੇ ਬੀਜੇ ਹੋਏ ਕੰਡੇ ਚੁਗ ਰਹੇ ਹਾਂ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਸਰ, ਸਿੱਧੂ ਮੂਸੇਵਾਲੇ ਦੇ ਮਾਤਾ-ਪਿਤਾ ਦਾ ਜਿਹੜਾ ਦਰਦ ਹੈ, ਉਹ ਇਕੱਲੇ ਉਨ੍ਹਾਂ ਦਾ ਦਰਦ ਨਹੀਂ ਹੈ, ਇਹ ਸਾਰੇ ਪੰਜਾਬ ਦਾ ਅਤੇ ਸਾਰੀ ਦੁਨੀਆ ਦਾ ਦਰਦ ਹੈ। ਸਪੀਕਰ ਸਾਹਿਬ, ਅਸੀਂ ਇਸ ਉੱਤੇ ਜ਼ਿੰਮੇਵਾਰੀ ਦੇ ਨਾਲ ਕੰਮ ਕਰ ਰਹੇ ਹਾਂ। ਜੇਕਰ ਅਸੀਂ ਇਸ particular case ਦੀ ਗੱਲ ਕਰ ਲਈਏ ਤਾਂ ਮੈਂ ਕਹਾਂਗਾ ਕਿ ਜਦੋਂ ਇਹ ਭਾਣਾ ਵਾਪਰਿਆ ਤਾਂ ਇਸ ਕੇਸ ਵਿੱਚ 40 ਬੰਦੇ nominate ਹੋਏ, 29 ਅਰੈਸਟ ਹੋਏ। ਪਲੀਜ਼ ਸੁਣ ਲਓ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ ਬੈਠੇ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ। ਮੇਰੇ ਕੁਝ ਮਾਨਯੋਗ ਸਾਥੀ running commentary ਕਰਦੇ ਹਨ, ਇਹ ਹਾਊਸ ਦੇ decorum ਦੀ ਅਵਹੇਲਣਾ ਹੈ। ਇਹ ਆਪਣੇ ਹੱਥ ਵਿੱਚ ਹੀ ਹੈ ਕਿ ਆਪਾਂ ਹਾਊਸ ਦੀ ਮਰਿਆਦਾ ਨੂੰ ਬਣਾ ਕੇ ਰੱਖੀਏ ਕਿਉਂਕਿ ਹੁਣ ਤਾਂ ਸਾਰਾ ਸੈਸ਼ਨ ਲਾਈਵ ਹੀ ਚਲਦਾ ਹੈ। ਜੇਕਰ ਇਕੱਲੇ ਇਕੱਲੇ ਦੀ ਫੋਟੋ ਮੰਗਦੇ ਹੋ ਤਾਂ ਫਿਰ ਸਾਰਾ ਕੁਝ ਹੀ ਜਾਵੇਗਾ। ਹਾਂ ਜੀ, ਅੱਗੇ ਬੋਲੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ):** ਲਾਈਵ ਵੰਨ ਸਾਈਡਿਡ ਹੈ।

**ਮਾਣਯੋਗ ਸਪੀਕਰ:** ਤੁਹਾਡਾ ਕੰਮ ਫਿਰ ਜ਼ਿਆਦਾ ਹੋ ਜਾਵੇਗਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ ਬੈਠੇ):** ਕੋਈ ਗੱਲ ਨਹੀਂ ਜੀ, ਕਰ ਦਿਓ। ਲਾਈਵ ਵੰਨ ਸਾਈਡ ਕਰ ਦਿਓ ਔਰ ਗੱਲ ਹੀ ਕੋਈ ਨਹੀਂ ਹੈ।

**ਮਾਣਯੋਗ ਸਪੀਕਰ:** ਕਰ ਲੈਂਦੇ ਹਾਂ ਜੀ। ਹਾਂ ਜੀ, ਮੰਤਰੀ ਸਾਹਿਬ ਕੰਟੀਨਿਊ ਕਰੋ ਜੀ।

**ਸੂਚਨਾ ਤੇ ਲੋਕ ਸੰਪਰਕ ਮੰਤਰੀ :** ਸਰ, ਇਸ ਤਰ੍ਹਾਂ ਹੈ ਕਿ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਹੁਣ ਤੱਕ 40 ਬੰਦੇ ਨੌਮੀਨੇਟ ਹੋਏ ਹਨ ਔਰ ਉਨ੍ਹਾਂ ਵਿੱਚੋਂ 29 ਆਲਰੇਡੀ ਅਰੈਸਟ ਹੋ ਚੁੱਕੇ ਹਨ। ਇਸ ਤੋਂ ਇਲਾਵਾ ਦੋ ਨੂੰ ਐਨਕਾਊਂਟਰ ਵਿੱਚ ਪੰਜਾਬ ਪੁਲਿਸ eliminate ਕਰ ਚੁੱਕੀ ਹੈ ਅਤੇ ਜਿਹੜੇ 9 ਬਚਦੇ ਹਨ, ਉਨ੍ਹਾਂ ਵਿੱਚੋਂ 6 ਬਾਹਰ ਹਨ ਔਰ ਇਨ੍ਹਾਂ ਵਿੱਚੋਂ 4 ਦਾ ਚਲਾਨ ਵਿੱਚ ਨਾਂ ਵੀ ਆ ਚੁੱਕਿਆ ਹੈ, ਜਿਹੜੇ ਬਾਕੀ 3 ਬਚਦੇ ਹਨ, ਉਹ ਅੰਡਰ ਇਨਵੈਸਟੀਗੇਸ਼ਨ ਹਨ। ਆਲਰੇਡੀ ਇਸ ਵਿੱਚ ਦੋ ਚਲਾਨ ਪੇਸ਼ ਹੋ ਚੁੱਕੇ ਹਨ। ਸਪੀਕਰ ਸਾਹਿਬ, ਚਾਰ ਚਾਰਜਸ਼ੀਟ present ਹੋ ਚੁੱਕੀਆਂ ਹਨ। ਗੋਲਡੀ ਬਰਾੜ, ਜਿਸ ਨੇ ਕੈਨੇਡਾ ਵਿੱਚ ਬੈਠ ਕੇ ਜ਼ਿੰਮੇਵਾਰੀ ਲਈ ਸੀ, ਉਸ ਦਾ extradition process ਚੱਲ ਰਿਹਾ ਹੈ। ਇਸ ਨੂੰ ਸਟੇਟ ਗੌਰਮਿੰਟ ਡਾਇਰੈਕਟ ਨਹੀਂ ਕਰ ਸਕਦੀ ਅਤੇ ਇਹ ਸੈਂਟਰਲ ਗੌਰਮਿੰਟ ਦੇ ਥਰੂ ਆਉਂਦਾ ਹੈ। ਸਚਿਨ ਬਿਸ਼ਨੋਈ ਨਾਂ ਦਾ ਇੱਕ ਹੋਰ culprit/accused ਹੈ, ਉਹ Azerbaijan ਵਿੱਚ ਹੈ। ਉੱਥੇ ਉਹ already detain ਹੋ ਚੁੱਕਿਆ ਹੈ। ਸਰ, no doubt ਮੈਂ ਦੁਬਾਰਾ ਫਿਰ ਰੀਪੀਟ ਕਰਦਾ ਹਾਂ ਕਿ ਅਜਿਹਾ ਅਸਹਿ ਅਤੇ ਅਕਹਿ ਦੁੱਖ ਪਰਮਾਤਮਾ ਕਿਸੇ ਮਾਂ-ਪਿਉ ਨੂੰ ਨਾ ਦੇਵੇ but as a State Government ਇਸ ਤੋਂ ਵੱਧ ਸਰਕਾਰ ਹੋਰ ਕੀ ਕਰ ਸਕਦੀ ਹੈ? ਸਾਡੀ ਸਰਕਾਰ 16 ਮਾਰਚ ਨੂੰ ਬਣੀ ਸੀ। 29 ਮਈ ਨੂੰ ਇਹ ਭਾਣਾ ਵਾਪਰ ਗਿਆ। ਸਰ, ਦੋ ਮਹੀਨਿਆਂ ਦੇ ਵਿੱਚ ਤਾਂ ਪੰਜਾਬ ਵਿੱਚ ਜੋ ਗੈਂਗ ਹਨ ਜਾਂ ਗੈਂਗਵਾਰਜ਼ ਹਨ, ਉਹ ਸ਼ੁਰੂ ਨਹੀਂ ਹੋਈਆਂ। ਇਹ ਪਿਛਲੇ ਲੰਮੇ ਸਮੇਂ ਤੋਂ ਚਲਦਾ ਆ ਰਿਹਾ ਹੈ, ਜਿਸ ਦੇ ਅਸੀਂ ਕੰਡੇ ਚੁਗਣ ਲੱਗੇ ਹੋਏ ਹਾਂ। ਸਰ, ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜਿੰਨੇ sensational murder ਹੋਏ ਹਨ, ਚਾਹੇ ਸਿੱਧੂ ਮੂਸੇਵਾਲਾ ਕਤਲ ਕੇਸ ਦੀ ਗੱਲ ਕਰੀਏ, ਚਾਹੇ ਸੰਦੀਪ ਨੰਗਲ ਅੰਬੀਆਂ ਦੇ ਕੇਸ ਦੀ ਗੱਲ ਕਰ ਲਈਏ ਔਰ ਚਾਹੇ ਪ੍ਰਦੀਪ ਪ੍ਰੇਮੀ ਦੇ ਕਤਲ ਕੇਸ ਦੀ ਗੱਲ ਕਰ ਲਈਏ, ਇਸ ਵਿੱਚ ਜਿਹੜੇ ਸ਼ੂਟਰ ਸਨ, ਉਹ ਕਿੱਥੋਂ ਆਏ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਸੂਚਨਾ ਤੇ ਲੋਕ ਸੰਪਰਕ ਮੰਤਰੀ:** ਇਹ ਸੋਚਣ ਵਾਲੀ ਗੱਲ ਹੈ। ਇਸ ਵਿੱਚ ਜਿੰਨੇ ਸ਼ੂਟਰ ਸਨ, ਇਨ੍ਹਾਂ ਵਿੱਚੋਂ ਬਹੁਤੇ ਤਾਂ ਜੁਵੀਨਾਈਲ ਸਨ, ਉਹ 18 ਸਾਲ ਤੋਂ ਘੱਟ ਉਮਰ ਦੇ ਸਨ, ਉਹ ਨੇਬਰਿੰਗ ਸਟੇਟਸ ਵਿੱਚੋਂ ਆਏ ਸਨ। ਇਹ ਸਾਡੇ ਆਪਣੇ ਗੁਆਂਢੀ ਸੂਬੇ ਹਨ, ਉਹ ਗੈਂਗਸਟਰ ਦੇ ਬਰੀਡਿੰਗ ਗਰਾਊਂਡ ਬਣੇ ਪਏ ਹਨ। ਉਹ ਉੱਥੋਂ ਆਉਂਦੇ ਹਨ ਅਤੇ ਇੱਥੇ ਵਾਰਦਾਤ ਕਰਕੇ ਨਿਕਲ ਜਾਂਦੇ ਹਨ। ਫਿਰ ਵੀ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਨੇ ਬਹੁਤ ਦਲੇਰੀ ਦਿਖਾਈ ਹੈ। ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਪਿਛਲੇ ਸਮਿਆਂ ਵਿੱਚ ਜੋ ਹੋਇਆ ਹੈ ਅਸੀਂ ਉਸ ਨੂੰ ਕੰਟਰੋਲ ਕਰਨ ਲੱਗੇ ਹੋਏ ਹਾਂ। ਇੱਕ ਲੰਬੀ ਲਿਸਟ ਹੈ ਕਿ ਕਿੰਨੇ ਗੈਂਗਸਟਰ ਫੜੇ ਗਏ, ਕਿੰਨੇ eliminate ਹੋ ਗਏ, ਕਿੰਨਿਆਂ ਦੇ ਚਲਾਨ ਪੇਸ਼ ਹੋ ਗਏ ਅਤੇ ਕਿੰਨੇ ਡਰੱਗਜ਼ ਫੜੇ ਗਏ ਹਨ। ਜਦੋਂ ਕੈਂਸਰ ਫੈਲਦਾ ਹੈ ਤਾਂ ਉਸ ਨੂੰ ਹੌਲੀ ਹੌਲੀ ਫੈਲਣ ਵਿੱਚ ਵੀ ਸਮਾਂ ਲੱਗਦਾ ਹੈ ਅਤੇ ਖਤਮ ਹੋਣ ਵਿੱਚ ਵੀ ਸਮਾਂ ਲੱਗਦਾ ਹੈ। ਵਾਰ ਵਾਰ ਅਜਿਹੀਆਂ ਗੱਲਾਂ ਕਰਕੇ ਸਟੇਟ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ। ਇਸ ਨਾਲ ਸੂਬੇ ਵਿੱਚ ਇਨਵੈਸਟਮੈਂਟ ਦਾ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ। ਇਸ ਨਾਲ ਇੱਕ ਡਰ ਦਾ ਮਾਹੌਲ ਪੈਦਾ ਹੁੰਦਾ ਹੈ। ਮੇਰੀ ਤੁਹਾਨੂੰ ਸਭ ਨੂੰ ਇਹੀ ਬੇਨਤੀ ਹੈ ਕਿ ਕਿਰਪਾ ਕਰਕੇ ਜ਼ਿੰਮੇਵਾਰ ਆਪੋਜ਼ੀਸ਼ਨ ਹੋਣ ਕਰਕੇ ਇਹ ਕੰਮ ਨਾ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਗੱਲ ਬੇਸ਼ੱਕ ਸਿਕਿਓਰਟੀ ਲੀਕ ਹੋਣ ਦੀ ਹੋਈ ਹੈ। ਤੁਸੀਂ ਕੀ ਕੀਤਾ ਹੈ ਜਾਂ ਕੀ ਨਹੀਂ ਕੀਤਾ, we are not questioning that. ਬੇਸਿਕ ਗੱਲ ਇਹ ਹੈ ਕਿ ਇਹ media advisor to CM ਦਾ ਮਿਤੀ 28-05-2022 ਦਾ ਟਵੀਟ ਹੈ। ਇਸ ਵਿੱਚ ਉਹ ਕਹਿੰਦੇ ਹਨ ਕਿ ਸਰਦਾਰ ਸੁਖਦੇਵ ਸਿੰਘ ਢੀਂਡਸਾ, ਸਰਦਾਰ ਕੁਲਜੀਤ ਸਿੰਘ ਨਾਗਰਾ..

**ਮਾਣਯੋਗ ਸਪੀਕਰ:** ਇਹ ਇਸ਼ੂ ਆ ਚੁੱਕਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਨਹੀਂ ਜੀ, ਇਸ ਦਾ ਜਵਾਬ ਨਹੀਂ ਆਇਆ ਹੈ। ਗੱਲ ਇਹ ਹੋ ਰਹੀ ਹੈ ਕਿ ਜਦੋਂ ਇਹ ਟਵੀਟ ਸੀ.ਐਮ. ਸਾਹਿਬ ਦੇ ਫੇਸਬੁੱਕ ਪੇਜ ਤੇ ਪਾਇਆ ਗਿਆ, ਉਸ ਤੋਂ ਬਾਅਦ ਗੋਲਡੀ ਬਰਾੜ ਦੀ

ਇਨਵੈਸਟੀਗੇਸ਼ਨ ਵਿੱਚ ਆਇਆ ਹੈ। ਸ਼ੂਟਰਜ਼ ਨੇ ਇਹ ਗੱਲ ਕਹੀ now its time to strike. ਉਸ ਸਮੇਂ ਉਸ ਨੂੰ ਮਾਰਿਆ ਗਿਆ।

**ਮਾਣਯੋਗ ਸਪੀਕਰ:** ਧੰਨਵਾਦ ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹ ਇਨਸਾਫ ਦੀ ਮੰਗ ਕਰ ਰਹੇ ਹਨ। ਕੀ ** ਦਾ ਅਸਤੀਫਾ ਲਿਆ ਜਾਵੇਗਾ? ਕੀ ਉਸ ਤੇ ਧਾਰਾ 120-ਬੀ ਅਧੀਨ ਕੇਸ ਰਜਿਸਟਰ ਕੀਤਾ ਜਾਵੇਗਾ? ਮੂਸੇਵਾਲਾ ਦੇ ਮਾਤਾ-ਪਿਤਾ ਦੀ ਇਹ ਡਿਮਾਂਡ ਹੈ। This is what we want. If the government is sincere will they ask for resignation?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸ਼੍ਰੀ ਅਵਤਾਰ ਸਿੰਘ ਜੂਨੀਅਰ ਅਤੇ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਰਾਜਾ ਜੀ ਨੂੰ ਸਮਾਂ ਦਿੱਤਾ ਗਿਆ ਸੀ। ਬਾਜਵਾ ਸਾਹਿਬ, ਤੁਹਾਡੀ ਗੱਲ ਆ ਗਈ ਹੈ।

**ਸੂਚਨਾ ਤੇ ਲੋਕ ਸੰਪਰਕ ਮੰਤਰੀ:** ਸਪੀਕਰ ਸਾਹਿਬ, ਬਾਜਵਾ ਸਾਹਿਬ ਨੇ ਗੱਲ ਕੀਤੀ ਹੈ ਕਿ ਸਿਕਿਓਰਟੀ ਵਿਦਡਰਾਅ ਕਰਨ ਦੀ ਗੱਲ ਸੋਸ਼ਲ ਮੀਡੀਆ ਤੇ ਨਹੀਂ ਆਉਣੀ ਚਾਹੀਦੀ ਸੀ। ਸਪੀਕਰ ਸਾਹਿਬ, ਇਸ ਤਰ੍ਹਾਂ ਹੁੰਦਾ ਹੈ ਕਿ ਜਦੋਂ ਸਕਿਓਰਟੀ ਮਿਲੇ ਜਾਂ ਸਿਕਿਓਰਟੀ ਵਿਦਡਰਾਅ ਹੋਵੇ ਤਾਂ ਉਹ ਪਬਲਿਕ ਡੋਮੇਨ ਵਿੱਚ ਤਾਂ ਆ ਹੀ ਜਾਣਾ ਹੁੰਦਾ ਹੈ। ਇਸ ਵਿੱਚ ਕੋਈ ਲੰਮੀ ਚੌੜੀ ਰਾਕੇਟ ਸਾਇੰਸ ਨਹੀਂ ਹੈ। (ਵਿਘਨ) (ਸ਼ੋਰ) ਬਾਜਵਾ ਸਾਹਿਬ, ਮੈਨੂੰ ਤਾਂ ਬੋਲ ਲੈਣ ਦਿਓ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।) (ਵਿਘਨ)(ਸ਼ੋਰ)

---

** Expunged as ordered by the Hon'ble Speaker.

**ਮਾਣਯੋਗ ਸਪੀਕਰ:** ਬਾਜਵਾ ਜੀ, ਬੈਠੋ।

**ਸੂਚਨਾ ਤੇ ਲੋਕ ਸੰਪਰਕ ਮੰਤਰੀ:** ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਹ ਥੋੜ੍ਹਾ ਜਿਹਾ ਮਿਸਗਾਈਡ ਕਰ ਰਹੇ ਹਨ। ਸਿੱਧੂ ਮੂਸੇਵਾਲਾ ਦੀ ਪੂਰੀ ਸਿਕਿਓਰਟੀ ਵਿਦਡਰਾਅ ਨਹੀਂ ਹੋਈ ਸੀ। ਮੈਨੂੰ ਲੱਗਦਾ ਹੈ ਕਿ ਪਹਿਲਾਂ ਚਾਰ ਬੰਦੇ ਸਨ ਅਤੇ ਦੋ ਬੰਦੇ ਵਿਦਡਰਾਅ ਹੋਏ ਸਨ। (ਵਿਘਨ)(ਸ਼ੋਰ) ਜਿਹੜੇ ਦੋ ਬੰਦੇ ਸਨ ਉਨ੍ਹਾਂ ਨੂੰ ਵੀ ਉਹ ਆਪਣੇ ਨਾਲ ਨਹੀਂ ਲੈ ਕੇ ਗਏ। ਅਸੀਂ ਵੀ ਸਿੱਧੂ ਮੂਸੇਵਾਲਾ ਦੇ ਭਰਾ ਹੀ ਹਾਂ। ਅਸੀਂ ਵੀ ਉਸ ਦੇ ਗਾਣਿਆਂ ਦੇ ਫੈਨ ਹਾਂ ਪਰ ਸਵਾਲ ਇਹ ਹੈ ਕਿ ਜਿਹੜੇ ਦੋ ਗੰਨਮੈਨ ਉਨ੍ਹਾਂ ਕੋਲ ਸੀ, ਬੁਲੇਟ ਪਰੂਫ ਗੱਡੀ ਵੀ ਸੀ ਉਹ ਆਪਣੇ ਨਾਲ ਨਹੀਂ ਲੈ ਕੇ ਗਏ। (ਵਿਘਨ)(ਸ਼ੋਰ) ਇਹ ਬਿਨਾਂ ਗੱਲ ਤੋਂ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ। ਇਹ ਪੰਜਾਬ ਵਿੱਚ ਨਫਰਤ ਦੇ ਬੀਜ, ਬੀਜ ਰਹੇ ਹਨ।

**ਮਾਣਯੋਗ ਸਪੀਕਰ:** ਅਮਨ ਜੀ, ਬੈਠੋ। ਧਾਲੀਵਾਲ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ)(ਸ਼ੋਰ)ਪਹਿਲਾਂ ਤੁਸੀਂ ਸਾਰੇ ਇਹ ਫੈਸਲਾ ਕਰ ਲਵੋ ਕਿ ਤੁਹਾਡੇ ਵਿੱਚੋਂ ਕਿਸ ਨੇ ਬੋਲਣਾ ਹੈ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਬੈਂਚਿਜ਼ ਵੱਲ ਇਸ਼ਾਰਾ) (ਵਿਘਨ)(ਸ਼ੋਰ) ਇਸ ਤੋਂ ਬਾਅਦ ਰੰਧਾਵਾ ਸਾਹਿਬ ਬੋਲਣਗੇ। ਧਾਲੀਵਾਲ ਸਾਹਿਬ ਤੋਂ ਬਾਅਦ ਰੰਧਾਵਾ ਸਾਹਿਬ ਬੋਲਣਗੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਕੁਲਦੀਪ ਸਿੰਘ ਧਾਲੀਵਾਲ):** ਸਰ, ਮੇਰੀ ਇੱਕ ਬੇਨਤੀ ਹੈ ਜੀ।

(ਇਸ ਸਮੇਂ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ, ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਸੂਚਨਾ ਅਤੇ ਲੋਕ ਸੰਪਰਕ ਮੰਤਰੀ, ਸ਼੍ਰੀ ਅਮਨ ਅਰੋੜਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਸਮੇਤ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ। ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਣਯੋਗ ਸਪੀਕਰ:** ਮੰਤਰੀ ਜੀ, ਧਾਲੀਵਾਲ ਸਾਹਿਬ। ਆਪਾਂ ਅੱਗੇ ਚੱਲੀਏ। ਰਾਜਾ ਜੀ, ਤੁਸੀਂ ਵੀ ਬੈਠੋ। ਤੁਹਾਨੂੰ ਵੀ ਮੌਕਾ ਮਿਲੇਗਾ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਸਪੀਕਰ ਸਾਹਿਬ, LOP ਗਲਤ ਬੋਲ ਰਹੇ ਹਨ, ਇਹ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਸਰ, ਇਹ ਗਲਤ ਬੋਲ

ਰਹੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ..ਸ਼ੋਰ)

**ਮਾਣਯੋਗ ਸਪੀਕਰ :** ਧਾਲੀਵਾਲ ਸਾਹਿਬ, ਤੁਸੀਂ ਵੀ ਬੈਠੋ, ਬੈਠੋ। ਰਾਜਾ ਵੜਿੰਗ ਜੀ, ਤੁਸੀਂ ਬੋਲੋ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਸਰ, ਜਵਾਬ ਤਾਂ ਦੇਣ ਦਿਓ ਜੀ।

**ਮਾਣਯੋਗ ਸਪੀਕਰ :** ਹਾਂ ਜੀ, ਰਾਜਾ ਵੜਿੰਗ ਜੀ ਤੁਸੀਂ ਬੋਲੋ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ (ਗਿੱਦੜਬਾਹਾ) :** ਸਪੀਕਰ ਸਾਹਿਬ, ਮੈਂ ਜਿਹੜੀ ਲਾਅ ਐਂਡ ਆਰਡਰ ਦੀ ਗੱਲ ਕਰ ਰਿਹਾ ਹਾਂ, ਹਰ ਵਿਅਕਤੀ ਇਸ ਸਬੰਧੀ ਗੱਲ ਕਰਦਾ ਹੈ। ਸਪੀਕਰ ਸਾਹਿਬ, ਕੱਲ੍ਹ ਹੋਲਾ-ਮਹੱਲਾ ਸੀ ਤੇ ਤੁਸੀਂ ਦੇਖਿਆ ਹੋਣਾ ਕਿ ਕਿਸ ਨਿਰਦਈ ਤਰੀਕੇ ਨਾਲ ਉਸ ਬੰਦੇ ਨੂੰ ਮਾਰਿਆ ਗਿਆ ਹੈ। ਮੈਂ ਉਸ ਦੀ ਮਾਤਾ ਜੀ ਦੀ ਵੀਡੀਓ ਸੁਣ ਰਿਹਾ ਸੀ। ਸਿੱਧੂ ਮੂਸੇ ਵਾਲਾ ਦੀ ਮੌਤ ਨੂੰ ਤਾਂ ਇੱਕ ਸਾਲ ਹੋ ਗਿਆ ਹੈ। 19 ਮਾਰਚ ਨੂੰ ਸਾਡੇ ਭਰਾ ਦੀ ਬਰਸੀ ਹੈ। ਕੱਲ੍ਹ ਹੋਲਾ-ਮਹੱਲਾ ਦੇ ਦਿਨ ਇਕ ਨੌਜਵਾਨ ਦਾ ਕਤਲ ਹੋਇਆ ਹੈ। ਹੁਣ ਤਾਂ ਸਰਕਾਰ ਬਣੀ ਨੂੰ ਸਾਲ ਹੋ ਗਿਆ ਹੈ ਜੀ। ਹੁਣ ਤਾਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ ਕਿ ਸਰਕਾਰ ਬਣੀ ਨੂੰ ਸਿਰਫ ਦੋ ਮਹੀਨੇ ਹੀ ਹੋਏ ਹਨ। ਮੈਂ ਇਸ ਗੱਲ ਦਾ ਦੋਸ਼ ਤੁਹਾਡੇ ਜਾਂ ਕਿਸੇ ਹੋਰ ਵਿਅਕਤੀ ਤੇ ਨਹੀਂ ਲਗਾ ਰਿਹਾ ਕਿ ਸਿੱਧੂ ਮੂਸੇਵਾਲਾ ਤੁਸੀਂ ਮਰਵਾ ਦਿੱਤਾ। ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਰ ਰਿਹਾ ਹਾਂ। (ਵਿਘਨ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਸਰ, ਇਨ੍ਹਾਂ ਨੂੰ ਕਹੋ ਕਿ ਸ਼ਬਦ ਵਾਪਸ ਲਓ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਕੀ ਸ਼ਬਦ ਵਾਪਸ ਲਈਏ ਜੀ? (ਵਿਘਨ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਤੁਸੀਂ ਇਹ ਕਿਸ ਤਰ੍ਹਾਂ ਕਹਿ ਦਿੱਤਾ ਕਿ ਤੁਸੀਂ ਮਰਵਾ ਦਿੱਤਾ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਮੈਂ ਵਾਪਸ ਲੈਣ ਨੂੰ ਕਿਹਾ ਹੀ ਕੀ ਹੈ? ਧਾਲੀਵਾਲ ਸਾਹਿਬ, ਮੈਂ ਕਿਹਾ ਕੀ ਹੈ? ਮੈਂ ਇਹ ਨਹੀਂ ਆਖਿਆ ਕਿ ਭਾਈ ਤੂੰ ਮਰਵਾ ਦਿੱਤਾ ਹੈ, ਮੈਂ ਇਹ ਨਹੀਂ ਆਖਿਆ। ਜਨਾਬ, ਮੈਂ ਤਾਂ ਇਹ ਆਖਿਆ ਹੀ ਨਹੀਂ ਕਿ

[ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ]

ਤੁਸੀਂ ਮਰਵਾ ਦਿੱਤਾ।

**ਮਾਣਯੋਗ ਸਪੀਕਰ :** ਰਾਜਾ ਜੀ, ਚੇਅਰ ਨੂੰ ਐਡਰੈੱਸ ਕਰੋ।ਆਪਣੀ ਗੱਲ short ਵਿੱਚ ਰੱਖਣਾ, ਦੂਜਿਆਂ ਨੇ ਵੀ ਬੋਲਣਾ ਹੈ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਇਹ ਲਾਅ ਐਂਡ ਆਰਡਰ ਦੀ ਗੱਲ ਹੈ। ਮੈਂ ਹੋਲੇ-ਮਹੱਲੇ ਦੀ ਗੱਲ ਕਰ ਰਿਹਾ ਹਾਂ। ਸਰ, ਮੈਨੂੰ ਇੱਕ ਮਿੰਟ ਦਿਓ, ਮੈਂ ਆਪਣੀ ਗੱਲ ਕੰਪਲੀਟ ਕਰਨੀ ਹੈ। ਸਰ, ਮੈਂ ਕਿਸੇ ਤੇ ਇਹ ਦੋਸ਼ ਨਹੀਂ ਲਗਾਉਂਦਾ ਕਿ ਸਿੱਧੂ ਮੂਸੇਵਾਲਾ ਕਿਸੇ ਨੇ ਮਰਵਾ ਦਿੱਤਾ ਜਾਂ ਸਰਕਾਰ ਨੇ ਮਰਵਾ ਦਿੱਤਾ ਜਾਂ ਇਨ੍ਹਾਂ ਨੇ ਕਿਸੇ ਨੂੰ ਮਰਵਾ ਦਿੱਤਾ। (ਵਿਘਨ)

**ਰੱਖਿਆ ਸੇਵਾਵਾਂ ਮੰਤਰੀ (ਸਰਦਾਰ ਚੇਤਨ ਸਿੰਘ ਜੋੜਾਮਾਜਰਾ) (ਬੈਠੇ ਬੈਠੇ):** ਇਨ੍ਹਾਂ ਗੈਂਗਸਟਰਾਂ ਨੂੰ ਪਾਲਿਆ ਕਿਸ ਨੇ ਹੈ?

**ਮਾਣਯੋਗ ਸਪੀਕਰ :** ਰਾਜਾ ਜੀ, ਤੁਸੀਂ ਕੋਈ ਗੱਲ ਕਰਨੀ ਚਾਹੁੰਦੇ ਹੋ? ਕੀ ਤੁਸੀਂ ਕੋਈ ਗੱਲ ਕਰਨੀ ਚਾਹੁੰਦੇ ਹੋ?

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਰ, ਮੈਂ ਇਹ ਗੱਲ ਨਹੀਂ ਕਰਨੀ ਕਿ ਕਿਸ ਨੂੰ ਫੜ ਲਿਆ, ਕਿਸ ਨੂੰ ਨਹੀਂ ਫੜ ਲਿਆ। ਇੱਕ ਬੱਚੇ ਦੀ ਮਾਂ ਤੇ ਇੱਕ ਬੱਚੇ ਦਾ ਬਾਪ ਆ ਕੇ ਧਰਨੇ ਤੇ ਬੈਠ ਗਏ। ਕਾਨੂੰਨ ਮੁਤਾਬਕ ਵਾਰਸ ਜਿਸ ਵਿਅਕਤੀ ਦਾ ਨਾਂਅ ਲੈਂਦੇ ਹੋਣ, ਉਨ੍ਹਾਂ ਦਾ ਨਾਂਅ ਮੁਕੱਦਮੇ ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ। ਤੁਸੀਂ ਪਰਚੇ ਵਿੱਚ 100 ਹੋਰ ਬੰਦਿਆਂ ਦੇ ਨਾਂਅ ਲੈ ਲਵੋ, 500 ਬੰਦੇ ਦਾ ਨਾਂਅ ਲੈ ਲਵੋ। ਜੇਕਰ ਉਸ ਬੰਦੇ ਦੀ ਮਾਂ ਅਤੇ ਪਿਓ ਦੀ ਆਤਮਾ ਤੜਪ ਰਹੀ ਹੈ ਕਿ ਸਾਨੂੰ ਇਨਸਾਫ ਨਹੀਂ ਮਿਲ ਰਿਹਾ ਅਤੇ ਹਰੇਕ ਵਿਅਕਤੀ ਨੂੰ ਹੱਕ ਹੈ ਕਿ ਮੈਂ ਬਿਆਨ ਕਰਦਾ ਹਾਂ ਕਿ ਫਲਾਣੇ ਬੰਦੇ ਨੂੰ ਨਾਮਜ਼ਦ ਕੀਤਾ ਜਾਵੇ। ਫਿਰ ਰੌਲਾ ਕਿਸ ਗੱਲ ਦਾ ਹੈ? ਉਨ੍ਹਾਂ ਬੰਦਿਆਂ ਨੂੰ ਨਾਮਜ਼ਦ ਕਰ ਦਿਓ ਅਤੇ ਉਨ੍ਹਾਂ ਮਾਪਿਆਂ ਦੀ ਆਤਮਾ ਨੂੰ ਠੰਢ ਪਾ ਦਿਓ। (ਵਿਰੋਧੀ ਧਿਰ ਵੱਲੋਂ ਥੰਪਿੰਗ) ਹਰ ਮਰਨ ਵਾਲੇ ਵਿਅਕਤੀ ਦਾ ਗਵਾਹ ਉਸ ਦਾ ਮਾਂ ਤੇ ਬਾਪ ਹੁੰਦਾ ਹੈ।

**ਮਾਣਯੋਗ ਸਪੀਕਰ :** ਤੁਹਾਡੀ ਗੱਲ ਆ ਗਈ ਹੈ। ਰਾਜਾ ਜੀ, ਹੁਣ ਤੁਸੀਂ ਬੈਠੋ। ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਧਾਲੀਵਾਲ ਜੀ। ਹੁਣ ਸੁਣ ਵੀ ਲਵੋ ਰਾਜਾ ਜੀ, ਹਾਂ ਜੀ ਮੰਤਰੀ ਜੀ। (ਵਿਘਨ..ਸ਼ੋਰ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ :** ਸਾਡੀ ਸਰਕਾਰ ਨੇ ਇੱਕ ਸਾਲ ਵਿੱਚ 29 ਬੰਦੇ ਫੜੇ ਤੇ 2 ਦਾ ਐਨਕਾਊਂਟਰ ਕੀਤਾ, ਅਸੀਂ 5 ਨੂੰ ਲੱਭ ਰਹੇ ਹਾਂ। (ਵਿਘਨ) ਪ੍ਰਧਾਨ ਜੀ ਗੱਲ ਤਾਂ ਸੁਣ ਲਵੋ।

(ਇਸ ਸਮੇਂ ਸੂਚਨਾ ਅਤੇ ਲੋਕ ਸੰਪਰਕ ਮੰਤਰੀ, ਸ਼੍ਰੀ ਅਮਨ ਅਰੋੜਾ, ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਮੈਂਬਰ, ਆਮ ਆਦਮੀ ਪਾਰਟੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਬੋਲ ਰਹੇ ਸਨ। ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਹੱਥ ਵਿੱਚ ਕੁਝ ਕਾਗਜ਼ ਦਿਖਾ ਰਹੇ ਸਨ। ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ :** ਚੇਅਰ ਨੂੰ ਐਡਰੈੱਸ ਕਰੋ, ਚੇਅਰ ਨੂੰ ਐਡਰੈੱਸ ਕਰੋ। ਸ਼ੈਰੀ ਜੀ ਤੁਸੀਂ ਬੈਠੋ, ਤੁਸੀਂ ਬੈਠੋ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਸਪੀਕਰ ਸਾਹਿਬ, ਕੱਲ੍ਹ ਮੈਨੂੰ ਮਾਨ ਸਾਹਿਬ ਨੇ ਸਿੱਧੂ ਮੂਸੇਵਾਲਾ ਜੀ ਦੇ ਮਾਤਾ-ਪਿਤਾ ਨੂੰ ਮਿਲਣ ਲਈ ਭੇਜਿਆ ਸੀ। ਮਾਨ ਸਾਹਿਬ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਇਨਸਾਫ ਮਿਲੇਗਾ। 20 ਤਰੀਕ ਤੋਂ ਬਾਅਦ ਮਾਨ ਸਾਹਿਬ ਸਿੱਧੂ ਮੂਸੇਵਾਲਾ ਦੇ ਪਰਿਵਾਰ ਨਾਲ ਮੀਟਿੰਗ ਕਰਨਗੇ। ਅਸੀਂ ਜਦੋਂ ਸਾਰਾ ਕੰਮ ਕਰ ਰਹੇ ਹਾਂ ਤਾਂ ਕਾਂਗਰਸ ਦੇ ਪ੍ਰਧਾਨ ਕਹਿ ਰਹੇ ਹਨ ਕਿ ਉਨ੍ਹਾਂ ਮਾਤਾ ਤੇ ਪਿਤਾ ਦੀਆਂ ਆਂਦਰਾਂ ਨੂੰ ਸ਼ਾਂਤ ਕਰ ਦੇਵੋ। ਉਨ੍ਹਾਂ ਦਾ ਜਵਾਨ ਪੁੱਤ ਮਰਿਆ ਹੈ। ਸਰ, ਜਵਾਨ ਪੁੱਤ ਮਰਿਆ ਹੈ। ਕਾਂਗਰਸ ਤੇ ਅਕਾਲੀਆਂ ਨੇ 1980 ਤੋਂ ਬਾਅਦ ਹਜ਼ਾਰਾਂ ਲੋਕਾਂ ਦੀਆਂ ਲਾਸ਼ਾਂ ਤੇ ਸਿਆਸਤ ਕੀਤੀ ਹੈ। (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਸਰ, ਇਹ ਮੇਰੀ ਗੱਲ ਦਾ ਜਵਾਬ ਦੇਣ। ਜਵਾਬ ਤਾਂ ਦੇਵੋ। (ਵਿਘਨ) (ਸ਼ੋਰ) ਤੁਸੀਂ ਸਾਡੀ ਗੱਲ ਤਾਂ ਸੁਣੋ। ਹੁਣ ਕਿੱਥੇ ਚੱਲੇ ਹੋ (ਵਿਘਨ) (ਸ਼ੋਰ) ਸੁਣੋ, ਸੁਣੋ। ਬਾਜਵਾ ਸਾਹਿਬ, ਇੱਕ ਵਾਰ ਗੱਲ ਸੁਣ

ਲਵੋ। ਆਓ, ਤੁਹਾਨੂੰ ਸੁਣਾਈਏ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

**ਮਾਣਯੋਗ ਸਪੀਕਰ:** ਧਾਲੀਵਾਲ ਸਾਹਿਬ ਤੁਸੀਂ ਬੈਠੋ, ਤੁਹਾਡੀ ਗੱਲ ਆ ਗਈ ਹੈ। ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਤੁਸੀਂ ਬੋਲੋ। (ਵਿਘਨ) (ਸ਼ੋਰ) ਧਾਲੀਵਾਲ ਸਾਹਿਬ, ਤੁਹਾਡੀ ਗੱਲ ਆ ਗਈ ਹੈ। ਬੈਠੋ। ਧਾਲੀਵਾਲ ਸਾਹਿਬ, ਤੁਸੀਂ ਬੈਠੋ, ਮੀਤ ਜੀ ਨੂੰ ਬੋਲਣ ਦੇਵੋ। (ਵਿਘਨ) (ਸ਼ੋਰ) ਨਾਅਰੇ ਰਿਕਾਰਡ ਨਾ ਕੀਤੇ ਜਾਣ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਤੁਸੀਂ ਸਾਰੇ ਆਪਣੀਆਂ ਆਪਣੀਆਂ ਸੀਟਾਂ ਤੇ ਜਾ ਕੇ ਬੈਠੋ। (ਵਿਘਨ) (ਸ਼ੋਰ)।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਮਾਰ ਰਹੇ ਸਨ ਅਤੇ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਬੋਲ ਰਹੇ ਸਨ, ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਬੈਠੋ, ਬੈਠੋ। ਧਾਲੀਵਾਲ ਸਾਹਿਬ, ਤੁਸੀਂ ਬੈਠੋ, ਆਪਾਂ ਅੱਗੇ ਕੰਮ ਚਲਾਈਏ। (ਵਿਘਨ) (ਸ਼ੋਰ)। ਤੁਸੀਂ ਜ਼ੀਰੋ ਆਵਰ ਅੱਗੇ ਚਲਾਉਣਾ ਚਾਹੁੰਦੇ ਹੋ ਜਾਂ ਨਹੀਂ? (ਵਿਘਨ) (ਸ਼ੋਰ) ਤੁਸੀਂ ਬੈਠੋ। ਮੈਂ ਟਰੇਜ਼ਰੀ ਬੈਂਚਿਜ਼ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਵੀ ਬੈਠੋ। ਮਾਣਯੋਗ ਪ੍ਰਸ਼ਾਸਕੀ ਸੁਧਾਰ ਮੰਤਰੀ ਜੀ ਨੇ ਬੋਲਣਾ ਹੈ। ਮੀਤ ਜੀ ਨੇ ਬੋਲਣਾ ਹੈ ਉਨ੍ਹਾਂ ਨੂੰ ਬੋਲਣ ਦਿਓ। ਧਾਲੀਵਾਲ ਸਾਹਿਬ, ਤੁਸੀਂ ਬੈਠੋ। (ਵਿਘਨ) (ਸ਼ੋਰ)

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਸਪੀਕਰ ਸਾਹਿਬ, ਕੱਲ੍ਹ ਵੀ ਇੱਥੇ ਲਾਅ ਐਂਡ ਆਰਡਰ ਦਾ ਜ਼ਿਕਰ ਹੋਇਆ ਹੈ। ਅੱਜ ਵੀ ਵੜਿੰਗ ਸਾਹਿਬ ਨੇ ਕਿਹਾ ਕਿ ਕੱਲ੍ਹ ਹੋਲੇ ਮਹੱਲੇ ਤੇ ਇੱਕ ਨੌਜਵਾਨ ਦਾ ਕਤਲ ਹੋਇਆ ਹੈ। (ਵਿਘਨ) (ਸ਼ੋਰ) ਸਰ, ਸਾਨੂੰ ਬੜਾ ਦੁੱਖ ਹੈ। ਉਸ ਨੌਜਵਾਨ ਦਾ ਇਸ ਤਰ੍ਹਾਂ ਕਤਲ ਨਹੀਂ ਹੋਣਾ ਚਾਹੀਦਾ ਸੀ। ਮੈਂ ਸਾਡੇ ਆਪੋਜ਼ੀਸ਼ਨ ਦੇ ਸਾਥੀਆਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਪਹਿਲਾਂ ਕੀ ਇੱਥੇ ਸਤਯੁੱਗ ਸੀ? ਕੀ ਕੋਈ ਕਿਸੇ ਨਾਲ ਨਹੀਂ ਲੜਦਾ ਸੀ? ਕੀ ਉਦੋਂ ਪੰਜਾਬ ਵਿੱਚ ਕੋਈ ਕਤਲ ਨਹੀਂ ਹੁੰਦੇ ਸਨ? ਸਰ ਮੇਰੇ ਕੋਲ ਪਿਛਲੇ 12 ਸਾਲ ਦਾ ਪੰਜਾਬ ਪੁਲਿਸ ਦਾ

---

** Not recorded as ordered by the Chair.

ਆਫੀਸ਼ੀਅਲ ਰਿਕਾਰਡ ਹੈ।(ਵਿਘਨ) (ਸ਼ੋਰ) ਇਸ ਰਿਕਾਰਡ ਮੁਤਾਬਕ 2010 ਵਿੱਚ ਪੰਜਾਬ ਵਿੱਚ 907 ਕਤਲ ਹੋਏ ਸਨ। ਸਾਲ 2011 ਵਿੱਚ 842 ਕਤਲ ਹੋਏ ਸਨ। ਸਾਲ 2012 ਵਿੱਚ 855 ਕਤਲ ਹੋਏ ਸਨ। ਸਾਲ 2013 ਵਿੱਚ 711 ਕਤਲ ਹੋਏ ਸਨ। ਸਾਲ 2014 ਵਿੱਚ 767 ਕਤਲ ਹੋਏ ਸਨ। ਸਾਲ 2015 ਵਿੱਚ 701 ਕਤਲ ਹੋਏ ਸਨ। ਸਾਲ 2016 ਵਿੱਚ 771 ਕਤਲ ਹੋਏ ਸਨ। ਸਾਲ 2017 ਵਿੱਚ 659 ਕਤਲ ਹੋਏ ਸਨ। ਸਾਲ 2018 ਵਿੱਚ 684 ਕਤਲ ਹੋਏ ਸਨ। ਸਾਲ 2019 ਵਿੱਚ 679 ਕਤਲ ਹੋਏ ਸਨ। ਸਾਲ 2020 ਵਿੱਚ 757 ਕਤਲ ਹੋਏ ਸਨ। ਸਾਲ 2021 ਵਿੱਚ 723 ਕਤਲ ਹੋਏ ਸਨ। ਐਤਕੀਂ 669 ਕਤਲ ਹੋਏ ਹਨ। ਸਰ, ਮੇਰੇ ਕਹਿਣ ਦਾ ਭਾਵ ਹੈ ਕਿ ਪਿਛਲੇ 13 ਸਾਲ ਤੋਂ ਪੰਜਾਬ ਵਿੱਚ ਹਰ ਰੋਜ਼ ਦੇ ਐਵਰੇਜ 2 ਕਤਲ ਹੁੰਦੇ ਹਨ। ਸਰ, ਇਹ ਤਾਂ ਮੈਂ ਤੁਹਾਨੂੰ ਪਿਛਲੇ 13 ਸਾਲ ਦਾ ਡਾਟਾ ਦਿੱਤਾ ਹੈ। ਜੇ ਪਿਛਲੇ 13 ਸਾਲਾਂ ਦਾ ਕੰਪੈਰੀਜ਼ਨ ਕੀਤਾ ਜਾਵੇ ਤਾਂ ਐਤਕੀਂ, ਸਾਲ 2022 ਵਿੱਚ ਪਿਛਲੇ 13 ਸਾਲਾਂ ਤੋਂ second lowest ਕਤਲ ਹੋਏ ਹਨ। (ਵਿਘਨ) (ਸ਼ੋਰ)

-------

## WALKOUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ, ਜ਼ੀਰੋ ਆਵਰ ਦੌਰਾਨ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਸਰਕਾਰ ਵਿਰੋਧੀ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

-------

## MATTERS RAISED DURING ZERO HOUR AN STATEMENTS MADE BY THE MINISTERS THEREON *(RESUMPTION)*

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ) :** ਸਪੀਕਰ ਸਾਹਿਬ, ਜਿਹੜਾ ਮੈਂ ਰਿਕਾਰਡ ਪੇਸ਼ ਕੀਤਾ ਹੈ, ਉਸ ਮੁਤਾਬਿਕ ਪਿਛਲੇ 12-13 ਸਾਲਾਂ ਤੋਂ ਮਹੀਨੇ ਦੇ average 55-60 ਕਤਲ ਹੁੰਦੇ ਸਨ ਪਰ ਇੱਥੇ ਰੋਜ਼ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਕਿ ਇਹ ਸਾਰਾ ਕੁਝ ਤੁਹਾਡੀ ਸਰਕਾਰ ਦੇ ਵਿੱਚ ਹੀ ਹੋ ਰਿਹਾ ਹੈ। ਕਤਲ ਇਨ੍ਹਾਂ ਸਮੇਂ ਵੀ ਹੁੰਦੇ ਰਹੇ ਹਨ ਪਰ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਦੇ ਸਮੇਂ ਇਲਜ਼ਾਮ ਉੱਧਰ (ਆਪੋਜ਼ੀਸ਼ਨ ਬੈਂਚਿਜ਼ ਵੱਲ

** Not recorded as ordered by the Chair.

ਇਸ਼ਾਰਾ) ਵਾਲੇ ਇੱਧਰ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਵਾਲਿਆਂ ਤੇ ਲਗਾਉਂਦੇ ਸਨ ਕਿ ਤੂੰ ਫਲਾਣੇ ਗੈਂਗਸਟਰ ਦੀ ਪੁਸ਼ਤ-ਪਨਾਹੀ ਕਰ ਰਿਹਾ ਹੈ, ਫਲਾਣੇ ਨਾਲ ਸਾਂਝ ਹੈ। ਇਹ ਸਾਡੇ ਵੱਲ ਕਿਸੇ ਤੇ ਵੀ ਉਂਗਲ ਕਰਕੇ ਨਹੀਂ ਕਹਿ ਸਕਦੇ ਕਿ ਤੁਸੀਂ ਪੁਸ਼ਤ-ਪਨਾਹੀ ਕਰਦੇ ਹੋ, ਕਿਸੇ ਦਾ ਸਾਥ ਦਿੰਦੇ ਹੋ। ਸਭ ਤੋਂ ਵੱਡੀ ਗੱਲ ਇਹ ਹੈ ਕਿ ਅੱਜ ਦੇ ਸਮੇਂ ਵਿੱਚ ਜਦੋਂ ਪੰਜਾਬ ਵਿੱਚ ਕੋਈ ਕ੍ਰਾਈਮ ਕਰਨ ਦੀ ਕੋਸ਼ਿਸ਼ ਕਰਦਾ ਹੈ, ਕਾਨੂੰਨ ਨੂੰ ਹੱਥ ਵਿੱਚ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਦੋਂ ਉਸ ਦੀ ਪੁਸ਼ਤ-ਪਨਾਹੀ ਨਹੀਂ ਹੁੰਦੀ ਸਗੋਂ ਉਸ ਤੇ ਕਾਰਵਾਈ ਕੀਤੀ ਜਾਂਦੀ ਹੈ। (ਥੰਪਿੰਗ) ਸਰ, ਇੱਥੇ ਕ੍ਰਾਈਮ ਸਦੀਆਂ ਤੋਂ ਹੁੰਦਾ ਆ ਰਿਹਾ ਹੈ, ਇਹ ਸੁਸਾਇਟੀ ਦਾ ਇੱਕ ਅੰਗ ਹੈ। ਅੱਜ ਵੀ ਹੋ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਹੁੰਦਾ ਰਹੇਗਾ। ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਕ੍ਰਾਈਮ ਕਰਨ ਵਾਲੇ ਬੰਦੇ ਤੇ ਕਾਰਵਾਈ ਕੀਤੀ ਜਾਵੇ। ਅੱਜ ਭਾਜਪਾ ਵਾਲੇ ਵੀ ਬਾਹਰ ਲਾਅ ਐਂਡ ਆਰਡਰ ਦੇ ਮੁੱਦੇ ਤੇ ਪ੍ਰੋਟੈਸਟ ਕਰ ਰਹੇ ਹਨ। ਸ਼੍ਰੀ ਅਮਨ ਅਰੋੜਾ ਜੀ ਨੇ ਵੀ ਕਿਹਾ ਹੈ ਕਿ ਜਿੰਨੇ ਅੱਜ ਪੰਜਾਬ ਵਿੱਚ ਕ੍ਰਾਈਮ ਹੋ ਰਹੇ ਹਨ, ਲੋਕ ਕਿੱਥੋਂ ਆ ਰਹੇ ਹਨ? ਜਿੱਥੇ ਇਨ੍ਹਾਂ ਦੀਆਂ ਸਰਕਾਰਾਂ ਹਨ ਉਥੇ ਇਨ੍ਹਾਂ ਦੀਆਂ ਨਰਸਰੀਆਂ ਬਣੀਆਂ ਹੋਈਆਂ ਹਨ। ਜੇਕਰ ਅੱਜ ਯੂ.ਪੀ. ਜਾਂ ਰਾਜਸਥਾਨ ਵਿੱਚ ਕ੍ਰਾਈਮ ਹੁੰਦਾ ਹੈ ਤਾਂ ਉੱਥੇ ਸਾਰੇ ਸ਼ੂਟਰ ਹਰਿਆਣੇ ਤੋਂ ਜਾਂਦੇ ਹਨ। ਸਰ, ਮੈਂ ਕੱਲ੍ਹ ਵੀ ਕਿਹਾ ਸੀ ਕਿ ਨੈਸ਼ਨਲ ਕ੍ਰਾਈਮ ਰੇਟ ਸਬੰਧੀ ਜਿਹੜਾ ਐਨ.ਸੀ.ਆਰ.ਬੀ. ਦਾ ਡਾਟਾ ਹੈ, ਉਸ ਮੁਤਾਬਿਕ ਪੰਜਾਬ 17ਵੇਂ ਨੰਬਰ ਤੇ ਹੈ ਅਤੇ ਜਿਹੜਾ armed weapon ਨਾਲ ਕ੍ਰਾਈਮ ਹੁੰਦਾ ਹੈ, ਉਸ ਦੀ ਨੈਸ਼ਨਲ average 4.08 ਹੈ ਪਰ ਪੰਜਾਬ ਦੀ average 1.04, ਹਰਿਆਣਾ ਦੀ 4, ਯੂ.ਪੀ. ਦੀ 13 ਅਤੇ ਰਾਜਸਥਾਨ ਦੀ average 17-18 ਹੈ। ਬਾਕੀ ਸੂਬਿਆਂ ਦੇ ਮੁਕਾਬਲੇ ਪੰਜਾਬ ਦੀ average ਤਾਂ ਕੁਝ ਵੀ ਨਹੀਂ ਹੈ ਪਰ ਪੰਜਾਬ ਨੂੰ ਹਰ ਰੋਜ਼ ਬਦਨਾਮ ਕੀਤਾ ਜਾ ਰਿਹਾ ਹੈ। ਸਰ, ਇਹ ਪੰਜਾਬ ਦਾ ਖਾਂਦੇ ਹਨ, ਪੰਜਾਬ ਵਿੱਚ ਹੀ ਜੰਮੇ ਹਨ। ਇਹ ਇੱਕ-ਦੋ incidents ਕਰਕੇ ਪੂਰੀ ਦੁਨੀਆ ਵਿੱਚ ਪੰਜਾਬ ਨੂੰ, ਪੰਜਾਬ ਦੀ ਜਵਾਨੀ ਅਤੇ ਨੌਜਵਾਨਾਂ ਨੂੰ ਬਦਨਾਮ ਕਰ ਰਹੇ ਹਨ। ਇਸ ਲਈ ਪੰਜਾਬੀ ਇਨ੍ਹਾਂ ਨੂੰ ਮੁਆਫ ਨਹੀਂ ਕਰਨਗੇ ਕਿਉਂਕਿ ਅੱਜ ਦੁਨੀਆ ਦੇਖ ਰਹੀ ਹੈ ਕਿ ਕਿਸ ਤਰ੍ਹਾਂ ਇਹ ਆਪ ਪੰਜਾਬੀ ਹੋ ਕੇ ਪੰਜਾਬ ਨੂੰ ਭੰਡਣ ਲੱਗੇ ਹੋਏ ਹਨ। ਇਨ੍ਹਾਂ ਨੂੰ ਬਾਕੀ 16 ਸੂਬੇ ਦਿਖਾਈ ਨਹੀਂ ਦਿੰਦੇ ਅਤੇ ਸਿਰਫ ਪੰਜਾਬ, ਪੰਜਾਬ ਅਤੇ ਪੰਜਾਬ ਕਰੀ ਜਾਂਦੇ ਹਨ। ਇਨ੍ਹਾਂ ਦੇ ਸਮੇਂ ਵਿੱਚ ਕੀ ਸੀ? ਇਨ੍ਹਾਂ ਦੇ ਸਮੇਂ ਯੂਥ ਪ੍ਰਧਾਨ ਗੁਰਲਾਲ ਬਰਾੜ ਅਤੇ ਵਿੱਕੀ ਮਿੱਡੂਖੇੜਾ ਦੇ ਕਤਲ ਹੋਏ ਅਤੇ ਸੁੱਖਾ ਕਾਹਲਵਾਂ ਦਾ ਪੁਲਿਸ custody ਵਿੱਚ ਕਤਲ ਹੋਇਆ। ਇਹ ਸਭ ਕੁਝ ਪੰਜਾਬ ਵਿੱਚ ਹੁੰਦਾ ਰਿਹਾ ਸੀ।

ਕੀ ਇਹ ਸਾਰਾ ਕੁਝ ਹੁਣ ਹੋਣ ਲੱਗਿਆ ਹੈ? ਮੈਂ ਦੁਬਾਰਾ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਰੋਜ਼ ਪੰਜਾਬ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪੰਜਾਬੀ ਇਨ੍ਹਾਂ ਨੂੰ ਵੀ ਦੇਖ ਰਹੇ ਹਨ। ਸਾਨੂੰ ਆਪਣੇ ਮੁੱਖ ਮੰਤਰੀ ਤੇ ਮਾਣ ਹੈ ਕਿ ਜੋ ਵੀ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਜਾਂ ਕਾਨੂੰਨ ਨੂੰ ਹੱਥ ਵਿਚ ਲੈਣ ਦੀ ਕੋਸ਼ਿਸ਼ ਕਰਦਾ ਹੈ, ਉਨ੍ਹਾਂ ਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾ ਰਹੀ ਹੈ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ,ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਸਰ, ਜਿੰਨੇ ਵੀ ਗੌਰਮਿੰਟ ਮੁਲਾਜ਼ਮ ਹਨ, ਬੇਸ਼ੱਕ ਉਹ ਕੱਚੇ ਹਨ ਜਾਂ ਰੈਗੂਲਰ ਹਨ, ਸਿੱਖਿਆ ਵਿਭਾਗ ਵਿੱਚ ਜਿਹੜੇ ਸਾਲ 2006 ਵਿੱਚ ਮੁੱਖ ਅਧਿਆਪਕ ਸਨ, ਉਹ ਸਾਲ 2014 ਵਿੱਚ ਪ੍ਰਮੋਟ ਹੋ ਕੇ ਪ੍ਰਿੰਸੀਪਲ ਬਣ ਗਏ। ਇਸੇ ਤਰ੍ਹਾਂ ਸਾਲ 1995-96 ਵਿੱਚ ਜਿਹੜੇ ਲੈਕਚਰਾਰ ਨਿਯੁਕਤ ਹੋਏ ਸਨ, ਉਹ ਸਾਲ 2010 ਵਿੱਚ ਪ੍ਰਿੰਸੀਪਲ ਬਣ ਗਏ ਪਰ ਸਾਲ 2010 ਵਿੱਚ ਐਸ.ਸੀ. ਵਰਗ ਨਾਲ ਸਬੰਧਿਤ ਜਿਹੜੇ ਪ੍ਰਿੰਸੀਪਲ ਸਨ, ਅੱਜ ਤੱਕ ਉਨ੍ਹਾਂ ਦੀ ਪ੍ਰਮੋਸ਼ਨ ਨਹੀਂ ਹੋਈ। ਜਿਹੜੇ ਉਨ੍ਹਾਂ ਤੋਂ ਚਾਰ ਸਾਲ ਬਾਅਦ 2014 ਵਿੱਚ ਪ੍ਰਿੰਸੀਪਲ ਬਣੇ, ਉਨ੍ਹਾਂ ਦੀਆਂ ਲਿਸਟਾਂ ਮੰਗ ਲਈਆਂ ਗਈਆਂ ਹਨ ਕਿ ਉਨ੍ਹਾਂ ਨੂੰ ਡੀ.ਓ. ਨਿਯੁਕਤ ਕਰਨਾ ਹੈ। ਇਹ ਬੜੀ ਚੰਗੀ ਗੱਲ ਹੈ ਕਿ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰ ਰਹੀ ਹੈ ਪਰ ਉਸ ਦੇ ਵਿੱਚ pick and choose ਦੀ ਨੀਤੀ ਬੜੀ ਮਾੜੀ ਹੈ। ਪਾਵਰਕੌਮ ਦੇ ਮੰਤਰੀ ਸਾਹਿਬ ਬੈਠੇ ਹਨ, ਲਾਈਨਮੈਨ, ਬਿਜਲੀ ਮੀਟਰ ਰੀਡਰ ਆਦਿ ਜਿਹੜੇ ਦਸ-ਦਸ ਸਾਲ ਤੋਂ ਨੌਕਰੀਆਂ ਕਰ ਰਹੇ ਹਨ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਗਿਆ ਹੈ ਅਤੇ ਉਹ ਫਿਕਸਡ ਪੇਅ ਤੇ ਹੀ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਪੰਜਾਬ ਸਕੱਤਰੇਤ ਵਿਖੇ ਜਿਹੜੇ ਸੁਪਰਡੰਟ ਹਨ, ਜਿਨ੍ਹਾਂ ਨੇ ਪੀ.ਸੀ.ਐਸ. ਪ੍ਰਮੋਟ ਹੋਣਾ ਹੈ, ਉਨ੍ਹਾਂ ਵਿੱਚ ਵੀ irregularities ਦੂਰ ਕਰਨ ਦੀ ਬਜਾਏ ਕਾਹਲੀ ਵਿੱਚ ਪ੍ਰਮੋਸ਼ਨ ਕੀਤੀ ਜਾ ਰਹੀ ਹੈ। ਸੋ, ਮੈਂ ਸਮਝਦਾ ਹਾਂ ਕਿ ਪੰਜਾਬ ਦੇ ਮੁਲਾਜ਼ਮ ਭਾਵੇਂ ਕੱਚੇ ਹਨ ਜਾਂ ਪੱਕੇ ਹਨ, ਉਨ੍ਹਾਂ ਦਾ departments ਵਿੱਚ ਜੋ ਹੱਕ ਬਣਦਾ ਹੈ, ਉਹ ਸਰਕਾਰ ਵੱਲੋਂ ਦਿੱਤਾ ਜਾਵੇ। ਐਫ.ਐਮ. ਸਾਹਿਬ ਵੀ ਬੈਠੇ ਹਨ, ਇਨ੍ਹਾਂ ਨੇ ਵੀ ਬਹੁਤ ਵਾਰੀ ਸੰਘਰਸ਼ ਕੀਤਾ ਸੀ ਕਿ ਅਸੀਂ ਸਾਲ 2004 ਵਾਲੀ ਪੈਨਸ਼ਨ ਸਕੀਮ ਲਾਗੂ ਕਰਾਂਗੇ। ਸਰਕਾਰ ਨੇ ਮੰਨ ਵੀ ਲਿਆ ਹੈ ਪਰ ਅਜੇ ਤੱਕ ਇਸ ਦਾ ਖਰੜਾ ਨਹੀਂ ਬਣਿਆ ਹੈ। ਮੇਰੀ ਬੇਨਤੀ ਹੈ ਕਿ ਉਸ ਵੱਲ ਵੀ ਧਿਆਨ ਦਿੱਤਾ ਜਾਵੇ।

**ਮਾਣਯੋਗ ਸਪੀਕਰ :** ਅਮਨ ਜੀ, ਤੁਸੀਂ ਬਜਟ ਉਤੇ ਵੀ ਬੋਲਣਾ ਹੈ। ਮੇਰਾ ਖਿਆਲ ਹੈ ਕਿ ਇਕ ਦੋ ਹੋਰ ਮੈਂਬਰਾਂ ਨੂੰ ਜ਼ੀਰੋ ਵਿੱਚ ਬੋਲਣ ਦਾ ਸਮਾਂ ਦੇ ਦੇਈਏ ।

**ਸੂਚਨਾ ਤੇ ਲੋਕ ਸੰਪਰਕ ਮੰਤਰੀ (ਸ਼੍ਰੀ ਅਮਨ ਅਰੋੜਾ) :** ਸਰ, ਮੇਰੀ ਗੱਲ ਹੀ ਦੋ ਮਿੰਟ ਦੀ ਹੈ ਜੀ। ਸਪੀਕਰ ਸਾਹਿਬ, ਮੈਂ ਤਾਂ ਬੜੀ ਵਾਜਿਬ ਜਿਹੀ ਗੱਲ ਕੀਤੀ ਸੀ ਔਰ ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਕਦੇ ਵੀ ਕੋਈ ਪਰਸਨਲ ਗੱਲ ਨਾ ਕਰਾਂ ਕਿਉਂਕਿ ਸਰ ਜਦੋਂ ਕੋਈ ਪਰਸਨਲ ਗੱਲ ਕਰਦੇ ਹਾਂ ਤਾਂ ਉਦੋਂ ਲੋਕਾਂ ਦੇ ਮੁੱਦੇ ਪਛੜ ਜਾਂਦੇ ਹਨ, ਉਹ ਪਿੱਛੇ ਰਹਿ ਜਾਂਦੇ ਹਨ। ਸਰ, ਸਾਰੇ ਸਤਿਕਾਰਯੋਗ ਸਾਥੀ ਚਲੇ ਗਏ ਹਨ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਆਹਮਣੇ ਸਾਹਮਣੇ ਗੱਲ ਹੋ ਜਾਵੇ, ਅੱਖਾਂ ਦੇ ਵਿੱਚ ਅੱਖਾਂ ਪਾ ਕੇ ਗੱਲ ਹੋ ਜਾਵੇ ਤਾਂ better ਹੈ ਪਰ ਚਲੋ ਪਿੱਠ ਦਿਖਾ ਕੇ ਚਲੇ ਗਏ, ਇਹ ਉਨ੍ਹਾਂ ਦੀ ਮਰਜ਼ੀ ਹੈ। ਸਰ, ਮੇਰੇ ਛੋਟੇ ਵੀਰ ਰਾਜਾ ਵੜਿੰਗ ਜੀ ਮੇਰੇ ਸਤਿਕਾਰਯੋਗ ਹਨ, ਇਨ੍ਹਾਂ ਨੇ ਇੱਕ ਗੱਲ ਕੀਤੀ, ਅਸੀਂ ਵੀ ਉਸ ਦੇ ਫੈਨ ਹਾਂ ਕਿ ਉਸ ਦੇ ਮਾਪੇ ਕਹਿ ਕੇ ਗਏ ਹਨ ਕਿ ਉਨ੍ਹਾਂ ਦੋ ਬੰਦਿਆਂ ਨੂੰ ਨਾਮਜ਼ਦ ਕਰ ਦਿਉ, ** ਉਨ੍ਹਾਂ ਦੇ ਕਾਲਜੇ ਠੰਢ ਪਾ ਦਿਉ। ਸਰ, ਇਹ ਗੱਲ ਕਰਕੇ ਗਏ ਹਨ ਕਿ ਉਨ੍ਹਾਂ ਦੇ ਕਾਲਜੇ ਠੰਢ ਪੈਣੀ ਚਾਹੀਦੀ ਹੈ, ਸਰ, ਮੈਂ ਵੀ ਮੰਨਦਾ ਹਾਂ ਕਿ ਉਨ੍ਹਾਂ ਦੇ ਕਾਲਜੇ ਵਿਚ ਠੰਢ ਪੈਣੀ ਚਾਹੀਦੀ ਹੈ ਪਰ ਸਰ, ਆਖਰ ਨੂੰ ਇਹ law of land ਹੈ, ਆਈ.ਪੀ.ਸੀ. ਦੇ ਮੁਤਾਬਕ ਕੰਮ ਚਲਦਾ ਹੈ। ਮੈਂ ਉਨ੍ਹਾਂ ਨਾਲ ਇਸ ਗੱਲ ਨਾਲ ਸਹਿਮਤ ਹਾਂ, ਮੈਂ ਕਹਿੰਦਾ ਹਾਂ ਕਿ ਕਾਲਜੇ ਠੰਢ ਪਾਉਣੀ ਹੈ, ਪਰਚੇ ਦਰਜ ਕਰਨੇ ਹਨ, ਜਿਨ੍ਹਾਂ ਦੇ ਵੀ ਨਾਂ ਲੈਂਦੇ ਹਨ, ਕਰ ਦਿਉ ਪਰ ਸਰ, ਠੰਢ ਸਿਰਫ ਸਾਡੇ ਛੋਟੇ ਵੀਰ ਸਿੱਧੂ ਮੂਸੇਵਾਲੇ ਦੇ ਮਾਪਿਆਂ ਦੇ ਕਾਲਜੇ ਨਾ ਪਵੇ। ਸਰ, ਤੁਹਾਡੇ ਧਿਆਨ ਵਿੱਚ ਹੋਵੇਗਾ ਕਿ ਅੱਜ ਤੋਂ ਚਾਰ ਸਾਲ ਪਹਿਲਾਂ ਮੁਕਤਸਰ ਵਿੱਚ, ਕੋਟਕਪੂਰੇ ਦੇ ਵਿੱਚ ਇਕ ਠੇਕੇਦਾਰ ਨੇ ਸੁਸਾਈਡ ਕੀਤਾ ਸੀ, ਉਸ ਦਾ ਨਾਂ ਕਰਨ ਕਟਾਰੀਆ ਸੀ। ਪਹਿਲਾਂ ਉਸ ਨੇ ਆਪਣੇ ਦੋ ਬੱਚਿਆਂ ਦੇ ਗੋਲੀ ਮਾਰੀ ਸੀ, ਫਿਰ ਆਪਣੀ ਵਾਈਫ ਦੇ ਗੋਲੀ ਮਾਰੀ ਤੇ ਫਿਰ ਆਪ ਮਰਿਆ। ਉਸ ਦੀ ਵਾਈਫ ਬਚ ਗਈ, ਫੱਟੜ ਹੋਈ, ਉਨ੍ਹਾਂ ਤਿੰਨਾਂ ਜਣਿਆਂ ਦੀ ਡੈੱਥ ਹੋ ਗਈ ਸੀ। ਸਰ, deceased ਕਰਨ ਕਟਾਰੀਆ ਦੀ ਵਾਈਫ ਨੇ ਕਿਹਾ ਸੀ ਕਿ ਮੇਰੇ ਹਸਬੈਂਡ ਤੇ ਮੇਰੇ ਦੋ ਬੱਚਿਆਂ ਦੀ ਮੌਤ ਲਈ ਡਿੰਪੀ ਵਿਨਾਇਕ ਔਰ ਰਾਜਾ ਵੜਿੰਗ, ਰਾਜਾ ਵੜਿੰਗ ਜੀ ਦੇ ਸਾਲਾ ਸਾਹਿਬ ਹਨ ਡਿੰਪੀ ਵਿਨਾਇਕ ਹਨ, ਉਹ ਜ਼ਿੰਮੇਵਾਰ ਹਨ। ਠੰਢ ਉਨ੍ਹਾਂ ਦੇ ਕਾਲਜੇ ਵਿਚ ਵੀ ਪੈਣੀ ਚਾਹੀਦੀ ਹੈ। ਸਰ, ਮੈਂ ਰਾਜਾ ਜੀ ਨੂੰ ਬੇਨਤੀ ਕਰਾਂਗਾ ਕਿ ਠੀਕ ਹੈ ਕਿ ਆਪਾਂ ਕਾਨੂੰਨ ਨੂੰ ਛੱਡ ਕੇ ਠੰਢ ਪਾਉਣ ਵਾਲੇ ਕੰਮ ਦੇ ਪਾਸੇ ਚੱਲ ਪੈਂਦੇ ਹਾਂ ਫਿਰ ਉਸ ਘਰ ਵਾਲੀ ਤੇ ਉਸ ਮਾਂ ਦੇ ਕਲੇਜੇ ਵੀ ਠੰਢ ਪੈਣੀ ਚਾਹੀਦੀ ਹੈ ਜੇ ਉਸ ਪਾਸੇ ਆਪਾਂ ਚੱਲ ਪਏ ਤਾਂ ਕਾਂਗਰਸ

---

** Expunged as ordered by the Hon'ble Speaker.

ਦੇ ਪ੍ਰਧਾਨ ਸਾਹਿਬ ਸਲਾਖਾਂ ਪਿਛੇ ਹੋਣਗੇ? ਇਨ੍ਹਾਂ ਨੂੰ ਪੁੱਛ ਲਵੋ ? (ਥੰਪਿੰਗ) ਸਰ, ਇਹ ਕੋਈ ਗੱਲ ਹੈ, ਇਹ ਕੋਈ ਤਰੀਕਾ ਹੈ, ਅਸੀਂ ਗੱਲ ਲਾਜੀਕਲੀ ਕਰਦੇ ਹਾਂ ਤੇ ਇਹ ਗੱਲ ਨੂੰ ਬਿਨਾਂ ਮਤਲਬ ਅੱਗੇ ਕਿਤੇ ਦੀ ਕਿਤੇ ਲੈ ਕੇ ਚਲੇ ਜਾਂਦੇ ਹਨ।

**ਮਾਣਯੋਗ ਸਪੀਕਰ :** ਹੁਣ ਆਪਾਂ ਅੱਗੇ ਚੱਲੀਏ।

**ਸੂਚਨਾ ਤੇ ਲੋਕ ਸੰਪਰਕ ਮੰਤਰੀ :** ਸਰ, ਮੇਰਾ ਮਤਲਬ ਹੈ ਕਿ ਕਿਰਪਾ ਕਰਕੇ ਤੁਸੀਂ ਇਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ, ਚਾਹ ਪਿਆ ਕੇ, ਬਿਠਾ ਕੇ ਸਮਝਾ ਦਿਉ ਕਿ ਚੱਜ ਦੀ ਗੱਲ ਕਰਨ। ਸਰ, ਅੱਜ ਇੱਕ ਸਾਲ ਹੋ ਗਿਆ ਹੈ। ਇਥੋਂ ਰੰਧਾਵਾ ਜੀ ਉੱਠ ਕੇ ਗਏ ਹਨ, ਇਹ ਬਿਕਰਮ ਮਜੀਠੀਆ ਨਾਲ ਇਸ ਤਰ੍ਹਾਂ (ਇਸ਼ਾਰਾ ਕਰਦੇ ਹੋਏ) ਲੜਦੇ ਹੁੰਦੇ ਸਨ। ਉਹ ਇੱਕ ਦੂਜੇ ਨੂੰ ਜੱਗੂ ਭਗਵਾਨਪੁਰੀਏ ਨਾਲ ਜੋੜਦੇ ਹੁੰਦੇ ਸਨ। (ਵਿਘਨ) ਸਰ, ਇੱਕ ਮਿੰਟ ਜੀ। ਮੈਨੂੰ ਕੰਪਲੀਟ ਕਰ ਲੈਣ ਦਿਉ। ਸਰ, ਅੱਜ ਸਾਲ ਹੋ ਗਿਆ। ਭਗਵੰਤ ਮਾਨ ਜੀ ਦੇ 91 ਦੇ 91 ਸਿਪਾਹੀ ਇੱਥੇ ਬੈਠੇ ਹਨ।ਇਹ ਕਿਸੇ ਇੱਕ ਬੰਦੇ ਬਾਰੇ ਵੀ ਇਹ ਕਹਿ ਦੇਣ ਕਿ ਇਨ੍ਹਾਂ ਨੇ ਕਿਸੇ ਗੈਂਗਸਟਰ ਵਾਲੇ, ਕਿਸੇ ਮਾਫੀਆ ਵਾਲੇ ਨੂੰ ਜਾਂ ਕਿਸੇ ਡਰੱਗਜ਼ ਵਾਲੇ ਨੂੰ ਪੁਸ਼ਤਪਨਾਹੀ ਕੀਤੀ ਹੈ? ਇਹ ਨਹੀਂ ਕਹਿ ਸਕਦੇ ਜੀ। ਸਰ, ਆਪ **** ਹਨ, ਆਪ ਪੰਜਾਬ ਦਾ ਬੇੜਾ ਗਰਕ ਕਰਕੇ, ਇੱਥੇ ਗੈਂਗਸਟਰ ਪੈਦਾ ਕਰਕੇ ਅੱਜ ਸਾਡੇ ਉਤੇ ਐਲੀਗੇਸ਼ਨ ਲਗਾਉਂਦੇ ਹਨ। ਇਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਮਿਲੇਗਾ। ਰਾਜਾ ਵੜਿੰਗ ਜੀ ਨੂੰ ਬੁਲਾ ਕੇ ਪੁੱਛ ਲਵੋ, ਛੋਟੇ ਵੀਰ ਕੇਸ ਫਿਰ ਉਹ ਵੀ ਖੁੱਲ੍ਹੇਗਾ। (ਥੰਪਿੰਗ)

**ਮਾਣਯੋਗ ਸਪੀਕਰ:** ** ਸ਼ਬਦ ਐਕਸਪੰਜ ਕਰ ਦਿੱਤਾ ਜਾਵੇ। ਰਾਣਾ ਇੰਦਰ ਪ੍ਰਤਾਪ ਸਿੰਘ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ):** ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਸਰਕਾਰ ਦੇ ਧਿਆਨ ਵਿਚ ਇੱਕ ਬਹੁਤ ਇੰਪਾਰਟਮੈਂਟ ਇਸ਼ੂ ਲਿਆਉਣਾ ਚਾਹੁੰਦਾ ਹਾਂ। ਮੈਂ ਇਹ ਇਸ਼ੂ ਪਿਛਲੇ ਸਾਲ ਵੀ ਚੁੱਕਿਆ ਸੀ। ਹੁਣ 30 ਜੂਨ ਨੂੰ ਮੌਨਸੂਨ ਆਉਣ ਵਾਲਾ ਹੈ, ਜਦੋਂ ਜਦੋਂ ਬਾਰਸ਼ਾਂ ਆਉਂਦੀਆਂ ਹਨ ਤਾਂ ਬਿਆਸ ਦਰਿਆ ਦੇ ਨਾਲ ਲੱਗਦੇ ਜਿਹੜੇ ਜ਼ਿਲ੍ਹੇ ਹਨ, ਚਾਹੇ ਸੁਲਤਾਨਪੁਰ ਲੋਧੀ ਹੋਵੇ, ਚਾਹੇ ਖਡੂਰ ਸਾਹਿਬ ਹੋਵੇ, ਉਨ੍ਹਾਂ ਇਲਾਕਿਆਂ ਵਿੱਚ

---

** Expunged as ordered by the Chair.

ਫਲੱਡ ਆ ਜਾਂਦਾ ਹੈ। ਦਰਿਆ ਦਾ ਪਾਣੀ ਲੋਕਾਂ ਦੇ ਖੇਤਾਂ ਵਿਚ ਆ ਜਾਂਦਾ ਹੈ। ਸਰ, ਬਿਆਸ ਦਰਿਆ ਤੋਂ ਅੱਗੇ ਹਰੀਕੇ ਹੈ, ਹਰੀਕੇ ਦੀ ਕੈਰਿੰਗ ਕਪੈਸਿਟੀ 6.5 ਲੱਖ ਕਿਊਸਿਕ ਪਾਣੀ ਦੀ ਹੈ, ਪਰ ਜਦੋਂ ਵੀ ਬਿਆਸ ਦਰਿਆ ਵਿੱਚ ਪੌਂਗ ਡੈਮ ਤੋਂ 70000 ਕਿਊਸਿਕ ਪਾਣੀ ਛੱਡਿਆ ਜਾਂਦਾ ਹੈ ਤਾਂ ਲਗਭਗ ਸਾਰਾ ਇਲਾਕਾ ਡੁੱਬ ਜਾਂਦਾ ਹੈ। ਸਰਕਾਰ ਹਮੇਸ਼ਾ ਪੰਜਾਬੀ ਸੂਬੇ ਤੇ ਜ਼ਿਮੀਂਦਾਰਾਂ ਬਾਰੇ ਸੋਚਦੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਇਹ ਦੱਸੇ ਕਿ ਇਸ ਸਬੰਧੀ ਕੀ ਪਲਾਨ ਹੈ? ਆਉਣ ਵਾਲੇ ਤਿੰਨ ਮਹੀਨਿਆਂ ਵਿੱਚ ਕੀ ਪਲਾਨ ਹੈ ਤਾਂ ਕਿ ਲੋਕਾਂ ਦੀਆਂ ਫਸਲਾਂ ਤਬਾਹ ਨਾ ਹੋਣ।

**ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ (ਅਮਰਗੜ੍ਹ) :** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਕ ਬਹੁਤ ਹੀ ਜ਼ਰੂਰੀ ਮਸਲੇ ਵੱਲ ਲਿਆਉਣਾ ਚਾਹੁੰਦਾ ਹਾਂ। ਸਾਡੇ ਪੰਜਾਬ ਵਿੱਚ ਕਣਕ, ਮੱਕੀ ਅਤੇ ਝੋਨੇ ਦੀਆਂ ਫਸਲਾਂ ਤੋਂ ਵੀ ਵੱਡਾ ਧੰਦਾ 50,000 ਕਰੋੜ ਦਾ ਦੁੱਧ ਦਾ ਧੰਦਾ ਹੈ। ਅੱਜ ਪੰਜਾਬ ਵਿੱਚ ਡੁਪਲੀਕੇਟ ਦੁੱਧ ਬਹੁਤ ਜ਼ਿਆਦਾ ਬਣ ਰਿਹਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਸਰਕਾਰ ਇਸ ਵੱਲ ਕਦੋਂ ਧਿਆਨ ਦੇਵੇਗੀ ਤਾਂ ਕਿ ਅਸੀਂ ਡੁਪਲੀਕੇਟ ਦੁੱਧ ਤੋਂ ਸਿਹਤ ਅਤੇ ਫਾਰਮਰ ਨੂੰ ਬਚਾ ਸਕੀਏ। ਮੈਂ ਸਮਝਦਾ ਹਾਂ ਕਿ ਅੱਜ ਪੰਜਾਬ ਐਗਰੀਕਲਚਰ ਡਾਈਵਰਸ਼ਨ ਤਾਂ ਹੀ ਕਰ ਸਕਦਾ ਹੈ ਜੇਕਰ ਅਸੀਂ ਕਿਸਾਨਾਂ ਦੇ ਹੱਕਾਂ ਦੀ ਰਾਖੀ ਕਰੀਏ। ਧੰਨਵਾਦ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.) :** ਧੰਨਵਾਦ, ਸਪੀਕਰ ਸਾਹਿਬ। ਚੜ੍ਹਨ ਵਾਲਿਓ ਹੱਕਾਂ ਦੀ ਭੇਂਟ ਉੱਤੇ, ਤੁਹਾਨੂੰ ਸ਼ਰਧਾ ਦੇ ਪੁਸ਼ਪ ਚੜ੍ਹਾਉਣ ਲੱਗੇ ਹਾਂ।

ਤੁਹਾਡੀ ਯਾਦ ਵਿੱਚ ਬੈਠ ਕੇ ਦੋ ਘੜੀਆਂ, ਪਿਆਰ ਦੇ ਹੰਝੂ ਵਹਾਉਣ ਲੱਗੇ ਹਾਂ। ਸਪੀਕਰ ਸਾਹਿਬ, ਮੈਂ ਉਸ ਦਰਦਨਾਕ ਦਾਸਤਾਨ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ ਜਿਸ ਨੂੰ ਸੁਣ ਕੇ ਅੱਜ 39 ਵਰ੍ਹਿਆਂ ਬਾਅਦ ਵੀ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ ਕਿ ਕਿਵੇਂ 2 ਨਵੰਬਰ, 1984 ਦੀ ਸਵੇਰ ਨੂੰ ਦੇਸ਼ ਦੀ ਪ੍ਰਧਾਨ ਮੰਤਰੀ, ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹਰਿਆਣਾ ਦੇ ਜ਼ਿਲ੍ਹਾ ਰਿਵਾੜੀ, ਤਹਿਸੀਲ ਪਟੌਦੀ ਦੇ ਪਿੰਡ ਹੌਂਦ ਚਿੱਲੜ ਵਿਖੇ ਹੈਵਾਨ ਰੂਪੀ ਦਰਿੰਦਿਆਂ ਨੇ ਯੋਜਨਾਬੱਧ ਤਰੀਕੇ ਨਾਲ 79 ਸਿੱਖਾਂ ਨੂੰ ਹੈਵਾਨੀਅਤ ਦਾ ਤਾਂਡਵ ਨੱਚਦਿਆਂ ਜਖਮੀ ਕਰਨ ਤੋਂ ਬਾਅਦ ਖੂਹ ਵਿੱਚ ਸੁੱਟ ਕੇ

ਜਿਉਂਦਿਆਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਸੀ। ਸਰ, ਇਸ ਘੋਰ ਨਰ-ਸੰਘਾਰ ਦਾ ਇਕ ਲਹੂ ਭਿੱਜਿਆ ਅਹਿਮ ਪਹਿਲੂ ਇਹ ਸੀ ਕਿ ਜਿਸ ਨੂੰ ਬੋਲਦਿਆਂ ਮਨੁੱਖ ਦੀ ਜ਼ੁਬਾਨ ਤੱਕ ਕੰਬਣ ਲੱਗ ਜਾਵੇ। ਦਰਿੰਦਿਆਂ ਵੱਲੋਂ ਦੁੱਧ ਚੁੰਘਦੇ ਇਕ ਮਾਸੂਮ ਬੱਚੇ ਨੂੰ ਉਸ ਦੀ ਮਾਂ ਦੀ ਛਾਤੀ ਨਾਲੋਂ ਤੋੜਦਿਆਂ ਲੱਤਾਂ ਤੋਂ ਫੜ ਕੇ ਕੰਧਾਂ ਨਾਲ ਪਟਕਾ ਪਟਕਾ ਕੇ ਸ਼ਹੀਦ ਕੀਤਾ ਗਿਆ ਸੀ। ਸਰ, ਉਸ ਮਾਸੂਮ ਬੱਚੇ ਦੇ ਕੰਧ ਨਾਲ ਚਿਪਕੇ ਸਿਰ ਦੇ ਵਾਲ ਅੱਜ ਵੀ ਗਵਾਹੀ ਵਜੋਂ ਅਦਾਲਤ ਵਿੱਚ ਮੌਜੂਦ ਹਨ। ਸਰ, ਅਸੀਂ ਕੇਸ ਲੜਿਆ ਅਤੇ ਕਮਿਸ਼ਨ ਵਲੋਂ ਚਾਰਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਹਰਿਆਣਾ ਦੀ ਬੀ.ਜੇ.ਪੀ. ਸਰਕਾਰ ਦੋਸ਼ੀਆਂ ਨੂੰ ਬਚਾਉਣ ਲਈ ਪੂਰਾ ਟਿੱਲ ਲਗਾ ਰਹੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਲਗਭਗ 39 ਵਰ੍ਹਿਆਂ ਬਾਅਦ ਵੀ ਉਨ੍ਹਾਂ ਪੀੜ੍ਹਤ ਲੋਕਾਂ ਨੂੰ ਜੇਕਰ ਕੁਝ ਮਿਲਿਆ ਹੈ ਤਾਂ ਉਹ ਹੈ ਸਿਰਫ ਤਾਰੀਖ ਤੇ ਤਾਰੀਖ ਮਿਲੀ ਹੈ।

ਕਿਵੇਂ ਜਿਊਂਦੇ ਹੋਣਗੇ ਉਹ ਇਨਸਾਫ ਲਈ ਭਟਕਦੇ ਲੋਕ,
ਇਨ੍ਹਾਂ ਅਦਾਲਤਾਂ ਵਿੱਚ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ,
ਆਖੋ ਇਨ੍ਹਾਂ ਨੂੰ ਕਿ ਹੁਣ ਉੱਜੜੇ ਘਰੀਂ ਤੁਰ ਜਾਣ,
ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ।

ਸਪੀਕਰ ਸਾਹਿਬ, ਧੰਨਵਾਦ ਜੀ।

-----

## CALL ATTENTION NOTICES UNDER RULE 66

### (ਕ੍ਰਮ ਨੰਬਰ 21)

**ਸ਼੍ਰੀ ਦਿਨੇਸ਼ ਕੁਮਾਰ ਚੱਢਾ :** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਹਿਮਾਚਲ ਪ੍ਰਦੇਸ਼ ਵਿਚੋਂ ਪੰਜਾਬ ਦੇ ਟਰੱਕਾਂ ਨੂੰ ਮਾਲ ਲੱਦਣ ਦੀ ਇਜਾਜ਼ਤ ਨਾ ਦੇਣ ਕਾਰਨ ਪੰਜਾਬ ਦੇ ਟਰੱਕ ਮਾਲਕਾਂ ਖਾਸ ਤੌਰ ਤੇ ਹਿਮਾਚਲ ਪ੍ਰਦੇਸ਼ ਦੇ ਨਾਲ ਲੱਗਦੇ ਜ਼ਿਲ੍ਹਿਆਂ ਦੇ ਟਰੱਕ ਮਾਲਕਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਹਿਮਾਚਲ ਪ੍ਰਦੇਸ਼ ਦੇ ਟਰੱਕ ਤਾਂ ਪੰਜਾਬ ਤੋਂ ਮਾਲ ਜਿਵੇਂ ਕਿ ਸੁਆਹ, ਜਿਪਸਮ ਆਦਿ ਲੱਦ ਕੇ ਹਿਮਾਚਲ ਪ੍ਰਦੇਸ਼ ਦੀ ਸੀਮਿੰਟ ਇੰਡਸਟਰੀ ਨੂੰ ਲੈ ਕੇ ਜਾਂਦੇ ਹਨ ਪ੍ਰੰਤੂ ਪੰਜਾਬ ਦੇ ਟਰੱਕ ਹਿਮਾਚਲ

[ਸ਼੍ਰੀ ਦਿਨੇਸ਼ ਕੁਮਾਰ ਚੱਢਾ]

ਪ੍ਰਦੇਸ਼ ਦੀ ਸੀਮਿੰਟ ਇੰਡਸਟਰੀ ਤੋਂ ਕੋਈ ਵੀ ਮਾਲ ਜਿਵੇਂ ਕਲਿੰਕਰ ਅਤੇ ਸੀਮਿੰਟ ਆਦਿ ਲੱਦ ਕੇ ਪੰਜਾਬ ਨੂੰ ਨਹੀਂ ਲਿਆ ਸਕਦੇ। ਟਰੱਕਾਂ ਨੂੰ ਵਾਪਸੀ ਸਮੇਂ ਕੋਈ ਮਾਲ ਨਾ ਮਿਲਣ ਕਾਰਨ ਪੰਜਾਬ ਦੇ ਟਰੱਕ ਪੰਜਾਬ ਤੋਂ ਵੀ ਮਾਲ ਹਿਮਾਚਲ ਪ੍ਰਦੇਸ਼ ਨੂੰ ਨਹੀਂ ਲੈ ਕੇ ਜਾ ਸਕਦੇ ਕਿਉਂਕਿ ਉਹ ਵਾਪਸੀ ਵੇਲੇ ਕੋਈ ਮਾਲ ਪੰਜਾਬ ਵਿਚ ਨਹੀਂ ਲਿਆ ਸਕਦੇ। ਇਸ ਗਲਤ ਨੀਤੀ ਕਾਰਨ ਪੰਜਾਬ ਦੇ ਟਰੱਕ ਮਾਲਕਾਂ/ਡਰਾਈਵਰਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਮੇਰੀ ਬੇਨਤੀ ਹੈ ਕਿ ਮਾਮਲੇ ਤੇ ਇਸ ਸਬੰਧੀ ਸਰਕਾਰ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿਚ ਬਿਆਨ ਦੇਣ ਦੀ ਖੇਚਲ ਕਰਨ।

**ਟਰਾਂਸਪੋਰਟ ਮੰਤਰੀ (ਸ਼੍ਰੀ ਲਾਲਜੀਤ ਸਿੰਘ ਭੁੱਲਰ) :** ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਮੁੱਦਾ ਦੂਜੀ ਸਟੇਟ ਨਾਲ ਜੁੜਿਆ ਅੰਤਰਰਾਜੀ ਮੁੱਦਾ ਹੈ। ਸਾਡੀ Group of Ministers ਦੀ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਪੰਜਾਬ ਦੇ ਟਰੱਕ ਆਪਰੇਟਰਾਂ ਦੇ ਜਿੰਨੇ ਵੀ ਮਸਲੇ ਹਨ, ਉਹ ਹੱਲ ਕੀਤੇ ਜਾਂਦੇ ਹਨ। ਟਰੱਕ ਆਪਰੇਟਰ ਸਾਡੇ ਭਰਾ ਹਨ। ਹਿਮਾਚਲ ਪ੍ਰਦੇਸ਼ ਜਾਂ ਦੂਜੀਆਂ ਸਟੇਟਾਂ ਦੀਆਂ ਟਰੱਕ ਯੂਨੀਅਨਾਂ ਵਲੋਂ ਸਾਡੇ ਟਰੱਕ ਆਪਰੇਟਰਾਂ ਨਾਲ ਧੱਕਾ ਕੀਤਾ ਜਾਂਦਾ ਹੈ। ਜਦੋਂ ਟਰੱਕ ਆਪਰੇਟਰ ਵੀਰ ਪੰਜਾਬ ਤੋਂ ਸਮਾਨ ਲੈ ਕੇ ਜਾਂਦੇ ਹਨ ਤਾਂ ਉਥੋਂ ਇਨ੍ਹਾਂ ਨੂੰ ਖਾਲੀ ਮੋੜਿਆ ਜਾਂਦਾ ਹੈ। ਇਨ੍ਹਾਂ ਨੂੰ ਸਮਾਨ ਲੱਦਣ ਨਹੀਂ ਦਿੱਤਾ ਜਾਂਦਾ। ਇਹ ਮੁੱਦਾ Group of Ministers ਦੀ ਕਮੇਟੀ ਵਿੱਚ ਵਿਚਾਰ ਕੇ ਦੂਜੀ ਸਟੇਟ ਨਾਲ ਗੱਲ ਕਰਕੇ ਇਸ ਮਸਲੇ ਤੇ ਵਿਚਾਰ ਕੀਤਾ ਜਾਵੇਗਾ। ਧੰਨਵਾਦ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ :** ਮਾਨਯੋਗ ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਮਸਲੇ ਨਾਲ ਪੰਜਾਬ ਦਾ ਰੋਜ਼ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਇਕੱਲੇ ਰੋਪੜ ਜ਼ਿਲ੍ਹੇ ਵਿਚੋਂ ਰੋਜ਼ 300 ਟਰੱਕ ਭਰ ਕੇ ਹਿਮਾਚਲ ਪ੍ਰਦੇਸ਼ ਜਾਂਦੇ ਹਨ, ਜਿਸ ਨਾਲ ਲਗਭਗ 50 ਲੱਖ ਰੁਪਏ ਦੀ ਆਮਦਨ ਪੰਜਾਬੀਆਂ ਨੂੰ ਹੋਣੀ ਸੀ, ਉਹ ਪੰਜਾਬੀਆਂ ਦੀ ਬਜਾਏ ਹਿਮਾਚਲ ਵਾਲਿਆਂ ਨੂੰ ਹੋ ਰਹੀ ਹੈ। ਮੰਤਰੀ ਸਾਹਿਬ ਨੇ ਪੰਜਾਬ ਦੀ ਗਰੁੱਪ ਆਫ ਮਨਿਸਟਰਜ਼ ਦੀ ਕਮੇਟੀ ਸਬੰਧੀ ਗੱਲ ਕੀਤੀ ਹੈ। ਮਾਨਯੋਗ ਮੰਤਰੀ ਸਾਹਿਬ, ਜਿੰਨਾ ਕੁ ਮੈਨੂੰ ਪਤਾ ਹੈ, ਇਹ ਜਿਹੜੀ ਪੰਜਾਬ ਵਾਲੀ ਕਮੇਟੀ ਹੈ, ਇਸ ਕਮੇਟੀ ਦਾ ਪਰਵਿਊ ਸਿਰਫ ਪੰਜਾਬ ਦੇ

ਮੁੱਦਿਆਂ ਤੱਕ ਹੈ, within ਸਟੇਟ ਦੇ ਮੁੱਦਿਆਂ ਤੱਕ ਹੈ। ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿਉਂਕਿ ਇਹ ਮਸਲਾ ਅੰਤਰਰਾਜੀ ਹੈ ਕਿ ਇਸ ਲਈ ਪੰਜਾਬ ਦਾ ਰੋਜ਼ ਦਾ ਇਹ ਕਰੋੜਾਂ ਰੁਪਏ ਦਾ ਘਾਟਾ ਰੋਕਣ ਲਈ ਜਾਂ ਤਾਂ ਤੁਸੀਂ ਇਸ ਸਬੰਧੀ ਗੌਰਮਿੰਟ ਆਫ ਇੰਡੀਆ ਰਾਹੀਂ ਤਾਲਮੇਲ ਕਰੋ ਜਾਂ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨਾਲ ਡਾਇਰੈਕਟ ਗੱਲ ਕਰੋ। ਇਸ ਕਮੇਟੀ ਦਾ ਪਰਵਿਊ within ਪੰਜਾਬ ਲਈ ਹੈ, ਤੁਸੀਂ ਸੈਂਟਰ ਸਰਕਾਰ ਨਾਲ ਜਾਂ ਹਿਮਾਚਲ ਗੌਰਮਿੰਟ ਨਾਲ ਡਾਇਰੈਕਟਲੀ ਗੱਲ ਕਰਨ ਲਈ ਕੋਈ ਕਦਮ ਚੁੱਕੋ ਜੀ। ਸਪੀਕਰ ਸਾਹਿਬ, ਇਸ ਬਾਰੇ ਮੰਤਰੀ ਸਾਹਿਬ ਤੋਂ ਇੱਕ ਵਾਰ ਜਵਾਬ ਜ਼ਰੂਰ ਲੈ ਲਈਏ ਜੀ।

**ਮਾਣਯੋਗ ਸਪੀਕਰ:** ਮੇਰਾ ਖਿਆਲ ਹੈ ਕਿ ਮੰਤਰੀ ਜੀ ਦੀ ਗੱਲ ਆ ਗਈ ਹੈ। ਮੰਤਰੀ ਜੀ, ਕੀ ਹੋਰ ਕੁਝ ਕਹਿਣਾ ਚਾਹੁੰਦੇ ਹੋ?

**ਮੰਤਰੀ:** ਸਪੀਕਰ ਸਾਹਿਬ, ਸਾਡੇ ਮੈਂਬਰ ਸਾਹਿਬ ਦੀ ਗੱਲ ਬਿਲਕੁਲ ਸਹੀ ਹੈ ਕਿ ਹਿਮਾਚਲ ਵਾਲੇ ਇੱਥੋਂ ਮਾਲ ਲੱਦ ਕੇ ਲੈ ਜਾਂਦੇ ਹਨ ਅਤੇ ਸਾਡੇ ਵਾਲਿਆਂ ਨੂੰ ਉਥੋਂ ਦੀਆਂ ਟਰੱਕ ਯੂਨੀਅਨਾਂ ਦੁਆਰਾ ਹਰਾਸ ਕੀਤਾ ਜਾਂਦਾ ਹੈ। ਮੈਂ ਇਸ ਸਬੰਧੀ ਪਹਿਲਾਂ ਵੀ ਜਵਾਬ ਦਿੱਤਾ ਹੈ ਕਿ ਅਸੀਂ ਇਸ ਮਸਲੇ ਸਬੰਧੀ ਬੈਠ ਕੇ ਵਿਚਾਰ-ਚਰਚਾ ਕਰਕੇ ਇਸ ਦਾ ਹੱਲ ਵੀ ਕਰਾਂਗੇ।

-----

**(ਕ੍ਰਮ ਨੰਬਰ 29)**

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦੀ ਹਾਂ, ਅਰਥਾਤ ਪੰਜਾਬ ਸਰਕਾਰ ਦੀਆਂ ਬੱਸਾਂ ਉੱਪਰ ਤੰਬਾਕੂ ਅਤੇ ਹੋਰ ਨਸ਼ੀਲੇ ਹਾਨੀਕਾਰਕ ਪਦਾਰਥਾਂ ਦੀਆਂ ਮਸ਼ਹੂਰੀਆਂ ਕੀਤੀਆਂ ਹੁੰਦੀਆਂ ਹਨ ਜਿਸ ਦਾ ਸਮਾਜ ਉੱਪਰ, ਖਾਸ ਕਰਕੇ ਬਾਲਗ ਅਤੇ ਨਾਬਾਲਗ ਵਰਗ ਉਪਰ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਪੰਜਾਬ ਦੀ ਜਵਾਨੀ ਦਾ ਧਿਆਨ ਤੰਬਾਕੂ ਅਤੇ ਹੋਰ ਨਸ਼ੀਲੇ ਪਦਾਰਥਾਂ ਵੱਲ ਉਤੇਜਿਤ ਹੁੰਦਾ ਹੈ। ਇਸ ਲਈ ਨਸ਼ੀਲੇ ਪਦਾਰਥਾਂ ਦੀਆਂ ਮਸ਼ਹੂਰੀਆਂ ਸਰਕਾਰੀ ਅਤੇ ਪ੍ਰਾਈਵੇਟ ਬੱਸਾਂ ਤੋਂ ਹਟਾਈਆਂ ਜਾਣ ਜੀ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਟਰਾਂਸਪੋਰਟ ਮੰਤਰੀ (ਸ਼੍ਰੀ ਲਾਲਜੀਤ ਸਿੰਘ ਭੁੱਲਰ):** ਮਾਨਯੋਗ ਸਪੀਕਰ ਸਾਹਿਬ, ਪਿਛਲੀਆਂ ਸਰਕਾਰਾਂ ਦੇ ਸਮੇਂ ਤੰਬਾਕੂ ਅਤੇ ਹੋਰ ਨਸ਼ੇ ਵਾਲੇ ਪਦਾਰਥ ਜਿਵੇਂ ਸਿਗਰਟਾਂ ਆਦਿ ਦੀ ਮਸ਼ਹੂਰੀ ਬੱਸਾਂ ਦੇ ਉੱਪਰ ਲਗਦੀ ਸੀ। ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ, ਪੰਜਾਬ ਜੀ ਦੀ ਅਗਵਾਈ ਵਿੱਚ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਕਿਸੇ ਵੀ ਨਸ਼ੀਲੇ ਪਦਾਰਥ ਦੀ ਮਸ਼ਹੂਰੀ ਦਾ ਟੈਂਡਰ ਕਿਸੇ ਵੀ ਇਹੋ ਜਿਹੀ ਕੰਪਨੀ ਨੂੰ ਨਹੀਂ ਦਿੱਤਾ ਗਿਆ। ਜੇ ਕਿਸੇ ਬੱਸ ਦੇ ਉੱਪਰ ਕੋਈ ਇਹੋ ਜਿਹਾ ਪੋਸਟਰ ਲੱਗਿਆ ਹੋਇਆ ਹੋਵੇਗਾ, ਉਹ ਵੀ ਲਾਹ ਦਿੱਤਾ ਜਾਵੇਗਾ। ਇਸ ਸਬੰਧੀ ਅਫ਼ਸਰਾਂ ਨਾਲ ਰਾਬਤਾ ਕੀਤਾ ਗਿਆ ਅਤੇ ਜਾਣਕਾਰੀ ਮਿਲੀ ਹੈ ਕਿ ਇਹੋ ਜਿਹਾ ਕੋਈ ਵੀ ਟੈਂਡਰ ਸਾਡੀ ਸਰਕਾਰ ਵਿੱਚ ਕਿਸੇ ਵੀ ਕੰਪਨੀ ਨੂੰ ਨਹੀਂ ਦਿੱਤਾ ਗਿਆ। (ਥੰਪਿੰਗ)

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਮੰਤਰੀ ਸਾਹਿਬ, ਪ੍ਰਾਈਵੇਟ ਬੱਸਾਂ ਵਾਲਿਆਂ ਖਿਲਾਫ ਵੀ ਐਕਸ਼ਨ ਲੈਣਾ ਜ਼ਰੂਰੀ ਹੈ। ਕਿਰਪਾ ਕਰਕੇ ਇੱਧਰ ਵੀ ਧਿਆਨ ਦਿਉ ਕਿਉਂਕਿ ਸਰਕਾਰ ਕਰੋੜਾਂ ਰੁਪਏ ਖਰਚ ਕਰਕੇ ਤੰਬਾਕੂ ਖਾਣ ਤੋਂ ਹਟਾਉਣ ਦੀ ਗੱਲ ਕਰਦੀ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

-------

**(ਕ੍ਰਮ ਨੰਬਰ 38)**

(i) **ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ**
(ii) **ਸਰਦਾਰ ਬਲਵਿੰਦਰ ਸਿੰਘ ਧਾਲੀਵਾਲ** } : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ, ਅਰਥਾਤ ਮੁੱਖ ਮੰਤਰੀ ਕੈਂਸਰ ਰਾਹਤ ਫੰਡ ਪੰਜਾਬ ਵੱਲੋਂ ਰਾਜ ਵਿੱਚ ਕੈਂਸਰ ਦੇ ਮਰੀਜ਼ਾਂ ਨੂੰ ਕੈਂਸਰ ਰਾਹਤ ਫੰਡ ਦਾ ਨਾ ਪ੍ਰਾਪਤ ਹੋਣਾ, ਕੈਂਸਰ ਦੇ ਮਰੀਜ਼ ਪਿਛਲੇ ਇੱਕ ਸਾਲ ਤੋਂ ਕੈਂਸਰ ਦਾ ਰਾਹਤ ਫੰਡ ਪ੍ਰਾਪਤ ਕਰਨ ਤੋਂ ਅਸਮਰੱਥ ਹਨ ਕਿਉਂਕਿ ਸਰਕਾਰ ਦੁਆਰਾ ਲਗਾਈਆਂ ਗਈਆਂ ਸ਼ਰਤਾਂ ਦੀ ਮਰੀਜ਼ਾਂ ਦੁਆਰਾ ਅਸਲੀ ਰੂਪ ਵਿੱਚ ਪਾਲਣਾ ਨਹੀਂ ਹੋ ਸਕਦੀ। ਕੈਂਸਰ ਇੱਕ ਜਾਨਲੇਵਾ ਬਿਮਾਰੀ ਹੈ। ਇਸ ਲਈ ਇਸ ਤੇ ਲਗਾਈਆਂ ਗਈਆਂ ਸ਼ਰਤਾਂ ਵਿੱਚ ਢਿੱਲ ਦਿੱਤੀ ਜਾਵੇ ਤਾਂ ਜੋ ਕੈਂਸਰ ਦੇ ਮਰੀਜ਼ ਇਸ ਸਕੀਮ ਦਾ ਲਾਭ ਉਠਾ ਸਕਣ। ਅਜਿਹੇ ਮਰੀਜ਼ਾਂ ਵਿੱਚ ਡਰ ਅਤੇ ਚਿੰਤਾ ਦੀ ਭਾਵਨਾ ਹੈ ਅਤੇ ਇਸ ਮਾਮਲੇ ਤੇ ਪੰਜਾਬ ਦੇ ਲੋਕਾਂ ਵਿੱਚ ਭਾਰੀ ਰੋਸ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਮਾਨਯੋਗ ਸਪੀਕਰ ਸਾਹਿਬ, ਸਾਡੇ ਬਹੁਤ ਹੀ ਸੀਨੀਅਰ ਮੈਂਬਰ ਸਾਹਿਬ ਨੇ ਇਹ ਸਵਾਲ ਪੁੱਛਿਆ ਹੈ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਕੋਲ ਕੁੱਲ 2087 ਨਵੇਂ ਮਰੀਜ਼ ਇਸ ਸਕੀਮ ਤਹਿਤ ਲਾਭ ਲੈਣ ਲਈ ਰਜਿਸਟਰ ਹੋਏ ਸਨ। ਉਨ੍ਹਾਂ ਨੂੰ 26,59,50534 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਜਾ ਚੁੱਕੀ ਹੈ। ਪਤਾ ਨਹੀਂ ਇਨ੍ਹਾਂ ਦਾ ਇਨਫਰਮੇਸ਼ਨ ਦਾ ਸੋਰਸ ਕੀ ਹੈ? (ਵਿਘਨ) ਮੈਨੂੰ ਗੱਲ ਪੂਰੀ ਕਰ ਲੈਣ ਦਿਉ ਜੀ। ਸਰ, ਇਸ ਵਿੱਚ ਸਰਕਾਰ ਵੱਲੋਂ ਕੋਈ ਸ਼ਰਤਾਂ ਨਹੀਂ ਲਗਾਈਆਂ ਗਈਆਂ। ਇਸ ਦਾ ਬਹੁਤ ਸਿੰਪਲ ਪ੍ਰੋਸੀਜਰ ਹੈ ਕਿ ਸਬੰਧਿਤ ਮਰੀਜ਼ ਪੰਜਾਬ ਦਾ ਨਾਗਰਿਕ ਹੋਣਾ ਚਾਹੀਦਾ ਹੈ। ਇਹ ਜ਼ਰੂਰੀ ਨਹੀਂ ਹੈ ਕਿ ਉਸ ਕੋਲ ਆਧਾਰ ਕਾਰਡ ਹੀ ਹੋਵੇ, ਉਸ ਕੋਲ ਕੋਈ ਵੀ ਆਈ.ਡੀ. ਕਾਰਡ ਹੋਣਾ ਚਾਹੀਦਾ ਹੈ। ਉਸ ਕੋਲ ਸਾਡੇ ਕਿਸੇ ਵੀ ਇੰਪੈਨਲਡ ਹਾਸਪਿਟਲ ਦੀ ਇੱਕ ਸਰਟੀਫਾਈਡ ਰਿਪੋਰਟ ਹੋਣੀ ਚਾਹੀਦੀ ਹੈ ਕਿ ਇਸ ਨੂੰ ਕੈਂਸਰ ਦੀ ਬਿਮਾਰੀ ਹੈ। ਇੱਕ ਲੋਕਲ ਕਮੇਟੀ ਬਣੀ ਹੋਈ ਹੁੰਦੀ ਹੈ ਜਿੱਥੇ ਉਹ ਅਪਲਾਈ ਕਰਦਾ ਹੈ। ਉਨ੍ਹਾਂ ਲਈ ਨਾਲ ਦੀ ਨਾਲ ਡਾਇਰੈਕਟਰ ਤੋਂ ਪਰਮਿਸ਼ਨ ਆਉਂਦੇ ਸਾਰ ਹੀ ਸਾਰਾ ਕੈਸ਼ਲੈੱਸ ਇਲਾਜ ਚੱਲ ਰਿਹਾ ਹੈ ਪਰ ਫਿਰ ਵੀ ਜੇ ਇਨ੍ਹਾਂ ਦੇ ਧਿਆਨ ਵਿੱਚ ਕੋਈ ਇਹੋ ਜਿਹਾ ਕੇਸ ਹੈ, ਜਿਸ ਨੂੰ ਦਿੱਕਤ ਆਈ ਹੈ ਤਾਂ ਕਾਈਂਡਲੀ ਮੈਨੂੰ ਇਹ ਬਾਅਦ ਵਿੱਚ ਦੱਸ ਦੇਣ। I will take up it personally.

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸਪੀਕਰ ਸਾਹਿਬ, ਜਿਸ ਮਰੀਜ਼ ਦਾ ਓਪਰੇਸ਼ਨ ਹੋ ਜਾਂਦਾ ਹੈ, ਕੀ ਉਸ ਦਾ ਓਪਰੇਸ਼ਨ ਹੋਣ ਪਿੱਛੋਂ ਮਰੀਜ਼ ਨੂੰ ਇਸ ਸਕੀਮ ਤਹਿਤ ਸਹੂਲਤ ਮਿਲਦੀ ਹੈ? ਜੇ ਉਹ ਪਹਿਲਾਂ ਅਪਲਾਈ ਨਹੀਂ ਕਰ ਸਕਦਾ ਪਰ ਉਸ ਦਾ ਓਪਰੇਸ਼ਨ ਹੋ ਜਾਂਦਾ ਹੈ, ਜੇਕਰ ਉਸ ਨੂੰ ਪਤਾ ਲਗਦਾ ਹੈ ਕਿ ਮੈਨੂੰ ਕੈਂਸਰ ਸੀ ਅਤੇ ਹੁਣ ਓਪਰੇਸ਼ਨ ਹੋ ਗਿਆ ਹੈ। ਕੀ ਤੁਸੀਂ ਉਸ ਨੂੰ ਉਸ ਕੇਸ ਵਿੱਚ ਸਹੂਲਤ ਦਿੰਦੇ ਹੋ?

**ਮੰਤਰੀ:** ਜੀ, ਜਦੋਂ ਵੀ ਉਹ ਅਪਲਾਈ ਕਰੇਗਾ, ਜੇਕਰ ਸਾਰੀਆਂ ਕੰਡੀਸ਼ਨਜ਼ ਪੂਰੀਆਂ ਕਰਦਾ ਹੈ ਤਾਂ ਉਸ ਨੂੰ ਇਹ ਸਹੂਲਤ ਦਿੱਤੀ ਜਾਵੇਗੀ। ਉਸ ਵਿਚ ਡੇਢ ਲੱਖ ਰੁਪਏ ਇਨਕਮ ਦੀ ਸੀਮਾ ਜ਼ਰੂਰ ਹੈ। ਇਸ ਤੋਂ ਇਲਾਵਾ ਹੋਰ ਕੁਝ ਨਹੀਂ ਹੈ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਮੰਤਰੀ ਜੀ, ਜਿਹੜੇ ਮਰੀਜ਼ਾਂ ਨੇ ਪਹਿਲਾਂ ਅਪਲਾਈ ਨਹੀਂ ਕੀਤਾ, ਕੀ ਉਹ ਓਪਰੇਸ਼ਨ ਤੋਂ ਬਾਅਦ ਵੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ, ਇਸ ਨੂੰ ਵੈਰੀਫਾਈ ਕਰ ਲਵੋ।

**ਮੰਤਰੀ:** ਅਸੀਂ ਇਸ ਨੂੰ ਵੈਰੀਫਾਈ ਵੀ ਕਰ ਲੈਂਦੇ ਹਾਂ। ਜਿਹੜੇ ਸਾਡੇ ਸਰਕਾਰੀ ਹਸਪਤਾਲ ਹਨ ਜਾਂ ਹੋਮੀ ਭਾਬਾ ਹਸਪਤਾਲ ਹਨ। ਉਨ੍ਹਾਂ ਵਿੱਚ ਪਹਿਲੀਆਂ ਸਰਕਾਰਾਂ ਨੇ ਬਹੁਤ ਸਾਰੇ ਯੂਜ਼ਰ ਚਾਰਜਿਜ਼ ਲਗਾਏ ਹੋਏ ਹਨ, ਉਹ ਅਸੀਂ ਆਉਣ ਵਾਲੇ ਸਮੇਂ ਵਿਚ ਵਿਦਡਰਾਅ ਕਰਨ ਜਾ ਰਹੇ ਹਾਂ।

**ਸਰਦਾਰ ਮਨਪ੍ਰੀਤ ਸਿੰਘ ਇਆਲੀ:** ਸਪੀਕਰ ਸਾਹਿਬ, ਮੈਂ ਇਹੀ ਮੁੱਦਾ ਜ਼ੀਰੋ ਆਵਰ ਵਿਚ ਉਠਾਇਆ ਸੀ। ਅਜਿਹੇ ਮਰੀਜ਼ਾਂ ਦਾ ਲੋਅ ਇਨਕਮ ਸਰਟੀਫਿਕੇਟ ਨਹੀਂ ਬਣਦਾ। ਇਹ ਬਹੁਤ ਵੱਡੀ ਸਮੱਸਿਆ ਹੈ। ਇਸ ਬਾਰੇ ਕੋਈ ਰਿਲੈਕਸੇਸ਼ਨ ਦੇਣੀ ਚਾਹੀਦੀ ਹੈ।

**ਮੰਤਰੀ:** ਸਪੀਕਰ ਸਾਹਿਬ, ਮੈਨੂੰ ਨਹੀਂ ਪਤਾ ਕਿ ਇਨ੍ਹਾਂ ਨੂੰ ਇਹ ਜਾਣਕਾਰੀ ਕਿੱਥੋਂ ਮਿਲੀ ਹੈ। ਇਹ ਮੈਨੂੰ ਬਾਅਦ ਵਿਚ ਵੀ ਮਿਲ ਸਕਦੇ ਹਨ। ਇਸ ਵਿਚ ਇਨਕਮ ਦੀ ਕੋਈ ਸ਼ਰਤ ਨਹੀਂ ਹੈ। ਹੋ ਸਕਦਾ ਹੈ ਕਿ ਕਿਸੇ ਅਫ਼ਸਰ ਨੂੰ ਕੋਈ ਜਾਣਕਾਰੀ ਨਾ ਹੋਵੇ, ਤੁਸੀਂ ਮੈਨੂੰ ਦੱਸ ਦਿਓ ਜੇਕਰ ਕੋਈ ਸਪੈਸੀਫਿਕ ਕੇਸ ਹੋਵੇ। ਸਰਦਾਰ ਭਗਵੰਤ ਸਿੰਘ ਮਾਨ ਜੀ ਦੀਆਂ ਸਟੈਂਡਿੰਗ ਇੰਸਟਰੱਕਸ਼ਨਜ਼ ਹਨ ਕਿ ਜਿਹੜੇ ਕੈਂਸਰ ਦੇ ਮਰੀਜ਼ ਹਨ, ਉਨ੍ਹਾਂ ਦਾ ਇਲਾਜ ਹੋਣਾ ਚਾਹੀਦਾ ਹੈ। ਬਸ ਇਹ ਸ਼ਰਤ ਹੈ ਕਿ ਉਸ ਨੇ ਕਿਤੇ ਹੋਰ ਇਲਾਜ ਨਾ ਕਰਵਾਇਆ ਹੋਵੇ ਪਰ ਇਸ ਦੇ ਬਾਵਜੂਦ ਵੀ ਉਹ ਰੋਗੀ ਕਲਿਆਣ ਸੰਮਤੀ ਸੁਸਾਇਟੀ ਤੋਂ ਵੀ ਆਪਣਾ ਇਲਾਜ ਕਰਵਾ ਸਕਦਾ ਹੈ। ਅਸੀਂ ਅਜਿਹੀਆਂ ਸੁਸਾਇਟੀਆਂ ਦੀ ਵੀ ਫੰਡਿੰਗ ਕਰ ਰਹੇ ਹਾਂ। ਜਿਹੜੀ ਗੱਲ ਬਾਜਵਾ ਜੀ ਨੇ ਕਹੀ ਹੈ, ਅਸੀਂ ਅਜਿਹੇ ਸਪੈਸੀਫਿਕ ਮਰੀਜ਼ਾਂ ਦਾ ਇਲਾਜ ਅਜਿਹੀਆਂ ਸੁਸਾਇਟੀਆਂ ਤੋਂ ਕਰਵਾ ਦਿੰਦੇ ਹਾਂ। ਸਾਡੇ ਹਸਪਤਾਲਾਂ ਵਿਚ ਇੰਸ਼ੋਰੈਂਸ ਸਕੀਮਾਂ ਵੀ ਹਨ। ਅਸੀਂ ਹਸਪਤਾਲਾਂ ਵਿਚ ਉਹ ਪੈਸਾ ਵੀ ਅਜਿਹੇ ਮਰੀਜ਼ਾਂ ਦੇ ਇਲਾਜ ਲਈ ਵਰਤਦੇ ਹਾਂ। ਸਾਡੀ ਸਭ ਤੋਂ ਜ਼ਿਆਦਾ ਹਮਦਰਦੀ ਉਨ੍ਹਾਂ ਮਰੀਜ਼ਾਂ ਨਾਲ ਹੈ।

**ਮਾਣਯੋਗ ਸਪੀਕਰ:** ਸਿਹਤ ਤੇ ਸਿੱਖਿਆ ਦੋਵੇਂ ਸਾਡੀ ਜ਼ਿੰਦਗੀ ਦੇ ਬਹੁਤ ਜ਼ਰੂਰੀ ਮੁੱਦੇ ਹਨ। ਜੇ ਮੰਤਰੀ ਸਾਹਿਬ ਇਸ ਮੁੱਦੇ ਤੇ ਕੋਈ ਹੋਰ ਗੱਲ ਵੀ ਕਰਨਾ ਚਾਹੁੰਦੇ ਹਨ ਤਾਂ ਕਰ ਸਕਦੇ ਹਨ।

(ਇਸ ਸਮੇਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਡਾਕਟਰ ਬਲਬੀਰ ਸਿੰਘ ਨੇ ਆਪਣੀ ਸੀਟ ਤੇ ਬੈਠੇ ਬੈਠੇ ਇਸ ਮਾਮਲੇ ਤੇ ਕੁਝ ਹੋਰ ਨਾ ਕਹਿਣ ਦਾ ਇਸ਼ਾਰਾ ਕੀਤਾ।)

-------

## FINANCIAL BUSINESS

### (i) PRESENTATION OF SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2022-23

**ਮਾਣਯੋਗ ਸਪੀਕਰ:** ਵਿੱਤ ਮੰਤਰੀ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ:** ਹੁਣ ਸਰਦਾਰ ਹਰਮੀਤ ਸਿੰਘ ਪਠਾਨਮਾਜਰਾ ਚੇਅਰਮੈਨ, ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਨਗੇ ।

### (ii) PRESENTATION OF THE REPORT OF THE COMMITTEE ON ESTIMATES ON THE SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2022-23

**ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਹਰਮੀਤ ਸਿੰਘ ਪਠਾਨਮਾਜਰਾ):** ਸ਼੍ਰੀਮਾਨ ਜੀ, ਮੈਂ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚਿਆਂ ਸੰਬੰਧੀ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ 'ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ।

### (iii) SUPPLEMENTARY DEMANDS FOR GRANTS FOR EXPENDITURE OF THE GOVERNMENT OF PUNJAB FOR THE YEAR 2022-23

**(1) DISCUSSION ON THE ESTIMATES OF THE EXPENDITURE ON CHARGED REVENUE OF THE STATE; AND**

**(2) VOTING ON THE DEMANDS FOR SUPPLEMENTARY GRANTS**

**ਮਾਣਯੋਗ ਸਪੀਕਰ:** ਅੱਜ ਦੀ ਕਾਰਜਸੂਚੀ ਵਿਚ ਸਦਨ ਦੀ ਬਹਿਸ ਅਤੇ ਵੋਟਿੰਗ ਲਈ ਕੁੱਲ 35 ਅਨੁਪੂਰਕ ਮੰਗਾਂ ਹਨ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਪਿਛਲੀ ਪ੍ਰਥਾ ਅਨੁਸਾਰ ਇਹ ਸਾਰੀਆਂ ਮੰਗਾਂ ਪੜ੍ਹੀਆਂ ਅਤੇ ਪ੍ਰਸਤਾਵ ਕੀਤੀਆਂ ਗਈਆਂ ਸਮਝੀਆਂ ਜਾਣ ਅਤੇ ਇਕੱਠੀਆਂ ਹੀ ਬਹਿਸ ਲਈ ਲੈ ਲਈਆਂ ਜਾਣ ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1680,52,51,000 ਰੁਪਏ ਅਤੇ ਪੂੰਜੀਗਤ ਲੇਖੇ ਤੇ 72,97,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,28,14,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 261,26,46,000 ਰੁਪਏ ਅਤੇ ਪੂੰਜੀਗਤ ਲੇਖੇ ਤੇ 307,72,53,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 768,47,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 25,36,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3096,92,90,000 ਰੁਪਏ ਅਤੇ ਪੂੰਜੀਗਤ ਲੇਖੇ ਤੇ 23999,63,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 251,10,20,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,000 ਰੁਪਏ ਅਤੇ ਪੂੰਜੀਗਤ ਲੇਖੇ ਤੇ 208,28,05,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਣਯੋਗ ਸਪੀਕਰ]

**ਮੰਗ ਨੰ: 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 509,68,88,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 444,26,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 34,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 35,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 26,59,000 ਰੁਪਏ ਅਤੇ ਪੂੰਜੀਗਤ ਲੇਖੇ ਤੇ 67,21,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,49,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 361,80,09,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 13,58,84,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 20**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1830,25,95,000 ਰੁਪਏ ਅਤੇ ਪੂੰਜੀਗਤ ਲੇਖੇ ਤੇ 55,78,29,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 99,00,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,10,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜ ਵਸੇਬਾ ਅਤੇ ਆਫਤਾਂ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 702,39,07,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 24**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,39,55,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,75,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1139,14,82,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,92,77,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,25,44,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 34,38,76,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 28

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 44,37,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 29

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,19,98,000 ਰੁਪਏ ਅਤੇ ਪੂੰਜੀਗਤ ਲੇਖੇ ਤੇ 39,65,98,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 30

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,51,23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 39,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 31

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,28,86,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜਗਾਰ ਉੱਤਪਤੀ, ਸਕਿਲ ਡਿਵੈਲਪਮੈਂਟ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 32

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 20,43,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 33

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 74,62,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 35

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 111,32,43,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,93,19,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 36

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,58,46,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 37

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 243,51,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 38

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,86,06,000 ਰੁਪਏ ਅਤੇ ਪੂੰਜੀਗਤ ਲੇਖੇ ਤੇ 108,45,42,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 39

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,56,39,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 40

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਡਾਂ ਅਤੇ ਯੁਵਕ ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 41

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 82,41,00,000 ਰੁਪਏ

ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 42**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 45,93,78,000 ਰੁਪਏ ਅਤੇ ਪੂੰਜੀਗਤ ਲੇਖੇ ਤੇ 36,47,40,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਅਤੇ ਘੱਟ ਗਿਣਤੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ:** ਜਿਹੜੇ ਮਾਨਯੋਗ ਮੈਂਬਰ ਜਿਸ ਮੰਗ ਤੇ ਬੋਲਣਾ ਚਾਹੁੰਦੇ ਹੋਣ, ਉਹ ਮੰਗ ਦਾ ਜ਼ਿਕਰ ਜ਼ਰੂਰ ਕਰਨ । ਹਾਂ ਜੀ, ਕੋਈ ਬੋਲਣਾ ਚਾਹੁੰਦਾ ਹੈ?

(ਇਸ ਸਮੇਂ ਕੋਈ ਵੀ ਮੈਂਬਰ ਬੋਲਣ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ :** ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸਾਰੀਆਂ ਮੰਗਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ?

(**ਅਵਾਜ਼ਾਂ :** ਹਾਂ ਜੀ, ਹਾਂ ਜੀ)

**ਮੰਗ ਨੰ: 1**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1680,52,51,000 ਰੁਪਏ ਅਤੇ ਪੂੰਜੀਗਤ ਲੇਖੇ ਤੇ 72,97,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਤੀਬਾੜੀ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 2**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,28,14,000 ਰੁਪਏ ਅਤੇ ਪੂੰਜੀਗਤ ਲੇਖੇ ਤੇ 2,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

[ਮਾਣਯੋਗ ਸਪੀਕਰ]

**ਮੰਗ ਨੰ: 3**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 261,26,46,000 ਰੁਪਏ ਅਤੇ ਪੂੰਜੀਗਤ ਲੇਖੇ ਤੇ 307,72,53,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਹਿਕਾਰਤਾ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 5**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 768,47,70,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਿੱਖਿਆ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 7**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 25,36,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਆਬਕਾਰੀ ਅਤੇ ਕਰ ਦੇ ਸਬੰਧ ਵਿੱਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 8**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3096,92,90,000 ਰੁਪਏ ਅਤੇ ਪੂੰਜੀਗਤ ਲੇਖੇ ਤੇ 23999,63,30,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਵਿੱਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 9**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 251,10,20,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 11**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,000 ਰੁਪਏ ਅਤੇ ਪੂੰਜੀਗਤ ਲੇਖੇ ਤੇ 208,28,05,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਿਹਤ ਅਤੇ ਪਰਿਵਾਰ ਭਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 12**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 509,68,88,000 ਰੁਪਏ ਅਤੇ ਪੂੰਜੀਗਤ ਲੇਖੇ ਤੇ 4,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਗ੍ਰਹਿ ਮਾਮਲਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 13**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 444,26,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਉਦਯੋਗ ਅਤੇ ਵਣਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 15**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 34,10,000 ਰੁਪਏ ਅਤੇ ਪੂੰਜੀਗਤ ਲੇਖੇ ਤੇ 35,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਰੋਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 16**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 26,59,000 ਰੁਪਏ ਅਤੇ ਪੂੰਜੀਗਤ ਲੇਖੇ ਤੇ 67,21,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਕਿਰਤ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 17**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,49,30,000 ਰੁਪਏ ਅਤੇ ਪੂੰਜੀਗਤ ਲੇਖੇ ਤੇ 361,80,09,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਥਾਨਕ ਸਰਕਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 18**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 13,58,84,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪਰਸੋਨਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 20**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1830,25,95,000 ਰੁਪਏ ਅਤੇ ਪੂੰਜੀਗਤ ਲੇਖੇ ਤੇ 55,78,29,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪਾਵਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 22**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 99,00,08,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,10,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਮਾਲ, ਮੁੜ ਵਸੇਬਾ ਅਤੇ ਆਫਤਾ ਪ੍ਰਬੰਧਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 23**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 702,39,07,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 24

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,39,55,000 ਰੁਪਏ ਅਤੇ ਪੂੰਜੀਗਤ ਲੇਖੇ ਤੇ 3,75,66,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਾਇੰਸ, ਤਕਨਾਲੋਜੀ ਅਤੇ ਵਾਤਾਵਰਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 25

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1139,14,82,000 ਰੁਪਏ ਅਤੇ ਪੂੰਜੀਗਤ ਲੇਖੇ ਤੇ 9,92,77,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸਮਾਜਿਕ ਸੁਰੱਖਿਆ, ਇਸਤਰੀਆਂ ਅਤੇ ਬਾਲ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 26

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,25,44,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਰਾਜ ਵਿਧਾਨ ਮੰਡਲ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 27

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 2,000 ਰੁਪਏ ਅਤੇ ਪੂੰਜੀਗਤ ਲੇਖੇ ਤੇ 34,38,76,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

## ਮੰਗ ਨੰ: 28

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 44,37,15,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 29**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 8,19,98,000 ਰੁਪਏ ਅਤੇ ਪੂੰਜੀਗਤ ਲੇਖੇ ਤੇ 39,65,98,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਟਰਾਂਸਪੋਰਟ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 30**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 3,51,23,000 ਰੁਪਏ ਅਤੇ ਪੂੰਜੀਗਤ ਲੇਖੇ ਤੇ 39,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਚੌਕਸੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 31**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,28,86,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਰੋਜਗਾਰ ਉੱਤਪਤੀ, ਸਕਿਲ ਡਿਵੈਲਪਮੈਂਟ ਅਤੇ ਸਿਖਲਾਈ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 32**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 20,43,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜੰਗਲਾਤ ਅਤੇ ਜੰਗਲੀ ਜੀਵ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 33**

ਕਿ ਇਕ ਅਨੁਪੂਰਕ ਰਕਮ ਜੋ ਪੂੰਜੀਗਤ ਲੇਖੇ ਤੇ 74,62,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਪ੍ਰਸ਼ਾਸਕੀ ਸੁਧਾਰ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 35**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 111,32,43,000 ਰੁਪਏ

ਅਤੇ ਪੂੰਜੀਗਤ ਲੇਖੇ ਤੇ 1,93,19,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 36**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 4,58,46,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜੇਲ੍ਹਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 37**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 243,51,65,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਕਾਨੂੰਨ ਅਤੇ ਨਿਆਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 38**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 28,86,06,000 ਰੁਪਏ ਅਤੇ ਪੂੰਜੀਗਤ ਲੇਖੇ ਤੇ 108,45,42,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਡਾਕਟਰੀ ਸਿੱਖਿਆ ਅਤੇ ਖੋਜ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 39**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 1,56,39,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਛਪਾਈ ਅਤੇ ਲਿਖਣ ਸਮੱਗਰੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 40**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 6,00,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਖੇਡਾਂ ਅਤੇ ਯੁਵਕ

[ਮਾਣਯੋਗ ਸਪੀਕਰ]

ਸੇਵਾਵਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 41**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 82,41,00,000 ਰੁਪਏ ਅਤੇ ਪੂੰਜੀਗਤ ਲੇਖੇ ਤੇ 1,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮੰਗ ਨੰ: 42**

ਕਿ ਇਕ ਅਨੁਪੂਰਕ ਰਕਮ ਜੋ ਮਾਲੀਆ ਲੇਖੇ ਤੇ 45,93,78,000 ਰੁਪਏ ਅਤੇ ਪੂੰਜੀਗਤ ਲੇਖੇ ਤੇ 36,47,40,000 ਰੁਪਏ ਤੋਂ ਵੱਧ ਨਾ ਹੋਵੇ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਸਾਲ ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਹੋਰ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਅਤੇ ਘੱਟ ਗਿਣਤੀ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਨੰ: 1 ਤੋਂ 3, 5, 7 ਤੋਂ 9, 11 ਤੋਂ 13, 15 ਤੋਂ 18, 20, 22 ਤੋਂ 33, 35 ਤੋਂ 42, ਜੋ ਮਾਲੀਆ ਅਤੇ ਪੂੰਜੀਗਤ ਲੇਖੇ ਤੇ 36795,87,71,000/- (ਕੇਵਲ ਛੱਤੀ ਹਜ਼ਾਰ ਸੱਤ ਸੌ ਪਚਾਨਵੇਂ ਕਰੋੜ ਸਤਾਸੀ ਲੱਖ ਅਤੇ ਇਕਹੱਤਰ ਹਜ਼ਾਰ ਰੁਪਏ) ਤੋਂ ਵੱਧ ਨਾ ਹੋਣ, 31 ਮਾਰਚ, 2023 ਨੂੰ ਖਤਮ ਹੋਣ ਵਾਲੇ ਵਿੱਤੀ ਸਾਲ ਲਈ ਵੱਖ ਵੱਖ ਵਿਭਾਗਾਂ ਦੇ ਸਬੰਧ ਵਿਚ ਹੋਣ ਵਾਲੇ ਖਰਚਿਆਂ ਦੇ ਭੁਗਤਾਨ ਲਈ ਰਾਜਪਾਲ ਨੂੰ ਦਿੱਤੀਆਂ ਜਾਣ।

***ਪ੍ਰਸਤਾਵ ਪ੍ਰਵਾਨ ਹੋਇਆ।***

------

## (iv) THE PUNJAB APPROPRIATION (No. 2) BILL, 2023

**ਮਾਣਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਪੰਜਾਬ ਨਮਿੱਤਣ (ਨੰ: 2) ਬਿਲ, 2023 ਪੇਸ਼ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਨਮਿੱਤਣ (ਨੰ: 2) ਬਿਲ, 2023 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

> ਕਿ ਪੰਜਾਬ ਨਮਿੱਤਣ (ਨੰ: 2) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ –

> ਕਿ ਪੰਜਾਬ ਨਮਿੱਤਣ (ਨੰ:2) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਪੰਜਾਬ ਨਮਿੱਤਣ (ਨੰ:2) ਬਿਲ, 2023 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ।

## ਕਲਾਜ਼ਾਂ 2 ਤੋਂ 4

**ਮਾਣਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 4 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਆਵਾਜ਼ਾਂ :** ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

> ਕਿ ਕਲਾਜ਼ਾਂ 2 ਤੋਂ 4 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

## ਸ਼ਡਿਊਲ

**ਮਾਣਯੋਗ ਸਪੀਕਰ :**ਪ੍ਰਸ਼ਨ ਹੈ –

ਕਿ ਸ਼ਡਿਊਲ ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਵਿੱਤ ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2023 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ –

ਕਿ ਪੰਜਾਬ ਨਮਿੱਤਣ (ਨੰ: 2) ਬਿਲ, 2023 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

-------

## PRESENTATION OF REPORTS OF THE COMMITTEES

**ਮਾਣਯੋਗ ਸਪੀਕਰ:** ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਚੇਅਰਮੈਨ, ਲੋਕ ਲੇਖਾ ਕਮੇਟੀ ਦੀਆਂ ਰਿਪੋਰਟਾਂ ਪੇਸ਼ ਕਰਨ।

**ਸਭਾਪਤੀ, ਲੋਕ ਲੇਖਾ ਕਮੇਟੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ):** ਸ਼੍ਰੀਮਾਨ ਜੀ,

i) ਮੈਂ, ਲੋਕ ਲੇਖਾ ਕਮੇਟੀ ਦੀ ਕਿਰਤ ਵਿਭਾਗ ਨਾਲ ਸਬੰਧਿਤ ਸਾਲ 2017-18 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 213ਵੀਂ ਰਿਪੋਰਟ ਅਤੇ ਸਾਲ 2017-18 ਲਈ ਕਿਰਤ ਵਿਭਾਗ ਨਾਲ ਸਬੰਧਿਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ) ਪੇਸ਼ ਕਰਦਾ ਹਾਂ; ਅਤੇ

ii) ਸਾਲ 2014-15 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 214ਵੀਂ ਰਿਪੋਰਟ ਅਤੇ ਸਾਲ 2014-15 ਲਈ ਮਾਲ, ਮੁੜ ਵਸੇਬਾ ਅਤੇ ਆਫਤਾਂ ਪ੍ਰਬੰਧਨ ਵਿਭਾਗ ਨਾਲ ਸਬੰਧਿਤ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ) ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ:** ਹੁਣ, ਸ਼੍ਰੀ ਬੁੱਧ ਰਾਮ, ਚੇਅਰਮੈਨ, ਸਰਕਾਰੀ ਕਾਰੋਬਾਰ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸ਼੍ਰੀ ਬੁੱਧ ਰਾਮ):** ਸ਼੍ਰੀਮਾਨ ਜੀ, ਮੈਂ, ਪੰਜਾਬ ਰਾਜ ਬੱਸ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਨਾਲ ਸਬੰਧਿਤ ਸਾਲ 2017-18 ਲਈ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 120ਵੀਂ ਰਿਪੋਰਟ ਪੇਸ਼ ਕਰਦਾ ਹਾਂ।

**ਮਾਣਯੋਗ ਸਪੀਕਰ:** ਧੰਨਵਾਦ।

**ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ :** ਮਾਨਯੋਗ ਸਪੀਕਰ ਸਾਹਿਬ, ਮੈਂ ਇਸ ਰਿਪੋਰਟ ਤੇ ਪੰਜ ਮਿੰਟ ਬੋਲਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਤੁਸੀਂ ਦੋ ਮਿੰਟ ਵਿੱਚ ਗੱਲ ਕਰ ਲਉ ਜੀ।

**ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ:** ਸਪੀਕਰ ਸਾਹਿਬ, ਜਦੋਂ ਅਸੀਂ ਕੰਪਟ੍ਰੋਲਰ ਅਤੇ ਆਡੀਟਰ ਜਨਰਲ ਵੱਲੋਂ ਕੀਤੇ ਆਡਿਟ ਨੂੰ ਚੈੱਕ ਕਰਦੇ ਹਾਂ ਤਾਂ ਉਸ ਦਾ ਮਕਸਦ ਇਹ ਹੁੰਦਾ ਹੈ ਕਿ ਕਿਸੇ ਮਹਿਕਮੇ ਵਿੱਚ ਜਿਹੜੀਆਂ ਘਾਟਾਂ ਪਾਈਆਂ ਗਈਆਂ ਹਨ, ਉਹ ਆਉਣ ਵਾਲੇ ਸਮੇਂ ਵਿੱਚ ਨਾ ਹੋਣ। ਇਸ ਲਿਹਾਜ਼ ਨਾਲ ਉਹ ਰਿਪੋਰਟ ਭਾਵੇਂ ਪੀ.ਏ.ਸੀ. ਜਾਂ ਸਰਕਾਰੀ ਕਾਰੋਬਾਰ ਕਮੇਟੀ ਕੋਲ ਆਉਂਦੀ ਹੈ, ਅਸੀਂ ਉਨ੍ਹਾਂ ਦੇ bureaucrats ਨੂੰ ਬੁਲਾਉਂਦੇ ਹਾਂ। ਸਾਡੀ ਕਮੇਟੀ ਨੇ ਮਿਤੀ 26.07.22, 22.08.22, 10.08.22 ਅਤੇ 17.08.22 ਨੂੰ ਪ੍ਰਿੰਸੀਪਲ ਸਕੱਤਰ, ਟਰਾਂਸਪੋਰਟ ਅਤੇ ਡਾਇਰੈਕਟਰ-ਕਮ-ਐਮ.ਡੀ. ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕਾਰਪੋਰੇਸ਼ਨ ਅਤੇ ਆਫੀਸਰਜ਼ ਵੀ ਬੁਲਾਏ। ਤਿੰਨ ਸਾਲ ਇਹ ਅਧਿਕਾਰੀ ਬਾਦਲ ਸਰਕਾਰ ਦੇ ਸਨ ਅਤੇ ਦੋ ਸਾਲ ਕਾਂਗਰਸ ਸਰਕਾਰ ਵੇਲੇ ਦੇ ਸਨ। ਇਸ ਦੌਰਾਨ ਜੋ ਘਾਟਾਂ ਪਾਈਆਂ ਗਈਆਂ ਸਨ, ਉਨ੍ਹਾਂ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ। ਕੰਪਨੀ ਕੋਲ ਬੱਸ ਨੂੰ ਚਲਾਉਣ ਲਈ 5 ਸਾਲ ਦੀ ਫਿਕਸ ਏਜ਼ ਹੁੰਦੀ ਹੈ। ਓਵਰ ਏਜ਼ ਬੱਸਾਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਹੈ।ਸਾਲ 2013-2018 ਦੌਰਾਨ ਬੱਸਾਂ ਵਿੱਚੋਂ ਓਵਰ ਏਜ਼ ਦੀ ਪ੍ਰਤੀਸ਼ਤਤਾ 29.40 ਤੋਂ ਵੱਧ ਕੇ 62.57 ਹੋ ਗਈ ਹੈ। ਇਸ ਤੋਂ ਸਪੱਸ਼ਟ ਹੈ ਕਿ ਬੱਸਾਂ ਸਮੇਂ ਤੋਂ ਜ਼ਿਆਦਾ ਚਲਾਈਆਂ ਗਈਆਂ ਹਨ। ਕੰਪਨੀ ਨੇ ਟਰਾਂਸਪੋਰਟ ਅਥਾਰਟੀ ਵੱਲੋਂ ਅਲਾਟ ਕੀਤੇ ਗਏ ਰੂਟਾਂ ਤੇ ਬੱਸਾਂ ਚਲਾਉਣੀਆਂ ਸਨ ਪਰੰਤੂ ਕਮੇਟੀ ਨੇ ਦੇਖਿਆ ਕਿ ਕੰਪਨੀ ਉਨ੍ਹਾਂ ਸਾਰੇ ਰੂਟਾਂ ਤੇ ਬੱਸਾਂ ਨਹੀਂ ਚਲਾ ਰਹੀ ਜਿਸ ਕਾਰਨ 1.93 ਤੋਂ 11.77 ਪ੍ਰਤੀਸ਼ਤ ਰੂਟ ਰੱਦ ਹੋ ਗਏ ਅਤੇ ਘਾਟਾ ਵੀ ਪਿਆ। ਕਮੇਟੀ ਨੇ ਇਹ ਵੀ ਦੇਖਿਆ ਕਿ ਸਪੇਅਰ ਪਾਰਟ ਦੀ ਕਮੀ ਕਾਰਨ ਰਿਪੇਅਰ ਸਮੇਂ ਸਿਰ ਨਾ ਹੋਣ ਕਾਰਨ ਕੰਪਨੀ ਨੂੰ 3 ਕਰੋੜ 62 ਲੱਖ ਰੁਪਏ ਦਾ ਘਾਟਾ ਵੀ ਸਹਿਣਾ ਪਿਆ। ਕਮੇਟੀ ਨੇ ਇਹ ਵੀ ਦੇਖਿਆ ਕਿ 2013-2018 ਦੇ ਸਾਲਾਂ ਦੌਰਾਨ ਸਮੇਂ ਸਿਰ ਬੱਸਾਂ ਦੀ ਮੁਰੰਮਤ ਨਾ ਹੋਣ ਕਾਰਨ ਵਰਕਸ਼ਾਪਾਂ ਵਿੱਚ ਬੱਸਾਂ ਡਿਟੇਨ ਕੀਤੀਆਂ ਗਈਆਂ, ਜਿਸ ਕਰਕੇ ਕੰਪਨੀ ਨਿਸ਼ਚਿਤ ਰੂਟ/ਕਿਲੋਮੀਟਰ ਤੈਅ ਨਹੀਂ ਕਰ ਸਕੀ ਅਤੇ ਆਡਿਟ ਵੱਲੋਂ ਚੁਣੇ ਗਏ ਪੰਜ ਡੀਪੂਆਂ ਵਿੱਚ 5.59 ਕਰੋੜ ਰੁਪਏ ਦਾ ਨੁਕਸਾਨ ਪਾਇਆ ਗਿਆ ਹੈ। ਸਪੈਸ਼ਲ ਰੋਡ ਟੈਕਸ ਬਾਰੇ ਦੇਖਿਆ ਗਿਆ ਕਿ ਟੈਕਸ ਭਰਿਆ ਤਾਂ ਗਿਆ ਪਰੰਤੂ ਬੱਸਾਂ ਨਹੀਂ ਚਲਾਈਆਂ ਗਈਆਂ ਜਿਸ ਕਾਰਨ 2 ਕਰੋੜ 64 ਲੱਖ ਰੁਪਏ ਦਾ ਹੋਰ ਨੁਕਸਾਨ ਹੋਇਆ।ਇਸ ਸਮੇਂ ਦੌਰਾਨ ਬੱਸਾਂ ਦੀ ਕਾਰਜ ਕੁਸ਼ਲਤਾ ਕੰਪਨੀ ਵੱਲੋਂ ਫਿਕਸ ਕੀਤੇ ਟੀਚੇ ਤੋਂ ਘੱਟ ਰਹੀ ਹੈ। ਡੀਜ਼ਲ ਦੀ ਖਪਤ ਵੀ 8 ਕਰੋੜ 19 ਲੱਖ ਰੁਪਏ ਦੀ ਵਾਧੂ ਪਾਈ ਗਈ ਹੈ। ਇਹ ਵੀ ਦੇਖਿਆ ਗਿਆ ਕਿ ਕੰਪਨੀ ਨੂੰ ਜਲੰਧਰ

ਅਤੇ ਲੁਧਿਆਣਾ ਬੱਸ ਸਟੈਂਡਾਂ ਦੀਆਂ ਦੁਕਾਨਾਂ ਨੂੰ ਕਿਰਾਏ ਤੇ ਦੇਣਾ ਚਾਹੀਦਾ ਸੀ, ਇਨ੍ਹਾਂ ਬੱਸਾਂ ਨੂੰ ਕਿਰਾਏ ਤੇ ਨਾ ਦੇਣ ਕਾਰਨ ਲੁਧਿਆਣਾ ਬੱਸ ਸਟੈਂਡ ਦਾ 40 ਲੱਖ ਅਤੇ ਜਲੰਧਰ ਦਾ 93 ਲੱਖ ਰੁਪਿਆ ਕੁੱਲ 1 ਕਰੋੜ 34 ਲੱਖ ਦਾ ਨੁਕਸਾਨ ਪੰਜ ਡੀਪੂਆਂ ਦਾ ਹੋਇਆ ਹੈ। ਅਪ੍ਰੈਲ, 2013 ਤੋਂ ਜੂਨ, 2014 ਤੱਕ ਕੰਪਨੀ ਨੇ ਕੰਪੀਟੀਟਿਵ ਰੇਟ ਤੇ ਡੀਜ਼ਲ ਲੈਣਾ ਸੀ ਪਰੰਤੂ ਨਹੀਂ ਲਿਆ ਗਿਆ ਜਿਸ ਕਾਰਨ ਆਡਿਟ ਨੇ 1 ਕਰੋੜ 70 ਲੱਖ ਰੁਪਏ ਦਾ ਘਾਟਾ ਦਿਖਾਇਆ ਹੈ। ਅੰਤ ਵਿੱਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਬੱਸਾਂ ਤੇ ਇਸ਼ਤਿਹਾਰਬਾਜ਼ੀ ਕੀਤੀ ਜਾਵੇ ਤਾਂ ਕਮਾਈ ਵੀ ਕੀਤੀ ਜਾ ਸਕਦੀ ਹੈ। ਆਡਿਟ ਨੇ ਪੁਆਇੰਟ-ਆਊਟ ਕੀਤਾ ਹੈ ਕਿ ਜੇਕਰ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਤਾਂ 70 ਲੱਖ ਰੁਪਏ ਦੀ ਆਮਦਨ ਵੀ ਹੋ ਸਕਦੀ ਸੀ।

ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਕਹਿਣਾ ਚਾਹੁੰਦਾ ਹਾਂ ਕਿ ਆਡਿਟ ਤੋਂ ਪਤਾ ਲੱਗ ਜਾਂਦਾ ਹੈ ਕਿ ਕਿਨ੍ਹਾਂ ਗੱਲਾਂ ਕਾਰਨ ਘਾਟਾ ਪਿਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਵਿਚਾਰ ਕੇ ਅਤੇ ਕਾਰਵਾਈ ਕਰਕੇ ਕੰਪਨੀ ਦੇ ਨੁਕਸਾਨ ਨੂੰ ਘੱਟ ਕੀਤਾ ਜਾ ਸਕਦਾ ਹੈ।

ਅੰਤ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨੁਕਸਾਨ ਸਬੰਧੀ ਜਿਹੜੇ ਵੀ ਕਸੂਰਵਾਰ ਹਨ, ਉਨ੍ਹਾਂ ਦੀ ਜ਼ਿੰਮੇਵਾਰੀ ਫਿਕਸ ਕੀਤੀ ਜਾਵੇ। ਸਪੇਅਰ ਪਾਰਟਸ ਸਮੇਂ ਸਿਰ ਮਿਲਣਾ ਚਾਹੀਦਾ ਹੈ, ਮੇਨਟੇਨੈਂਸ ਸਬੰਧੀ ਪ੍ਰਾਪਰ ਐਂਟਰੀ ਰਜਿਸਟਰ, ਜੋ ਕਿ ਪਹਿਲਾਂ ਨਹੀਂ ਸੀ, ਉਹ ਲਗਾਇਆ ਜਾਵੇ, ਬੱਸਾਂ ਨੂੰ ਜਲਦੀ ਤੋਂ ਜਲਦੀ ਰਿਪੇਅਰ ਕਰਕੇ ਮਿੱਥੇ ਗਏ ਰੂਟਾਂ ਤੇ ਚਲਾਇਆ ਜਾਵੇ। ਅਖੀਰ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਬੱਸ ਸਟੈਂਡਾਂ ਦੀ O&M (Operate & Maintenance) ਦੇ ਕੰਟਰੈਕਟ ਜਲਦੀ ਕੀਤੇ ਜਾਣ ਅਤੇ ਅਜਿਹਾ ਕਰਦੇ ਸਮੇਂ ਬੈਂਕ ਗਾਰੰਟੀ ਜ਼ਰੂਰ ਲਈ ਜਾਵੇ ਤਾਂ ਕਿ ਜ਼ਰੂਰਤ ਪੈਣ ਤੇ ਇਸ ਗਾਰੰਟੀ ਨੂੰ ਇਨਕੈਸ਼ ਕਰਵਾ ਕੇ ਕੰਪਨੀ ਦੇ ਨੁਕਸਾਨ ਦੀ ਪੂਰਤੀ ਕੀਤੀ ਜਾ ਸਕੇ।

ਇਹ ਕੁਝ ਗੱਲਾਂ ਕਮੇਟੀ ਦੀ ਰਿਪੋਰਟ ਵਿੱਚ ਰਹਿ ਗਈਆਂ ਸਨ। ਮੈਨੂੰ ਆਸ ਹੈ ਕਿ ਆਉਣ ਵਾਲੇ ਸਮੇਂ ਵਿੱਚ ਕੁਝ ਸੁਧਾਰ ਹੋਵੇਗਾ।

**ਮਾਣਯੋਗ ਸਪੀਕਰ :** ਧੰਨਵਾਦ ਸ਼੍ਰੀ ਬੁੱਧ ਰਾਮ ਜੀ।

------

## RULING BY THE SPEAKER

**ਮਾਣਯੋਗ ਸਪੀਕਰ :** ਮੈਂ ਬੇਨਤੀ ਕਰਦਾ ਹਾਂ ਕਿ ਜਿਹੜੀਆਂ ਵਿਧਾਨ ਸਭਾ ਦੀਆਂ ਕਮੇਟੀਆਂ ਹੁੰਦੀਆਂ ਹਨ, ਸਾਡੀ ਡੈਮੋਕ੍ਰੇਸੀ ਲਈ ਬਹੁਤ ਇੰਪਾਰਟੈਂਟ ਹੈ ਕਿ ਇਨ੍ਹਾਂ ਕਮੇਟੀਆਂ ਵਿੱਚ ਵੱਧ ਤੋਂ ਵੱਧ ਹਾਜ਼ਰੀ ਰਹੇ, ਪੂਰਾ ਕੰਮ-ਕਾਰ ਹੋਵੇ। ਅਗਲੇ ਸੈਸ਼ਨ ਵਿੱਚ ਜਿਨ੍ਹਾਂ ਮੈਂਬਰਾਂ ਦੀ ਹਾਜ਼ਰੀ ਪੂਰੀ ਹੋਵੇਗੀ, ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਜਾਵੇਗਾ ਅਤੇ ਜਿਨ੍ਹਾਂ ਦੀ ਹਾਜ਼ਰੀ ਘੱਟ ਹੋਵੇਗੀ ਉਨ੍ਹਾਂ ਦਾ ਨਾਂ ਲੈ ਕੇ ਬੇਨਤੀ ਕੀਤੀ ਜਾਵੇਗੀ ਕਿ ਕਮੇਟੀਆਂ ਵਿੱਚ ਹਾਜ਼ਰੀ ਪੂਰੀ ਰੱਖਿਆ ਕਰਨ। ਕਮੇਟੀਆਂ ਰਾਹੀਂ ਹੀ Executive Class ਨੂੰ ਜਵਾਬਦੇਹ ਰੱਖਿਆ ਜਾ ਸਕਦਾ ਹੈ। ਸੋ, ਇਹ ਬਹੁਤ ਜ਼ਰੂਰੀ ਹੈ।

--------

## NON OFFICIAL RESOLUTION REG. URGING THE CENTRAL GOVERNMENT TO STOP THE LOOTING OF THE PEOPLE DUE TO SALE OF MEDICINES AT EXORBITANT RATES

**ਮਾਣਯੋਗ ਸਪੀਕਰ:** ਡਾਕਟਰ ਚਰਨਜੀਤ ਸਿੰਘ, ਐਮ.ਐਲ.ਏ., ਮਤਾ ਪੇਸ਼ ਕਰਨ।

**ਡਾਕਟਰ ਚਰਨਜੀਤ ਸਿੰਘ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਦਵਾਈਆਂ ਦੀ ਵਿਕਰੀ ਅਸਮਾਨੀ ਦਰਾਂ ਤੇ ਫਿਕਸ ਕੀਤੇ ਐਮ.ਆਰ.ਪੀ. ਤੇ ਵੇਚਣ ਕਾਰਨ ਲੋਕਾਂ ਨਾਲ ਹੋ ਰਹੀ ਲੁੱਟ ਨੂੰ ਰੋਕਣ ਲਈ ਮਾਮਲਾ ਕੇਂਦਰ ਸਰਕਾਰ ਨਾਲ ਉਠਾਇਆ ਜਾਵੇ।"

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

"ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਦਵਾਈਆਂ ਦੀ ਵਿਕਰੀ ਅਸਮਾਨੀ ਦਰਾਂ ਤੇ ਫਿਕਸ ਕੀਤੇ ਐਮ.ਆਰ.ਪੀ. ਤੇ ਵੇਚਣ ਕਾਰਨ ਲੋਕਾਂ ਨਾਲ ਹੋ ਰਹੀ ਲੁੱਟ ਨੂੰ ਰੋਕਣ ਲਈ ਮਾਮਲਾ ਕੇਂਦਰ ਸਰਕਾਰ ਨਾਲ ਉਠਾਇਆ ਜਾਵੇ।"

ਹਾਂ ਜੀ, ਬਹਿਸ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਖਹਿਰਾ ਸਾਹਿਬ, ਪਹਿਲਾਂ ਡਾਕਟਰ ਚਰਨਜੀਤ ਸਿੰਘ ਜੀ ਬੋਲਣਗੇ।

**ਡਾਕਟਰ ਚਰਨਜੀਤ ਸਿੰਘ (ਚਮਕੌਰ ਸਾਹਿਬ, ਐਸ.ਸੀ.):** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇਸ ਅਹਿਮ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਕਿਸੇ ਇਨਸਾਨ ਲਈ ਸਭ ਤੋਂ ਜ਼ਰੂਰੀ ਉਸ ਦੀ ਸਿਹਤ ਹੁੰਦੀ ਹੈ ਅਤੇ ਕਿਸੇ ਸੂਬੇ ਜਾਂ ਦੇਸ਼ ਦੀ ਤਰੱਕੀ ਵੀ ਤਾਂ ਹੀ ਸੰਭਵ ਹੈ ਜੇਕਰ ਉਥੋਂ ਦੇ ਲੋਕਾਂ ਦੀ ਸਿਹਤ ਚੰਗੀ ਹੈ ਪਰ ਅੱਜ ਬਿਮਾਰੀ ਦੀ ਗ੍ਰਿਫਤ ਵਿੱਚ ਆਇਆ ਇੱਕ ਆਮ ਆਦਮੀ ਜਦੋਂ ਦਵਾਈਆਂ ਦੀ ਦੁਕਾਨ ਤੋਂ ਕੋਈ ਦਵਾਈ ਖਰੀਦਣ ਜਾਂਦਾ ਹੈ ਤਾਂ ਪਹਿਲਾਂ ਉਸ ਨੂੰ ਆਪਣੀ ਜੇਬ ਵੱਲ ਦੇਖਣਾ ਪੈਂਦਾ ਹੈ ਕਿ ਉਹ ਦਵਾਈ ਖਰੀਦ ਸਕਦਾ ਹੈ ਜਾਂ ਨਹੀਂ। ਇਹ ਦਵਾਈਆਂ ਆਪਣੇ ਅਸਲ ਮੁੱਲ ਨਾਲੋਂ ਕਿਤੇ ਵੱਧ ਰੇਟਾਂ ਤੇ ਸ਼ਰ੍ਹੇਆਮ ਬਿਨਾਂ ਕਿਸੇ ਰੋਕ-ਟੋਕ ਤੋਂ ਵਿਕ ਰਹੀਆਂ ਹਨ। ਅੱਜ ਮਹਿੰਗੀਆਂ ਦਵਾਈਆਂ ਦੇ ਰੂਪ ਵਿੱਚ ਆਮ ਲੋਕਾਂ ਦੀ ਜਿੰਨੀ ਲੁੱਟ ਹੋ ਰਹੀ ਹੈ, ਉਹ ਸ਼ਾਇਦ ਕਿਸੇ ਹੋਰ ਖੇਤਰ ਵਿਚ ਨਾ ਹੋਵੇ। ਦਵਾਈਆਂ ਵੇਚਣ ਵਾਲੇ ਆਪਣੀ ਮਨਮਰਜ਼ੀ ਦੇ ਰੇਟਾਂ ਤੇ ਦਵਾਈਆਂ ਵੇਚਦੇ ਹਨ ਤੇ 10/- ਰੁਪਏ ਦੀ ਦਵਾਈ 100/- ਰੁਪਏ ਦੀ ਐਮ.ਆਰ.ਪੀ. ਤੇ 10-15 ਫੀਸਦੀ ਡਿਸਕਾਊਂਟ ਦੇ ਕੇ ਵੇਚੀ ਜਾਂਦੀ ਹੈ। ਕੇਵਲ ਕੈਮਿਸਟ ਹੀ ਨਹੀਂ ਬਲਕਿ ਨਾਮਵਰ ਪ੍ਰਾਈਵੇਟ ਹਸਪਤਾਲਾਂ ਵਾਲੇ ਵੀ ਸਸਤੀਆਂ ਦਵਾਈਆਂ 10 ਗੁਣਾ ਵੱਧ ਰੇਟਾਂ ਤੇ ਵੇਚਦੇ ਹਨ।

ਸਪੀਕਰ ਸਾਹਿਬ, ਇਹ ਮੁੱਦਾ ਕੇਵਲ ਪੰਜਾਬ ਦਾ ਹੀ ਨਹੀਂ ਬਲਕਿ ਸਾਰੇ ਦੇਸ਼ ਦਾ ਮਸਲਾ ਹੈ। ਸੋ, ਕੇਂਦਰ ਸਰਕਾਰ ਨੂੰ ਇਸ ਪਾਸੇ ਧਿਆਨ ਦੇ ਕੇ ਕੋਈ ਠੋਸ ਨੀਤੀ ਬਣਾਉਣੀ ਚਾਹੀਦੀ ਹੈ ਤਾਂ ਜੋ ਆਮ ਲੋਕਾਂ ਦੀ ਹੋ ਰਹੀ ਲੁੱਟ ਨੂੰ ਰੋਕਿਆ ਜਾ ਸਕੇ। ਇਹ ਇੱਕ ਬਹੁਤ ਵੱਡਾ ਗੋਰਖ ਧੰਦਾ ਬਣ ਚੁੱਕਿਆ ਹੈ। ਕਈ ਗਰੀਬ ਲੋਕ ਇਹ ਮਹਿੰਗੀਆਂ ਦਵਾਈਆਂ ਨਾ ਲੈ ਸਕਣ ਕਾਰਨ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਕਈਆਂ ਨੇ ਤਾਂ ਆਪਣੀ ਜਾਨ ਗਵਾ ਲਈ ਹੈ। ਮਹਿੰਗੀਆਂ ਦਵਾਈਆਂ ਦੇ ਇਸ ਗੋਰਖ ਧੰਦੇ ਨੇ ਪਰਿਵਾਰਾਂ ਦੇ ਪਰਿਵਾਰ ਤਬਾਹ ਕਰਕੇ ਰੱਖ ਦਿੱਤੇ ਹਨ। ਕਈਆਂ ਨੂੰ ਤਾਂ ਇਲਾਜ ਕਰਵਾਉਣ ਲਈ ਆਪਣਾ ਘਰ ਅਤੇ ਜ਼ਮੀਨ ਜਾਇਦਾਦ ਵੀ

[ਡਾਕਟਰ ਚਰਨਜੀਤ ਸਿੰਘ]
ਵੇਚਣੀ ਪੈ ਜਾਂਦੀ ਹੈ।

ਸਪੀਕਰ ਸਾਹਿਬ, ਡਰੱਗ ਪ੍ਰਾਈਸਿਜ਼ ਪਾਲਿਸੀ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ, ਇਸ ਲਈ ਸਾਨੂੰ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਇਸ ਪਾਸੇ ਲੋੜੀਂਦੇ ਕਦਮ ਉਠਾਉਣ ਦੀ ਪੁਰਜ਼ੋਰ ਮੰਗ ਕਰਨੀ ਚਾਹੀਦੀ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਪੰਜਾਬ ਵਿੱਚ ਖੋਲ੍ਹੇ ਗਏ ਆਮ ਆਦਮੀ ਕਲੀਨਿਕਾਂ ਵਿਚ ਅਸੀਂ ਆਮ ਲੋਕਾਂ ਨੂੰ ਵੱਧ ਤੋਂ ਵੱਧ ਦਵਾਈਆਂ ਮੁਫਤ ਦੇ ਰਹੇ ਹਾਂ, ਜਿਸ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲ ਰਹੀ ਹੈ। ਮੈਂ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸ਼ਲਾਘਾ ਕਰਦਾ ਹਾਂ ਕਿ ਉਹ ਲੋਕ ਵਿਰੋਧੀ ਅਨਸਰਾਂ ਵੱਲੋਂ ਰੋੜੇ ਅਟਕਾਉਣ ਦੇ ਬਾਵਜੂਦ ਕ੍ਰਾਂਤੀਕਾਰੀ ਕੰਮ ਕਰ ਰਹੇ ਹਨ। ਸਿਹਤ ਵਿਭਾਗ ਵੱਲੋਂ ਵੀ ਸਮੇਂ ਸਮੇਂ ਤੇ ਵੇਚੀਆਂ ਜਾਂਦੀਆਂ ਦਵਾਈਆਂ ਦੀ ਜਾਂਚ ਵੀ ਕੀਤੀ ਜਾਂਦੀ ਹੈ, ਸਾਨੂੰ ਲੋਕਾਂ ਨੂੰ ਇਸ ਪਾਸੇ ਜਾਗਰੂਕ ਕਰਨ ਦੀ ਲੋੜ ਹੈ ਅਤੇ ਸਿਹਤ ਵਿਭਾਗ ਵੱਲੋਂ ਇਸ ਜਾਂਚ ਦਾ ਦਾਇਰਾ ਹੋਰ ਵਧਾਉਣ ਦੀ ਲੋੜ ਹੈ।

ਆਮ ਲੋਕਾਂ ਵਿੱਚ ਇਹ ਇੱਕ ਧਾਰਨਾ ਹੈ ਕਿ ਬੇਸ਼ੱਕ ਸਾਲਟ ਵਿੱਚ ਦੂਸਰੀ ਕੰਪਨੀ ਦੀ ਸਸਤੀ ਦਵਾਈ ਉਪਲਬਧ ਹੋਵੇ ਪਰ ਲੋਕ ਮਹਿੰਗੀ ਦਵਾਈ ਖਰੀਦਣ ਨੂੰ ਤਰਜੀਹ ਦਿੰਦੇ ਹਨ, ਜਦੋਂ ਕਿ ਉਸ ਦਾ ਸਾਲਟ ਉਹੀ ਹੁੰਦਾ ਹੈ। ਲੋਕਾਂ ਨੂੰ ਇਸ ਪਾਸੇ ਵੀ ਜਾਗਰੂਕ ਕਰਨ ਦੀ ਲੋੜ ਹੈ ਅਤੇ ਦੂਜੇ ਪਾਸੇ ਇੱਕੋ ਸਾਲਟ ਵਿੱਚ ਵੱਖ ਵੱਖ ਕੰਪਨੀਆਂ ਦੀਆਂ ਦਵਾਈਆਂ ਦੇ ਰੇਟ ਵਿਚ ਜ਼ਮੀਨ ਅਸਮਾਨ ਦਾ ਫਰਕ ਕਿਉਂ ਹੁੰਦਾ ਹੈ, ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ। ਜਨ ਔਸ਼ਧੀ ਕੇਂਦਰਾਂ ਦੀ ਗਿਣਤੀ ਵਧਾਉਣੀ ਚਾਹੀਦੀ ਹੈ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ।

ਸਰਕਾਰੀ ਹਸਪਤਾਲਾਂ ਦੁਆਰਾ ਕਿਸੇ ਕੰਪਨੀ ਨਾਲ ਕੰਟਰੈਕਟ ਕਰਕੇ ਕੁਝ ਦਵਾਈਆਂ ਦੇ ਰੇਟ ਬਜ਼ਾਰ ਨਾਲੋਂ ਘੱਟ ਫਿਕਸ ਕਰਵਾ ਕੇ ਖਰੀਦ ਲਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਦਵਾਈਆਂ ਦਾ ਲਾਭ ਕੇਵਲ ਕੁਝ ਸਕੀਮਾਂ ਹੇਠ ਹੀ ਕਾਰਡ ਧਾਰਕ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ। ਜਿਨ੍ਹਾਂ ਮਰੀਜ਼ਾਂ ਕੋਲ ਕਾਰਡ ਨਹੀਂ ਹੁੰਦਾ, ਉਨ੍ਹਾਂ ਨੂੰ ਉਹ ਦਵਾਈਆਂ ਜਾਂ ਇੰਜੈਕਸ਼ਨ ਨਹੀਂ ਦਿੱਤੇ ਜਾਂਦੇ ਜਦਕਿ ਉਹ ਚੀਜ਼ਾਂ ਪਈਆਂ ਪਈਆਂ ਐਕਸਪਾਇਰ ਹੋ ਜਾਂਦੀਆਂ ਹਨ। ਸੋ, ਇਸ ਤਰ੍ਹਾਂ ਦਾ ਕੋਈ ਸਿਸਟਮ ਇਜਾਦ ਕਰਨਾ ਚਾਹੀਦਾ ਹੈ ਕਿ ਵੱਧ ਤੋਂ ਵੱਧ ਮਰੀਜ਼ਾਂ ਨੂੰ ਲਾਭ ਦੇ ਕੇ ਦਵਾਈਆਂ ਐਕਸਪਾਇਰ ਹੋਣ ਤੇ ਸੁੱਟਣ ਦਾ ਜੋ ਤਰੀਕਾ ਹੈ, ਇਹ ਬੰਦ ਹੋ ਸਕੇ।

ਸਰਕਾਰੀ ਹਸਪਤਾਲਾਂ ਦੇ ਡਾਕਟਰ ਜੈਨੇਰਿਕ ਦਵਾਈਆਂ ਨੂੰ ਰਿਕੁਮੈਂਡ ਨਹੀਂ

ਕਰ ਰਹੇ ਅਤੇ ਉਹ ਕਹਿੰਦੇ ਹਨ ਕਿ ਜੈਨੇਰਿਕ ਦਵਾਈਆਂ ਦੀ ਥਾਂ ਬ੍ਰਾਂਡਿਡ ਦਵਾਈਆਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸਾਰੇ ਅਧਿਕਾਰੀ, ਐਕਸਪਰਟਸ ਅਤੇ ਮਾਨਯੋਗ ਸਿਹਤ ਮੰਤਰੀ ਖੁਦ ਮੰਨਦੇ ਹਨ ਕਿ ਜੈਨੇਰਿਕ ਦਵਾਈਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਸਮੇਂ ਸਮੇਂ ਸਿਰ ਵੱਖ ਵੱਖ ਕੰਪਨੀਆਂ ਦੀਆਂ ਦਵਾਈਆਂ ਦੀ ਜਾਂਚ ਕਰਕੇ ਅਤੇ ਦਵਾਈਆਂ ਦੀ ਪ੍ਰਮਾਣਿਕਤਾ ਸਹੀ ਸਿੱਧ ਕਰਕੇ ਲੋਕਾਂ ਵਿਚ ਜੈਨੇਰਿਕ ਦਵਾਈਆਂ ਪ੍ਰਤੀ ਵਿਸ਼ਵਾਸ ਬਣਾਉਣ ਦੀ ਲੋੜ ਹੈ। ਇਹ ਜ਼ਰੂਰੀ ਕੀਤਾ ਜਾਣਾ ਚਾਹੀਦਾ ਹੈ ਕਿ ਸਾਰੇ ਸਰਕਾਰੀ ਹਸਪਤਾਲਾਂ ਦੇ ਡਾਕਟਰ ਜੈਨੇਰਿਕ ਦਵਾਈਆਂ ਨੂੰ ਰਿਕੁਮੈਂਡ ਕਰਨ।ਡਾਕਟਰਾਂ ਵੱਲੋਂ ਲੋਕਾਂ ਵਿੱਚ ਇਹ ਧਾਰਨਾ ਨਾ ਬਣਾਈ ਜਾਵੇ ਕਿ ਜੈਨੇਰਿਕ ਦਵਾਈਆਂ ਦਾ ਅਸਰ ਨਹੀਂ ਹੁੰਦਾ ਹੈ।

ਕਾਨੂੰਨ ਮੁਤਾਬਕ ਡਾਕਟਰਾਂ ਨੂੰ ਸਿਰਫ salt ਲਿਖਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਕਿਸੇ ਵੀ ਕੰਪਨੀ ਦਾ ਨਾਮ ਰਿਕੁਮੈਂਡ ਨਹੀਂ ਕਰਨਾ ਚਾਹੀਦਾ ਹੈ ਪਰ ਇਸ ਦੇ ਉਲਟ ਹੋ ਰਿਹਾ ਹੈ। ਡਾਕਟਰਾਂ ਵੱਲੋਂ ਦਵਾਈਆਂ ਦੀ branding ਕੀਤੀ ਜਾ ਰਹੀ ਹੈ।ਮਾਣਯੋਗ ਸਪੀਕਰ ਸਾਹਿਬ ਵੱਲੋਂ ਲਈ ਗਈ ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਸੀ ਕਿ ਅੱਜ ਦੀ ਮੀਟਿੰਗ ਤੋਂ ਬਾਅਦ ਇਹ ਜ਼ਰੂਰੀ ਕੀਤਾ ਜਾਵੇ ਕਿ ਡਾਕਟਰਾਂ ਵੱਲੋਂ ਸਿਰਫ salt ਲਿਖਿਆ ਜਾਵੇ, ਕਿਸੇ ਵੀ ਕੰਪਨੀ ਦਾ ਨਾਮ ਮੈਨਸ਼ਨ ਨਾ ਕੀਤਾ ਜਾਵੇ।

ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਦਿਨੀਂ ਤੁਸੀਂ ਵਿਧਾਨ ਸਭਾ ਵਿਚ ਇਕ ਮੀਟਿੰਗ ਬੁਲਾ ਕੇ ਇਸ ਅਹਿਮ ਮੁੱਦੇ ਤੇ ਮਾਹਿਰਾਂ ਦੀ ਜਿਹੜੀ ਡਿਸਕਸ਼ਨ ਕਰਵਾਈ ਸੀ, ਉਹ ਬਹੁਤ ਸ਼ਲਾਘਾਯੋਗ ਕਦਮ ਹੈ। ਜਿਵੇਂ ਸਾਡੇ ਮਾਨਯੋਗ ਸਿਹਤ ਮੰਤਰੀ ਜੀ ਨੇ ਕਿਹਾ ਸੀ ਕਿ ਇਸ ਡਿਸਕਸ਼ਨ ਦਾ ਸੂਬੇ ਨੂੰ ਬਹੁਤ ਫਾਇਦਾ ਹੋਇਆ ਹੈ। ਉਨ੍ਹਾਂ ਨੇ ਇਸ ਮੀਟਿੰਗ ਵਿਚੋਂ ਨਿਕਲੇ ਸਾਰੇ ਅਹਿਮ ਮੁੱਦੇ ਕੇਂਦਰੀ ਸਿਹਤ ਮੰਤਰੀ ਜੀ ਦੇ ਸਨਮੁੱਖ ਰੱਖੇ ਅਤੇ ਉਨ੍ਹਾਂ ਵੱਲੋਂ ਹਾਂ-ਪੱਖੀ ਹੁੰਗਾਰਾ ਦਿੱਤਾ ਗਿਆ।

ਸੋ, ਕਹਿਣ ਦਾ ਮਤਲਬ ਕਿ ਇਹੋ ਜਿਹੇ ਗੰਭੀਰ ਮੁੱਦਿਆਂ ਤੇ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਇਕ ਵਾਰ ਫਿਰ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਅਹਿਮ ਪ੍ਰਸਤਾਵ ਤੇ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਹ ਮਤਾ ਸਦਨ ਵੱਲੋਂ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ ਅਤੇ ਉਨ੍ਹਾਂ ਨੂੰ ਇਸ ਪਾਸੇ ਫੌਰੀ ਲੋੜੀਂਦੇ ਕਦਮ ਉਠਾਉਣ ਲਈ ਕਿਹਾ ਜਾਵੇ। ਬਹੁਤ ਬਹੁਤ ਧੰਨਵਾਦ।

ਅਖੀਰ ਵਿੱਚ ਮੈਂ ਇਹ ਜ਼ਰੂਰ ਕਹਾਂਗਾ ਕਿ:

**हर चारागर को, चारगरी से गुरेज था,**
**वरना हमें जो दर्द–ए–दिल था, वो ऐसे ला–ईलाज न था ।**

**ਮਾਣਯੋਗ ਸਪੀਕਰ:** ਕਿਆ ਬਾਤ ਹੈ, ਕਿਆ ਬਾਤ ਹੈ। ਹਾਂ ਜੀ, ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਮਾਨਯੋਗ ਮੈਂਬਰ ਸਾਹਿਬ ਨੇ ਬਹੁਤ ਭਖਵਾਂ ਅਤੇ ਢੁੱਕਵਾਂ ਮਸਲਾ ਰੱਖਿਆ ਹੈ ਕਿਉਂਕਿ ਗਰੀਬ ਲੋਕਾਂ ਲਈ ਇਲਾਜ ਕਰਵਾਉਣਾ ਬਹੁਤ ਔਖਾ ਹੈ। ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇੱਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਸਾਰੇ ਹਸਪਤਾਲਾਂ ਵਿੱਚ ਇੱਕ ਜਨ ਔਸ਼ਧੀ ਦਵਾਈਆਂ ਦਾ ਕਮਰਾ ਜ਼ਰੂਰ ਹੋਣਾ ਚਾਹੀਦਾ ਹੈ। ਜਨ ਔਸ਼ਧੀ ਦਵਾਈਆਂ ਕਾਫੀ ਸਸਤੀਆਂ ਹਨ। ਮੈਂ ਤੁਹਾਨੂੰ ਕੁਝ ਦਵਾਈਆਂ ਦੇ ਨਾਂ ਦੱਸਣਾ ਚਾਹੁੰਦਾ ਹਾਂ ਜਿਵੇਂ ਸ਼ੂਗਰ ਲਈ ਇੱਕ Tribet-2 ਆਉਂਦਾ ਹੈ, ਇਸ ਦਾ ਪਿਛਲੇ ਸਾਲ 118/-ਰੁਪਏ ਦਾ ਰੇਟ ਸੀ ਪਰੰਤੂ ਜਨ ਔਸ਼ਧੀ ਰਾਹੀਂ ਇਹ 14/-ਰੁਪਏ ਦਾ ਮਿਲਦਾ ਹੈ। ਬਲੱਡ ਪ੍ਰੈਸ਼ਰ ਲਈ Atenolol 50 ਦਾ 31/-ਰੁਪਏ ਰੇਟ ਹੈ, ਲੇਕਿਨ ਜਨ ਔਸ਼ਧੀ ਰਾਹੀਂ ਇਹ 5/-ਰੁਪਏ ਦਾ ਹੈ। ਤੇਜ਼ਾਬ ਲਈ ਅਸੀਂ Ocid 20 ਲੈਂਦੇ ਹਾਂ, ਇਸ ਦਾ ਪਿਛਲੇ ਸਾਲ 37/-ਰੁਪਏ ਰੇਟ ਸੀ ਲੇਕਿਨ ਜਨ ਔਸ਼ਧੀ ਰਾਹੀਂ ਇਹ 9/-ਰੁਪਏ ਦਾ ਆਉਂਦਾ ਹੈ। Antibiotic ਦਵਾਈ zifi 200, ਇਸ ਦਾ 118/-ਰੁਪਏ ਰੇਟ ਹੈ ਲੇਕਿਨ ਜਨ ਔਸ਼ਧੀ ਰਾਹੀਂ ਇਹ 44/-ਰੁਪਏ ਦਾ ਹੈ। ਸਪੀਕਰ ਸਾਹਿਬ, ਅਸੀਂ ਦਰਦ ਲਈ Zero dol P ਲੈਂਦੇ ਹਾਂ, ਇਸ ਦਾ ਪਿਛਲੇ ਸਾਲ ਰੇਟ 21/-ਰੁਪਏ ਸੀ ਲੇਕਿਨ ਜਨ ਔਸ਼ਧੀ ਰਾਹੀਂ ਇਸ ਦਾ ਰੇਟ 8/-ਰੁਪਏ ਦਾ ਹੈ। ਸਰ, ਦੋ ਕੁ ਦਵਾਈਆਂ ਹੋਰ ਹਨ।

*12.31 ਵਜੇ ਬਾਅਦ ਦੁਪਹਿਰ) (ਇਸ* ਸਮੇਂ ਮਾਨਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਤੇਜ਼ਾਬ ਲਈ Esmoperazole ਟੈਬਲੇਟ ਆਉਂਦੀ ਹੈ, ਜਿਸ ਦਾ ਰੇਟ 187/-ਰੁਪਏ ਹੈ ਅਤੇ ਜਨ ਔਸ਼ਧੀ ਦਾ ਇਸ ਦਾ ਰੇਟ 54.56/-ਰੁਪਏ ਹੈ। ਹੱਡੀਆਂ ਵਾਸਤੇ Deflazacort6 MG ਟੈਬਲੇਟ ਦਾ ਰੇਟ 66/-ਰੁਪਏ ਹੈ ਅਤੇ ਜਨ ਔਸ਼ਧੀ ਵਿੱਚ ਇਸ ਦਾ ਰੇਟ 10/-ਰੁਪਏ ਹੈ। ਯੂਰਿਕ ਐਸਿਡ ਵਾਸਤੇ Zyloric ਦਵਾਈ ਦਾ ਰੇਟ 22/-ਰੁਪਏ ਅਤੇ ਜਨ ਔਸ਼ਧੀ ਦਾ ਰੇਟ 6.95/-ਰੁਪਏ ਹੈ। ਹਾਰਟ ਅਟੈਕ ਲਈ

Avas-20 ਦਾ ਰੇਟ 108/-ਰੁਪਏ ਹੈ ਪਰ ਜਨ ਔਸ਼ਧੀ ਰਾਹੀਂ ਇਹ ਦਵਾਈ 9/-ਰੁਪਏ ਦੀ ਹੈ। ਜੇਕਰ ਜਨ ਔਸ਼ਧੀ ਰਾਹੀਂ ਇੰਨਾ ਘੱਟ ਰੇਟ ਹੈ ਤਾਂ ਮੈਂ ਮਾਨਯੋਗ ਹੈਲਥ ਮਨਿਸਟਰ ਸਾਹਿਬ ਜੋ ਕਿ ਆਪ ਡਾਕਟਰ ਵੀ ਹਨ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਬੁੱਢਲਾਡਾ ਹਲਕੇ ਵਿੱਚ ਜਨ ਔਸ਼ਧੀ ਦਵਾਈਆਂ ਦੀ ਦੁਕਾਨ ਕੁਝ ਕਿਲੋਮੀਟਰ ਦੂਰ ਹੈ ਅਤੇ ਲੋਕਾਂ ਨੂੰ ਉਸ ਬਾਰੇ ਪਤਾ ਨਹੀਂ ਹੈ। ਇਸ ਦਾ ਪ੍ਰਚਾਰ ਵੀ ਕੀਤਾ ਜਾਵੇ। ਜੇਕਰ ਹਸਪਤਾਲ ਵਿੱਚ ਜਨ ਔਸ਼ਧੀ ਦਵਾਈਆਂ ਦਾ ਇੱਕ ਸਪੈਸ਼ਲ ਕਮਰਾ ਬਣ ਜਾਵੇ ਤਾਂ ਵੀ ਮਰੀਜ਼ਾਂ ਦੀ ਲੁੱਟ ਹੋਣੋਂ ਕਾਫੀ ਬਚ ਜਾਵੇਗੀ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਡਾਕਟਰ ਸੁਖਵਿੰਦਰ ਕੁਮਾਰ ਸੁੱਖੀ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਸਦਨ ਵਿੱਚ ਮੌਜੂਦ ਨਹੀਂ ਸਨ।)

**ਮਾਣਯੋਗ ਡਿਪਟੀ ਸਪੀਕਰ:** ਸ਼੍ਰੀ ਦਿਨੇਸ਼ ਚੱਢਾ ਜੀ।

**ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਸਾਡੇ ਮੈਂਬਰ ਸਾਹਿਬ ਨੇ ਜਿਹੜਾ ਮਤਾ ਰੱਖਿਆ ਹੈ ਇਹ ਬਹੁਤ ਹੀ ਅਹਿਮ ਮਸਲਾ ਹੈ। ਕੇਂਦਰ ਸਰਕਾਰ ਵੱਲੋਂ ਡਰੱਗਜ਼ ਪ੍ਰਾਈਸ ਕੰਟਰੋਲ ਆਰਡਰ ਅਧੀਨ ਦਵਾਈਆਂ ਦੀਆਂ ਕੀਮਤਾਂ ਤੈਅ ਕੀਤੀਆਂ ਜਾਂਦੀਆਂ ਹਨ ਕਿਉਂਕਿ ਸਾਰੇ ਮੁਲਕ ਵਿੱਚ ਹੀ ਮਰੀਜ਼ ਹਨ, ਪੰਜਾਬ ਵਿੱਚ ਵੀ ਹਨ,ਇਸ ਲਈ ਉਨ੍ਹਾਂ ਨੂੰ ਦਵਾਈਆਂ ਦੀਆਂ ਕੀਮਤਾਂ ਧਿਆਨ ਵਿੱਚ ਰੱਖ ਕੇ ਤੈਅ ਕਰਨੀਆਂ ਚਾਹੀਦੀਆਂ ਹਨ ਜਿਵੇਂ ਮਾਰਕੀਟ ਵਿੱਚ 80/-ਰੁਪਏ ਵਾਲੀ ਦਵਾਈ ਦੀ ਐਮ.ਆਰ.ਪੀ. 480/-ਰੁਪਏ, 50/-ਰੁਪਏ ਵਾਲੀ ਦਵਾਈ ਦੀ ਐਮ.ਆਰ.ਪੀ. 250/- ਰੁਪਏ ਚੱਲ ਰਹੀ ਹੈ, ਇਸ ਨਾਲ ਮਰੀਜ਼ਾਂ ਦੀ ਵੱਡੀ ਪੱਧਰ ਤੇ ਲੁੱਟ ਹੋ ਰਹੀ ਹੈ। ਅਸੈਂਸ਼ੀਅਲ ਕੋਮੋਡਿਟੀ ਐਕਟ ਅਧੀਨ ਦਵਾਈਆਂ ਦੀਆਂ ਕੀਮਤਾਂ ਸਬੰਧੀ ਡਰੱਗਜ਼ ਪ੍ਰਾਈਸ ਕੰਟਰੋਲ ਆਰਡਰ ਇਸ਼ੂ ਹੁੰਦਾ ਹੈ ਔਰ ਜਦੋਂ ਇਹ ਵਿਸ਼ਾ ਜ਼ਰੂਰੀ ਵਸਤਾਂ ਅਧੀਨ ਆਉਂਦਾ ਹੋਵੇ ਫਿਰ ਵੀ ਉਸ ਵਿੱਚ ਇੰਨੀ ਵੱਡੀ ਲੁੱਟ ਹੋ ਰਹੀ ਹੋਵੇ ਤਾਂ ਰਾਜ ਸਰਕਾਰ ਵੱਲੋਂ ਕੇਂਦਰ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਇਸ ਤੇ ਗੰਭੀਰਤਾ ਨਾਲ ਗੌਰ ਕੀਤੀ ਜਾਵੇ। ਜਿੱਥੋਂ ਤੱਕ ਸ਼ਡਿਊਲਡ ਡਰੱਗਜ਼ ਦੀ ਗੱਲ ਹੈ ਤਾਂ ਕੇਂਦਰ ਸਰਕਾਰ ਨੇ ਸ਼ਡਿਊਲਡ ਡਰੱਗਜ਼ ਵਿੱਚ 16% ਮਾਰਜਿਨ ਦੀ ਆਗਿਆ ਦੇ ਦਿੱਤੀ ਹੈ। ਇਸ ਤੋਂ ਬਿਨਾਂ ਜੋ ਐਂਟੀ ਕੈਂਸਰ ਡਰੱਗਜ਼

ਹਨ, ਉਨ੍ਹਾਂ ਵਿੱਚ 40% ਮਾਰਜਨ ਦੀ ਆਗਿਆ ਦੇ ਦਿੱਤੀ ਹੈ। ਜਦੋਂ ਕੁਝ ਡਰੱਗਜ਼ ਵਿੱਚ 16% ਅਤੇ 40% ਮਾਰਜਨ ਦੀ ਆਗਿਆ ਦਿੱਤੀ ਗਈ ਹੈ ਤਾਂ ਇਸ ਦਾ ਮਤਲਬ ਕਿ ਬਾਕੀ ਦਵਾਈਆਂ ਵਿੱਚ ਉਨ੍ਹਾਂ ਨੇ ਆਪਣੇ ਆਪ ਹੀ ਖੁੱਲ੍ਹ ਦੇ ਦਿੱਤੀ ਹੈ ਕਿ ਉਹ 40% ਤੋਂ ਜ਼ਿਆਦਾ ਦੁੱਗਣਾ-ਤਿੱਗਣਾ ਜਿੰਨਾ ਚਾਹੋ ਮਾਰਜਨ ਰੱਖ ਸਕਦੇ ਹਨ। ਇਹ ਜੋ ਫਾਰਮਾਸੂਟੀਕਲ ਪ੍ਰਾਈਸਿੰਗ ਅਥਾਰਿਟੀ ਆਫ ਇੰਡੀਆ ਹੈ, ਉਨ੍ਹਾਂ ਨੂੰ ਇਸ ਪਾਸੇ ਵੱਲ ਗੌਰ ਕਰਨਾ ਚਾਹੀਦਾ ਹੈ ਕਿ ਦਵਾਈਆਂ ਦੀ ਐਮ.ਆਰ.ਪੀ. ਫਿਕਸ ਕਰਨ ਸਮੇਂ ਫਾਰਮਾ ਇਕਨਾਮਿਕ ਪ੍ਰਿੰਸੀਪਲਜ਼ ਦੀ ਵਾਇਲੇਸ਼ਨ ਨਾ ਹੋਵੇ ਅਤੇ ਦਵਾਈਆਂ ਦੇ 10-10 ਗੁਣਾ ਰੇਟ ਨਾ ਹੋਣ। ਮੰਤਰੀ ਸਾਹਿਬ, ਸਿਹਤ ਦਾ ਵਿਸ਼ਾ ਸਟੇਟ ਦਾ ਵਿਸ਼ਾ ਵੀ ਹੈ ਅਤੇ ਸ਼ਡਿਊਲ-7 ਮੁਤਾਬਿਕ ਸਟੇਟ ਨੂੰ ਸਿਹਤ ਦੇ ਮਾਮਲੇ ਵਿੱਚ ਦਖਲ ਅੰਦਾਜ਼ੀ ਕਰਨ ਦਾ ਪੂਰਾ ਪੂਰਾ ਹੱਕ ਹੈ। ਇਸ ਮਾਮਲੇ ਦੀ ਪੈਰਵੀ ਤਕੜੇ ਤਰੀਕੇ ਨਾਲ ਕੇਂਦਰ ਸਰਕਾਰ ਨਾਲ ਕਰਨ ਦੀ ਜ਼ਰੂਰਤ ਹੈ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਇਸ ਮਤੇ ਤੇ ਕੋਈ ਹੋਰ ਮੈਂਬਰ ਸਾਹਿਬਾਨ ਕੁਝ ਕਹਿਣਾ ਚਾਹੁੰਦੇ ਹਨ? ਹਾਂ ਜੀ, ਖਹਿਰਾ ਸਾਹਿਬ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ):** ਡਿਪਟੀ ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਮੈਂ ਇਸ ਮਤੇ ਤੇ ਗੱਲ ਕਰਾਂ ਪਰ ਮੈਂ ਇੱਕ ਬਹੁਤ ਵਾਈਟਲ ਇੰਪਾਰਟੈਂਟ ਇਸ਼ੂ, ਪ੍ਰਾਈਵੇਟ ਮੈਂਬਰਜ਼ ਬਿਲ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਸੈਸ਼ਨ ਤੋਂ ਇੱਕ ਮਹੀਨਾ ਪਹਿਲਾਂ ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਨਾਲ ਜਾ ਕੇ ਸਪੀਕਰ ਸਾਹਿਬ ਦੇ ਚੈਂਬਰ ਵਿੱਚ ਦੇ ਕੇ ਆਇਆ ਸੀ। ਉਸ ਵਿੱਚ ਇਸ਼ੂ ਇਹ ਹੈ ਕਿ ਜਿਹੜੇ ਵੀ ਗੈਰ-ਪੰਜਾਬੀ ਹਨ, ਉਹ ਬਿਨਾਂ ਸ਼ਰਤਾਂ ਤੋਂ ਸਾਡੇ ਪੰਜਾਬ ਵਿੱਚ ਜ਼ਮੀਨ ਨਾ ਖਰੀਦ ਸਕਣ, ਮਾਲਕ ਨਾ ਬਣ ਸਕਣ, ਵੋਟਰ ਨਾ ਬਣ ਸਕਣ। (ਟਰੇਜ਼ਰੀ ਬੈਂਚਿਜ਼ ਵੱਲੋਂ ਵਿਘਨ) ਇਹ ਬਹੁਤ ਇੰਪਾਰਟੈਂਟ ਇਸ਼ੂ ਹੈ। ਡਿਸਟਰਬ ਨਾ ਕਰੋ।

**ਮਾਣਯੋਗ ਡਿਪਟੀ ਸਪੀਕਰ:** ਤੁਸੀਂ ਮਤੇ ਤੇ ਕੁਝ ਕਹਿਣਾ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ:** ਮੈਂ ਮੁੱਦੇ ਤੇ ਹੀ ਆ ਰਿਹਾ ਹਾਂ। ਪਲੀਜ਼ ਮੈਨੂੰ ਉਸ ਦਾ ਸਟੇਟਸ ਦੱਸਿਆ ਜਾਵੇ। ਜਿਹੜਾ ਤੁਹਾਡੇ ਨਾਲ ਸਟਾਫ ਹੈ, ਇਹ ਸਿਰਫ ਮੈਨੂੰ ਇਤਲਾਹ ਕਰ ਦੇਣ। ਉਸ ਦਾ ਮੈਨੂੰ ਕੋਈ ਜਵਾਬ ਨਹੀਂ ਆਇਆ। ਤੁਸੀਂ ਪ੍ਰਾਈਵੇਟ ਮੈਂਬਰਜ਼ ਬਿਲ ਲਿਆ ਰਹੇ ਹੋ ਜਾਂ ਨਹੀਂ? ਇੱਕ ਤਾਂ ਮੈਂ ਇਹੀ ਗੱਲ ਕਹਿਣੀ ਚਾਹੁੰਦਾ ਸੀ।

ਦੂਸਰਾ ਮਾਣਯੋਗ ਮੈਂਬਰ, ਡਾਕਟਰ ਚਰਨਜੀਤ ਸਿੰਘ ਜੋ ਮਤਾ ਲੈ ਕੇ ਆਏ ਹਨ ਉਹ ਬਹੁਤ valuable ਹੈ ਅਤੇ ਹਰ ਵਿਅਕਤੀ ਨਾਲ ਤਾਅਲੁੱਕ ਰੱਖਣ ਵਾਲਾ ਹੈ ਕਿਉਂਕਿ over a period of years ਜਿਵੇਂ ਜਿਵੇਂ ਸਰਕਾਰੀ ਹੈਲਥ ਕੇਅਰ ਵਿੱਚ ਕਮੀਆਂ ਆਉਂਦੀਆਂ ਰਹੀਆਂ, ਡਾਕਟਰ ਘਟਦੇ ਰਹੇ, ਸਟਾਫ ਦੀ ਕਮੀ ਰਹੀ ਤਾਂ ਲੋਕਾਂ ਨੂੰ ਮਜਬੂਰਨ ਪ੍ਰਾਈਵੇਟ ਹੈਲਥ ਕੇਅਰ ਸੈਕਟਰ ਵੱਲ ਜਾਣਾ ਪਿਆ। ਮੈਂ ਦੁਆਬੇ ਵਿੱਚੋਂ ਆਉਂਦਾ ਹਾਂ ਅਤੇ ਜਲੰਧਰ ਵਿੱਚ ਸਭ ਤੋਂ ਵੱਧ ਪ੍ਰਾਈਵੇਟ ਹਸਪਤਾਲ ਹਨ। ਡਾਕਟਰ ਬਲਬੀਰ ਸਿੰਘ ਜੀ ਸਾਡੇ ਹੈਲਥ ਮੰਤਰੀ ਹਨ, ਇਨ੍ਹਾਂ ਨੇ ਕਾਫੀ ਕੰਮ ਕੀਤਾ ਹੈ। ਇਨ੍ਹਾਂ ਨੂੰ ਸਾਰੀ ਸਟੇਟ ਦੇ ਬਾਰੇ ਮੋਟੇ ਤੌਰ ਤੇ ਪਤਾ ਹੈ। ਤੁਸੀਂ ਹੈਰਾਨ ਹੋਵੇਗੇ ਕਿ ਜਦੋਂ ਮੈਂ ਜਲੰਧਰ ਜਾਂਦਾ ਹਾਂ ਤਾਂ ਦੇਖਦਾ ਹਾਂ ਕਿ ਹਰ ਮਹੀਨੇ ਜਾਂ ਦੋ ਮਹੀਨੇ ਬਾਅਦ ਇੱਕ ਨਵਾਂ ਹਸਪਤਾਲ ਬਣਿਆ ਹੁੰਦਾ ਹੈ ਔਰ ਤੁਸੀਂ ਵੀ ਮੇਰੇ ਨਾਲ agree ਹੋਵੋਗੇ ਕਿ ਕਈ ਵਾਰ ਤਾਂ ਇਹ ਭੁਲੇਖਾ ਪੈਂਦਾ ਹੈ ਕਿ ਇਹ ਹਸਪਤਾਲ ਹੈ ਜਾਂ five star hotel ਹੈ। ਇੰਨੇ ਵੱਡੇ ਵੱਡੇ ਹਸਪਤਾਲ ਪ੍ਰਾਈਵੇਟ ਸੈਕਟਰ ਵਿੱਚ ਬਣ ਜਾਣ, ਇਸ ਦਾ ਸਾਨੂੰ ਕੋਈ ਇਤਰਾਜ਼ ਨਹੀਂ ਹੈ। ਲੇਕਿਨ ਅੱਜ ਕੀ ਹੋ ਰਿਹਾ ਹੈ ਕਿ ਅਗਰ ਕੋਈ ਗਰੀਬ ਆਦਮੀ ਜਿਹੜਾ ਕਿ ਪੀ.ਜੀ.ਆਈ. ਜਾਣਾ ਚਾਹੁੰਦਾ ਹੈ। ਉਸ ਦੀਆਂ ਇਸ ਤਰ੍ਹਾਂ ਦੀਆਂ ਕਈ ailments ਹਨ, ਜਿਨ੍ਹਾਂ ਦਾ ਹੋਰ ਕਿਤੇ ਕੋਈ ਇਲਾਜ ਨਹੀਂ ਹੈ। ਜਦੋਂ ਉਸ ਨੂੰ ਪੀ.ਜੀ.ਆਈ. ਕੋਈ ਜਗ੍ਹਾ ਨਹੀਂ ਮਿਲਦੀ ਤਾਂ ਉਹ ਬੇਵੱਸ ਹੋ ਕੇ ਫੋਰਟਿਸ ਚਲਾ ਜਾਂਦਾ ਹੈ ਜਾਂ ਡੀ.ਐਮ.ਸੀ. ਚਲਾ ਜਾਂਦਾ ਹੈ ਜਾਂ ਜਲੰਧਰ ਦੇ ਕਿਸੇ ਹਸਪਤਾਲ ਚਲਾ ਜਾਂਦਾ ਹੈ। ਉੱਥੇ ਗਰੀਬ ਬੰਦੇ ਦੀ ਸਮਰੱਥਾ ਨਹੀਂ ਕਿ ਇਲਾਜ ਕਰਵਾ ਸਕੇ। ਇਸ ਤੋਂ ਇਲਾਵਾ ਪ੍ਰਾਈਵੇਟ ਹੈਲਥ ਕੇਅਰ ਸੈਂਟਰ ਰੇਟਸ ਵੀ randomly ਆਪਣੀ ਮਰਜ਼ੀ ਨਾਲ ਲਗਾ ਰਹੇ ਹਨ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਮੰਨ ਲਓ ਕਿ ਜਿਵੇਂ ਸਟੰਟ ਪਵਾਉਣ ਦੀ ਇੱਕ ਪ੍ਰਕਿਰਿਆ ਹੈ, ਮੈਂ ਇੱਕ example ਦੇ ਰਿਹਾ ਹਾਂ। ਜਿਹੜਾ ਏ ਕੈਟੇਗਰੀ ਹਸਪਤਾਲ ਹੈ, ਉਹ ਡੇਢ ਲੱਖ ਰੁਪਿਆ ਲੈ ਰਿਹਾ ਹੈ ਅਤੇ ਜਿਹੜਾ ਬੀ ਕੈਟੇਗਰੀ ਦਾ ਹਸਪਤਾਲ ਹੈ, ਉਹ ਸਾਢੇ ਤਿੰਨ ਲੱਖ ਰੁਪਿਆ ਜਾਂ ਢਾਈ ਲੱਖ ਰੁਪਿਆ ਲੈ ਰਿਹਾ ਹੈ। ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਹੀ ਨਹੀਂ ਹੈ। ਇਹ ਜਿਹੜਾ ਪ੍ਰਾਈਵੇਟ ਹੈਲਥ ਕੇਅਰ ਹੈ, it is fleecing people just like anything. ਮੈਂ ਆਪਣੇ ਹਲਕੇ ਦੇ ਇੱਕ ਪਿੰਡ ਲਖਣ ਕੇ ਪੱਡੇ ਚਲਾ ਗਿਆ। ਉਥੇ ਇੱਕ ਬਹੁਤ ਹੀ ਗਰੀਬ ਮੁਸਲਿਮ ਪਰਿਵਾਰ ਸੀ। ਡਿਪਟੀ ਸਪੀਕਰ ਸਾਹਿਬ, ਉਸ ਪਰਿਵਾਰ ਦੇ ਮੈਂਬਰ ਦੀ ਮੌਤ ਕੈਂਸਰ ਨਾਲ ਹੋਈ ਸੀ। ਪਹਿਲਾਂ ਤਾਂ ਮੈਂ ਉਨ੍ਹਾਂ ਦਾ ਘਰ ਦੇਖਿਆ ਤੇ ਉਹ ਸਾਰੇ ਭਰਾ ਇਕੱਠੇ ਬੈਠੇ ਸੀ। ਉਨ੍ਹਾਂ ਨੇ

[ਸਰਦਾਰ ਸੁਖਪਾਲ ਸਿੰਘ ਖਹਿਰਾ]

ਮੈਨੂੰ ਦੱਸਿਆ ਕਿ ਅਸੀਂ ਸਾਰਾ ਹੀ ਪਰਿਵਾਰ ਕਰਜ਼ਾਈ ਹੋ ਗਿਆ ਹੈ ਤੇ ਸਾਡੇ ਭਰਾ ਦੇ ਇਲਾਜ ਤੇ 22-23 ਲੱਖ ਰੁਪਿਆ ਖਰਚਣਾ ਪਿਆ ਹੈ। ਤੁਸੀਂ ਦੇਖੋ ਕਿ ਉਨ੍ਹਾਂ ਦੇ ਸਿਰ ਤੇ ਕਰਜ਼ਾ ਹੀ ਕਰਜ਼ਾ ਹੈ। One of the reasons in the rural areas ਕਿ ਜਿਹੜਾ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਤੇ ਕਰਜ਼ਾ ਚੜ੍ਹ ਰਿਹਾ ਹੈ, ਉਹ ਮਹਿੰਗੀ ਹੈਲਥ ਕੇਅਰ ਕਰਕੇ ਵੀ ਹੈ। ਐਜੂਕੇਸ਼ਨ ਤਾਂ ਚਲੋ ਫਿਰ ਵੀ within reach ਹੈ। ਜਿਹੜੀ ਹੈਲਥ ਕੇਅਰ ਹੈ, ਇਹ ਬਿਲਕੁਲ ਹੀ beyond reach ਹੋ ਚੁੱਕੀ ਹੈ। ਸੋ, ਜਿਹੜੀ ਇਨ੍ਹਾਂ ਨੇ ਜੈਨੇਰਿਕ ਮੈਡੀਸਨ ਦੀ ਗੱਲ ਕੀਤੀ ਹੈ, ਇਹ ਬੜੀ ਅੱਛੀ ਗੱਲ ਹੈ। ਪਤਾ ਨਹੀਂ ਕਿ ਇਸ ਨੂੰ ਕੇਂਦਰ ਸਰਕਾਰ ਨੇ ਕਰਨਾ ਹੈ ਜਾਂ ਪੰਜਾਬ ਸਰਕਾਰ ਦੇ domain ਵਿੱਚ ਹੈ, ਇਹ ਤੁਸੀਂ ਦੱਸ ਸਕਦੇ ਹੋ। ਇਹ ਬਾਅਦ ਵਿੱਚ ਦੱਸ ਦੇਣਾ ਜੀ। ਜੈਨੇਰਿਕ ਮੈਡੀਸਨ ਅਤੇ ਬਰੈਂਡਿਡ ਮੈਡੀਸਨ ਦਾ ਦਸ-ਦਸ ਗੁਣਾ ਜਾਂ ਵੀਹ-ਵੀਹ ਗੁਣਾ ਦਾ ਅੰਤਰ ਹੈ, ਜੇਕਰ ਜੈਨੇਰਿਕ ਦਵਾਈਆਂ ਨੂੰ ਪ੍ਰਮੋਟ ਕੀਤਾ ਜਾਵੇ ਤਾਂ ਲੋਕਾਂ ਦੀ ਲੁੱਟ-ਖਸੁੱਟ ਹੋਣੋਂ ਬਚ ਜਾਵੇਗੀ।

ਡਾਕਟਰ ਸਾਹਿਬ (ਮਾਣਯੋਗ ਸਿਹਤ ਮੰਤਰੀ) ਇੱਕ ਮਿੰਟ ਸੁਣਨਾ ਜੀ, ਪ੍ਰਾਈਵੇਟ ਹੈਲਥ ਕੇਅਰ ਨੂੰ ਰੈਗੂਲੇਟ ਕਰੋ ਅਤੇ ਇਸ ਤਰ੍ਹਾਂ ਦਾ ਮੈਕੇਨਿਜ਼ਮ ਬਣਾਓ ਕਿ ਉਹ ਆਪਣੀ ਮਨਮਰਜ਼ੀ ਨਾ ਕਰ ਸਕਣ। ਪ੍ਰਾਈਵੇਟ ਹਸਪਤਾਲ ਵਾਲੇ ਆਦਮੀ ਨੂੰ, ਜੋ ਕਿ ਮੁੱਕ ਗਿਆ ਹੁੰਦਾ ਹੈ, ਉਸ ਨੂੰ ਵੈਂਟੀਲੇਟਰ ਤੇ ਪਾ ਕੇ ਮਸ਼ੀਨ ਦੇ ਨਾਲ ਫਰਜ਼ੀ ਸਾਹ ਚਲਾਈ ਜਾਂਦੇ ਹਨ ਅਤੇ ਜਿੰਨਾ ਚਿਰ ਉਹ ਪਿਆ ਰਹਿੰਦਾ ਹੈ, ਉਨਾ ਚਿਰ ਬਿਲ ਬਣੀ ਜਾਂਦਾ ਹੈ। ਜਿਹੜੇ ਗਰੀਬ ਆਦਮੀ ਹਨ, ਉਨ੍ਹਾਂ ਨੂੰ ਪਤਾ ਨਹੀਂ ਚਲਦਾ। Hospitals ਦਰ not release the dead body. ਜਿਹੜੇ ਕੈਨੇਡਾ, ਅਮਰੀਕਾ ਵਰਗੇ ਵਿਕਸਿਤ ਦੇਸ਼ ਹਨ, ਉੱਥੇ ਜੇਕਰ ਕੋਈ ਫੌਰਨਰ ਸ਼ਿਕਾਰ ਹੋ ਗਿਆ ਜਾਂ ਕੋਈ ਐਕਸੀਡੈਂਟ ਹੋ ਗਿਆ ਤਾਂ ਪਹਿਲਾਂ ਉਸ ਨੂੰ ਟਰੀਟ ਕਰਦੇ ਹਨ ਤੇ ਘਰ ਭੇਜਦੇ ਹਨ। ਉਸ ਤੋਂ ਬਾਅਦ ਉਸ ਨਾਲ ਗੱਲ ਕਰਦੇ ਹਨ ਕਿ ਤੇਰਾ ਪੈਸੇ ਦਾ ਲੈਣ ਦੇਣ ਕੀ ਹੈ। ਅਗਰ ਉਹ ਬਿਲਕੁਲ ਪੈਸੇ ਨਹੀਂ ਦੇ ਸਕਦੇ ਤਾਂ ਉਹ ਬਿਲ ਰਾਈਟ ਆਫ ਹੋ ਜਾਂਦਾ ਹੈ। ਚਲੋ, ਆਪਣੇ ਵੀ ਇਹੋ-ਜਿਹੀ ਪ੍ਰਕਿਰਿਆ ਕਿਸੇ ਤਰੀਕੇ ਨਾਲ ਲਾਗੂ ਕਰੋ। ਲੋਕਾਂ ਨੂੰ ਡੈੱਡ ਬਾਡੀ ਲੈਣ ਲਈ ਹਸਪਤਾਲਾਂ ਦੇ ਬਾਹਰ ਜਾ ਕੇ ਧਰਨੇ ਮਾਰਨੇ ਪੈਂਦੇ ਹਨ। ਸੋ, ਹੈਲਥ ਮਨਿਸਟਰ ਸਾਹਿਬ ਅਤੇ ਗੌਰਮਿੰਟ ਇਸ ਸਾਰੇ ਹੈਲਥ ਸਰਵਿਸਿਜ਼ ਨੂੰ easy ਕਰ ਦੇਣ ਤਾਂ ਸੌ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਆਮ ਆਦਮੀ ਵੀ ਕਰਵਾ ਸਕਦਾ ਹੈ।ਜੇਕਰ ਹਰੇਕ ਹਸਪਤਾਲ ਦੇ ਬਾਹਰ ਲਿਖ ਕੇ ਲਗਾਓ ਕਿ these are the charges. ਹਰੇਕ ਪੇਸ਼ੈਂਟ ਨੂੰ ਪਤਾ ਹੋਵੇ ਕਿ ਜੇਕਰ ਮੈਂ ਗੁਰਦੇ ਬਦਲਵਾਉਣੇ ਹਨ ਤਾਂ

ਇੰਨਾ ਖਰਚਾ ਆ ਜਾਵੇਗਾ। ਇਹ ਨਹੀਂ ਕਿ ਉਹ ਗੁਰਦੇ ਬਦਲਾਉਣ ਚਲਿਆ ਗਿਆ ਤੇ ਉਸ ਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਭਾਈ ਤੇਰਾ ਹੁਣ 25-30 ਲੱਖ ਰੁਪਿਆ ਖਰਚਾ ਆ ਗਿਆ ਹੈ। That is fleecing of citizens. It's a very good trend that somebody who as an expert of the department is heading the department, easier for him to understand so. ਮੈਂ ਇਸ ਮਤੇ ਦੀ ਤਾਈਦ ਵੀ ਕਰਦਾ ਹਾਂ ਅਤੇ ਸਪੋਰਟ ਵੀ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜਿਹੜੀਆਂ ਪ੍ਰਾਈਵੇਟ ਹੈਲਥ ਕੇਅਰ ਦੀਆਂ ਸਰਵਿਸਿਜ਼ ਹਨ, ਉਨ੍ਹਾਂ ਨੂੰ ਬਕਾਇਦਾ ਟਰਾਂਸਪੇਰੈਂਟ ਤਰੀਕੇ ਨਾਲ ਰੈਗੂਲੇਟ ਕਰਕੇ, ਇਕੱਲੀ ਇਕੱਲੀ ਚੀਜ਼ ਦੇ ਰੇਟ ਦੀ ਪਰਾਪਰ ਲਿਸਟ ਹਸਪਤਾਲ ਦੇ ਬਾਹਰ ਲਗਾਈ ਜਾਵੇ। ਅੱਜ ਕੱਲ੍ਹ ਤਾਂ ਕਿੰਨਾ ਸੌਖਾ ਹੈ। ਅੱਜ ਤੁਸੀਂ ਬਾਹਰ ਖਾਣਾ ਖਾਣ ਵੀ ਜਾਂਦੇ ਹੋ ਤਾਂ ਉੱਥੇ ਵੀ ਲਿਖਿਆ ਹੁੰਦਾ ਹੈ ਕਿ ਤੁਸੀਂ ਆਹ ਖਾਣ ਲੱਗੇ ਹੋ ਤੇ ਇਸ ਵਿੱਚ ਐਨੀਆਂ ਕੈਲੋਰੀਜ਼ ਹਨ। So, why not we can just define and put up a proper chart outside. ਛੋਟੀਆਂ-ਮੋਟੀਆਂ ਬਿਮਾਰੀਆਂ ਦਾ ਛੱਡ ਕੇ ਜਿਹੜੀਆਂ ਮੇਨ ailments ਹਨ, ਉਨ੍ਹਾਂ ਦੇ ਚਾਰਜਿਜ਼ ਬਾਹਰ ਡਿਸਪਲੇਅ ਕੀਤੇ ਜਾਣ। ਸਾਰਿਆਂ ਦਾ ਬਹੁਤ ਬਹੁਤ ਸ਼ੁਕਰੀਆ। ਧੰਨਵਾਦ ਜੀ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ) :** ਡਿਪਟੀ ਸਪੀਕਰ ਸਾਹਿਬ, ਸਮਾਂ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਮਾਣਯੋਗ ਮੈਂਬਰ ਇਹ ਬਹੁਤ ਵਧੀਆ ਮਤਾ ਲੈ ਕੇ ਆਏ ਹਨ। ਪੰਜਾਬ ਵਿੱਚ ਜੈਨੇਰਿਕ ਅਤੇ ਬਰੈਂਡਿਡ ਦਵਾਈਆਂ ਦੇ ਨਾਂ ਤੇ ਪੰਜਾਬੀਆਂ ਦੀ ਬਹੁਤ ਲੁੱਟ ਹੋ ਰਹੀ ਹੈ। ਜਦੋਂ ਕਿਸੇ ਨੂੰ ਕੋਈ ਰੋਗ ਲੱਗਦਾ ਹੈ ਤਾਂ ਜਿੱਥੇ ਪਰਿਵਾਰ ਨੂੰ ਹੱਥਾਂ-ਪੈਰਾਂ ਦੀ ਪੈਂਦੀ ਹੈ, ਉਸ ਦੇ ਨਾਲ ਮਹਿੰਗੇ ਇਲਾਜ ਅਤੇ ਦਵਾਈਆਂ ਦੀਆਂ ਕੀਮਤਾਂ ਸੁਣ ਕੇ ਪਰਿਵਾਰ ਤੇ ਮੁਸੀਬਤਾਂ ਦਾ ਪਹਾੜ ਟੁੱਟ ਪੈਂਦਾ ਹੈ। ਮੈਂ, ਸਪੀਕਰ ਸਾਹਿਬ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਇੱਕ ਵੱਡਾ ਉਪਰਾਲਾ ਕਰਕੇ ਪੰਜਾਬ ਵਿਧਾਨ ਸਭਾ ਵਿੱਚ ਸਾਰੇ ਮੈਂਬਰ ਸਾਹਿਬਾਨਾਂ ਅਤੇ ਮਾਹਿਰਾਂ ਦੀ ਦਵਾਈਆਂ ਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਸਬੰਧੀ ਇੱਕ ਮੀਟਿੰਗ ਬੁਲਾਈ ਸੀ। ਉਨ੍ਹਾਂ ਨੂੰ ਦਿਸ਼ਾ-ਨਿਰਦੇਸ਼ ਵੀ ਦਿੱਤੇ ਗਏ ਸਨ ਕਿ ਇਹ ਲੁੱਟ ਬੰਦ ਕੀਤੀ ਜਾਵੇ। ਮੈਂ ਆਪਣੇ ਸ਼ਹਿਰ ਦੀ ਗੱਲ ਕਰਾਂ ਤਾਂ ਡੀ.ਐਮ.ਸੀ. ਹਸਪਤਾਲ ਇੱਕ ਬਹੁਤ ਨਾਮੀ ਹਸਪਤਾਲ ਹੈ। ਡਿਪਟੀ ਸਪੀਕਰ ਸਾਹਿਬ, ਜੇ ਤੁਸੀਂ ਕਦੇ ਉਥੇ ਜਾ ਕੇ ਦੇਖੋ ਤਾਂ ਤੁਸੀਂ ਹੈਰਾਨ ਹੋ ਜਾਵੋਗੇ ਕਿ ਆਸੇ-ਪਾਸੇ ਬਹੁਤ ਜ਼ਿਆਦਾ ਮੈਡੀਸਨ ਸਟੋਰ ਖੁੱਲ੍ਹੇ ਹੋਏ ਹਨ। 500 ਗਜ਼ ਦੀਆਂ ਕੋਠੀਆਂ ਤੋੜ ਕੇ ਮੈਡੀਸਨ ਸਟੋਰ ਬਣਾਏ

[ਸਰਦਾਰ ਕੁਲਵੰਤ ਸਿੰਘ ਸਿੱਧੂ]

ਹੋਏ ਹਨ। ਇੱਕ ਸ਼ਹਿਰ ਦਾ ਵਪਾਰੀ ਸੀ ਜਿਸ ਦਾ ਮੈਂ ਨਾਂ ਨਹੀਂ ਲੈਣਾ ਚਾਹੁੰਦਾ। ਉਸ ਨੇ ਆਪਣਾ ਕਾਰੋਬਾਰ ਛੱਡ ਕੇ ਦਵਾਈਆਂ ਦਾ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਮੈਂ ਉਦਘਾਟਨ ਤੇ ਗਿਆ ਤਾਂ ਮੈਂ ਉਸ ਨੂੰ ਪੁੱਛਿਆ ਕਿ ਤੁਹਾਡਾ ਤਾਂ ਇਹ ਕੰਮ ਨਹੀਂ ਹੈ। ਉਸ ਨੇ ਕਿਹਾ ਕਿ ਸਿੱਧੂ ਸਾਹਿਬ ਅਸੀਂ ਤਾਂ ਭੁੱਲੇ ਹੀ ਫਿਰਦੇ ਸੀ, ਜਿੰਨਾ ਫਾਇਦਾ ਇਸ ਕੰਮ ਵਿੱਚ ਹੈ, ਉਹ ਹੋਰ ਕਿਸੇ ਵੀ ਕੰਮ ਵਿੱਚ ਨਹੀਂ ਹੈ। ਮੇਰੇ ਕਹਿਣ ਦਾ ਭਾਵ ਹੈ ਕਿ ਇਸ ਲੁੱਟ ਤੋਂ ਬਚਾਉਣ ਲਈ ਸਾਨੂੰ ਉਪਰਾਲਾ ਕਰਨਾ ਚਾਹੀਦਾ ਹੈ। ਮੈਂ, ਸਾਡੀ ਪਾਰਟੀ ਦੇ ਸੁਪਰੀਮੋ, ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਮੁਹੱਲਾ ਕਲੀਨਿਕਾਂ ਦੀ ਖੋਜ ਕੀਤੀ ਹੈ। ਉਨ੍ਹਾਂ ਦੇ ਨਕਸ਼ੇ ਕਦਮਾਂ ਤੇ ਚਲਦੇ ਹੋਏ ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ 500 ਮੁਹੱਲਾ ਕਲੀਨਿਕ ਖੋਲ੍ਹ ਕੇ ਇਸ ਸਮੱਸਿਆ ਤੇ ਕਾਫੀ ਹੱਦ ਤੱਕ ਠੱਲ੍ਹ ਪਾਈ ਹੈ। ਜਿੱਥੇ ਮੈਂ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਉਸ ਦੇ ਨਾਲ ਹੀ ਮੈਂ ਇਹ ਸੁਝਾਅ ਵੀ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਮੁਹੱਲਾ ਕਲੀਨਿਕਾਂ ਵਿੱਚ ਡਰੱਗ ਸਟੋਰ ਵੀ ਖੋਲ੍ਹ ਦਿੱਤੇ ਜਾਣ। ਮੰਤਰੀ ਸਾਹਿਬ ਇਸ ਚੀਜ਼ ਤੇ ਜ਼ਰੂਰ ਵਿਚਾਰ ਕਰਨ। ਮੈਂ ਸਮਝਦਾ ਹਾਂ ਕਿ ਕਾਫੀ ਹੱਦ ਤੱਕ ਇਸ ਸਮੱਸਿਆ ਤੋਂ ਰਾਹਤ ਮਿਲੇਗੀ। ਮੈਨੂੰ ਬੋਲਣ ਲਈ ਸਮਾਂ ਦੇਣ ਲਈ ਬਹੁਤ ਬਹੁਤ ਧੰਨਵਾਦ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ,ਐਸ.ਸੀ.):** ਧੰਨਵਾਦ, ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਬੜੇ ਅਹਿਮ ਮਤੇ ਤੇ ਬੋਲਣ ਲਈ ਸਮਾਂ ਦਿੱਤਾ ਹੈ। ਪਿਛਲੇ ਦਿਨੀਂ ਸਪੀਕਰ ਸਾਹਿਬ ਨੇ ਵੀ ਇਸ ਮਸਲੇ ਤੇ ਮੈਡੀਸਨਜ਼ ਨਾਲ concerned ਸਾਰੇ ਡਿਪਾਰਟਮੈਂਟਾਂ ਨਾਲ ਮੀਟਿੰਗ ਕੀਤੀ ਸੀ। ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਡਾਕਟਰ ਬਲਬੀਰ ਸਿੰਘ ਜੀ ਅਤੇ ਡਾਕਟਰ ਇੰਦਰਬੀਰ ਸਿੰਘ ਨਿੱਜਰ, ਮੈਂਬਰ ਵੀ ਉਸ ਮੀਟਿੰਗ ਵਿੱਚ ਹਾਜ਼ਰ ਸਨ। ਇਹ ਗੱਲ ਤਾਂ ਪੱਕੀ ਹੈ ਕਿ ਅਲੱਗ ਅਲੱਗ ਕੰਪਨੀਆਂ ਦੇ ਇੱਕੋ ਹੀ salt ਦੀ ਦਵਾਈ ਦੇ ਰੇਟ ਅਲੱਗ ਅਲੱਗ ਹਨ। ਜੇਕਰ ਇੱਕ ਕੰਪਨੀ ਦੀ ਕੋਈ tablet 10/- ਰੁਪਏ ਦੀ ਮਿਲਦੀ ਹੈ ਤਾਂ ਦੂਜੀ ਕੰਪਨੀ ਦੀ ਉਸੇ salt ਦੀ ਦਵਾਈ 100/- ਰੁਪਏ ਦੀ ਹੋ ਜਾਂਦੀ ਹੈ। ਇਹ ਗੱਲਾਂ ਉਸ ਦਿਨ ਦੀ ਮੀਟਿੰਗ ਵਿੱਚ ਵੀ ਵਿਚਾਰੀਆਂ ਗਈਆਂ ਸਨ। ਮੇਰੇ ਕੋਲ ਵੱਖ ਵੱਖ ਦਵਾਈਆਂ ਦੀ ਲਿਸਟ ਵੀ ਹੈ। ਉਸ ਦਿਨ ਦੀ ਮੀਟਿੰਗ ਵਿੱਚ Ceftum ਦਵਾਈ ਦੀ ਗੱਲ ਹੋਈ ਸੀ। ਇਸ ਦੀਆਂ ਚਾਰ ਗੋਲੀਆਂ ਸਵਾ ਚਾਰ ਸੌ ਰੁਪਏ ਦੀਆਂ ਮਿਲਦੀਆਂ

ਹਨ। ਇਸ ਦਾ same salt Mankind ਕੰਪਨੀ ਦਾ ਹੈ, ਉਸ ਵਿੱਚ 10 ਗੋਲੀਆਂ 300/- ਰੁਪਏ ਦੀਆਂ ਮਿਲਦੀਆਂ ਹਨ। ਡਿਪਟੀ ਸਪੀਕਰ ਸਾਹਿਬ, same salt ਦੀਆਂ 300/- ਰੁਪਏ ਦੀਆਂ 10 ਅਤੇ ਸਵਾ ਚਾਰ ਸੌ ਦੀਆਂ ਚਾਰ ਗੋਲੀਆਂ ਮਿਲਦੀਆਂ ਹਨ। ਦੋਨੋਂ ਹੀ ਕੰਪਨੀਆਂ ਸਟੈਂਡਰਡ ਦੀਆਂ ਹਨ। ਸੋ, ਮੈਂ ਸਮਝਦਾ ਹਾਂ ਕਿ ਬੇਸ਼ੱਕ ਇਹ ਸਟੇਟ ਦਾ ਮੈਟਰ ਨਹੀਂ ਹੈ, ਰਾਜ ਸਰਕਾਰ ਇਸ ਸਬੰਧੀ ਬਹੁਤ ਕੁਝ ਨਹੀਂ ਕਰ ਸਕਦੀ ਹੈ ਪਰ ਕੁਝ ਨਾ ਕੁਝ ਤਾਂ ਕੀਤਾ ਜਾਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਤਾਂ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ prescription ਕਿਸੇ qualified doctor ਦੀ ਹੋਣੀ ਚਾਹੀਦੀ ਹੈ। ਅਸਲ ਵਿੱਚ ਹੁੰਦਾ ਇਹ ਹੈ ਕਿ ਪੇਸ਼ੈਂਟ ਕੈਮਿਸਟ ਕੋਲ ਜਾਂਦਾ ਹੈ ਅਤੇ ਉਸ ਨੂੰ ਜਾ ਕੇ ਕਹਿੰਦਾ ਹੈ ਕਿ ਮੈਨੂੰ ਖਾਂਸੀ ਜ਼ੁਕਾਮ ਦੀ ਕੋਈ ਦਵਾਈ ਦੇਵੋ। ਕੈਮਿਸਟ ਮਰੀਜ਼ ਨੂੰ ਉਹ ਦਵਾਈ ਦਿੰਦਾ ਹੈ ਜਿਸ ਦਵਾਈ ਦੇ ਰੇਟ ਕਾਫੀ ਜ਼ਿਆਦਾ ਹੁੰਦੇ ਹਨ। ਮਰੀਜ਼ ਨੂੰ ਇਸ ਤਰ੍ਹਾਂ ਲਗਦਾ ਹੈ ਕਿ ਉਸ ਨੇ ਡਾਕਟਰ ਦੀ 200/- ਰੁਪਏ ਫੀਸ ਬਚਾ ਲਈ ਹੈ ਪਰ ਅਸਲ ਵਿੱਚ ਕੈਮਿਸਟ ਨੇ ਦੋ-ਢਾਈ ਸੌ ਰੁਪਿਆ ਐਡ ਕੀਤਾ ਹੁੰਦਾ ਹੈ। ਇਸ ਸਬੰਧੀ ਕੋਈ ਕਾਨੂੰਨ ਲਿਆਉਣਾ ਚਾਹੀਦਾ ਹੈ। ਬੇਸ਼ੱਕ ਕਾਨੂੰਨ ਹੈ ਪਰ ਇਸ ਕਾਨੂੰਨ ਤੇ ਇੱਕ ਪਰਸੈਂਟ ਵੀ ਅਮਲ ਨਹੀਂ ਹੁੰਦਾ ਹੈ। ਇਸੇ ਤਰ੍ਹਾਂ ਕੈਂਸਰ ਦੀਆਂ ਦਵਾਈਆਂ ਹਨ। ਕੈਂਸਰ ਦਾ ਮਰੀਜ਼ ਤਾਂ ਪਹਿਲਾਂ ਹੀ mentally, physically ਪੀੜ੍ਹਿਤ ਹੁੰਦਾ ਹੈ। ਇਸ ਦੀਆਂ ਦਵਾਈਆਂ ਵਿੱਚ ਵੀ ਬੜਾ ਵੱਡਾ ਫਰਕ ਹੈ। ਸੋ, ਸਟੇਟ ਗੌਰਮਿੰਟ ਨੂੰ ਇਸ ਸਬੰਧੀ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਡਾਕਟਰ ਬਲਬੀਰ ਸਿੰਘ ਇਹ ਕਰ ਸਕਦੇ ਹਨ। ਇੱਕ ਤਾਂ ਸਾਰੇ ਕੈਮਿਸਟਾਂ ਲਈ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਜਿੰਨੀਆਂ ਵੀ ਜੈਨੇਰਿਕ ਦਵਾਈਆਂ ਅਵੇਲੇਬਲ ਹਨ, ਉਹ ਕੈਮਿਸਟ ਸਟੋਰਾਂ ਤੇ ਹੋਣੀਆਂ ਚਾਹੀਦੀਆਂ ਹਨ। ਸਾਡੇ ਕੋਲ ਡਰੱਗ ਇੰਸਪੈਕਟਰ ਹਨ। ਉਹ ਕੈਮਿਸਟ ਸਟੋਰਾਂ ਤੇ ਜਾ ਕੇ ਮੈਡੀਸਨ ਤਾਂ ਚੈੱਕ ਕਰ ਹੀ ਸਕਦੇ ਹਨ। ਇਸੇ ਤਰ੍ਹਾਂ Glucose ਜਿਹੜਾ simple Dextrose 5 ਪਰਸੈਂਟ ਹੈ, 500 ਐਮ.ਐਲ. ਵਿੱਚ ਇੱਕ ਚਮਚ ਖੰਡ ਪਾਈ ਹੁੰਦੀ ਹੈ। ਉਹ ਅੱਠ ਜਾਂ ਦਸ ਰੁਪਏ ਨੂੰ ਮਿਲਦਾ ਹੈ ਪਰ ਉਸ ਤੇ 60-70 ਰੁਪਏ ਰੇਟ ਲਿਖਿਆ ਹੁੰਦਾ ਹੈ। ਜਿਹੜੀਆਂ ਸਾਡੀ ਸਟੇਟ ਵਿੱਚ ਦਵਾਈਆਂ ਬਣਦੀਆਂ ਹਨ ਜਾਂ ਸਾਡੇ ਗੁਆਂਢੀ ਹਿਮਾਚਲ ਦੇ ਬਾਰਡਰ ਤੇ ਬਣਦੀਆਂ ਹਨ, ਉਨ੍ਹਾਂ ਤੇ ਵੀ ਸਾਡੇ ਵੱਲੋਂ ਕੋਈ ਚੈੱਕ ਨਹੀਂ ਰੱਖਿਆ ਜਾਂਦਾ। ਮੈਂ ਸਮਝਦਾ ਹਾਂ ਕਿ ਸਟੇਟ ਨੂੰ ਇਸ ਤੇ ਵੀ ਕੋਈ ਨਾ ਕੋਈ solid ਨੀਤੀ ਲਿਆਉਣੀ ਚਾਹੀਦੀ ਹੈ otherwise ਇਸ ਤੇ ਕੰਟਰੋਲ ਨਹੀਂ ਹੋ ਸਕਦਾ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਕੁਆਲੀਫਾਈਡ

ਡਾਕਟਰ ਦੀ prescription ਤੋਂ ਬਿਨਾਂ ਜੇਕਰ ਕੋਈ ਕੈਮਿਸਟ ਦਵਾਈਆਂ ਵੇਚਦਾ ਹੈ ਤਾਂ ਉਨ੍ਹਾਂ ਲਈ ਵੀ ਇਸ ਤਰ੍ਹਾਂ ਦਾ ਬਿਲ ਲਿਆਈਏ, ਜਿਸ ਰਾਹੀਂ ਉਨ੍ਹਾਂ ਨੂੰ ਸਜ਼ਾ ਦਿੱਤੀ ਜਾ ਸਕੇ। ਜਿਹੜੇ ਕਾਨੂੰਨ ਆਲਰੇਡੀ ਬਣੇ ਹਨ, ਉਨ੍ਹਾਂ ਨੂੰ ਇੰਪਲੀਮੈਂਟ ਕੀਤਾ ਜਾਵੇ। ਖਹਿਰਾ ਸਾਹਿਬ ਨੇ ventilator ਤੇ ਪਏ ਮਰੀਜ਼ਾਂ ਦੀ ਗੱਲ ਕੀਤੀ ਸੀ, ਇਸ ਵਿੱਚ ਵੀ ਦੋ ਗੱਲਾਂ ਹਨ। ਡਾਕਟਰ ਹਮੇਸ਼ਾ ਇਹੋ ਚਾਹੁੰਦਾ ਹੈ ਕਿ ਉਸ ਦਾ ਮਰੀਜ਼ ਬਚ ਜਾਵੇ। ਇਹ ਕਦੇ ਨਹੀਂ ਹੁੰਦਾ ਕਿ ਜਿਹੜਾ ਬੰਦਾ ventilator ਤੇ ਪੈ ਗਿਆ, ਉਸ ਨੇ ਮਰਨਾ ਹੀ ਮਰਨਾ ਹੈ। ਬਹੁਤੀ ਵਾਰੀ ਮਰੀਜ਼ ventilator ਤੇ ਪਏ ਹੋਣ ਦੇ ਬਾਵਜੂਦ ਵੀ ਬਚਾ ਲਏ ਗਏ ਅਤੇ ਸਾਲਾਂ-ਬੱਧੀ ਬਚੇ ਰਹੇ। ਮੈਂ ਸਮਝਦਾ ਹਾਂ ਕਿ ਜਦੋਂ ਅਸੀਂ medical practice ਸ਼ੁਰੂ ਕੀਤੀ ਤਾਂ ਉਸ ਵੇਲੇ ਕਿਤੇ ਨਾ ਕਿਤੇ ਡਾਕਟਰ ਨੂੰ ਰੱਬ ਦਾ ਦੂਜਾ ਰੂਪ ਕਹਿੰਦੇ ਸਨ। ਮੈਂ ਕਹਿੰਦਾ ਹਾਂ ਕਿ ਜਦੋਂ ਦੇ ਕਾਰਪੋਰੇਟ ਘਰਾਣੇ ਆਏ ਹਨ, ਉਨ੍ਹਾਂ ਨੇ ਇਸ ਪਾਸੇ ਗੰਦ ਪਾਇਆ ਹੈ। ਉਹ ਡਾਕਟਰ ਦਾ ਇੱਕ ਰੇਟ ਫਿਕਸ ਕਰ ਦਿੰਦੇ ਹਨ ਕਿ ਅਸੀਂ ਤੈਨੂੰ ਚਾਰ ਲੱਖ ਰੁਪਏ ਦੇਵਾਂਗੇ ਅਤੇ ਤੂੰ ਸਾਨੂੰ ਛੇ ਲੱਖ ਰੁਪਏ ਕਮਾ ਕੇ ਦੇਣੇ ਹਨ। ਉੱਥੇ ਫਿਰ ਊਣਤਾਈਆਂ ਆ ਜਾਂਦੀਆਂ ਹਨ। ਮੈਂ, ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਸ ਤੋਂ ਬਚਣ ਲਈ ਵੀ ਕੋਈ ਨਾ ਕੋਈ ਸਿਸਟਮ ਜ਼ਰੂਰ ਇਜਾਦ ਕੀਤਾ ਜਾਵੇ ਕਿਉਂਕਿ ਇਸ ਨਾਲ ਅਸੀਂ ਵੀ ਬਦਨਾਮ ਹੁੰਦੇ ਹਨ। ਜਦੋਂ ਲੁੱਟ-ਖਸੁੱਟ ਹੁੰਦੀ ਹੈ ਤਾਂ ਜਿਹੜੇ ਚੰਗੇ ਡਾਕਟਰ ਹਨ, ਉਹ ਵੀ ਬਦਨਾਮ ਹੁੰਦੇ ਹਨ। ਮੈਂ ਕਰੋਨਾ ਦੇ ਸਮੇਂ ਦੀ ਵੀ ਗੱਲ ਕਰਾਂਗਾ ਕਿ ਜਦੋਂ ਘਰ ਵਾਲੇ ਵੀ ਹੱਥ ਲਗਾਉਣ ਤੋਂ ਹਟ ਗਏ ਸਨ ਅਤੇ ਜੇਕਰ ਕਿਸੇ ਦੀ ਮੌਤ ਹੋ ਜਾਂਦੀ ਸੀ ਤਾਂ ਸਸਕਾਰ ਲਈ ਵੀ ਨਹੀਂ ਲੈ ਕੇ ਜਾਂਦੇ ਸਨ ਪਰੰਤੂ ਉਸ ਵੇਲੇ ਡਾਕਟਰ, ਪੈਰਾ-ਮੈਡੀਕਲ ਸਟਾਫ ਅਤੇ ਸਵੀਪਰ, ਜਿਨ੍ਹਾਂ ਨੂੰ ਕੋਈ ਪੀ.ਪੀ.ਈ. ਕਿੱਟ ਪ੍ਰੋਵਾਈਡ ਨਹੀਂ ਕੀਤੀ ਗਈ ਸੀ, ਇਸ ਕੰਮ ਲਈ ਅੱਗੇ ਆਏ। ਮੈਂ ਜਲੰਧਰ ਵਿੱਚ ਆਪ ਦੇਖਿਆ ਹੈ ਕਿ ਇੱਕ ਸਵੀਪਰ, ਬਿਨਾਂ ਪੀ.ਪੀ.ਈ. ਕਿੱਟ ਤੋਂ ਕਰੋਨਾ ਦੇ ਮਰੀਜ਼ ਦੀ ਦੇਖਭਾਲ ਕਰਦਾ ਸੀ। ਉਸ ਵੇਲੇ ਡਾਕਟਰਾਂ, ਨਰਸਾਂ ਨੇ ਵੀ ਬਹੁਤ ਚੰਗਾ ਕੰਮ ਕੀਤਾ। ਉਸ ਦੇ ਲਈ ਉਨ੍ਹਾਂ ਨੂੰ appreciate ਕਰਨਾ ਚਾਹੀਦਾ ਹੈ। ਜਿਹੜੀ ਧਾਰਨਾ ਹੈ ਕਿ ਮਰੇ ਹੋਏ ਨੂੰ ਦੋ-ਦੋ ਜਾਂ ਤਿੰਨ-ਤਿੰਨ ਦਿਨ ventilator ਤੇ ਪਾਈ ਰੱਖਦੇ ਹਨ, ਇਸ ਨੂੰ ਵੀ ਚੇਂਜ ਕਰਨ ਦੀ ਜ਼ਰੂਰਤ ਹੈ। ਮੈਨੂੰ ਕੱਲ੍ਹ ਕੋਈ ਪ੍ਰੈੱਸ ਰਿਪੋਰਟਰ ਪੁੱਛ ਰਿਹਾ ਸੀ ਕਿ ਤੁਹਾਡਾ ਹਸਪਤਾਲ ਬਹੁਤ ਵਧੀਆ ਚੱਲਦਾ ਹੈ, ਬੜੀ ਭੀੜ ਲੱਗੀ ਹੈ, ਕਿਉਂਕਿ ਮੈਂ 2-3 ਦਿਨ ਬਾਅਦ ਗਿਆ ਸੀ, ਮੈਂ ਉਸ ਨੂੰ ਕਿਹਾ ਕਿ ਮੈਨੂੰ ਤੇਰੀ ਇਹ ਗੱਲ ਚੰਗੀ ਨਹੀਂ ਲੱਗੀ। ਉਸ ਨੇ ਪੁੱਛਿਆ ਕਿ ਕਿਉਂ ਚੰਗੀ ਨਹੀਂ ਲੱਗੀ? ਮੈਂ ਕਿਹਾ ਕਿ ਮੈਨੂੰ ਇਸ ਕਰਕੇ ਚੰਗੀ ਨਹੀਂ

ਲੱਗੀ ਕਿਉਂਕਿ ਜਿੱਥੇ ਮੈਂ ਐਮ.ਐਲ.ਏ. ਬਣ ਕੇ ਗਿਆ, ਸਾਡੀ ਇਹ priority ਹੋਣੀ ਚਾਹੀਦੀ ਹੈ ਕਿ ਸੂਬੇ ਵਿੱਚ ਸਰਕਾਰੀ ਅਦਾਰਿਆਂ ਵਿੱਚ ਹੈਲਥ ਅਤੇ ਐਜੂਕੇਸ਼ਨ ਇਸ ਤਰ੍ਹਾਂ ਦੀ ਮਿਲੇ ਕਿ ਕੋਈ ਮਜਬੂਰਨ ਹੀ ਪ੍ਰਾਈਵੇਟ ਅਦਾਰਿਆਂ ਵਿੱਚ ਜਾਵੇ। ਇਹ ਵੱਖਰੀ ਗੱਲ ਹੈ ਕਿ ਜਿਸ ਕੋਲ ਬਹੁਤ ਪੈਸਾ ਹੈ, ਉਹ ਲਾਈਨ ਤੇ ਨਹੀਂ ਲੱਗਣਾ ਚਾਹੁੰਦਾ ਅਤੇ ਉਹ ਸਾਡੇ ਵਰਗਿਆਂ ਕੋਲ ਆ ਜਾਵੇ ਪਰ ਜਿਹੜਾ ਆਮ ਬੰਦਾ ਹੈ, ਉਸ ਨੂੰ ਤਾਂ ਉੱਥੇ ਫ੍ਰੀ ਟਰੀਟਮੈਂਟ ਮਿਲੇ। ਜੇਕਰ ਮੈਂ ਆਪਣੇ ਸਿਵਲ ਹਸਪਤਾਲ, ਨਵਾਂ ਸ਼ਹਿਰ ਦੀ ਗੱਲ ਕਰਾਂ ਤਾਂ ਅੱਜ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਆਪਰੇਸ਼ਨਾਂ ਦੀ ਲੰਬੀ ਲਿਸਟ ਹੈ ਜਿਹੜੇ ਕਿ ਉੱਥੇ ਨਹੀਂ ਹੁੰਦੇ।

ਮੈਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਿਵਲ ਹਸਪਤਾਲ, ਨਵਾਂਸ਼ਹਿਰ ਵਿੱਚ pediatricians ਹਨ ਪਰ ਉੱਥੇ ਇੱਕ ਵੀ ਐਡਮਿਸ਼ਨ ਨਹੀਂ ਹੁੰਦੀ। ਇਸ ਦਾ ਮਤਲਬ ਚੈੱਕ ਤਾਂ ਅਸੀਂ ਕਰਨਾ ਹੈ। ਕੱਲ੍ਹ ਮੇਰੇ ਕੋਲ ਇੱਕ ਮਰੀਜ਼ ਆਇਆ, ਉਸ ਦੇ fracture ਸੀ, ਉਹ ਦੋ-ਤਿੰਨ ਸਿਵਲ ਹਸਪਤਾਲਾਂ ਵਿੱਚ ਗਿਆ ਜਿੱਥੇ ਸਰਜਨ ਸੀ ਲੇਕਿਨ ਉਨ੍ਹਾਂ ਨੇ ਇਲਾਜ ਨਹੀਂ ਕੀਤਾ ਅਤੇ ਆਖਿਰਕਾਰ ਮੈਂ ਇਲਾਜ ਕੀਤਾ। ਮੈਂ ਤਾਂ ਇਲਾਜ ਕਰਨਾ ਹੀ ਸੀ, ਮੈਨੂੰ 15-20 ਹਜ਼ਾਰ ਕੀ ਮਾੜਾ ਲੱਗਦਾ ਹੈ ਪਰ ਜੇ ਡਾਕਟਰ ਹੈ ਅਤੇ ਉਹ ਇਲਾਜ ਨਾ ਕਰੇ ਤਾਂ ਗਲਤ ਗੱਲ ਹੈ ਅਤੇ ਜਿਹੜਾ ਪੱਤਰਕਾਰ ਮੈਨੂੰ ਪੁੱਛ ਰਿਹਾ ਸੀ, ਉਸ ਨੂੰ ਮੈਂ ਇਹ ਗੱਲ ਸੁਣਾਈ।ਡਾਕਟਰ ਬਲਬੀਰ ਸਿੰਘ ਜੀ ਬੜੇ ਕੰਪੀਟੈਂਟ ਬੰਦੇ ਹਨ, ਇਹ ਕਰ ਸਕਦੇ ਹਨ। ਅਸੀਂ ਇਨ੍ਹਾਂ ਦੇ ਨਾਲ ਹਾਂ ਕਿ ਜਦੋਂ ਇਹ ਇਸ ਤਰ੍ਹਾਂ ਦੇ ਫੈਸਲੇ ਲੈਣਗੇ ਕਿ ਲੋਕ ਪ੍ਰਾਈਵੇਟ ਅਦਾਰਿਆਂ ਨੂੰ ਛੱਡ ਕੇ ਸਰਕਾਰੀ ਅਦਾਰਿਆਂ ਨੂੰ ਪ੍ਰੈਫਰੈਂਸ ਦੇਣ, ਉਨ੍ਹਾਂ ਦਾ ਵਿਸ਼ਵਾਸ ਬਣੇ ਤਾਂ ਮੈਂ ਸਮਝਦਾ ਹਾਂ ਕਿ ਇਹ ਵੀ ਇੱਕ ਚੰਗਾ ਕਦਮ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਲਾਸਟ ਉਤੇ ਇੱਕ ਗੱਲ ਕਹਾਂਗਾ ਕਿ ਸਾਡਾ ਗੁਆਂਢੀ ਸੂਬਾ ਹਰਿਆਣਾ ਹੈ। ਮੈਂ ਸਮਝਦਾ ਹਾਂ ਕਿ ਹੁਣ ਇਹ ਗੱਲ ਨਾ ਆ ਜਾਵੇ ਕਿ ਅਸੀਂ ਇਕ ਦੂਜੇ ਨੂੰ ਬਾਂਹ ਕੱਢ-ਕੱਢ ਕੇ ਕਹੀਏ ਕਿ ਤੁਹਾਡੀ ਸਰਕਾਰ ਸੀ, ਤੁਸੀਂ ਇਹ ਸਹੂਲਤ ਕਿਉਂ ਨਹੀਂ ਦਿੱਤੀ ਪਰੰਤੂ ਹੁਣ ਤੁਹਾਨੂੰ ਮੌਕਾ ਦਿੱਤਾ ਹੈ, ਬੜੀ ਵੱਡੀ ਗਿਣਤੀ ਵਿੱਚ ਹੋ ਅਤੇ ਅਸੀਂ ਵੀ ਇਸ ਮਸਲੇ ਉਤੇ ਤੁਹਾਡੇ ਨਾਲ ਹਾਂ। ਸਾਡੇ ਗੁਆਂਢੀ ਸੂਬੇ ਹਰਿਆਣਾ ਦੇ ਸ਼ਹਿਰ ਪੰਚਕੂਲਾ ਜਾ ਕੇ ਦੇਖੋ ਤਾਂ ਪਤਾ ਲੱਗੇਗਾ ਕਿ ਉਥੇ ਕਿਸੇ ਨੂੰ ਹਾਰਟ ਅਟੈਕ ਆ ਜਾਵੇ ਤਾਂ ਉਥੇ ਐਂਜਿਉਗ੍ਰਾਫੀ, ਐਂਜਿਉਪਲਾਸਟੀ, ਕਾਰਡੀਐਕ ਸਰਜਰੀ ਸਾਰੀ ਹੀ ਫਰੀ ਹੁੰਦੀ ਹੈ। ਇਹ ਆਪਣੇ ਨਾਲ ਹੀ ਪੰਜ-ਸੱਤ ਕਿਲੋਮੀਟਰ ਤੇ

ਹੀ ਹੈ।ਸਾਡੇ ਸੂਬੇ ਵਿਚ ਸਾਰਾ ਕੁਝ ਹੈ ਪਰ ਸਾਡੇ ਕੋਲ ਡਿਸਟ੍ਰਕਿਟ ਹੈੱਡ ਕੁਆਰਟਰ ਤੇ ਇੱਕ ਵੀ ਸੈਂਟਰ ਨਹੀਂ ਹੈ ਜਿਥੇ ਐਂਜਿਓਗ੍ਰਾਫੀ ਜਾਂ ਐਂਜਿਓਪਲਾਸਟੀ ਫਰੀ ਕਰਦੇ ਹੋਣਗੇ। ਮੈਂ ਤੁਹਾਨੂੰ ਇੱਕ ਮਤਾ ਦਿੱਤਾ ਸੀ ਕਿ ਬੱਚਿਆਂ ਦੇ ਗੂੰਗੇ ਜਾਂ ਬੋਲੇ ਹੋਣ ਬਾਰੇ ਟੈਸਟ ਕਰਨ ਲਈ ਇੱਕ ਮਸ਼ੀਨ ਆਉਂਦੀ ਹੈ, ਜਿਸ ਬਾਰੇ ਮੈਂ ਪਿਛਲੀ ਵਾਰੀ ਵੀ ਗੱਲ ਕੀਤੀ ਸੀ। ਮੈਂ ਇਸ ਬਾਰੇ ਮੰਤਰੀ ਸਾਹਿਬ ਕੋਲ ਵੀ ਗਿਆ ਸੀ ਤਾਂ ਮੰਤਰੀ ਸਾਹਿਬ ਨੇ ਮੈਨੂੰ ਚਾਹ ਵੀ ਪਿਲਾਈ ਸੀ। ਛੱਤੀਸਗੜ੍ਹ ਵਿਚ ਏ.ਐਨ.ਐਮ. ਕੋਲ, ਸਬ ਸੈਂਟਰਾਂ ਵਿੱਚ ਇਹ ਮਸ਼ੀਨਾਂ ਹਨ ਕਿ ਜਿਹੜਾ ਬੱਚਾ ਜੰਮਦਾ ਹੈ, ਉਸ ਦੇ ਕੰਨ ਵਿੱਚ ਟੂਟੀ ਲਗਾਉ ਤਾਂ ਤੁਰੰਤ ਪਤਾ ਲੱਗ ਜਾਵੇਗਾ ਕਿ ਇਸ ਬੱਚੇ ਨੂੰ ਸੁਣਦਾ ਹੈ ਜਾਂ ਨਹੀਂ ਸੁਣਦਾ । ਇਸ ਬਾਰੇ ਨਰਸ ਹੀ ਦੱਸ ਦਿੰਦੀ ਹੈ ਔਰ ਸਾਡੇ ਪੰਜਾਬ ਦੀ ਬਦਕਿਸਮਤੀ ਹੈ ਕਿ ਸਾਡੇ ਸਿਵਲ ਹਸਪਤਾਲਾਂ ਵਿਚ, ਡਿਸਟ੍ਰਕਿਟ ਹੈਡ ਕੁਆਰਟਰਾਂ ਉਤੇ ਵੀ ਉਹ ਮਸ਼ੀਨਾਂ ਨਹੀਂ ਹਨ। ਇਹ ਗੱਲ ਮੈਂ ਡਾਕਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਕਿਸੇ ਬੱਚੇ ਦੇ ਗੂੰਗੇ ਬੋਲੇ ਹੋਣ ਬਾਰੇ ਦੇਰ ਨਾਲ ਪਤਾ ਲੱਗਦਾ ਹੈ ਤਾਂ ਉਸ ਦਾ ਆਪਰੇਸ਼ਨ ਕਰਨ ਤੇ ਵੀ ਸਹੀ ਰਿਜ਼ਲਟ ਨਹੀਂ ਆ ਸਕਦੇ। ਇਥੇ ਮੈਂ ਇੱਕ ਐਗਜ਼ਾਂਪਲ ਜ਼ਰੂਰ ਦੇਣੀ ਚਾਹਾਂਗਾ ਕਿ ਕਹਿੰਦੇ ਹਨ ਕਿ ਜਿਹੜਾ ਹਿਰਨ ਦਾ ਬੱਚਾ ਹੁੰਦਾ ਹੈ, ਜੇ ਹਿਰਨ ਦੇ ਬੱਚੇ ਨੂੰ ਜੰਮਦੇ ਸਾਰ ਹੀ ਛੱਡ ਦਿਉ ਤਾਂ ਉਹ ਦੌੜਦਾ ਹੈ ਪਰ ਜੇਕਰ ਕਿਤੇ ਤੁਸੀਂ ਜੰਮਦੇ ਸਾਰ ਹੀ ਹਿਰਨ ਦੇ ਬੱਚੇ ਦੀਆਂ ਲੱਤਾਂ ਬੰਨ੍ਹ ਦਿਉ ਤੇ ਬਾਅਦ ਵਿਚ ਉਸ ਦੀਆਂ ਲੱਤਾਂ ਖੋਲ੍ਹ ਦਿਉ ਤਾਂ ਉਹ ਜ਼ਿੰਦਗੀ ਵਿਚ ਕਦੇ ਦੌੜਦਾ ਨਹੀਂ। ਸੋ, ਇਸੇ ਤਰ੍ਹਾਂ ਗੂੰਗੇ ਬੋਲੇ ਬੱਚਿਆਂ ਬਾਰੇ ਜੋ ਕੰਨਾਂ ਦਾ ਇਲਾਜ ਕੁਝ ਉਮਰ ਤੱਕ ਨਾ ਕਰੀਏ ਤਾਂ ਫਿਰ ਉਹ ਮਸ਼ੀਨ ਲਗਾ ਕੇ ਜਾਂ ਆਪਰੇਸ਼ਨ ਕਰਨ ਤੋਂ ਬਾਅਦ ਕਿਸੇ ਸਮੇਂ ਸੁਣਨ ਤਾਂ ਲੱਗ ਜਾਵੇਗਾ ਪਰ ਕਦੇ ਉਹ ਬੋਲ ਨਹੀਂ ਪਾਵੇਗਾ। ਅਸੀਂ ਕਿਹੜੀ ਸਦੀ ਵਿਚ ਰਹਿੰਦੇ ਹਾਂ? ਇਹ ਸਿਰਫ ਦੋ ਢਾਈ ਲੱਖ ਰੁਪਏ ਦੀ ਮਸ਼ੀਨ ਹੈ, ਇੱਕ ਵੀ ਮਸ਼ੀਨ ਸਾਡੇ ਪੰਜਾਬ ਵਿੱਚ ਨਹੀਂ ਹੈ। ਸੋ, ਮੈਂ ਇਹ ਬੇਨਤੀ ਕਰਦਾ ਹਾਂ ਕਿ ਜਦੋਂ ਅਸੀਂ ਹੈਲਥ ਉਤੇ ਇਥੇ ਲੰਮੀਆਂ ਲੰਮੀਆਂ ਗੱਲਾਂ ਕਰ ਸਕਦੇ ਹਾਂ ਤਾਂ ਸਾਡੀ ਪ੍ਰਾਇਿਰਿਟੀ ਹੋਣੀ ਚਾਹੀਦੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਐਜੂਕੇਸ਼ਨ ਤੇ ਹੈਲਥ ਸਿਸਟਮ ਇਸ ਤਰ੍ਹਾਂ ਦਾ ਦੇਈਏ ਕਿ ਉਨ੍ਹਾਂ ਨੂੰ ਇਹ ਸਹੂਲਤਾਂ ਮੁਫਤ ਮਿਲ ਸਕਣ। ਅੱਜ ਅਸੀਂ ਇਸ ਗੱਲ ਉਤੇ 117 ਦੇ 117 ਮੈਂਬਰ ਸਹਿਮਤ ਹਾਂ ਪਰ ਇੱਥੇ ਫਿਰ ਸਿਆਸਤ ਹੋਣੀ ਹੈ ਕਿ ਤੁਸੀਂ ਕੀ ਕੀਤਾ ਹੈ, ਤੁਹਾਡੇ ਟਾਈਮ ਉਤੇ ਇਹ ਕਿਉਂ ਨਹੀਂ ਹੋਇਆ? ਇਸ ਕੰਮ ਲਈ ਇੱਕ ਸਾਲ ਬਹੁਤ ਥੋੜ੍ਹਾ ਹੈ ਪਰੰਤੂ ਡਾਕਟਰ ਬਲਬੀਰ ਸਿੰਘ ਜੀ 'ਤੇ ਪੂਰੀ ਆਸ ਹੈ ਕਿ ਇਹ ਜ਼ਰੂਰ ਕਰਨਗੇ।ਸੀ.ਟੀ. ਸਕੈਨ, ਅਲਟਰਾਸਾਊਂਡ ਜਾਂ ਜਿਹੜੀਆਂ ਹਾਰਟ ਡਿਸੀਜ਼ਜ਼ ਹਨ,

ਇਨ੍ਹਾਂ ਸਬੰਧੀ ਮੈਨੂੰ ਤੁਹਾਡੇ ਤੋਂ ਉਮੀਦ ਹੈ ਕਿ ਤੁਸੀਂ ਐਂਜਿਉਗ੍ਰਾਫੀ, ਐਂਜਿਉਪਲਾਸਟੀ ਆਦਿ ਗੌਰਮਿੰਟ ਡਿਸਟ੍ਰਕਿਟ ਹੈਡਕੁਆਰਟਰਾਂ ਦੇ ਉਤੇ ਸ਼ੁਰੂ ਕਰਵਾ ਦਿਉਗੇ। ਲੋਕ ਅਜਿਹੀਆਂ ਸਹੂਲਤਾਂ ਦੋ-ਦੋ ਕਮਰਿਆਂ ਵਿੱਚ ਦੇ ਰਹੇ ਹਨ। ਤੁਸੀਂ ਕਦੇ ਸਾਊਥ ਵਿਚ ਜਾਉ, ਉਥੇ ਛੋਟੇ ਛੋਟੇ ਹਸਪਤਾਲ ਹਨ। ਲੇਕਿਨ ਸਾਡੀਆਂ ਵੱਡੀਆਂ ਵੱਡੀਆਂ ਬਿਲਡਿੰਗਾਂ ਹਨ ਪਰੰਤੂ ਉਥੇ ਈ.ਸੀ.ਜੀ. ਵੀ ਨਹੀਂ ਚੱਲਦੀ। ਤੁਸੀਂ ਅਚਾਨਕ ਕੋਈ ਹਸਪਤਾਲ ਚੈੱਕ ਕਰਿਉ, ਉਨ੍ਹਾਂ ਨੂੰ ਕਹਿਣਾ ਕਿ ਮੇਰੀ ਈ.ਸੀ.ਜੀ. ਕਰਿਉ ਤਾਂ ਪਹਿਲਾਂ ਤਾਂ ਉਸ ਨੂੰ ਮਸ਼ੀਨ ਨਹੀਂ ਲੱਭਣੀ, ਜੇ ਮਸ਼ੀਨ ਲੱਭ ਗਈ ਤਾਂ ਉਥੇ ਈ.ਸੀ.ਜੀ. ਹੋਣੀ ਨਹੀਂ। ਸੋ, ਸਰਕਾਰੀ ਸਿਸਟਮ ਨੂੰ ਠੀਕ ਕਰਨ ਦੀ ਲੋੜ ਹੈ।

ਇਹ ਟਾਪਿਕ ਇਸ ਤਰ੍ਹਾਂ ਦਾ ਹੈ ਕਿ ਇਸ ਤੇ ਜਿੰਨਾ ਚਿਰ ਮਰਜ਼ੀ ਬੋਲੀ ਜਾਈਏ ਪਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਆਪਾਂ ਸਾਰੇ 117 ਦੇ 117 ਮੈਂਬਰ ਘੱਟੋ ਘੱਟ ਐਜੂਕੇਸ਼ਨ ਅਤੇ ਹੈਲਥ ਉਤੇ ਸਿਆਸਤ ਨਾ ਕਰੀਏ, ਆਪਾਂ ਸਾਰੇ ਰਲ ਕੇ, ਇਕੱਠੇ ਹੋ ਕੇ ਲੋਕਾਂ ਨੂੰ ਇਹ ਸਹੂਲਤਾਂ ਮੁਹੱਈਆ ਕਰਵਾਈਏ।ਅੱਜ ਬਹੁਤ ਸਾਰੇ ਲੋਕ ਦਿਲ ਅਤੇ ਦਿਮਾਗ ਦੀਆਂ ਅਜਿਹੀਆਂ ਛੋਟੀਆਂ ਛੋਟੀਆਂ ਬਿਮਾਰੀਆਂ ਦੇ ਸ਼ਿਕਾਰ ਹਨ, ਜਿਨ੍ਹਾਂ ਦਾ ਮਾਮੂਲੀ ਆਪਰੇਸ਼ਨ ਨਾਲ ਇਲਾਜ ਹੋ ਸਕਦਾ ਹੈ ਪ੍ਰੰਤੂ ਇਹ ਸਿਹਤ ਸਹੂਲਤਾਂ ਉਪਲਬਧ ਨਾ ਹੋਣ ਕਾਰਨ ਅਜਿਹੀਆਂ ਬਿਮਾਰੀਆਂ ਦੇ ਆਪਰੇਸ਼ਨ ਸਮੇਂ ਸਿਰ ਨਾ ਕਰਵਾਉਣ ਕਰਕੇ ਇਹ ਛੋਟੀਆਂ ਬਿਮਾਰੀਆਂ ਆਖਰੀ ਸਟੇਜ ਤੇ ਪਹੁੰਚ ਜਾਂਦੀਆਂ ਹਨ, ਜਿਸ ਕਾਰਨ ਆਖਰਕਾਰ ਮਰੀਜ਼ ਦੀ ਮੌਤ ਹੀ ਹੋ ਜਾਂਦੀ ਹੈ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਕੱਲੇ ਦਵਾਈਆਂ ਦੇ ਰੇਟਸ ਨੂੰ ਕੰਟਰੋਲ ਕਰਨ ਨਾਲ ਗੱਲ ਨਹੀਂ ਬਣਨੀ।

ਡਿਪਟੀ ਸਪੀਕਰ ਸਾਹਿਬ, ਜਦੋਂ ਡਾਕਟਰ ਵਲੋਂ ਕਹਿ ਦਿੱਤਾ ਜਾਂਦਾ ਹੈ ਕਿ ਇਸ ਨੂੰ ਕਿਸੇ ਵੱਡੇ ਹਸਪਤਾਲ ਵਿੱਚ ਲੈ ਜਾਓ ਤਾਂ 90% ਮਰੀਜ਼ ਅਜਿਹੇ ਪਰਿਵਾਰਾਂ ਤੋਂ ਹੁੰਦੇ ਹਨ ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਵਿੱਚ ਵੱਡੇ ਹਸਪਤਾਲ ਲੈ ਜਾਣ ਦੀ ਸਮਰੱਥਾ ਨਹੀਂ ਹੈ, ਅਸੀਂ ਘਰੇ ਹੀ ਸੇਵਾ ਕਰ ਲਵਾਂਗੇ। ਇਹ ਉਨ੍ਹਾਂ ਦੀ ਮਜਬੂਰੀ ਹੀ ਹੁੰਦੀ ਹੈ ਨਹੀਂ ਤਾਂ ਕਿਹੜਾ ਬੰਦਾ ਚਾਹੁੰਦਾ ਹੈ ਕਿ ਮੈਂ ਘਰ ਸੇਵਾ ਕਰ ਲਵਾਂ? ਸੇਵਾ ਉਹੀ ਕਰਦਾ ਹੈ, ਜਿਸ ਕੋਲ ਪੈਸੇ ਨਹੀਂ ਹੁੰਦੇ। ਮੈਂ ਇਹ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਜ਼ਰੂਰ ਕੁਝ ਨਾ ਕੁਝ ਕੀਤਾ ਜਾਵੇ। ਮੈਂ ਇਹ ਵੀ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜਿੱਥੇ ਅਸੀਂ ਪ੍ਰਿਵਿਲੇਜ ਕਮੇਟੀ, ਐਸ.ਸੀ, ਬੀ.ਸੀ. ਵੈਲਫੇਅਰ ਕਮੇਟੀਆਂ ਬਣਾਈਆਂ ਹਨ, ਅਜਿਹੀਆਂ ਕਮੇਟੀਆਂ ਹੈਲਥ ਅਤੇ ਐਜੂਕੇਸ਼ਨ ਵਾਸਤੇ ਵੀ ਬਣਾ ਦਿਓ ਤਾਂ ਕਿ ਹਰ

[ਡਾਕਟਰ ਸੁਖਵਿੰਦਰ ਕੁਮਾਰ ਸੁੱਖੀ]

ਹਫਤੇ ਇਸ ਦੀਆਂ ਮੀਟਿੰਗਾਂ ਕੀਤੀਆਂ ਜਾਣ ਕਿ ਅਸੀਂ ਪੰਜਾਬ ਦੇ ਲੋਕਾਂ ਨੂੰ ਕੀ ਬਿਹਤਰ ਸਹੂਲਤਾਂ ਦੇ ਸਕਦੇ ਹਾਂ। ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ, ਇਸ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.):** ਡਿਪਟੀ ਸਪੀਕਰ ਸਾਹਿਬ, ਬਹੁਤ ਧੰਨਵਾਦ। ਤੁਸੀਂ ਮੈਨੂੰ ਇਸ ਮਹੱਤਵਪੂਰਨ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਮਾਣਯੋਗ ਸਪੀਕਰ, ਸਰਦਾਰ ਕੁਲਤਾਰ ਸਿੰਘ ਸੰਧਵਾਂ ਸਾਹਿਬ ਨੂੰ ਬਹੁਤ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਇਸ ਇਸ਼ੂ ਤੇ ਆਲਰੇਡੀ ਇਕ ਮੀਟਿੰਗ ਕਾਲ ਕੀਤੀ ਸੀ। ਉਸ ਮੀਟਿੰਗ ਵਿੱਚ ਐਮ.ਐਲ.ਏਜ਼, ਐਕਸਪਰਟਸ, ਡਾਕਟਰਜ਼ ਅਤੇ ਹੋਰ ਬਹੁਤ ਸਾਰੇ ਲੋਕ ਸ਼ਾਮਲ ਹੋਏ ਸਨ। ਉਸ ਵਿੱਚ ਫੈਸਲਾ ਵੀ ਹੋਇਆ ਸੀ ਕਿ ਜਿਹੜੀਆਂ ਦਵਾਈਆਂ ਬਹੁਤ ਜ਼ਿਆਦਾ ਰੇਟਸ ਤੇ ਮਿਲ ਰਹੀਆਂ ਹਨ, ਜਿਨ੍ਹਾਂ ਦੀ ਐਮ.ਆਰ.ਪੀ. ਬਹੁਤ ਜ਼ਿਆਦਾ ਹੈ, ਰਾਜ ਸਰਕਾਰ ਉਹ ਮਸਲਾ ਕੇਂਦਰ ਸਰਕਾਰ ਨਾਲ ਟੇਕ ਅੱਪ ਕਰੇ। ਡਾਕਟਰ ਚਰਨਜੀਤ ਸਿੰਘ ਜੀ ਨੇ ਇਹ ਪ੍ਰਸਤਾਵ ਪੇਸ਼ ਕੀਤਾ ਹੈ, ਉਹ ਸਾਡੀ ਮੈਡੀਕਲ ਫਰੈਟਰਨਿਟੀ ਤੋਂ ਹਨ। ਇਹ ਬਹੁਤ ਅੱਛਾ ਪ੍ਰਸਤਾਵ ਹੈ ਅਤੇ ਪੰਜਾਬ ਦੇ ਲੋਕਾਂ ਨੂੰ ਨਿਸ਼ਚਿਤ ਤੌਰ ਤੇ ਇਕ ਬਿਹਤਰ ਦਿਸ਼ਾ ਵਿੱਚ ਲੈ ਕੇ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਦੇਸ਼ ਵਿੱਚ ਲਗਭਗ 3% ਅਬਾਦੀ ਭਾਵ ਤਿੰਨ ਕਰੋੜ ਤੋਂ ਵੀ ਜ਼ਿਆਦਾ ਲੋਕ ਹਰ ਸਾਲ ਦਵਾਈਆਂ ਖਰੀਦਦੇ-ਖਰੀਦਦੇ ਪਾਵਰਟੀ ਲਾਈਨ ਤੋਂ ਥੱਲੇ ਚਲੇ ਜਾਂਦੇ ਹਨ ਕਿਉਂਕਿ ਦਵਾਈਆਂ ਬਹੁਤ ਜ਼ਿਆਦਾ ਮਹਿੰਗੀਆਂ ਹੁੰਦੀਆਂ ਹਨ। ਦੂਸਰੀ ਗੱਲ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਸਾਡਾ ਦੇਸ਼ ਹਾਲੇ ਵੀ ਬਹੁਤ ਸਾਰੇ ਉਨ੍ਹਾਂ ਦੇਸ਼ਾਂ ਵਿੱਚ ਆਉਂਦਾ ਹੈ ਜਿੱਥੇ out of pocket expenses 50% ਹਨ। 50% ਪੈਸੇ ਜੇਕਰ ਸਰਕਾਰ ਦਿੰਦੀ ਹੈ ਤਾਂ 50% ਲੋਕ ਆਪਣੀ ਜੇਬ ਵਿਚੋਂ ਪਾਉਂਦੇ ਹਨ। ਮੇਰੇ ਤੋਂ ਪਹਿਲਾਂ ਬੋਲੇ ਬੁਲਾਰਿਆਂ ਨੇ ਦੱਸਿਆ ਹੈ ਕਿ ਜਦੋਂ ਕੋਈ ਵਿਅਕਤੀ ਜਾਂ ਕਿਸਾਨ ਬਿਮਾਰ ਹੋ ਜਾਵੇ ਤਾਂ ਇਲਾਜ ਕਰਵਾਉਂਦੇ ਕਰਵਾਉਂਦੇ ਉਹ ਗਰੀਬ ਤੋਂ ਵੀ ਗਰੀਬ ਹੋ ਜਾਂਦੇ ਹਨ। ਉਹ ਕਰਜ਼ਿਆਂ ਥੱਲੇ ਅਜਿਹਾ ਆਉਂਦੇ ਹਨ ਕਿ ਦੁਬਾਰਾ ਉੱਠ ਨਹੀਂ ਸਕਦੇ।

ਅੱਜ ਇੱਥੇ ਦੋ ਤਰ੍ਹਾਂ ਦੀਆਂ ਦਵਾਈਆਂ ਦਾ ਜ਼ਿਕਰ ਹੋਇਆ ਹੈ- scheduled drugs and non-scheduled drugs. ਡਿਪਟੀ ਸਪੀਕਰ ਸਾਹਿਬ, ਸ਼ਡਿਊਲਡ ਡਰੱਗਜ਼ ਦੀਆਂ ਕੀਮਤਾਂ ਫਿਕਸ ਹੁੰਦੀਆਂ ਹਨ ਅਤੇ ਲਗਭਗ 388 ਦੇ

ਕਰੀਬ ਦਵਾਈਆਂ ਇਸ ਗਰੁੱਪ ਵਿੱਚ ਹਨ। ਬਾਕੀ ਨਾਨ-ਸ਼ਡਿਊਲਡ ਡਰੱਗਜ਼ ਵਿੱਚ ਆਉਂਦੀਆਂ ਹਨ। ਅੱਜ ਇੱਥੇ ਜੈਨੇਰਿਕ ਡਰੱਗਜ਼ ਦੀ ਗੱਲ ਚਲੀ ਹੈ, ਜਨ ਔਸ਼ਧੀ ਸੈਂਟਰਜ਼ ਦੀ ਗੱਲ ਚੱਲੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਜਨ ਔਸ਼ਧੀ ਸੈਂਟਰਜ਼ ਨਹੀਂ ਹਨ ਜੇਕਰ ਇਹ ਸੈਂਟਰ ਆਪਾਂ ਸਾਰੇ ਜ਼ਿਲ੍ਹਿਆਂ ਵਿੱਚ ਖੁਲ੍ਹਵਾ ਦੇਈਏ ਅਤੇ ਜੈਨੇਰਿਕ ਡਰੱਗਜ਼ ਉਥੇ ਅਵੇਲੇਬਲ ਹੋਣ ਤਾਂ ਮੈਂ ਸਮਝਦਾ ਹਾਂ ਕਿ ਬਹੁਤਾ ਮਸਲਾ ਹੱਲ ਹੋ ਜਾਵੇਗਾ। ਵੈਸੇ ਵੀ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਹੈ ਤਾਂ ਇਸ ਨੇ ਆਪਣੇ ਮੈਨੀਫੈਸਟੋ ਵਿੱਚ ਐਜੂਕੇਸ਼ਨ ਅਤੇ ਹੈਲਥ ਨੂੰ ਮੁੱਖ ਰੱਖਿਆ ਹੈ ਪਰ ਅੱਜ ਗੱਲ ਆਈ ਹੈ ਕਿ ਇਸ ਮੁੱਦੇ ਨੂੰ ਯੂਨੀਅਨ ਗੌਰਮਿੰਟ ਨਾਲ ਟੇਕ ਅੱਪ ਕਰਨਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਯੂਨੀਅਨ ਗੌਰਮਿੰਟ ਨਾਲ ਵੀ ਟੇਕ ਅੱਪ ਕਰਨਾ ਚਾਹੀਦਾ ਹੈ ਅਤੇ ਅਸੀਂ ਖੁਸ਼ਕਿਸਮਤ ਹਾਂ ਕਿ ਮਾਨਯੋਗ ਸਿਹਤ ਮੰਤਰੀ, ਪੰਜਾਬ ਖੁਦ ਡਾਕਟਰ ਹਨ ਅਤੇ ਡਾਕਟਰ ਵੀ ਬੜੇ ਸਤਿਕਾਰਯੋਗ ਹਨ। He knows how to run the Health Department. ਸਿਹਤ ਮਹਿਕਮਾ ਕਿਵੇਂ ਚਲਾਉਣਾ ਹੈ, ਉਨ੍ਹਾਂ ਦੀਆਂ ਕੀ ਸਮੱਸਿਆਵਾਂ ਹਨ, ਉਨ੍ਹਾਂ ਨੂੰ ਬਹੁਤ ਬਿਹਤਰ ਜਾਣਦੇ ਹਨ। ਸਰਕਾਰ ਵਲੋਂ ਫੈਸਲਾ ਹੋਇਆ ਸੀ ਕਿ ਸੱਤਾ ਵਿੱਚ ਆਉਣ ਸਾਰ ਹੀ ਦਵਾਈਆਂ ਹਸਪਤਾਲਾਂ ਵਿੱਚ ਫਰੀ ਮਿਲਣਗੀਆਂ ਪਰੰਤੂ ਅੱਜ ਸਰਕਾਰ ਆਈ ਨੂੰ ਇਕ ਸਾਲ ਹੋ ਗਿਆ ਹੈ। ESIC ਹਸਪਤਾਲਾਂ ਦੀ ਬਾਵਾ ਜੀ ਵੀ ਗੱਲ ਕਰਦੇ ਸੀ, ਹਸਪਤਾਲ ਵਿੱਚ ਹਾਲੇ ਵੀ 3-4 ਦਵਾਈਆਂ ਹੀ ਮਿਲਦੀਆਂ ਹਨ, ਉਸ ਤੋਂ ਇਲਾਵਾ ਹੋਰ ਕੋਈ ਦਵਾਈ ਨਹੀਂ ਮਿਲਦੀ, ਫਰੀ ਦਵਾਈਆਂ ਮਿਲਣਾ ਤਾਂ ਬਹੁਤ ਦੂਰ ਦੀ ਗੱਲ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਇਹ ਇਸ਼ੂ ਸੈਂਟਰ ਗੌਰਮਿੰਟ ਨਾਲ ਟੇਕਅੱਪ ਕਰਨਾ ਹੈ। ਪਰ ਆਪਾਂ ਕੇਂਦਰ ਸਰਕਾਰ ਨਾਲ ਕੀ ਟੇਕਅੱਪ ਕਰਨਾ ਹੈ ਅਤੇ ਉਨ੍ਹਾਂ ਨੂੰ ਇਸ ਬਾਰੇ ਕੀ ਕਹਿਣਾ ਚਾਹੀਦਾ ਹੈ? ਇਸ ਸਬੰਧੀ ਮੇਰਾ opinion ਹੈ ਕਿ ਜਿਹੜੀਆਂ ਬਹੁਤ ਸਾਰੀਆਂ ਨਾਨ-ਸ਼ਡਿਊਲਡ ਡਰੱਗਜ਼ ਹਨ, ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਮੈਡੀਸਨਜ਼ ਨੂੰ ਸ਼ਡਿਊਲਡ ਡਰੱਗਜ਼ ਵਿੱਚ ਲਿਆ ਕੇ ਕੀਮਤ ਘਟਾਈ ਜਾਵੇ ਅਤੇ ਦਵਾਈਆਂ ਤੇ ਲੱਗਣ ਵਾਲਾ 5% ਤੋਂ 18% ਤੱਕ ਜੀ.ਐਸ.ਟੀ. ਘਟਾਉਣ ਜਾਂ ਜ਼ੀਰੋ ਕਰਨ ਦੀ ਸਿਫਾਰਸ਼ ਸਾਡੇ ਵੱਲੋਂ ਕੀਤੀ ਜਾਵੇ।

ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਸ ਤਰ੍ਹਾਂ ਤੁਸੀਂ 500 ਦੇ

ਕਰੀਬ ਆਮ ਆਦਮੀ ਕਲੀਨਿਕਸ ਖੋਲ੍ਹੇ ਹਨ ਅਤੇ ਤੁਸੀਂ ਉਥੇ ਮੈਡੀਸਨਜ਼ ਦੇ ਰਹੇ ਹੋ, ਪਤਾ ਨਹੀਂ ਦੇ ਵੀ ਰਹੇ ਹੋ ਕਿ ਨਹੀਂ ਦੇ ਰਹੇ। (ਵਿਘਨ)

**ਰੱਖਿਆ ਸੇਵਾਵਾਂ ਭਲਾਈ ਮੰਤਰੀ (ਸਰਦਾਰ ਚੇਤਨ ਸਿੰਘ ਜੋੜਾਮਾਜਰਾ): (ਬੈਠੇ-ਬੈਠੇ):** ਕੀ ਤੁਸੀਂ ਜਾ ਕੇ ਆਏ ਹੋ?

**ਡਾਕਟਰ ਰਾਜ ਕੁਮਾਰ:** ਅਸੀਂ ਉਥੇ ਜ਼ਰੂਰ ਜਾਵਾਂਗੇ ਪਰ ਗੱਲ ਇਹ ਹੈ ਕਿ ਜਿਹੜੇ ਬਾਕੀ ਹਸਪਤਾਲ ਹਨ (ਵਿਘਨ) ਤੁਸੀਂ ਮੇਰੀ ਗੱਲ ਤਾਂ ਸੁਣ ਲਵੋ। ਤੁਸੀਂ ਕਿਸ ਵਾਸਤੇ ਕਾਹਲੇ ਪੈਂਦੇ ਹੋ? ਤੁਸੀਂ ਕੈਬਨਿਟ ਮਨਿਸਟਰ ਹੋ। ਤੁਸੀਂ ਕਾਹਲੇ ਨਾ ਪਿਆ ਕਰੋ। ਮੈਂ ਗੱਲ ਕਰਨੀ ਚਾਹੁੰਦਾ ਹਾਂ।

**ਮਾਣਯੋਗ ਡਿਪਟੀ ਸਪੀਕਰ:** ਡਾਕਟਰ ਸਾਹਿਬ, ਤੁਸੀਂ ਚੇਅਰ ਨੂੰ ਐਡਰੈੱਸ ਕਰੋ।

**ਡਾਕਟਰ ਰਾਜ ਕੁਮਾਰ:** ਇਹ ਆਮ ਆਦਮੀ ਪਾਰਟੀ ਕਲੀਨਿਕ ਤਾਂ ਸਰਕਾਰ ਦੇ ਹਨ, ਬਾਕੀ ਜਿਹੜੇ ਪੀ.ਐਚ.ਸੀ. ਹਨ, ਸੀ.ਐਚ.ਸੀ. ਹਨ ਅਤੇ ਛੋਟੇ ਸੈਂਟਰਜ਼ ਹਨ, ਈ.ਐਸ.ਆਈ. ਹਨ, ਇਹ ਕਿਹੜੀ ਸਰਕਾਰ ਦੇ ਹਨ? ਆਪਾਂ ਇਨ੍ਹਾਂ ਸੈਂਟਰਾਂ ਵਿੱਚ ਵੀ ਸਰਕਾਰ ਦੁਆਰਾ ਘੱਟੋ ਘੱਟ ਮੈਡੀਸਨ ਤਾਂ ਫਰੀ ਕਰ ਸਕਦੇ ਹਾਂ। ਹੁਣ ਤੁਸੀਂ 500 ਆਮ ਆਦਮੀ ਕਲੀਨਿਕ ਚਲਾਏ ਹਨ। ਇਹ 500 ਕਲੀਨਿਕ ਤਾਂ ਚੱਲ ਪਏ ਪਰ ਮਾਈਂਡ ਨਾ ਕਰਨਾ, ਜਿਹੜੀਆਂ 400 ਡਿਸਪੈਂਸਰੀਆਂ ਹਨ, ਉਹ ਵਿਹਲੀਆਂ ਹੋ ਗਈਆਂ। ਕਿਤੇ ਪੀਅਨ ਨਹੀਂ ਹਨ, ਕਿਤੇ ਡਾਕਟਰਜ਼ ਨਹੀਂ ਹਨ, ਕਿਤੇ ਲੈਬ ਅਸਿਸਟੈਂਟ ਨਹੀਂ ਹਨ। ਸੋ, ਚੰਗੀ ਗੱਲ ਹੈ ਕਿ ਆਮ ਆਦਮੀ ਪਾਰਟੀ ਕਲੀਨਿਕਸ ਬਣਾਉਣੇ ਚਾਹੀਦੇ ਹਨ, ਸਾਨੂੰ ਕੋਈ objection ਨਹੀਂ ਹੈ।

**ਮਾਣਯੋਗ ਡਿਪਟੀ ਸਪੀਕਰ:** ਇਹ ਆਮ ਆਦਮੀ ਕਲੀਨਿਕ ਹਨ, ਨਾ ਕਿ ਆਮ ਆਦਮੀ ਪਾਰਟੀ ਕਲੀਨਿਕ ਹਨ।

**ਡਾਕਟਰ ਰਾਜ ਕੁਮਾਰ:** ਡਿਪਟੀ ਸਪੀਕਰ ਸਾਹਿਬ, ਵੈਸੇ ਉਥੇ ਜਿਸ ਤਰ੍ਹਾਂ ਦੀ ਫੋਟੋ ਲੱਗੀ ਹੋਈ ਹੈ, ਉਸ ਤੋਂ ਇਵੇਂ ਹੀ ਲੱਗਦਾ ਹੈ ਕਿ ਇਹ ਆਮ ਆਦਮੀ ਪਾਰਟੀ ਕਲੀਨਿਕ ਹਨ। ਸੋ, ਆਮ ਆਦਮੀ ਕਲੀਨਿਕਾਂ ਨਾਲ ਸਾਨੂੰ ਕੋਈ objection ਨਹੀਂ ਪਰ ਉਨ੍ਹਾਂ ਦਾ ਕਾਡਰ ਅਲੱਗ ਹੋਣਾ ਚਾਹੀਦਾ ਹੈ ਤਾਂ ਕਿ ਬਾਕੀ ਹਸਪਤਾਲ ਜਿਨ੍ਹਾਂ ਵਿੱਚ ਪਹਿਲਾਂ ਸਹੂਲਤਾਂ ਚੱਲ ਰਹੀਆਂ ਹਨ, ਉਹ compromise ਨਾ ਹੋਣ। ਮੈਂ ਸਮਝਦਾ ਹਾਂ ਕਿ ਜੇਕਰ ਸਾਰੇ ਹਸਪਤਾਲਾਂ ਵਿੱਚ ਮੈਡੀਸਨਜ਼ ਫਰੀ ਮਿਲਣ ਤਾਂ ਫਿਰ

ਸਾਡਾ ਇਹ ਮਸਲਾ ਹੀ ਖਤਮ ਹੋ ਜਾਵੇਗਾ। ਜੋ ਅਸੀਂ ਯੂਨੀਅਨ ਗੌਰਮਿੰਟ ਨਾਲ ਗੱਲ ਕਰਾਂਗੇ, ਉਹ ਗੱਲ ਉਨ੍ਹਾਂ ਨੇ ਮੰਨਣੀ ਹੈ ਜਾਂ ਨਹੀਂ ਮੰਨਣੀ, ਇਸ ਬਾਰੇ ਕੋਈ ਪਤਾ ਨਹੀਂ ਹੈ। ਇਸ ਸਬੰਧੀ ਪਹਿਲਾਂ ਵੀ ਕਈ ਮਤੇ ਇੱਥੇ ਆਏ ਹਨ ਅਤੇ ਮਤੇ ਕਾਗਜ਼ਾਂ ਵਿੱਚ ਰਹਿ ਜਾਂਦੇ ਹਨ ਪਰ ਜੋ ਕੰਮ ਇੱਥੇ ਆਪਾਂ ਕਰ ਸਕਦੇ ਹਾਂ, ਪੰਜਾਬ ਸਰਕਾਰ ਦੁਆਰਾ ਅਸੀਂ ਜੋ ਕੰਮ ਇੱਥੇ ਕਰ ਸਕਦੇ ਹਾਂ, ਉਹ ਜ਼ਰੂਰ ਕਰਨਾ ਚਾਹੀਦਾ ਹੈ।

ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਆਮ ਆਦਮੀ ਕਲੀਨਿਕਸ ਵਿੱਚ ਟੈਸਟਿੰਗ ਬੰਦ ਹੋ ਗਈ ਸੀ। ਇਸ ਦਾ ਕਾਰਨ ਇਹ ਸੀ ਕਿ ਟੈਸਟਿੰਗ ਦਾ ਕੰਮ ਸਿਰਫ ਇੱਕੋ ਹੀ ਕੰਪਨੀ ਕੋਲ ਹੈ ਅਤੇ ਉਹ ਕੰਪਨੀ ਮਨਾਪਲੀ ਵਿੱਚ ਅਜਿਹੇ ਕੰਮ ਕਰ ਰਹੀ ਹੈ ਕਿ ਪੰਜਾਬ ਸਰਕਾਰ ਨੂੰ ਵੀ ਮਜਬੂਰ ਹੋਣਾ ਪਿਆ ਅਤੇ ਟੈਸਟ ਬੰਦ ਕਰਨੇ ਪਏ। ਸੋ, ਇਸ ਕੰਮ ਲਈ ਟਰਾਂਸਪੇਰੈਂਟ ਟੈਂਡਰਿੰਗ ਪ੍ਰਾਸੈਸ ਰਾਹੀਂ ਜ਼ਿਆਦਾ ਕੰਪਨੀਆਂ ਨੂੰ ਲਿਆਉਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੀ.ਐਨ.ਡੀ.ਟੀ. ਐਕਟ ਅਧੀਨ ਇਹ ਪ੍ਰੋਵੀਜ਼ਨ ਹੈ ਕਿ ਜਿੱਥੇ ਵੀ ਕੋਈ ਡਾਇਗਨੋਸਟਿਕ ਸੈਂਟਰ ਲੱਗਣਾ ਹੈ ਜਾਂ ਲੈਬੋਰਟਰੀਜ਼ ਲੱਗਣੀਆਂ ਹਨ, ਉਥੇ ਇਨ-ਹਾਊਸ ਕੁਆਲੀਫਾਈਡ ਪੋਸਟ ਗ੍ਰੈਜੂਏਟ ਡਾਕਟਰ ਹੋਣਾ ਚਾਹੀਦਾ ਹੈ ਪਰ ਮੈਨੂੰ ਇਸ ਸਦਨ ਵਿੱਚ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਹਾਡੇ ਦੋ ਤਿਹਾਈ ਡਾਇਗਨੋਸਟਿਕ ਸੈਂਟਰਾਂ ਵਿੱਚ ਰੇਡਿਓਲੋਜਿਸਟ ਨਹੀਂ ਹੈ ਫਿਰ ਵੀ ਸੈਂਟਰ ਚੱਲ ਰਹੇ ਹਨ। ਇਹ ਪੀ.ਐਨ.ਡੀ.ਟੀ. ਐਕਟ ਦੀ ਉਲੰਘਣਾ ਹੈ। ਅਜਿਹਾ ਵੀ ਹੁੰਦਾ ਹੈ ਕਿ ਜਿਹੜਾ ਡਾਕਟਰ ਰੱਖਿਆ ਸੀ, ਉਹ ਕਿਸੇ ਦੂਜੇ ਸ਼ਹਿਰ ਵਿੱਚ ਕੰਮ ਕਰਦਾ ਹੈ, ਸੋ, ਮੈਂ ਬੇਨਤੀ ਕਰਦਾ ਹਾਂ ਕਿ ਇਸ ਦੀ ਪੜਤਾਲ ਕੀਤੀ ਜਾਵੇ ਕਿ is it true? ਮੇਰੀ ਇਨਫਰਮੇਸ਼ਨ ਇਹ ਹੈ ਕਿ ਕਿਸੇ ਹਸਪਤਾਲ ਵਿੱਚ ਰੇਡਿਓਲੋਜਿਸਟ ਨਹੀਂ ਹੈ but still the centre is functioning. ਸੋ, ਮੈਂ ਸਮਝਦਾ ਹਾਂ ਕਿ ਬਾਹਰ ਤਾਂ ਪਹਿਲਾਂ ਹੀ ਝੋਲਾ ਛਾਪ ਸਿਸਟਮ ਚੱਲ ਰਿਹਾ ਹੈ ਪਰ ਸਾਡੇ ਸਰਕਾਰੀ ਹਸਪਤਾਲਾਂ ਵਿੱਚ ਇਹ ਝੋਲਾ ਛਾਪ ਸਿਸਟਮ ਨਾ ਚੱਲੇ।

ਡਿਪਟੀ ਸਪੀਕਰ ਸਾਹਿਬ, ਅਸੀਂ ਖੁਸ਼ਕਿਸਮਤ ਹਾਂ ਕਿ ਡਾਕਟਰ ਸਾਹਿਬ ਹੈਲਥ ਡਿਪਾਰਟਮੈਂਟ ਨੂੰ ਹੈੱਡ ਕਰ ਰਹੇ ਹਨ। ਡਾਕਟਰ ਸਾਹਿਬ, ਮੈਂ ਤੁਹਾਨੂੰ ਇਹ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਜਦੋਂ ਮੌਕਾ ਮਿਲੇ ਤਾਂ ਯੂਨੀਅਨ ਗੌਰਮਿੰਟ ਨਾਲ ਇਹ ਮਾਮਲਾ ਵੀ ਟੇਕਅੱਪ ਕੀਤਾ ਜਾਵੇ ਕਿ ਇੱਕ ਡਾਕਟਰ ਦੀ ਡਿਗਰੀ ਲੈਣ ਲਈ

[ਡਾਕਟਰ ਰਾਜ ਕੁਮਾਰ]

ਕਰੋੜਾਂ ਰੁਪਿਆ ਲੱਗਦਾ ਹੈ ਅਤੇ ਪੋਸਟ ਗ੍ਰੈਜੂਏਸ਼ਨ ਤੋਂ ਬਾਅਦ ਇਹ ਖਰਚਾ ਢਾਈ ਤਿੰਨ ਕਰੋੜ ਰੁਪਏ ਤੱਕ ਪਹੁੰਚ ਜਾਂਦਾ ਹੈ। ਸੋ, ਇਕ ਐਸਾ ਸਿਸਟਮ ਡਿਜ਼ਾਈਨ ਕਰਨਾ ਚਾਹੀਦਾ ਹੈ ਕਿ ਮੈਡੀਕਲ ਐਜੂਕੇਸ਼ਨ ਤੇ ਖਰਚਾ ਘੱਟ ਆਵੇ। ਜੇਕਰ ਮੈਡੀਕਲ ਐਜੂਕੇਸ਼ਨ ਤੇ ਖਰਚਾ ਘੱਟ ਜਾਵੇਗਾ ਤਾਂ ਦਵਾਈਆਂ ਦੇ ਰੇਟ, ਟਰੀਟਮੈਂਟ ਦੇ ਰੇਟ ਜਾਂ ਜਿੰਨੀਆਂ ਵੀ ਪ੍ਰਾਈਵੇਟ ਹਸਪਤਾਲਾਂ ਦੀਆਂ ਮਾਲ ਪ੍ਰੈਕਟਿਸਿਜ਼ ਹਨ, ਉਹ ਘੱਟ ਜਾਣਗੀਆਂ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ।

**ਸ਼੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ):** ਡਿਪਟੀ ਸਪੀਕਰ ਸਾਹਿਬ, ਮਾਣਯੋਗ ਮੈਂਬਰ ਖਹਿਰਾ ਸਾਹਿਬ ਅਤੇ ਰਾਜ ਕੁਮਾਰ ਜੀ ਨੇ ਬੜਾ ਫਿਕਰ ਜ਼ਾਹਿਰ ਕੀਤਾ ਹੈ ਕਿ ਦਵਾਈਆਂ ਮਹਿੰਗੀਆਂ ਵਿਕ ਰਹੀਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿਚ ਇਨ੍ਹਾਂ ਦੀ ਸਰਕਾਰ ਵੇਲੇ ਮੇਰੇ ਹਲਕੇ ਜਲੰਧਰ ਕੇਂਦਰੀ ਵਿੱਚ ਜਨ ਔਸ਼ਧੀ ਅਤੇ ਰੈੱਡ ਕਰਾਸ ਦੀਆਂ ਦਵਾਈਆਂ ਦੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ ਗਈਆਂ ਸਨ। ਮੈਨੂੰ ਕਾਰਨ ਤਾਂ ਨਹੀਂ ਪਤਾ ਪਰ ਮੈਂ ਇਨ੍ਹਾਂ ਤੋਂ ਇਸ ਦਾ ਕਾਰਨ ਪੁੱਛਣਾ ਚਾਹੁੰਦਾ ਹਾਂ।ਇਹ ਅੱਜ ਫਿਕਰ ਜ਼ਾਹਰ ਕਰ ਰਹੇ ਹਨ ਕਿ ਇਹ ਦੁਕਾਨਾਂ ਖੁੱਲ੍ਹਣੀਆਂ ਚਾਹੀਦੀਆਂ ਹਨ ਪਰੰਤੂ ਜੇਕਰ ਐਨਾ ਹੀ ਫਿਕਰ ਹੈ ਤਾਂ ਮੇਰੇ ਹਲਕੇ ਵਿਚ ਉਹ ਦੁਕਾਨਾਂ ਬੰਦ ਹੀ ਕਿਉਂ ਕਰਵਾਈਆਂ?

ਦੂਸਰੀ ਗੱਲ, ਸਾਡੇ ਸਿਹਤ ਮੰਤਰੀ ਜੀ ਨੇ ਪ੍ਰਵਾਨਗੀ ਦੇ ਦਿੱਤੀ ਹੈ ਕਿ ਮੇਰੇ ਹਲਕੇ ਵਿਚ ਸਿਵਲ ਹਸਪਤਾਲ ਦੇ ਬਾਹਰ ਉਸੇ ਜਗ੍ਹਾ ਤੇ ਜਨ ਔਸ਼ਧੀ ਤੇ ਰੈੱਡ ਕਰਾਸ ਦੀਆਂ ਦਵਾਈ ਦੀਆਂ ਦੁਕਾਨਾਂ ਖੁੱਲ੍ਹ ਜਾਣਗੀਆਂ। ਇਸ ਕਰਕੇ ਮੈਂ ਮੁੱਖ ਮੰਤਰੀ ਜੀ ਅਤੇ ਸਿਹਤ ਮੰਤਰੀ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਡਾਕਟਰ ਵਿਜੈ ਸਿੰਗਲਾ (ਮਾਨਸਾ):** ਡਿਪਟੀ ਸਪੀਕਰ ਸਾਹਿਬ, ਮਾਣਯੋਗ ਮੈਂਬਰ ਡਾਕਟਰ ਚਰਨਜੀਤ ਸਿੰਘ ਜੀ ਬੜਾ ਵਧੀਆ ਮਤਾ ਲੈ ਕੇ ਆਏ ਹਨ। ਵੈਸੇ ਮੁੱਦਾ ਤਾਂ ਦਵਾਈਆਂ ਦੇ ਵੱਧ ਐਮ.ਆਰ.ਪੀ. ਦਾ ਸੀ ਪਰ ਆਪਾਂ ਸਾਰੇ ਸਿਹਤ ਸਿਸਟਮ ਤੇ ਹੀ ਚਰਚਾ ਕਰਨ ਲੱਗ ਗਏ ਹਾਂ। ਡਾਕਟਰ ਸੁੱਖੀ ਜੀ ਅਤੇ ਡਾਕਟਰ ਚੱਬੇਵਾਲ ਜੀ ਨੇ ਇਸ ਬਾਰੇ ਬੜੀ ਵਿਸਥਾਰਪੂਰਵਕ ਚਰਚਾ ਕੀਤੀ ਹੈ। ਮਾਣਯੋਗ ਸਪੀਕਰ ਸਾਹਿਬ ਵੱਲੋਂ ਪਿਛਲੇ ਦਿਨੀਂ ਇਸੇ ਮੁੱਦੇ ਤੇ ਬੁਲਾਈ ਮੀਟਿੰਗ ਵਿੱਚ ਕੁਝ ਮਾਹਿਰਾਂ ਨੇ ਕਿਹਾ ਸੀ ਕਿ ਕਾਰਪੋਰੇਟ ਹਸਪਤਾਲਾਂ ਵਿਚ ਜਾਣਾ ਜ਼ਰੂਰੀ ਨਹੀਂ ਹੈ। ਉੱਥੇ ਉਦਾਹਰਨ ਦਿੱਤੀ ਗਈ ਸੀ ਕਿ ਜੇਕਰ ਅਸੀਂ ਢਾਬੇ ਤੇ ਚਾਹ ਪੀ ਸਕਦੇ ਹਾਂ ਤਾਂ

ਫਿਰ ਤਾਜ ਹੋਟਲ ਕਿਉਂ ਜਾਣਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਡੀਕਲ ਸਰਵਿਸ ਜਾਂ ਟਰੀਟਮੈਂਟ ਕੋਈ ਲਗਜ਼ਰੀ ਨਹੀਂ ਹੁੰਦਾ ਬਲਕਿ ਕੰਪਲਸ਼ਨ ਹੈ। ਚਾਹ ਤਾਂ ਕਿਸੇ ਵੀ ਢਾਬੇ ਤੇ ਪੀਤੀ ਜਾ ਸਕਦੀ ਹੈ ਪਰ ਜੋ ਇਲਾਜ ਏਮਜ਼, ਮੈਕਸ ਜਾਂ ਹੋਰ ਵੱਡੇ ਹਸਪਤਾਲਾਂ ਵਿਚ ਹੁੰਦਾ ਹੈ ਉਹ ਕਿਤੇ ਹੋਰ ਨਹੀਂ ਹੁੰਦਾ।ਸੋ, ਭਾਵੇਂ ਕੋਈ ਗਰੀਬ ਹੈ ਜਾਂ ਅਮੀਰ ਹੈ, ਸਭ ਨੂੰ ਜਾਣਾ ਪਵੇਗਾ ਕਿਉਂਕਿ ਸਭ ਦੀ ਜਾਨ ਕੀਮਤੀ ਹੈ।

ਮੈਂ ਕਾਰਪੋਰੇਟ ਹਸਪਤਾਲਾਂ ਬਾਰੇ ਇਕ ਦੋ ਉਦਾਹਰਨਾਂ ਦੇਣੀਆਂ ਚਾਹੁੰਦਾ ਹਾਂ ਕਿ ਕੈਂਸਰ ਵਾਸਤੇ ਇਕ ਡਾ. ਰੈਡੀ ਲੈਬ ਦਾ ਇੰਜੈਕਸ਼ਨ ਰਿਟੂਕਸੀ ਮੈਬ ਆਉਂਦਾ ਹੈ, ਉਸ ਦੀ ਐਮ.ਆਰ.ਪੀ. 41,566/- ਰੁਪਏ ਹੈ ਤੇ ਕਾਰਪੋਰੇਟ ਹਸਪਤਾਲਾਂ ਦੀਆਂ ਮੈਡੀਕਲ ਦੁਕਾਨਾਂ ਤੋਂ ਇਸੇ ਐਮ.ਆਰ.ਪੀ. ਤੇ ਮਿਲਦਾ ਹੈ ਜਦੋਂ ਕਿ ਉਹੀ ਇੰਜੈਕਸ਼ਨ ਬਾਹਰੋਂ 7200/- ਰੁਪਏ ਦਾ ਮਿਲ ਜਾਂਦਾ ਹੈ।ਇਸੇ ਤਰ੍ਹਾਂ ਐਬਾਟ ਕੰਪਨੀ ਦਾ ਐਂਟੀਬਾਇਟਿਕ ਇੰਜੈਕਸ਼ਨ ਮੈਰਾਪੈਨਮ-ਐਸ ਦੀ ਐਮ.ਆਰ.ਪੀ. 4660/- ਰੁਪਏ ਹੈ ਜਦੋਂ ਕਿ ਬਾਹਰੋਂ ਉਹੀ ਇੰਜੈਕਸ਼ਨ 450/- ਰੁਪਏ ਦਾ ਮਿਲ ਜਾਂਦਾ ਹੈ। ਇਹ ਬੜੀਆਂ ਨਾਮੀ ਕੰਪਨੀਆਂ ਦੀਆਂ ਦਵਾਈਆਂ ਹਨ। ਇਸੇ ਤਰ੍ਹਾਂ ਵੈਰੀਕਨਾਜ਼ੋਲ ਟੈਬਲੈਟ ਤੇ ਐਮ.ਆਰ.ਪੀ. 4750/- ਰੁਪਏ ਹੈ ਪਰ ਉਹ ਬਾਹਰੋਂ 300/- ਰੁਪਏ ਵਿਚ ਮਿਲ ਜਾਂਦੀ ਹੈ। ਅੱਜ ਜਿਹੜਾ ਮੁੱਦਾ ਆਪਾਂ ਇੱਥੇ ਡਿਸਕਸ ਕਰ ਰਹੇ ਹਾਂ, ਇਹ ਕੇਂਦਰ ਸਰਕਾਰ ਨਾਲ ਸਬੰਧਿਤ ਹੈ ਤੇ ਮਤਾ ਵੀ ਇਹੀ ਹੈ ਕਿ ਜਿਹੜੀ ਦਵਾਈਆਂ ਦੇ ਐਨੇ ਜ਼ਿਆਦਾ ਰੇਟ ਲਿਖੇ ਜਾਂਦੇ ਹਨ, ਉਹ ਇਕ ਆਮ ਮਰੀਜ਼ ਅਤੇ ਆਮ ਇਨਸਾਨ ਦੀ ਲੁੱਟ ਹੈ, ਉਸ ਦੇ ਮਨੁੱਖੀ ਅਧਿਕਾਰਾਂ ਦੀ ਲੁੱਟ ਹੈ। ਦਵਾਈਆਂ ਦਾ ਰੇਟ 15-20 ਗੁਣਾ ਜ਼ਿਆਦਾ ਲਿਖਿਆ ਜਾਣਾ ਬਿਲਕੁਲ ਗਲਤ ਹੈ ਬਲਕਿ ਦਵਾਈਆਂ ਦੇ ਰੇਟ ਵਾਜਬ ਹੋਣੇ ਚਾਹੀਦੇ ਹਨ।

ਮੈਂ ਮਾਣਯੋਗ ਮੈਂਬਰ, ਡਾਕਟਰ ਚਰਨਜੀਤ ਸਿੰਘ ਵੱਲੋਂ ਲਿਆਂਦੇ ਮਤੇ ਦੀ ਸਪੋਰਟ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਮਤਾ ਪਾਸ ਹੋਵੇ। ਜਿਹੜੇ ਸਸਤੀ ਦਵਾਈਆਂ ਲਈ ਜਨ ਔਸ਼ਧ ਜਾਂ ਰੈੱਡ ਕਰਾਸ ਮੈਡੀਕਲ ਸਟੋਰ ਹਨ, ਉਨ੍ਹਾਂ ਬਾਰੇ ਮਾਣਯੋਗ ਸਿਹਤ ਮੰਤਰੀ, ਡਾਕਟਰ ਬਲਬੀਰ ਸਿੰਘ ਜੀ ਧਿਆਨ ਦੇ ਰਹੇ ਹਨ ਕਿ ਹਰ ਇੱਕ ਹਸਪਤਾਲ ਅਤੇ ਡਿਸਪੈਂਸਰੀ ਵਿੱਚ ਇਹੋ ਮੈਡੀਕਲ ਸਟੋਰ ਖੋਲ੍ਹੇ ਜਾਣ। ਇਸ ਤੋਂ ਇਲਾਵਾ ਹਰ ਇੱਕ ਡਿਸਪੈਂਸਰੀ ਅਤੇ ਮੁਹੱਲਾ ਕਲੀਨਿਕ ਵਿੱਚ ਮੈਡੀਸਨ ਫਰੀ ਮਿਲ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇੱਕ ਵਾਰ ਫਿਰ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਹੱਤਵਪੂਰਨ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ।

**ਡਾਕਟਰ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਹੀ ਮਹੱਤਵਪੂਰਨ ਮਤੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੇਰੇ ਤੋਂ ਪਹਿਲਾਂ ਡਾਕਟਰ ਸੁਖਵਿੰਦਰ ਜੀ ਬਹੁਤ ਅੱਛਾ ਬੋਲੇ ਹਨ, ਬਾਕੀ ਮੇਰੇ ਮੈਂਬਰ ਸਾਹਿਬਾਨ ਵੀ ਬਹੁਤ ਅੱਛਾ ਬੋਲੇ ਹਨ। ਆਪੋਜ਼ੀਸ਼ਨ ਵੱਲੋਂ ਮੈਂ ਡਾਕਟਰ ਰਾਜ ਕੁਮਾਰ ਜੀ ਨੂੰ ਸੁਣ ਰਿਹਾ ਸੀ, ਉਨ੍ਹਾਂ ਨੇ ਕਿਤੇ ਨਾ ਕਿਤੇ ਪਬਲਿਕ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਕਾਂਗਰਸੀ ਸਰਕਾਰ ਸੀ ਉਦੋਂ ਲੈਬਾਰਟਰੀ ਵਿੱਚ ਹੋਣ ਵਾਲੇ ਟੈਸਟਾਂ ਦੀ ਗਿਣਤੀ 14 ਹੁੰਦੀ ਸੀ ਪਰ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਲੈਬਾਰਟਰੀ ਟੈਸਟਾਂ ਦੀ ਗਿਣਤੀ ਵਧਾ ਕੇ 41 ਕਰ ਦਿੱਤੀ ਗਈ। ਜਿੱਥੋਂ ਤੱਕ ਮੈਡੀਸਨਜ਼ ਦਾ ਤਾਅਲੁੱਕ ਹੈ, ਜਦੋਂ ਪਹਿਲੀਆਂ ਸਰਕਾਰਾਂ ਹੁੰਦੀਆਂ ਸਨ, even ਕਾਂਗਰਸ ਦੀ ਸਰਕਾਰ ਵੇਲੇ ਵੀ ਡਿਸਪੈਂਸਰੀਜ਼ ਵਿੱਚ 20-25 ਤੋਂ ਵੱਧ ਮੈਡੀਸਨਜ਼ ਨਹੀਂ ਮਿਲਦੀਆਂ ਸਨ। ਇਹ 20-25 ਵੀ ਕਦੇ ਹੁੰਦੀਆਂ ਸਨ ਅਤੇ ਕਦੇ ਨਹੀਂ ਹੁੰਦੀਆਂ ਸਨ ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਨੇ 81 ਤੋਂ 90 ਤਰ੍ਹਾਂ ਦੀਆਂ ਮੈਡੀਸਨਜ਼ ਕਰ ਦਿੱਤੀਆਂ ਹਨ। ਸਾਡੀ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ 27 ਜਨਵਰੀ ਨੂੰ ਪੰਜਾਬ ਆਏ ਸਨ, ਉਸ ਤੋਂ ਬਾਅਦ 504 ਮੁਹੱਲਾ ਕਲੀਨਿਕਸ ਬਣਾਏ ਗਏ। ਪੂਰੀ ਦੁਨੀਆ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸਰਕਾਰ ਨੂੰ ਆਇਆਂ ਨੂੰ 10 ਮਹੀਨੇ ਹੀ ਹੋਏ ਹੋਣ ਅਤੇ ਸਰਕਾਰ ਨੇ 504 ਮੁਹੱਲਾ ਕਲੀਨਿਕਸ ਬਣਾ ਦਿੱਤੇ ਹੋਣ। ਇਹ ਸਭ ਬੜੀਆਂ ਅੱਛੀਆਂ ਗੱਲਾਂ ਹੋ ਰਹੀਆਂ ਸਨ। ਇਸ ਲਈ ਮੈਂ, ਸਰਦਾਰ ਭਗਵੰਤ ਮਾਨ, ਮੁੱਖ ਮੰਤਰੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ।

ਮੈਂ ਥੋੜ੍ਹਾ ਜਿਹਾ ਪਿੱਛੇ ਜਾ ਕੇ ਪ੍ਰਾਇਮਰੀ ਹੈਲਥ ਕੇਅਰ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਛੋਟੇ ਹੁੰਦੇ ਸੀ ਤਾਂ family physician ਦਾ concept ਹੁੰਦਾ ਸੀ। ਇਨ੍ਹਾਂ ਪਿਛਲੀਆਂ ਸਰਕਾਰਾਂ ਵੇਲੇ ਉਸ Primary Health Care ਦੇ concept ਨੂੰ ਬਿਲਕੁਲ ਖਤਮ ਕਰ ਦਿੱਤਾ ਗਿਆ। ਮੈਂ ਮਾਨ ਸਾਹਿਬ ਨੂੰ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਮੁਹੱਲਾ ਕਲੀਨਿਕਸ ਖੋਲ੍ਹ ਕੇ family physician and primary health care ਨੂੰ rejuvenate ਕਰ ਦਿੱਤਾ ਹੈ। ਜੇਕਰ patient ਨੂੰ ਅੱਛੀ primary health care ਦੇ ਦਿੱਤੀ ਜਾਵੇ ਅਤੇ ਉਸ ਦੀ ਬਿਮਾਰੀ ਨੂੰ ਪ੍ਰਾਇਮਰੀ ਸਟੇਜ ਤੇ ਹੀ control ਕਰ ਲਿਆ ਜਾਵੇ ਤਾਂ patient ਨੂੰ secondary and tertiary care ਦੀ ਲੋੜ ਹੀ ਨਹੀਂ ਪਵੇਗੀ। For secondary and tertiary care, patient has to go to the corporate hospital which is very costly.

ਆਮ ਬੰਦਾ ਉਸ ਨੂੰ afford ਨਹੀਂ ਕਰ ਸਕਦਾ । ਸ਼ਾਇਦ ਸੋਚੀ ਸਮਝੀ ਸਾਜਿਸ਼ ਤਹਿਤ primary health care ਨੂੰ ਖਤਮ ਕੀਤਾ ਗਿਆ ਸੀ। ਇਸ ਲਈ ਸਾਡੀ ਪਾਰਟੀ ਦਾ ਏਜੰਡਾ ਸੀ ਕਿ ਅਸੀਂ Education and Health ਤੇ ਸਭ ਤੋਂ ਜ਼ਿਆਦਾ concentrate ਕਰਨਾ ਹੈ। ਸੋ, ਮੈਂ ਆਪਣੀ ਪਾਰਟੀ ਦੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਹੈਲਥ ਦੇ ਖੇਤਰ ਵਿੱਚ ਬਹੁਤ ਜ਼ਿਆਦਾ ਕੰਮ ਕੀਤਾ ਹੈ। ਅੱਜ ਜਿੱਥੇ ਪਬਲਿਕ ਖੁਸ਼ ਹੈ, ਉੱਥੇ ਹੀ ਜਿਹੜੇ ਮੁਹੱਲਾ ਕਲੀਨਿਕਸ ਵਿੱਚ ਡਾਕਟਰ ਬੈਠਦੇ ਹਨ ਉਨ੍ਹਾਂ ਨੂੰ ਵੀ ਬੜਾ ਵਧੀਆ work atmosphere ਮਿਲ ਰਿਹਾ ਹੈ। ਉੱਥੇ Air conditioner and fall ceiling ਲੱਗੀ ਹੈ ਤੇ qualified staff nurses ਬੈਠੀਆਂ ਹਨ, ਉਥੇ ਇੱਕ ਫਾਰਮਾਸਿਸਟ ਬੈਠਾ ਹੈ, ਉਨ੍ਹਾਂ ਨੂੰ ਡਿਜੀਟਲ ਪੈਡ ਦਿੱਤਾ ਗਿਆ ਹੈ, ਜਿਸ ਵਿੱਚ ਉਹ ਉਸੇ ਵੇਲੇ ਦਰਜ ਕਰਦੇ ਹਨ ਕਿ ਕਿਹੜਾ ਪੇਸ਼ੈਂਟ ਆਇਆ ਹੈ, ਉਸ ਨੂੰ ਕੀ ਟਰੀਟਮੈਂਟ ਦਿੱਤਾ ਗਿਆ ਹੈ, ਕੀ prescription ਦਿੱਤੀ ਗਈ ਹੈ। ਇਸ ਨੂੰ 3.30 ਵਜੇ ਜ਼ਿਲ੍ਹੇ ਦਾ ਸਿਵਲ ਸਰਜਨ ਦੇਖਦਾ ਹੈ ਅਤੇ ਨੋਟ ਕਰਦਾ ਹੈ ਕਿ ਉਸ ਮੁਹੱਲਾ ਕਲੀਨਿਕ ਵਿੱਚ ਕਿਹੜੀ ਕਿਹੜੀ deficiency ਹੈ ਅਤੇ ਉਸ ਨੂੰ immediately ਪੂਰਾ ਕਰਦਾ ਹੈ। ਇਹ ਸਭ ਮੈਂ ਇਸ ਪਵਿੱਤਰ ਸਦਨ ਰਾਹੀਂ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਤਾਂ ਕਿ ਲੋਕ ਗੁੰਮਰਾਹ ਨਾ ਹੋਣ। ਹਰ ਘਰ ਵਿੱਚ ਕੋਈ ਨਾ ਕੋਈ ਬਿਮਾਰੀ ਹੈ, ਕਿਸੇ ਨੂੰ hypertension ਹੈ, ਕਿਸੇ ਨੂੰ diabetes ਹੈ, ਕਿਸੇ ਨੂੰ ਕੋਈ ਹੋਰ ਛੋਟੀ-ਮੋਟੀ ਬਿਮਾਰੀ ਹੈ। So, I want to request the people of the State that you must go to the Mohalla Clinic. You will get the best treatment there. (ਥੰਪਿੰਗ)

ਇਸ ਦੇ ਨਾਲ ਹੀ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ Covid ਦੌਰਾਨ ਜਦੋਂ ਲੋਕ ਮਰ ਰਹੇ ਸਨ, ਉਸ ਵੇਲੇ ਕਾਂਗਰਸ ਦੀ ਸਰਕਾਰ ਸੀ। ਜਿਹੜੇ ਕਾਰਪੋਰੇਟ ਹਸਪਤਾਲ, ਵੱਡੇ ਵੱਡੇ ਹਸਪਤਾਲ ਹਨ, ਉਨ੍ਹਾਂ ਨੇ ਆਕਸੀਜਨ ਬਲੈਕ ਕੀਤੀ, ਉਨ੍ਹਾਂ ਨੇ ਮੈਡੀਸਨਜ਼ ਬਲੈਕ ਕੀਤੀਆਂ, ਉਨ੍ਹਾਂ ਨੇ ਲੋਕਾਂ ਤੋਂ ਇੱਕ ਇੱਕ ਦਿਨ ਦਾ ਇੱਕ ਇੱਕ ਲੱਖ ਰੁਪਿਆ ਚਾਰਜ ਕੀਤਾ, ਉਦੋਂ ਡਾਕਟਰ ਸਾਹਿਬ ਕਿੱਥੇ ਸਨ?

**ਡਾਕਟਰ ਰਾਜ ਕੁਮਾਰ :** ਉਦੋਂ ਦਿੱਲੀ ਵਿੱਚ ਕੀ ਹੋਇਆ, ਉਹ ਵੀ ਦੱਸ ਦਿਉ।

**ਡਾਕਟਰ ਅਜੈ ਗੁਪਤਾ :** ਇੱਕ ਮਿੰਟ ਜੀ। ਮੈਂ ਆਪਣੇ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਹਸਪਤਾਲਾਂ ਤੇ ਵੀ ਕਾਰਵਾਈ ਕੀਤੀ ਜਾਵੇ

[ਡਾਕਟਰ ਅਜੈ ਗੁਪਤਾ]

ਜਿਨ੍ਹਾਂ ਨੇ ਉਦੋਂ ਗਰੀਬ ਲੋਕਾਂ ਦੀ ਮਜਬੂਰੀ ਦਾ ਫਾਇਦਾ ਚੁੱਕਿਆ। ਮੈਂ ਡਾਕਟਰ ਬਲਬੀਰ ਸਿੰਘ ਜੀ ਨੂੰ, ਮਾਨਯੋਗ ਹੈਲਥ ਮਨਿਸਟਰ ਸਾਹਿਬ ਨੂੰ ਇਸ ਸਦਨ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਹਸਪਤਾਲਾਂ ਨੇ ਉਦੋਂ ਗਰੀਬਾਂ ਦੀ ਮਜਬੂਰੀ ਦਾ ਨਾਜਾਇਜ਼ ਫਾਇਦਾ ਉਠਾਇਆ, ਉਨ੍ਹਾਂ ਹਸਪਤਾਲਾਂ ਨੂੰ ਨਾਮਜ਼ਦ ਕੀਤਾ ਜਾਵੇ ਅਤੇ ਉਨ੍ਹਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਆਮ ਆਦਮੀ ਪਾਰਟੀ ਦੀ ਸਰਕਾਰ, ਆਮ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ, ਇਹ ਕ੍ਰਾਂਤੀਕਾਰੀ ਅੰਦੋਲਨ ਵਿੱਚੋਂ ਨਿਕਲੀ ਹੋਈ ਸਰਕਾਰ ਹੈ, ਇਹ ਸਰਕਾਰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ ਕਿ ਕਿਸੇ ਵੀ ਜ਼ਰੂਰਤਮੰਦ ਇਨਸਾਨ ਨਾਲ ਕੋਈ ਬੰਦਾ ਜ਼ਿਆਦਤੀ ਕਰੇ। ਸੋ, ਡਾਕਟਰ ਚਰਨਜੀਤ ਜੀ ਜੋ ਮਤਾ ਲੈ ਕੇ ਆਏ ਹਨ, ਇਹ ਬੜਾ ਅੱਛਾ ਮਤਾ ਹੈ। ਵਾਕਿਆ ਹੀ ਐਮ.ਆਰ.ਪੀ. 200-200 ਪ੍ਰਤੀਸ਼ਤ ਜਾਂ 300-300 ਪ੍ਰਤੀਸ਼ਤ ਜ਼ਿਆਦਾ ਹੁੰਦੀ ਹੈ। ਇਸ ਤੇ ਗੌਰ ਕਰਨ ਦੀ ਲੋੜ ਹੈ। ਇਹ ਵੀ ਸੋਚਣ ਦੀ ਲੋੜ ਹੈ ਕਿ ਇਸ ਨੂੰ ਕੌਣ ਲਿਆਇਆ ਹੈ? ਅੱਜ ਜੇਕਰ ਛੋਟੇ ਹਸਪਤਾਲ ਵਿੱਚ ਕੋਈ ਮਰੀਜ਼ ਜਾਂਦਾ ਹੈ ਤਾਂ ਉਹ ਦੇਖਦਾ ਹੈ ਕਿ ਐਮ.ਆਰ.ਪੀ. ਕਿੰਨੀ ਹੈ। ਜੇਕਰ ਕੋਈ Escorts, Fortis ਜਾਂ Apollo ਹਸਪਤਾਲ ਵਿੱਚ ਜਾਂਦਾ ਹੈ ਤਾਂ ਉਸ ਨੂੰ ਇੰਨੀ ਵੀ ਇਜਾਜ਼ਤ ਨਹੀਂ ਹੁੰਦੀ ਕਿ ਇੰਜੈਕਸ਼ਨ ਦਾ ਐਮ.ਆਰ.ਪੀ. ਵੀ ਪੜ੍ਹ ਲਵੇ। ਸੋ, ਡਾਕਟਰ ਸਾਹਿਬ, ਤੁਸੀਂ ਬੜਾ ਅੱਛਾ ਮਤਾ ਲੈ ਕੇ ਆਏ ਹੋ। ਮੈਂ ਇਸ ਸਦਨ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਮੁੱਦੇ ਨੂੰ ਸੈਂਟਰਲ ਸਰਕਾਰ ਨਾਲ ਟੇਕ ਅੱਪ ਕਰੀਏ ਅਤੇ ਜਿਹੜੀ ਗਰੀਬਾਂ ਨਾਲ ਲੁੱਟ-ਖਸੁੱਟ ਹੋ ਰਹੀ ਹੈ, ਉਸ ਨੂੰ ਰੋਕ ਸਕੀਏ। ਧੰਨਵਾਦ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ :** ਧੰਨਵਾਦ ਜੀ। ਹੁਣ ਡਾਕਟਰ ਨਛੱਤਰ ਪਾਲ ਜੀ ਬੋਲਣਗੇ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ) :** ਮਾਨਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਇੱਕ ਬਹੁਤ ਹੀ ਅਹਿਮ ਮਤੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਡਾਕਟਰ ਚਰਨਜੀਤ ਸਿੰਘ, ਐਮ.ਐਲ.ਏ. ਚਮਕੌਰ ਸਾਹਿਬ ਜਿਹੜਾ ਮਤਾ ਲੈ ਕੇ ਆਏ ਹਨ, ਮੈਂ ਉਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਸਾਥ ਦਿੰਦਾ ਹਾਂ। ਪਿਛਲੇ ਦਿਨੀਂ ਮਾਨਯੋਗ ਸਪੀਕਰ ਸਾਹਿਬ ਨੇ ਇੱਕ ਬਹੁਤ ਹੀ ਅਹਿਮ ਮੀਟਿੰਗ ਬੁਲਾਈ ਸੀ ਜਿਸ ਵਿੱਚ ਬਹੁਤ ਹੀ ਮਾਹਿਰ ਡਾਕਟਰ, ਫਾਰਮਾਸਿਸਟ ਅਤੇ ਸਟੇਟ ਦੇ ਸਾਰੇ ਅਫ਼ਸਰ ਸਾਹਿਬਾਨ ਆਏ, ਇਸ ਮੀਟਿੰਗ ਵਿੱਚ ਪੰਜਾਬ ਵਿੱਚ ਸਿਹਤ ਸਹੂਲਤਾਂ

ਅਤੇ ਦਵਾਈਆਂ ਦੇ ਰੇਟਾਂ ਦੇ ਐਮ.ਆਰ.ਪੀ. ਸਬੰਧੀ ਬੜਾ-ਲੰਮਾ ਸਮਾਂ ਡਿਸਕਸ਼ਨ ਹੋਈ। ਇਹ ਵਾਧਾ ਕਿਉਂ ਹੋਇਆ ਹੈ? ਮੈਂ ਵੀ ਇੱਕ ਫਾਰਮਾਸਿਸਟ ਹਾਂ। ਜਦੋਂ ਅਸੀਂ ਦਵਾਈ ਲੈਂਦੇ ਹਾਂ ਤਾਂ ਜਿਹੜੀ ਦਵਾਈ Ciprofloxacin, Ofloxacin, Viprazole ਜਾਂ cetrizine ਹੈ, ਇਨ੍ਹਾਂ ਦੇ ਰੇਟ 10/- ਰੁਪਏ ਤੋਂ ਲੈ ਕੇ 100/-ਰੁਪਏ ਤੱਕ ਹਨ ਪਰ ਜਿਹੜੀਆਂ ਸਟੈਂਡਰਡ ਦੀਆਂ ਕੰਪਨੀਆਂ, ਦੂਜੀਆਂ ਵੱਡੀਆਂ-ਵੱਡੀਆਂ ਕੰਪਨੀਆਂ ਹਨ, ਉਨ੍ਹਾਂ ਦੇ ਰੇਟਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਮੈਂ ਦੱਸਣਾ ਚਾਹਾਂਗਾ ਕਿ ਸਾਲ 2002 ਵਿੱਚ ਫਾਰਮੇਸੀ ਕਰਨ ਉਪਰੰਤ ਅਸੀਂ ਦੁਕਾਨ ਸ਼ੁਰੂ ਕੀਤੀ, ਇੱਕ ਇੰਜੈਕਸ਼ਨ Emeset 2 ml ਆਉਂਦਾ ਹੈ, ਜਿਹੜਾ ਸਾਨੂੰ 33/- ਰੁਪਏ ਦਾ ਮਿਲਦਾ ਸੀ ਅਤੇ ਅਸੀਂ 35/- ਰੁਪਏ ਨੂੰ ਵੇਚਦੇ ਸੀ। ਮੈਂ ਥੋੜ੍ਹੇ ਦਿਨਾਂ ਬਾਅਦ ਲੁਧਿਆਣਾ ਪਰਚੇਜ਼ ਕਰਨ ਗਿਆ ਅਤੇ ਜਦੋਂ ਮੈਂ ਆ ਕੇ ਬਿਲ ਦੇਖਿਆ ਤਾਂ ਉਹ ਇੰਜੈਕਸ਼ਨ ਸਾਨੂੰ 13/- ਰੁਪਏ ਵਿੱਚ ਲਗਾਇਆ ਗਿਆ। ਮੈਨੂੰ ਲੱਗਿਆ ਕਿ ਉਸ ਨੂੰ ਭੁਲੇਖਾ ਲੱਗ ਗਿਆ, ਮੈਂ ਉਸ ਨੂੰ ਦੁਬਾਰਾ ਫੋਨ ਕੀਤਾ ਕਿ ਭਾਈ ਰੇਟ ਘੱਟ ਲਗਾ ਦਿੱਤਾ, ਉਹ ਕਹਿੰਦਾ "ਹੋ ਸਕਦਾ ਹੈ ਕਿ ਜ਼ਿਆਦਾ ਲੱਗ ਗਿਆ ਹੋਵੇ, ਇਸ ਨੂੰ ਹੋਰ ਵੀ ਘੱਟ ਕਰ ਸਕਦੇ ਹਾਂ"। ਮਤਲਬ ਜਿਹੜਾ ਇੰਜੈਕਸ਼ਨ 35/- ਰੁਪਏ ਨੂੰ ਵੇਚ ਰਹੇ ਸੀ, ਉਹ 15 ਕੁ ਰੁਪਏ ਦਾ ਮਿਲਦਾ ਹੈ। ਇਸ ਵਿੱਚ ਕਿੰਨਾ ਵੱਡਾ ਹੇਰ-ਫੇਰ ਅਤੇ ਕਿੰਨੀ ਵੱਡੀ ਲੁੱਟ-ਖਸੁੱਟ ਹੈ।

ਕੁਦਰਤੀ ਨਿਆਮਤ, ਸਾਨੂੰ ਪ੍ਰਮਾਤਮਾ ਨੇ ਅੱਖਾਂ ਦਿੱਤੀਆਂ। ਜਿਹੜੇ ਲੋਕ ਨਹੀਂ ਦੇਖ ਸਕਦੇ, ਇਸ ਦੀ ਘਾਟ ਉਨ੍ਹਾਂ ਨੂੰ ਪੁੱਛ ਕੇ ਦੇਖੋ।ਅੱਖਾਂ ਦੇ ਲੈਨਜ਼ਾਂ ਦੇ ਰੇਟ 5,000/-, 10,000/- ਜਾਂ 15,000/- ਹੈ। ਪੈਰਾਲਾਈਜ਼ ਲਈ Flexon ਇੰਜੈਕਸ਼ਨ ਵਰਤਿਆ ਜਾਂਦਾ ਹੈ, ਇਹ ਇੰਜੈਕਸ਼ਨ ਇੱਕ ਕੰਪਨੀ ਦਾ 450/- ਰੁਪਏ ਦਾ ਮਿਲਦਾ ਹੈ ਅਤੇ ਦੂਜੀ ਕੰਪਨੀ ਦਾ 250/- ਰੁਪਏ ਦਾ ਮਿਲਦਾ ਹੈ। ਇਹ ਆਮ ਲੋਕਾਂ ਨੂੰ ਨਹੀਂ ਪਤਾ। ਜਿਵੇਂ ਡਾਕਟਰ ਸਾਹਿਬ ਨੇ ਦੱਸਿਆ ਹੈ ਕਿ ਵੱਡੇ ਵੱਡੇ ਕਾਰਪੋਰੇਟ ਘਰਾਣੇ ਜਦੋਂ ਐਜੂਕੇਸ਼ਨ ਅਤੇ ਹੈਲਥ ਦੇ ਖੇਤਰ ਵਿੱਚ ਆਏ, ਉਨ੍ਹਾਂ ਨੇ ਵੱਡੀ ਪੱਧਰ ਤੇ ਲੋਕਾਂ ਦੀ ਲੁੱਟ-ਖਸੁੱਟ ਸ਼ੁਰੂ ਕੀਤੀ। ਅਸੀਂ ਪੰਜਾਬ ਵਾਸੀ ਬਹੁਤ ਭਾਗਾਂ ਵਾਲੇ ਹਾਂ, ਸਿਹਤ ਮਹਿਕਮੇ ਦੇ ਮੰਤਰੀ ਸਾਡੇ ਬਹੁਤ ਹੀ ਸਤਿਕਾਰਯੋਗ ਡਾਕਟਰ ਬਲਬੀਰ ਸਿੰਘ ਜੀ ਹਨ, ਜਿਨ੍ਹਾਂ ਦਾ ਇਸ ਫੀਲਡ ਵਿੱਚ ਲੰਮਾ ਤਜਰਬਾ ਹੈ। ਇਹ ਬਹੁਤ ਹੀ ਸਤਿਕਾਰਯੋਗ ਹਨ ਔਰ ਇਹ ਹਮੇਸ਼ਾ ਸੁਹਿਰਦ ਰਹਿੰਦੇ ਹਨ ਕਿ ਸਿਹਤ ਸੇਵਾਵਾਂ ਗਰੀਬ ਤੋਂ ਗਰੀਬ ਤੱਕ ਪਹੁੰਚਾਈਆਂ ਜਾਣ। ਮੈਂ ਇਸ ਗੱਲ ਲਈ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ।

[ਡਾਕਟਰ ਨਛੱਤਰ ਪਾਲ]

ਪੰਜਾਬ ਵਿੱਚ ਡਾਕਟਰਾਂ ਅਤੇ ਸਟਾਫ ਦੀ ਘਾਟ ਹੈ। ਇੱਥੇ ਵੱਡੀਆਂ ਵੱਡੀਆਂ ਬਿਲਡਿੰਗਾਂ ਤਾਂ ਹਨ, ਜਿੱਥੇ ਸਿਹਤ ਸਹੂਲਤਾਂ ਮਿਲ ਸਕਦੀਆਂ ਹਨ,ਪਰ ਉਨ੍ਹਾਂ ਵਿੱਚ ਸਟਾਫ ਨਹੀਂ ਹੈ। ਜਦੋਂ ਕਿਸੇ ਪ੍ਰਾਈਵੇਟ ਹਸਪਤਾਲਾਂ ਵਿੱਚ ਕਿਸੇ ਫੀਲਡ ਦਾ ਡਾਕਟਰ ਨਹੀਂ ਹੁੰਦਾ ਅਤੇ ਸਬੰਧਿਤ ਡਾਕਟਰ ਨੂੰ ਅਪਰੇਸ਼ਨ ਕਰਨ ਲਈ ਬੁਲਾਇਆ ਜਾਂਦਾ ਹੈ ਅਤੇ ਉਹ ਆਪਣੇ ਕੰਮ ਦੇ ਬਦਲੇ ਪੈਸੇ ਚਾਰਜ ਕਰਦਾ ਹੈ। ਮੇਰੀ ਬੇਨਤੀ ਹੈ ਕਿ ਇਸੇ ਤਰ੍ਹਾਂ ਅਸੀਂ ਵੀ ਪ੍ਰਾਈਵੇਟ ਹਸਪਤਾਲਾਂ ਵਿੱਚੋਂ ਡਾਕਟਰ ਹਾਇਰ ਕਰਕੇ ਸਰਕਾਰੀ ਹਸਪਤਾਲਾਂ ਵਿੱਚ ਲਿਆਈਏ ਤਾਂ ਕਿ ਅਸੀਂ ਮਰੀਜ਼ਾਂ ਦਾ ਇਲਾਜ ਕਰਵਾ ਸਕੀਏ ਅਤੇ ਫਰੀ ਦਵਾਈਆਂ ਦੇ ਕੇ ਸਿਹਤ ਸਹੂਲਤਾਂ ਦੇ ਸਕੀਏ। ਮੈਂ ਸਮਝਦਾ ਹਾਂ ਕਿ ਤੁਸੀਂ ਬੜੀ ਇਮਾਨਦਾਰੀ, ਦਿਆਨਤਾਰੀ ਨਾਲ ਚਾਹੁੰਦੇ ਹੋ ਕਿ ਪੰਜਾਬ ਵਿੱਚ ਐਜੂਕੇਸ਼ਨ ਔਰ ਹੈਲਥ ਚੰਗੇ ਤਰੀਕੇ ਨਾਲ ਲਾਗੂ ਹੋਵੇ।

ਸਾਲ 1996 ਤੋਂ ਬਾਅਦ ਕਦੇ ਵੀ ਫਾਰਮਾਸਿਸਟਾਂ ਦੀ ਭਰਤੀ ਨਹੀਂ ਹੋਈ। 1100 ਫਾਰਮਾਸਿਸਟ ਸਾਲ 2006 ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਹਨ। ਆਪਾਂ ਡੀ-ਫਾਰਮੇਸੀ ਕਰਵਾਉਂਦੇ ਸੀ ਕਿ ਉਹ ਫਾਰਮਾਸਿਸਟ ਲੱਗੇ, ਹੁਣ ਉਸ ਦੀ ਕੁਆਲੀਫਿਕੇਸ਼ਨ ਬੀ-ਫਾਰਮੇਸੀ ਕਰ ਦਿੱਤੀ ਹੈ ਔਰ ਹੋਇਆ ਕੀ? ਜਿਹੜੇ ਫਾਰਮਾਸਿਸਟ ਕੈਮਿਸਟ ਸ਼ਾਪ ਖੋਲ੍ਹ ਸਕਦੇ ਹਨ, ਉਸ ਨੂੰ ਅਧਿਕਾਰ ਦਿੱਤਾ ਜਾਵੇ ਕਿ ਉਹ ਕੈਮਿਸਟ ਸ਼ਾਪ ਖੋਲ੍ਹੇ, ਉਨ੍ਹਾਂ ਦੇ ਨਾਂ ਤੇ ਹੋਰ ਲੋਕ ਜਿਵੇਂ ਮਾਨਯੋਗ ਪਰਾਸ਼ਰ ਸਾਹਿਬ ਨੇ ਇੱਕ ਵਾਰ ਮੀਟਿੰਗ ਵਿੱਚ ਗੱਲ ਕੀਤੀ ਸੀ ਕਿ ਕਰਿਆਨਾ, ਸਬਜ਼ੀਆਂ ਵਾਲੇ ਕਿਸੇ ਫਾਰਮਾਸਿਸਟ ਦਾ ਲਾਇਸੰਸ ਲੈ ਕੇ ਆਪਣੀਆਂ ਦੁਕਾਨਾਂ ਚਲਾ ਰਹੇ ਹਨ। ਮੈਂ ਕੁਆਲੀਫਾਈਡ ਫਾਰਮਾਸਿਸਟ ਪਰਸਨ ਸੀ, ਮੈਂ ਐਮ.ਐਲ.ਏ. ਬਣਨ ਉਪਰੰਤ ਹੁਣੇ ਉਥੋਂ ਰਿਜ਼ਾਈਨ ਕੀਤਾ ਸੀ। ਡਰੱਗ ਕੰਟਰੋਲਰ ਵਾਲੇ ਡਰੱਗ ਇੰਸਪੈਕਟਰ ਲਗਾਤਾਰ ਤਿੰਨ-ਚਾਰ ਵਾਰ ਹਰੇਕ ਦੁਕਾਨ ਤੇ ਵਿਜ਼ਿਟ ਕਰਦੇ ਹਨ। ਹਰੇਕ ਵਾਰ ਹਰੇਕ ਆਦਮੀ ਦਾ ਸੈਂਪਲ ਭਰਿਆ ਜਾਂਦਾ ਹੈ ਜਿੱਥੇ-ਕਿਤੇ ਕੋਈ ਕਮੀ-ਪੇਸ਼ੀ ਆਉਂਦੀ ਹੈ, ਉਸ ਦੇ ਖਿਲਾਫ ਮਹਿਕਮਾ ਐਕਸ਼ਨ ਵੀ ਲੈਂਦਾ ਹੈ। ਇਸ ਕਰਕੇ ਅੱਜ ਮੈਂ ਡਾਕਟਰ ਚਰਨਜੀਤ ਸਿੰਘ ਵੱਲੋਂ ਪੇਸ਼ ਕੀਤੇ ਮਤੇ ਦੇ ਹੱਕ ਵਿੱਚ ਹਾਂ ਅਤੇ ਮੈਂ ਆਸ ਕਰਦਾ ਹਾਂ ਕਿ ਜਿਹੜੀ ਗੱਲ ਨੂੰ ਤੁਸੀਂ ਲੈ ਕੇ ਚੱਲੇ ਹੋ, ਇਸ ਵਾਸਤੇ ਸਮੁੱਚਾ ਪੰਜਾਬ ਤੁਹਾਡੇ ਨਾਲ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਸ਼੍ਰੀਮਤੀ ਨੀਨਾ ਮਿੱਤਲ (ਰਾਜਪੁਰਾ):** ਬਹੁਤ ਬਹੁਤ ਧੰਨਵਾਦ ਜੀ। ਪੰਜਾਬ ਸਰਕਾਰ ਵੱਲੋਂ ਸਿਹਤ ਸਹੂਲਤਾਂ ਵੱਲ ਧਿਆਨ ਦੇ ਕੇ ਸਿਹਤ ਸਹੂਲਤਾਂ ਨੂੰ ਸੁਧਾਰਿਆ

ਜਾ ਰਿਹਾ ਹੈ, ਮੈਂ ਉਸ ਲਈ ਸ਼ੁਕਰਗੁਜ਼ਾਰ ਹਾਂ। ਪੰਜਾਬ ਵਿੱਚ ਮੁਹੱਲਾ ਕਲੀਨਿਕ ਖੁੱਲ੍ਹੇ ਜਿਸ ਨਾਲ ਲੋਕਾਂ ਨੂੰ ਬਹੁਤ ਸਹੂਲਤਾਂ ਮਿਲ ਰਹੀਆਂ ਹਨ। ਅੱਜ ਇਸ ਸਦਨ ਵਿੱਚ ਮਹਿੰਗੀਆਂ ਦਵਾਈਆਂ ਵੱਲ ਧਿਆਨ ਦੇਣ ਲਈ ਡਿਸਕਸ਼ਨ ਹੋ ਰਹੀ ਹੈ, ਇਹ ਵੀ ਬਹੁਤ ਅੱਛੀ ਗੱਲ ਹੈ। ਦਵਾਈਆਂ ਮਹਿੰਗੀਆਂ ਹੋਣ ਕਾਰਨ ਸਿਹਤ ਸਹੂਲਤਾਂ ਦੇ ਅਦਾਰਿਆਂ ਵਿੱਚ ਬਹੁਤ ਵੱਡੀ ਲੁੱਟ-ਖਸੁੱਟ ਹੋ ਰਹੀ ਹੈ।

ਇਸ ਦੇ ਨਾਲ ਨਾਲ ਮੈਂ ਹਸਪਤਾਲਾਂ ਵਿੱਚ ਪੇਡ ਪਾਰਕਿੰਗ ਵੱਲ ਧਿਆਨ ਦਿਵਾਉਣਾ ਚਾਹੁੰਦੀ ਹਾਂ ਅਤੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਜਦੋਂ ਇੱਕ ਗਰੀਬ ਬੰਦਾ ਹਸਪਤਾਲ ਵਿੱਚ ਜਾਂਦਾ ਹੈ ਤਾਂ ਉਸ ਦੀ ਓ.ਪੀ.ਡੀ. ਦੀ 10/-ਰੁਪਏ ਦੀ ਪਰਚੀ ਲੱਗਦੀ ਹੈ ਪਰੰਤੂ ਪਾਰਕਿੰਗ ਦੀ ਫੀਸ 20/-ਰੁਪਏ ਭਾਵ ਡਾਕਟਰ ਦੀ ਪਰਚੀ ਤੋਂ ਜ਼ਿਆਦਾ ਲੱਗਦੀ ਹੈ, ਇੱਕ ਗਰੀਬ ਬੰਦਾ ਦਵਾਈ ਲਵੇ ਜਾਂ ਪਾਰਕਿੰਗ ਦੀ ਫੀਸ ਦੇਵੇ। ਇਸ ਤੋਂ ਇਲਾਵਾ ਪਾਰਕਿੰਗ ਵਿੱਚ ਗੁੰਡਾਗਰਦੀ ਵੀ ਹੁੰਦੀ ਹੈ। ਮੈਂ ਡਾਕਟਰ ਬਲਬੀਰ ਸਿੰਘ ਜੀ ਨੂੰ ਕਹਿਣਾ ਚਾਹੁੰਦੀ ਹਾਂ ਕਿ ਜੇਕਰ ਆਪਾਂ ਗਰੀਬਾਂ ਦੀ ਮਦਦ ਹੀ ਕਰਨ ਲੱਗੇ ਹਾਂ ਤਾਂ ਹਸਪਤਾਲਾਂ ਵਿੱਚ ਪਾਰਕਿੰਗ ਵੀ ਫਰੀ ਕੀਤੀ ਜਾਵੇ। ਸੋ, ਮੇਰੀ ਬੇਨਤੀ ਹੈ ਕਿ ਕੋਈ ਅਜਿਹੀ ਤਜਵੀਜ਼ ਲਿਆਂਦੀ ਜਾਵੇ ਜਿਸ ਨਾਲ ਹਸਪਤਾਲਾਂ ਦੀ ਪਾਰਕਿੰਗ ਫਰੀ ਕੀਤੀ ਜਾਵੇ। ਫਿਰ ਇੱਕ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜੇਕਰ ਪਾਰਕਿੰਗ ਫਰੀ ਹੁੰਦੀ ਹੈ ਤਾਂ ਵਹੀਕਲ ਚੋਰੀ ਹੋ ਜਾਣ ਦਾ ਡਰ ਹੈ ਪਰੰਤੂ ਇਸ ਲਈ ਇੱਕ ਗਾਰਡ ਵੀ ਰੱਖਿਆ ਜਾ ਸਕਦਾ ਹੈ ਜਿਹੜਾ ਕਿ ਵਹੀਕਲਜ਼ ਦਾ ਧਿਆਨ ਰੱਖੇ।

ਸਰਕਾਰ ਬਹੁਤ ਅੱਛਾ ਕੰਮ ਕਰ ਰਹੀ ਹੈ ਅਤੇ ਜਿਹੜੇ ਮੁਹੱਲਾ ਕਲੀਨਿਕ ਵਿੱਚ ਡਾਕਟਰ ਤੈਨਾਤ ਹਨ ਉਹ ਵੀ ਲੋਕਾਂ ਦੀ ਮਦਦ ਕਰ ਰਹੇ ਹਨ। ਅੱਜ ਸਦਨ ਵਿੱਚ ਜੋ ਦਵਾਈਆਂ ਸਬੰਧੀ ਡਿਸਕਸ਼ਨ ਹੋ ਰਹੀ ਹੈ, ਉਹ ਵੀ ਬਹੁਤ ਅੱਛੀ ਹੋ ਰਹੀ ਹੈ ਕਿਉਂਕਿ ਇਸ ਸਦਨ ਵਿੱਚ ਸਾਡੇ ਬਹੁਤ ਸਾਰੇ ਸਾਥੀ ਡਾਕਟਰ ਹਨ। ਸਾਡੇ ਸਾਥੀ ਬਹੁਤ ਅੱਛੀਆਂ ਚੀਜ਼ਾਂ ਵੱਲ ਧਿਆਨ ਦੇ ਰਹੇ ਹਨ।

ਇਸ ਤੋਂ ਇਲਾਵਾ ਮੈਂ ਇੱਕ ਹੋਰ ਗੱਲ ਵੱਲ ਧਿਆਨ ਦਿਵਾਉਣਾ ਚਾਹੁੰਦੀ ਹਾਂ ਕਿ ਬਹੁਤ ਸਾਰੇ ਪ੍ਰਾਈਵੇਟ ਅਦਾਰੇ ਹਨ ਜੋ ਕਿ ਸਾਡੇ ਮੁਹੱਲਾ-ਕਲੀਨਿਕਸ ਵਿੱਚ ਸਾਡੀ ਮਦਦ ਕਰਨੀ ਚਾਹੁੰਦੇ ਹਨ। ਜਿਵੇਂ ਮੈਂ ਆਪਣੇ ਹਲਕੇ ਰਾਜਪੁਰਾ ਦੀ ਗੱਲ ਕਰਾਂ ਤਾਂ ਮੈਂ ਤਿੰਨ ਮੁਹੱਲਾ ਕਲੀਨਿਕ ਪ੍ਰਾਈਵੇਟ ਅਦਾਰਿਆਂ ਨਾਲ ਰਲ ਕੇ ਖੋਲ੍ਹੇ ਹੋਏ ਹਨ। ਇਸ ਵਿੱਚ ਇੱਕ ਗਿਆਨ ਸਾਗਰ, ਆਮ ਆਦਮੀ ਕਲੀਨਿਕ ਹੈ ਅਤੇ ਦੂਜਾ ਸਿਟੀ ਹਸਪਤਾਲ ਆਮ ਆਦਮੀ ਕਲੀਨਿਕ ਹੈ। ਪ੍ਰਾਈਵੇਟ ਅਦਾਰੇ ਇਨ੍ਹਾਂ ਕਲੀਨਿਕਾਂ ਵਿੱਚ

ਡਾਕਟਰ ਅਤੇ ਟੈਸਟ ਮੁਹੱਈਆ ਕਰਵਾ ਰਹੇ ਹਨ ਅਤੇ ਦਵਾਈਆਂ ਅਸੀਂ ਆਪਣੇ ਵੱਲੋਂ ਦੇ ਰਹੇ ਹਾਂ। ਕਿਉਂ ਨਾ ਪੂਰੇ ਪੰਜਾਬ ਵਿੱਚ ਇਹ ਚੀਜ਼ ਕੀਤੀ ਜਾਵੇ ਕਿ ਜਿਹੜੇ ਪ੍ਰਾਈਵੇਟ ਅਦਾਰੇ ਅੱਗੇ ਆ ਕੇ, ਸਰਕਾਰ ਨਾਲ ਮਿਲ ਕੇ ਲੋਕਾਂ ਦੀ help ਕਰਨਾ ਚਾਹੁੰਦੇ ਹਨ, ਅਸੀਂ ਉਨ੍ਹਾਂ ਦਾ welcome ਕਰੀਏ। ਜੇ ਕਿਸੇ ਮਰੀਜ਼ ਨੂੰ ਕੋਈ ਛੋਟੀ-ਮੋਟੀ ਪ੍ਰਾਬਲਮ ਹੈ, ਉਹ ਤਾਂ ਮੁਹੱਲਾ-ਕਲੀਨਿਕਾਂ ਵਿੱਚ solve ਹੋ ਜਾਂਦੀ ਹੈ। ਜੇਕਰ ਸਾਡਾ ਪ੍ਰਾਈਵੇਟ ਅਦਾਰਿਆਂ ਨਾਲ ਸੰਪਰਕ ਹੋਵੇਗਾ ਤਾਂ ਉਹ ਹਸਪਤਾਲ ਵਿੱਚ ਲਿਜਾ ਕੇ ਬਹੁਤ ਹੀ ਸਸਤੇ ਰੇਟਾਂ ਤੇ ਗਰੀਬ ਲੋਕਾਂ ਨੂੰ ਮਦਦ ਦੇ ਸਕਦੇ ਹਨ। ਜਿਵੇਂ ਪੰਜਾਬ ਸਰਕਾਰ ਨੇ ਲੋਕਾਂ ਨੂੰ ਸਿਹਤ-ਸਹੂਲਤਾਂ ਦੇਣ ਦਾ ਵਾਅਦਾ ਕੀਤਾ ਹੈ, ਇਸ ਨਾਲ ਉਹ ਵੀ ਪੂਰਾ ਹੋ ਸਕਦਾ ਹੈ ਅਤੇ ਗਰੀਬ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਵਿੱਚ ਵੀ ਮਦਦ ਮਿਲ ਸਕਦੀ ਹੈ। ਡਾਕਟਰ ਬਲਬੀਰ ਸਿੰਘ ਜੀ ਨਾਲ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ ਹੈ ਔਰ ਇਹ ਬਹੁਤ ਹੀ ਅੱਛਾ ਕੰਮ ਕਰ ਰਹੇ ਹਨ। ਮੈਂ ਪੰਜਾਬ ਸਰਕਾਰ ਅਤੇ ਡਾਕਟਰ ਬਲਬੀਰ ਸਿੰਘ ਜੀ ਦਾ ਧੰਨਵਾਦ ਕਰਾਂਗੀ, ਜੋ ਸਿਹਤ ਸਹੂਲਤਾਂ ਵੱਲ ਧਿਆਨ ਦੇ ਕੇ ਪੰਜਾਬ ਨੂੰ ਅੱਗੇ ਲਿਜਾ ਰਹੇ ਹਨ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ :** ਧੰਨਵਾਦ ਜੀ, ਮਾਨਯੋਗ ਮੈਂਬਰ ਸਾਹਿਬਾਨਾਂ ਨੂੰ ਮੇਰੀ ਬੇਨਤੀ ਹੈ ਕਿ ਆਪਾਂ ਜੋ ਐਮ.ਆਰ.ਪੀ. ਵਾਲਾ ਮਤਾ ਹੈ, ਉਸੇ ਤੇ ਹੀ ਸੀਮਤ ਰਹਿ ਕੇ ਗੱਲ ਕਰੀਏ। ਹਾਂ ਜੀ, ਡਾਕਟਰ ਜਸਬੀਰ ਸਿੰਘ ਸੰਧੂ ਸਾਹਿਬ ਜੀ।

**ਡਾਕਟਰ ਜਸਬੀਰ ਸਿੰਘ ਸੰਧੂ (ਅੰਮ੍ਰਿਤਸਰ ਪੱਛਮੀ, ਐਸ.ਸੀ.):** ਸਭ ਤੋਂ ਪਹਿਲਾਂ ਤਾਂ ਮੈਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦਾ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਸੋਚ ਸਦਕਾ ਪੰਜਾਬ ਅੱਜ ਮੈਡੀਕਲ ਸਿੱਖਿਆ ਦੇ ਖੇਤਰ ਵਿੱਚ ਸਪੀਡ-ਅੱਪ ਹੋਇਆ ਹੈ। ਸੋ, ਗੱਲ ਦਵਾਈਆਂ ਦੀ ਐਮ.ਆਰ.ਪੀ. ਤੇ ਚੱਲ ਰਹੀ ਹੈ ਅਤੇ ਡਾਕਟਰ ਚਰਨਜੀਤ ਸਿੰਘ ਜੀ ਜੋ ਰੈਜ਼ੋਲਿਊਸ਼ਨ ਲਿਆਏ ਹਨ, ਮੈਂ ਉਸ ਦੀ ਸੁਪੋਰਟ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪੰਜਾਬ ਸਰਕਾਰ ਵੀ ਇਸ ਸਬੰਧੀ ਪੂਰਾ ਜ਼ੋਰ ਦੇਵੇਗੀ। ਸਾਡੇ ਸਿਹਤ ਮੰਤਰੀ, ਡਾਕਟਰ ਬਲਬੀਰ ਸਿੰਘ ਜੀ ਬਹੁਤ ਮਿਹਨਤ ਕਰ ਰਹੇ ਹਨ। ਇਹ ਇਨ੍ਹਾਂ ਦੀ ਸੁਹਿਰਦ ਸੋਚ ਹੈ ਕਿ ਸਾਡੇ ਪੰਜਾਬ ਵਾਸੀਆਂ ਨੂੰ ਜਿਹੜੀ ਦਵਾਈ 30/-ਰੁਪਏ ਦੀ ਮਿਲਦੀ ਹੈ ਤਾਂ ਉਹ 3/-ਰੁਪਏ ਦੀ ਮਿਲਣੀ ਚਾਹੀਦੀ ਹੈ। ਇਸ ਵਿੱਚ ਇੱਕ ਬਹੁਤ ਵੱਡੀ negligence ਵੀ ਕਹਿ ਸਕਦੇ ਹਾਂ ਕਿ ਕੁਝ ਹਸਪਤਾਲ

ਕਾਰਪੋਰੇਟ ਘਰਾਣੇ ਹਨ ਉਨ੍ਹਾਂ ਨੇ ਦਵਾਈਆਂ ਆਪਣੇ ਬ੍ਰਾਂਡ ਨੇਮ ਹੇਠ ਰੱਖੀਆਂ ਹੋਈਆਂ ਹਨ, ਉਹ ਆਪਣੀ ਮਨੋਪਲੀ ਅਧੀਨ ਕੰਮ ਕਰ ਰਹੇ ਹਨ। ਆਪਣੇ ਬ੍ਰਾਂਡ ਹੇਠ ਦਵਾਈ ਤਿਆਰ ਕਰ ਰਹੇ ਹਨ। ਸੋ, ਉਹ ਦਵਾਈ ਨਾ ਤਾਂ ਮੈਡੀਕਲ ਸਟੋਰ ਤੋਂ ਮਿਲਦੀ ਹੈ ਅਤੇ ਨਾ ਹੀ ਕਿਸੇ ਸਰਕਾਰੀ ਡਿਸਪੈਂਸਰੀ ਤੋਂ ਮਿਲਦੀ ਹੈ। ਮੈਂ ਪ੍ਰਾਈਵੇਟ ਹਸਪਤਾਲਾਂ ਦੀ ਗੱਲ ਕਰ ਰਿਹਾ ਹਾਂ, ਉਨ੍ਹਾਂ ਵੱਲੋਂ ਲਿਖੀ ਗਈ ਦਵਾਈ ਬਹੁਤ ਹੀ ਘੱਟ ਮਿਲਦੀ ਹੈ। ਸੋ, ਅਜਿਹੀ ਲੁੱਟ ਨੂੰ ਰੋਕਣ ਲਈ ਕੋਈ ਕਾਨੂੰਨ ਪਾਸ ਕੀਤਾ ਜਾਵੇ ਅਤੇ ਉਨ੍ਹਾਂ ਤੇ ਕੰਟਰੋਲ ਕੀਤਾ ਜਾਵੇ। ਹਸਪਤਾਲਾਂ ਦੇ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋਣ ਦਾ ਇਹੀ ਕਾਰਨ ਹੈ। ਸੋ, ਹੁਣ ਸਰਕਾਰ ਇਸ ਵੱਲ ਬਹੁਤ ਧਿਆਨ ਦੇ ਰਹੀ ਹੈ, ਇਹ ਬਹੁਤ ਹੀ ਵਧੀਆ ਉਪਰਾਲਾ ਹੈ। ਜੇਕਰ ਪਹਿਲੀਆਂ ਸਰਕਾਰਾਂ ਨੇ ਇਸ ਵੱਲ ਧਿਆਨ ਦਿੱਤਾ ਹੁੰਦਾ ਤਾਂ ਸ਼ਾਇਦ ਇਹ ਨੌਬਤ ਹੀ ਨਾ ਆਉਂਦੀ। ਸੋ, ਅਸੀਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸੋਚ ਨਾਲ ਜੁੜੇ ਹਾਂ, ਜੋ ਪੰਜਾਬ ਨੂੰ ਇੱਕ ਤਰੱਕੀ ਦੇ ਮਾਡਲ ਵੱਲ ਲੈ ਕੇ ਜਾਣਗੇ ਅਤੇ ਜਿਨ੍ਹਾਂ ਨੂੰ ਸਾਰਾ ਪੰਜਾਬ ਕਹੇਗਾ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਬਹੁਤ ਵਧੀਆ ਕੰਮ ਕਰ ਰਹੇ ਹਨ। ਉਹ ਸਾਡੇ ਆਈਡਲ ਵੀ ਹਨ। ਸੋ, ਮੈਂ ਡਾਕਟਰ ਚਰਨਜੀਤ ਸਿੰਘ ਜੀ ਦੀ ਸੋਚ ਨਾਲ ਅਤੇ ਉਨ੍ਹਾਂ ਦੇ ਮਤੇ ਨਾਲ ਸਹਿਮਤ ਹਾਂ। ਮੈਂ ਆਸ ਕਰਦਾ ਹਾਂ ਕਿ ਪੰਜਾਬ ਸਰਕਾਰ ਸੈਂਟਰ ਸਰਕਾਰ ਨਾਲ ਇੱਕ ਇਹੋ-ਜਿਹੀ ਪਾਲਿਸੀ ਬਣਾ ਕੇ ਕੰਮ ਕਰੇਗੀ ਤਾਂ ਜੋ ਪੰਜਾਬ ਵਿੱਚ ਦਵਾਈਆਂ ਕੰਟਰੋਲ ਰੇਟ ਤੇ ਮਿਲ ਸਕਣ। ਬਹੁਤ ਬਹੁਤ ਧੰਨਵਾਦ ਜੀ।

**ਸ਼੍ਰੀ ਸੰਦੀਪ ਜਾਖੜ (ਅਬੋਹਰ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਦੋ ਮਿੰਟ ਹੀ ਗੱਲ ਕਰਾਂਗਾ। ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਗੱਲ ਕਰਕੇ ਗਏ ਹਨ ਕਿ ਹੈਲਥ ਕੇਅਰ ਦੇ ਮੁੱਦੇ ਤੇ ਕਿਸੇ ਨੂੰ ਵੀ ਸਿਆਸਤ ਨਹੀਂ ਕਰਨੀ ਚਾਹੀਦੀ। ਪੰਜਾਬ ਦੇ ਲੋਕਾਂ ਨੂੰ ਸਾਥੋਂ ਜੋ ਉਮੀਦਾਂ ਸਨ ਅਸੀਂ ਉਨ੍ਹਾਂ ਤੇ ਖਰ੍ਹੇ ਨਹੀਂ ਉੱਤਰੇ। ਇਸ ਲਈ ਪੰਜਾਬ ਦੇ ਲੋਕਾਂ ਨੇ ਅੱਜ ਤੁਹਾਨੂੰ ਮੌਕਾ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਇੱਕ ਸੁਜੈਸ਼ਨ ਦੇਣੀ ਚਾਹੁੰਦਾ ਹਾਂ ਕਿ ਅਸੀਂ ਮਹਿੰਗੀਆਂ ਦਵਾਈਆਂ ਦੀ ਗੱਲ ਕਰ ਰਹੇ ਹਾਂ। ਅਸੀਂ ਜੈਨੇਰਿਕ ਅਤੇ ਬਰਾਂਡਿਡ ਦਵਾਈਆਂ ਦੀ ਗੱਲ ਕਰ ਰਹੇ ਹਾਂ। ਮੰਤਰੀ ਸਾਹਿਬ, ਪਿੰਡਾਂ ਅਤੇ ਸ਼ਹਿਰਾਂ ਵਿੱਚ ਜਿਹੜਾ ਬੰਦਾ ਜ਼ਿਆਦਾ ਪੜ੍ਹਿਆ ਲਿਖਿਆ ਨਹੀਂ ਹੈ ਜਦੋਂ ਉਹ ਦਵਾਈ ਲੈਣ ਜਾਂਦਾ ਹੈ ਤਾਂ ਉਸ ਦੇ ਮਨ ਵਿੱਚ ਕਿਸੇ ਕੈਮਿਸਟ ਵੱਲੋਂ ਪਾ ਦਿੱਤਾ ਜਾਂਦਾ ਹੈ ਕਿ ਜਿਹੜੀ ਇੱਕ ਰੁਪਏ ਵਾਲੀ ਦਵਾਈ ਹੈ ਅਤੇ 10 ਰੁਪਏ ਵਾਲੀ ਦਵਾਈ ਹੈ ਉਸ ਦੀ ਕੁਆਲਿਟੀ ਵਿੱਚ ਫਰਕ ਹੁੰਦਾ ਹੈ। ਉਸ ਨੂੰ

[ਸ਼੍ਰੀ ਸੰਦੀਪ ਜਾਖੜ]

ਇਸ ਬਾਰੇ ਜਾਣਕਾਰੀ ਨਹੀਂ ਹੁੰਦੀ ਕਿ ਦਵਾਈਆਂ ਵਿਚਲੇ ਸਾਲਟ ਸੇਮ ਹੀ ਹੁੰਦੇ ਹਨ, ਕੋਈ ਫਰਕ ਨਹੀਂ ਹੁੰਦਾ। ਦੋਵਾਂ ਦਵਾਈਆਂ ਦਾ ਅਸਰ ਵੀ ਇੱਕੋ ਜਿਹਾ ਹੀ ਹੁੰਦਾ ਹੈ। ਮੇਰਾ ਇੱਕ ਸੁਜੈਸ਼ਨ ਹੈ ਕਿ ਜਿਹੜੀਆਂ ਆਸ਼ਾ ਵਰਕਰਜ਼ ਹਨ ਉਨ੍ਹਾਂ ਦੀ ਘਰ ਘਰ ਤੱਕ ਪਹੁੰਚ ਹੁੰਦੀ ਹੈ। ਸਾਨੂੰ ਉਨ੍ਹਾਂ ਰਾਹੀਂ ਆਮ ਲੋਕਾਂ ਨੂੰ ਐਜੂਕੇਟ ਕਰਨਾ ਚਾਹੀਦਾ ਹੈ। ਇਹ ਕੰਮ ਰਾਤੋ-ਰਾਤ ਨਹੀਂ ਹੋ ਸਕਦਾ ਪਰ ਹੌਲੀ-ਹੌਲੀ ਲੋਕਾਂ ਨੂੰ ਦੱਸਣਾ ਸ਼ੁਰੂ ਕਰੀਏ ਕਿ what is a branded drug and generic drug, ਇਹ ਕਿਹੜੀਆਂ ਦਵਾਈਆਂ ਹੁੰਦੀਆਂ ਹਨ ਅਤੇ ਇਨ੍ਹਾਂ ਵਿੱਚ ਕੀ ਫਰਕ ਹੁੰਦਾ ਹੈ। ਲਾਸਟ ਵਿੱਚ ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਬਹੁਤ ਲੋਕਾਂ ਵੱਲੋਂ ਕੋਵਿਡ ਤੇ ਵੀ ਗੱਲ ਕੀਤੀ ਗਈ ਹੈ ਕਿ ਕੋਵਿਡ ਮਹਾਂਮਾਰੀ ਦੇ ਸਮੇਂ ਦੌਰਾਨ ਕੀ ਹੋਇਆ ਜਾਂ ਕੀ ਨਹੀਂ ਹੋਇਆ। ਮੰਤਰੀ ਸਾਹਿਬ, ਕੋਵਿਡ ਵਿੱਚ ਜਿਹੜੇ ਸਰਕਾਰੀ ਡਾਕਟਰ ਸਨ, they came out with flying colors. ਜਦੋਂ ਵੱਡੇ ਵੱਡੇ ਪ੍ਰਾਈਵੇਟ ਹਸਪਤਾਲ ਬੰਦ ਹੋ ਗਏ ਸਨ, ਡਾਕਟਰਾਂ ਨੇ ਮਰੀਜ਼ਾਂ ਨੂੰ ਦੇਖਣਾ ਬੰਦ ਕਰ ਦਿੱਤਾ ਸੀ, ਉਸ ਸਮੇਂ ਸਰਕਾਰੀ ਡਾਕਟਰ ਆਪਣੀ ਡਿਊਟੀ ਤੇ ਤੈਨਾਤ ਸਨ। ਉਨ੍ਹਾਂ ਕੋਲ ਜ਼ਿਆਦਾ equipment ਨਹੀਂ ਸਨ। ਸਰਕਾਰੀ ਹਸਪਤਾਲਾਂ ਦਾ supporting staff ਚਾਹੇ first class, second class ਜਾਂ third class staff ਸੀ ਉਹ ਸਭ ਡਿਊਟੀ ਤੇ ਤੈਨਾਤ ਸਨ। ਇਨ੍ਹਾਂ ਸਾਰੇ ਮੁਲਾਜ਼ਮਾਂ ਨੇ ਆਪਣੀ ਡਿਊਟੀ ਸ਼ਲਾਘਾਯੋਗ ਤਰੀਕੇ ਨਾਲ ਦਿੱਤੀ। ਮੇਰੇ ਕਹਿਣ ਦਾ ਭਾਵ ਹੈ ਕਿ ਆਪਣੇ ਕੋਲ human resources ਦੀ ਕਮੀ ਨਹੀਂ ਹੈ ਪਰ ਇਨਫਰਾਸਟਰਕਚਰ ਦੀ ਕਮੀ ਜ਼ਰੂਰ ਹੈ। ਇਹ ਬਹੁਤ ਵਧੀਆ ਗੱਲ ਹੈ ਕਿ ਆਮ ਆਦਮੀ ਕਲੀਨਿਕ ਖੋਲ੍ਹੇ ਜਾ ਰਹੇ ਹਨ ਲੇਕਿਨ ਦਵਾਈਆਂ ਵੀ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਅਤੇ ਸਾਨੂੰ ਪਿੰਡਾਂ ਤੱਕ ਪਹੁੰਚ ਕਰਨੀ ਚਾਹੀਦੀ ਹੈ। How do we do that? 500 ਕਲੀਨਿਕਾਂ ਨਾਲ ਗੱਲ ਨਹੀਂ ਬਣਨੀ। ਇਨ੍ਹਾਂ ਨੂੰ ਹੋਰ ਵਧਾਉਣਾ ਚਾਹੀਦਾ ਹੈ। ਦਵਾਈਆਂ ਦੇ ਸਿਸਟਮ ਨੂੰ ਵੀ ਇੰਪਰੂਵ ਕਰਨਾ ਚਾਹੀਦਾ ਹੈ। ਇਸ ਤੇ ਜ਼ਿਆਦਾ ਪੈਸੇ ਵੀ ਖਰਚ ਨਹੀਂ ਹੋਣੇ। ਦਵਾਈਆਂ ਵਿੱਚ ਫਰਕ ਸਬੰਧੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣੀ ਬਹੁਤ ਜ਼ਰੂਰੀ ਹੈ। ਧੰਨਵਾਦ ਜੀ।

**ਪ੍ਰਸ਼ਾਸਕੀ ਸੁਧਾਰ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬਹੁਤ ਅਹਿਮ ਮੁੱਦੇ ਤੇ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ। ਪਹਿਲਾਂ ਤਾਂ ਮੈਂ ਸਿਹਤ ਮੰਤਰੀ ਸਾਹਿਬ, ਮੁੱਖ ਮੰਤਰੀ ਸਾਹਿਬ ਅਤੇ ਸਾਬਕਾ ਹੈਲਥ ਮਨਿਸਟਰ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ 10-11 ਮਹੀਨੇ ਵਿੱਚ ਸਿਹਤ ਤੇ ਜਿੰਨਾ ਕੰਮ ਹੋ ਸਕਦਾ ਸੀ ਉਸ ਤੋਂ ਕਈ ਗੁਣਾ

ਵੱਧ ਕੰਮ ਕੀਤਾ ਗਿਆ ਹੈ। ਮੁਹੱਲਾ ਕਲੀਨਿਕ ਵੀ ਖੋਲ੍ਹੇ ਗਏ ਹਨ, ਟੈਸਟ ਵੀ ਹੋ ਰਹੇ ਹਨ ਅਤੇ ਦਵਾਈਆਂ ਵੀ ਤਕਰੀਬਨ ਮੁਫਤ ਮਿਲ ਰਹੀਆਂ ਹਨ। ਮੈਨੂੰ ਲੱਗਦਾ ਹੈ ਹਾਲੇ ਵੀ ਹੈਲਥ ਦੇ ਖੇਤਰ ਵਿੱਚ ਬਹੁਤ ਸਾਰੇ ਹੋਰ ਕੰਮ ਕਰਨ ਦੀ ਜ਼ਰੂਰਤ ਹੈ। ਮੰਤਰੀ ਸਾਹਿਬ ਬੜੀ ਤਨਦੇਹੀ ਨਾਲ ਕੰਮ ਕਰ ਰਹੇ ਹਨ। ਇੱਥੋਂ ਤੱਕ ਕਿ ਆਪੋਜ਼ੀਸ਼ਨ ਦੇ ਸਾਥੀ ਵੀ ਇਨ੍ਹਾਂ ਦੀ ਬਹੁਤ ਤਾਰੀਫ ਕਰਦੇ ਹਨ। ਇਹ ਲੋਕਾਂ ਦੀਆਂ ਅਤੇ ਆਪੋਜ਼ੀਸ਼ਨ ਦੀਆਂ ਉਮੀਦਾਂ ਤੇ ਜ਼ਰੂਰ ਖਰੇ ਉੱਤਰਨਗੇ। ਅੱਜ ਦਾ ਜਿਹੜਾ ਟਾਪਿਕ ਹੈ, ਮੈਨੂੰ ਇਸ ਬਾਰੇ ਜ਼ਿਆਦਾ ਪਤਾ ਨਹੀਂ ਹੈ। ਇਹ ਤਾਂ ਮੰਤਰੀ ਸਾਹਿਬ ਹੀ ਦੱਸ ਸਕਦੇ ਹਨ ਕਿ ਲੀਗਲੀ ਜਾਂ ਟੈਕਨੀਕਲੀ ਇਹ ਕਿੰਨਾ ਕੁ ਪਾਸੀਬਲ ਹੈ। ਸਰ, ਜਿਹੜੇ ਸਾਲਟ ਹਨ ਇਨ੍ਹਾਂ ਦੀ ਕੋਈ ਨਾ ਕੋਈ ਮਾਰਕਿਟ value ਹੁੰਦੀ ਹੋਵੇਗੀ। ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇੱਕ ਦਵਾਈ ਇੱਕ ਰੁਪਏ ਦੀ ਵਿਕਦੀ ਹੈ ਅਤੇ ਉਹੀ ਦਵਾਈ ਦੂਜੀ ਕੰਪਨੀ 100 ਰੁਪਏ ਦੀ ਵੇਚਦੀ ਹੈ। ਮੈਨੂੰ ਲੱਗਦਾ ਹੈ ਕਿ ਜੋ ਮਾਰਕਿਟ value ਹੈ ਉਸ ਦਾ ਇੱਕ ਰੇਟ ਰੱਖ ਕੇ ਉਸ ਦੀ ਕੈਪਿੰਗ ਕਰ ਦੇਣੀ ਚਾਹੀਦੀ ਹੈ ਕਿ ਕੋਈ 50% ਪ੍ਰਾਫਿਟ ਲੈ ਸਕਦਾ ਹੈ, ਕੋਈ 100% ਪ੍ਰਾਫਿਟ ਲੈ ਸਕਦਾ ਹੈ। ਹੁਣ ਸਾਲਟ ਤਾਂ 1 ਰੁਪਏ ਦਾ ਹੁੰਦਾ ਹੈ ਅਤੇ ਉਹ 200 ਰੁਪਏ ਨੂੰ ਵੀ ਵਿਕਦਾ ਰਹਿੰਦਾ ਹੈ। ਇਸ ਦੀ ਘੱਟੋ ਘੱਟ ਕੈਪਿੰਗ ਹੋਣੀ ਚਾਹੀਦੀ ਹੈ ਕਿ ਕੋਈ 15%, 20% ਜਾਂ 50% ਪ੍ਰਾਫਿਟ ਕਮਾ ਸਕਦਾ ਹੈ। ਇਹ ਲੀਗਲੀ ਜਾਂ ਟੈਕਨੀਕਲੀ ਕਿੰਨਾ ਕੁ ਪਾਸੀਬਲ ਹੈ ਇਸ ਦਾ ਜਵਾਬ ਤਾਂ ਮੰਤਰੀ ਸਾਹਿਬ ਹੀ ਦੇ ਸਕਦੇ ਹਨ। ਮਾਨਯੋਗ ਮੈਂਬਰ ਸਾਹਿਬ ਨੇ ਇੱਕ ਹੋਰ ਗੱਲ ਕਹੀ ਅਤੇ ਇਹ ਗੱਲ ਬਿਲਕੁਲ ਠੀਕ ਵੀ ਹੈ ਕਿ ਇਹ ਸਭ ਇੰਟਰਲਿੰਕਡ ਹੈ। ਇਲਾਜ ਅਤੇ ਦਵਾਈਆ ਮਹਿੰਗੀਆਂ ਹੋਣ ਦਾ ਵੱਡਾ ਕਾਰਨ ਮੈਡੀਕਲ ਐਜੂਕੇਸ਼ਨ ਮਹਿੰਗੀ ਹੋਣਾ ਹੈ।ਮਾਨਯੋਗ ਡਿਪਟੀ ਸਪੀਕਰ ਸਾਹਿਬ, ਪਿਛਲੇ ਪੰਜ ਸਾਲ ਆਪੋਜ਼ੀਸ਼ਨ ਵਿੱਚ ਬੈਠਦਿਆਂ ਸ਼ਾਇਦ ਮੈਂ ਵੀ ਵਿਧਾਨ ਸਭਾ ਵਿੱਚ ਇਹ ਮੁੱਦਾ 3-4 ਦਫਾ ਉਠਾਇਆ ਹੈ। ਇਹ ਨਹੀਂ ਕਿ ਮੈਡੀਕਲ ਐਜੂਕੇਸ਼ਨ ਹੁਣ ਇਸ ਸਾਲ ਜਾਂ ਇੱਕ ਦੋ ਸਾਲ ਦੇ ਵਿੱਚ ਮਹਿੰਗੀ ਹੋਈ ਹੈ। ਸਾਲ 2013 ਵਿੱਚ ਜਿਹੜੇ ਸਰਕਾਰੀ ਕਾਲਜ ਦੀ ਫੀਸ 12,000/-ਰੁਪਏ ਸੀ, ਪਿਛਲੇ 8-10 ਸਾਲ ਵਿੱਚ ਅਸੀਂ ਉਸ ਦੀ ਫੀਸ ਨੂੰ ਪ੍ਰਤੀ ਸਾਲ ਪੌਣੇ ਦੋ ਲੱਖ ਰੁਪਏ ਦੇ ਕਰੀਬ ਲੈ ਗਏ ਹਾਂ। ਇਹ ਸੁਪਰੀਮ ਕੋਰਟ ਦੀਆਂ ਗਾਈਡਲਾਈਨਜ਼ ਹਨ ਕਿ ਤਿੰਨ ਸਾਲਾਂ ਵਿੱਚ 15% ਤੋਂ ਜ਼ਿਆਦਾ ਫੀਸ hike ਨਹੀਂ ਕਰ ਸਕਦੇ ਪਰੰਤੂ ਸਮੇਂ ਸਮੇਂ ਤੇ ਇਹ ਫੀਸਾਂ ਵਧਾ ਕੇ ਸੁਪਰੀਮ ਕੋਰਟ ਦੀਆਂ ਗਾਈਡਲਾਈਨਜ਼ ਦੀਆਂ ਧੱਜੀਆਂ ਉਡਾਈਆਂ ਗਈਆਂ ਹਨ, ਜਿਸ ਕਰਕੇ ਮੈਡੀਕਲ ਐਜੂਕੇਸ਼ਨ ਮਿਡਲ ਕਲਾਸ ਅਤੇ ਆਮ ਬੰਦੇ ਦੀ ਪਹੁੰਚ ਤੋਂ

ਬਾਹਰ ਹੋ ਗਈ ਹੈ। ਕਈ ਗਰੀਬ ਘਰਾਂ ਦੇ ਬੱਚਿਆਂ ਦਾ ਸੁਪਨਾ ਹੀ ਮਰ ਗਿਆ ਕਿ ਉਹ ਡਾਕਟਰ ਬਣ ਸਕਦੇ ਹਨ। ਕੁਝ ਬੱਚਿਆਂ ਦਾ ਤਾਂ ਸੁਪਨਾ ਮਰ ਜਾਂਦਾ ਹੈ, ਜਿਸ ਕਾਰਨ ਉਹ ਡਾਕਟਰ ਹੀ ਨਹੀਂ ਬਣ ਪਾਉਂਦਾ ਅਤੇ ਜਦੋਂ ਕੋਈ ਮਹਿੰਗੀ ਪੜ੍ਹਾਈ ਕਰਕੇ ਡਾਕਟਰ ਬਣ ਵੀ ਜਾਂਦਾ ਹੈ ਤਾਂ ਮੰਤਰੀ ਸਾਹਿਬ ਨੇ ਵੀ ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਫਿਰ ਉਹ ਸਾਡੀਆਂ ਸਰਕਾਰੀ ਤਨਖਾਹਾਂ ਤੇ ਨੌਕਰੀ ਨਹੀਂ ਕਰਦੇ। ਜਿਸ ਕਰਕੇ ਇਹ ਇਲਾਜ ਮਹਿੰਗਾ ਹੁੰਦਾ ਹੈ।

ਮੈਂ ਮੰਤਰੀ ਸਾਹਿਬ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਐਮ.ਬੀ.ਬੀ.ਐਸ. ਅਤੇ ਐਮ.ਡੀ. ਲਈ ਇੱਕ ਪਾਲਿਸੀ ਬਣਾਈ ਜਾਵੇ ਅਤੇ ਘੱਟ ਫੀਸ ਵਾਲੀਆਂ 10%, 15%, 20% ਜਾਂ 25% ਸੀਟਾਂ ਰਾਖਵੀਆਂ ਰੱਖ ਲਈਆਂ ਜਾਣ। ਇਹ ਸੀਟਾਂ ਇਸ ਸ਼ਰਤ ਤੇ ਅਲਾਟ ਕੀਤੀਆਂ ਜਾਣ ਕਿ ਡਿਗਰੀ ਕਰਨ ਉਪਰੰਤ ਘੱਟੋ-ਘੱਟ 15 ਸਾਲ ਸਰਕਾਰੀ ਹਸਪਤਾਲ ਵਿੱਚ ਨੌਕਰੀ ਕਰਨੀ ਲਾਜ਼ਮੀ ਹੋਵੇਗੀ ਅਤੇ ਇਸ ਸਬੰਧੀ ਉਨ੍ਹਾਂ ਨਾਲ ਇੱਕ ਐਗਰੀਮੈਂਟ ਕੀਤਾ ਜਾਵੇ। ਇਸ ਦੇ ਨਾਲ ਦੋ ਫਾਇਦੇ ਹੋਣਗੇ, ਇੱਕ ਤਾਂ ਗਰੀਬ ਘਰਾਂ ਦੇ ਬੱਚੇ ਡਾਕਟਰ ਬਣ ਜਾਣਗੇ ਅਤੇ ਦੂਜਾ ਸਾਡੇ ਸਰਕਾਰੀ ਹਸਪਤਾਲਾਂ ਦੀਆਂ ਖਾਲੀ ਪਈਆਂ ਅਸਾਮੀਆਂ ਵੀ ਭਰ ਜਾਣਗੀਆਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਨਾਲ ਮੇਰਾ ਖਿਆਲ ਹੈ ਕਿ ਪੰਜਾਬ ਨੂੰ ਬਹੁਤ ਵੱਡਾ ਫਾਇਦਾ ਪਹੁੰਚੇਗਾ।

**ਅਵਾਜ਼ਾਂ:** ਬਹੁਤ ਅੱਛਾ ਸੁਝਾਅ ਹੈ।

**ਪ੍ਰਸ਼ਾਸਕੀ ਸੁਧਾਰ ਮੰਤਰੀ :** ਦੂਜੀ ਗੱਲ ਇਹ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਇਹ ਇੱਕ ਇਤਿਹਾਸਕ ਕਦਮ ਚੁੱਕਿਆ ਹੈ ਕਿ ਨਵੇਂ ਮੈਡੀਕਲ ਕਾਲਜ ਖੋਲ੍ਹੇ ਹਨ, ਇਹ ਦਹਾਕਿਆਂ ਤੱਕ ਯਾਦ ਰੱਖਿਆ ਜਾਵੇਗਾ। ਪਿਛਲੇ 50 ਸਾਲ ਵਿੱਚ ਅਸੀਂ ਸਿਰਫ ਤਿੰਨ ਮੈਡੀਕਲ ਕਾਲਜ ਹੀ ਖੋਲ੍ਹ ਪਾਏ। ਮੋਹਾਲੀ ਵਿਖੇ ਵੀ ਹੁਣ ਸ਼ੁਰੂਆਤ ਹੋ ਗਈ ਹੈ। ਸਾਲ 1966 ਵਿੱਚ ਸਾਡੇ ਨਾਲੋਂ ਅਲੱਗ ਹੋ ਕੇ ਹਰਿਆਣਾ ਨੇ ਪੰਜ ਮੈਡੀਕਲ ਕਾਲਜ ਬਣਾਏ। ਹੁਣ ਅਸੀਂ ਦੂਸ਼ਣਬਾਜ਼ੀ ਨਹੀਂ ਕਰਾਂਗੇ ਕਿ ਇਨ੍ਹਾਂ ਨੇ ਨਹੀਂ ਬਣਾਏ ਜਾਂ ਨਹੀਂ ਖੋਲ੍ਹੇ, ਇਸ ਦੇ ਕੋਈ ਵੀ ਕਾਰਨ ਰਹੇ ਹੋਣਗੇ। ਸਾਡੀ ਸਰਕਾਰ ਵੱਲੋਂ ਤਿੰਨ ਨਵੇਂ ਮੈਡੀਕਲ ਕਾਲਜ ਖੋਲ੍ਹਣ ਦਾ ਫੈਸਲਾ ਲਿਆ ਗਿਆ ਹੈ ਅਤੇ ਟੀਚਾ ਹੈ ਕਿ ਅਸੀਂ 16 ਮੈਡੀਕਲ ਕਾਲਜ ਖੋਲ੍ਹਾਂਗੇ। ਜੇਕਰ ਇਹ 16 ਮੈਡੀਕਲ ਕਾਲਜ ਖੁੱਲ੍ਹ ਗਏ ਤਾਂ ਇਹ ਇੱਕ ਇਤਿਹਾਸਕ ਕਦਮ ਹੋਵੇਗਾ। ਇਸ ਨੂੰ ਦਹਾਕਿਆਂ ਤੱਕ ਯਾਦ ਰੱਖਿਆ ਜਾਵੇਗਾ। ਇਹ ਕਦਮ ਆਉਣ ਵਾਲੇ ਸਮੇਂ ਵਿੱਚ ਸਿਹਤ ਖੇਤਰ ਵਿੱਚ ਇੱਕ ਰੈਵੋਲਿਊਸ਼ਨ ਲਿਆਵੇਗਾ। ਸਿਹਤ ਮੰਤਰੀ ਸਾਹਿਬ ਬੜੇ ਸੁਲਝੇ ਹੋਏ ਹਨ। ਮੈਨੂੰ

ਲੱਗਦਾ ਹੈ ਕਿ ਪਿਛਲੇ ਸਮੇਂ ਵਿੱਚ ਸਿਹਤ ਖੇਤਰ ਵਿੱਚ ਜੋ ਨਿਘਾਰ ਆਇਆ ਹੈ, ਤੁਸੀਂ ਆਪਣੀ ਸੂਝ-ਬੂਝ ਨਾਲ ਇਸ ਨੂੰ ਦਰੁਸਤ ਕਰੋਗੇ ਅਤੇ ਪੰਜਾਬ ਨੂੰ ਸਿਹਤ ਦੇ ਖੇਤਰ ਵਿੱਚ ਨੰਬਰ ਇੱਕ ਬਣਾਉਗੇ। ਮੈਂ ਪਹਿਲਾਂ ਵੀ ਕਿਹਾ ਸੀ ਕਿ ਸਭ ਨੂੰ ਸਰਕਾਰ ਤੋਂ ਬਹੁਤ ਉਮੀਦਾਂ ਹਨ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ) :** ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਡਾਕਟਰ ਚਰਨਜੀਤ ਸਿੰਘ ਜੀ ਦਾ ਵੀ ਬਹੁਤ ਬਹੁਤ ਧੰਨਵਾਦ, ਜਿਨ੍ਹਾਂ ਨੇ ਬੜੇ ਹੀ ਸੈਂਸੇਟਿਵ ਮੁੱਦੇ ਤੇ ਪੰਜਾਬ ਵਿਧਾਨ ਸਭਾ ਵਿੱਚ ਮਤਾ ਲਿਆਂਦਾ। ਸਾਰਿਆਂ ਨੇ ਆਪਣੇ ਬਹੁਤ ਸਾਰੇ ਸੁਝਾਅ ਪੇਸ਼ ਕੀਤੇ ਹਨ ਤੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਹਨ। ਮਾਨਯੋਗ ਮਨਿਸਟਰ, ਮੀਤ ਹੇਅਰ ਜੀ ਨੇ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਕੀਤੀਆਂ ਹਨ, ਜਿਹੜੀਆਂ ਕਿ ਮੇਰੇ ਦਿਮਾਗ ਵਿੱਚ ਵੀ ਚੱਲ ਰਹੀਆਂ ਸਨ। ਮੈਂ ਸਿਰਫ ਦੋ-ਤਿੰਨ ਚੀਜ਼ਾਂ ਤੇ ਗੱਲ ਕਰਾਂਗੀ ਕਿਉਂਕਿ ਮੈਂ ਬਹੁਤੀ ਐਕਸਪਰਟ ਨਹੀਂ ਹਾਂ। ਮਾਨਯੋਗ ਸਿਹਤ ਮੰਤਰੀ ਜੀ, ਮੈਂ ਇੱਕ ਤਾਂ ਨਕਲੀ ਦਵਾਈ ਬਾਰੇ ਗੱਲ ਕਰਾਂਗੀ, ਜਿਹੜੀਆਂ ਮਾਰਕਿਟ ਵਿੱਚ ਵਿਕ ਰਹੀਆਂ ਹਨ। ਪਿੰਡਾਂ ਦੇ ਵਿੱਚ ਜਿੰਨੇ ਵੀ ਪ੍ਰੈਕਟੀਸ਼ਨਰਜ਼ ਹਨ ਜਾਂ ਬਹੁਤ ਸਾਰੀਆਂ ਕੈਮਿਸਟ ਦੀਆਂ ਦੁਕਾਨਾਂ ਹਨ, ਉਥੇ ਨਕਲੀ ਦਵਾਈਆਂ ਦੀ ਭਰਮਾਰ ਹੈ। ਦਵਾਈ ਖਾਣ ਤੋਂ ਬਾਅਦ ਪਤਾ ਲੱਗਦਾ ਹੈ ਕਿ ਇਸ ਦਵਾਈ ਨੇ ਕਿੰਨਾ ਕੁ ਕੰਮ ਕੀਤਾ ਹੈ ਜਾਂ ਕੀਤਾ ਵੀ ਹੈ ਕਿ ਨਹੀਂ ਕੀਤਾ।ਮਾਰਕਿਟ ਵਿੱਚ ਵਿਕਦੀਆਂ ਨਕਲੀ ਦਵਾਈਆਂ ਬਾਰੇ ਸਾਨੂੰ ਬਹੁਤ ਹੀ ਮੁਸ਼ਤੈਦੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ।

ਦੂਸਰਾ, ਬਹੁਤ ਵੱਡਾ ਫਿਕਰ ਇਹ ਹੈ ਕਿ ਸਾਡੇ ਸਰਕਾਰੀ ਹਸਪਤਾਲਾਂ ਦੀਆਂ ਮੁਫਤ ਦਵਾਈਆਂ ਬਾਹਰ ਕੈਮਿਸਟ ਦੀਆਂ ਦੁਕਾਨਾਂ ਤੇ ਵਿਕਦੀਆਂ ਹਨ। ਇਹ ਇੱਕ ਬਹੁਤ ਹੀ ਸੈਂਸੇਟਿਵ ਵਿਸ਼ਾ ਹੈ। ਮੈਨੂੰ ਲੱਗਦਾ ਹੈ ਕਿ ਸਾਡੀ ਸਰਕਾਰ ਆਉਣ ਨਾਲ ਅਤੇ ਟਰਾਂਸਪੇਰੈਂਸੀ ਕਰਕੇ ਇਸ ਤੇ ਥੋੜ੍ਹਾ ਬਹੁਤਾ ਫਰਕ ਵੀ ਪਿਆ ਹੈ ਕਿਉਂਕਿ ਅਸੀਂ ਸਮੇਂ ਸਮੇਂ ਤੇ ਚੈੱਕ ਕਰਨ ਜਾਂਦੇ ਹਾਂ।

ਸਾਡੀ ਜੈਨਰੇਸ਼ਨ ਨਾਲ ਸਬੰਧ ਰੱਖਦਾ ਇੱਕ ਹੋਰ ਮਸਲਾ ਡਰੱਗ ਐਡਿਕਸ਼ਨ ਦਾ ਹੈ। ਮੇਰਾ ਖਿਆਲ ਹੈ ਕਿ ਕਈ ਸਾਲ ਹੋ ਗਏ ਹਨ, ਡਰੱਗ ਐਡਿਕਸ਼ਨ ਦੇ ਨਾਮ ਤੇ ਸਰਕਾਰੀ ਹਸਪਤਾਲਾਂ ਵਿੱਚ Buprenorphine ਨਾਂ ਦੀ ਇੱਕ ਗੋਲੀ ਖਵਾਈ ਜਾਂਦੀ ਹੈ। ਇਸ ਗੋਲੀ ਦਾ ਕੋਈ ਟਾਈਮ ਪੀਰੀਅਡ ਹੋਣਾ ਚਾਹੀਦਾ ਹੈ, ਇਸ ਦਾ ਇੱਕ schedule ਹੋਣਾ ਚਾਹੀਦਾ ਹੈ ਕਿ ਇੱਕ ਪੇਸ਼ੈਂਟ ਨੂੰ ਇਹ ਦਵਾਈ ਕਿੰਨੀ ਦੇਰ ਤੱਕ

[ਸ਼੍ਰੀਮਤੀ ਇੰਦਰਜੀਤ ਕੌਰ ਮਾਨ]

ਦੇਣੀ ਹੈ ਅਤੇ ਹੌਲੀ ਹੌਲੀ ਕਰਕੇ ਉਸ ਦੀ ਡੋਜ਼ ਨੂੰ ਕਿਵੇਂ ਘਟਾਉਣਾ ਹੈ? ਜਿਹੜਾ ਬੰਦਾ ਸਾਲੋ-ਸਾਲ ਇਹੋ ਦਵਾਈ ਖਾਈ ਜਾ ਰਿਹਾ ਹੋਵੇ, ਕੀ ਉਸ ਨੂੰ ਸਾਈਡ ਇਫੈਕਟਸ ਨਹੀਂ ਹੋਣਗੇ? ਕੀ ਉਹ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਖਰਾਬ ਨਹੀਂ ਕਰੇਗਾ? ਕੀ ਉਹ ਪੰਜਾਬ ਨੂੰ ਲੱਗਾ ਹੋਇਆ ਇੱਕ ਗ੍ਰਹਿਣ ਨਹੀਂ ਹੈ? ਕੀ ਉਹ ਸਾਡੇ ਸ਼ਹਿਰਾਂ ਦੀ ਸੁੰਦਰਤਾ ਨੂੰ ਖਰਾਬ ਨਹੀਂ ਕਰਦਾ ਹੈ? ਤੁਸੀਂ ਸੋਚ ਨਹੀਂ ਸਕਦੇ ਕਿ ਕਿਵੇਂ ਸਵੇਰ ਨੂੰ ਸਰਕਾਰੀ ਹਸਪਤਾਲਾਂ ਅੱਗੇ ਲਾਈਨਾਂ ਲੱਗੀਆਂ ਹੁੰਦੀਆਂ ਹਨ। ਉਹ ਲੋਕ ਦਿਨ ਸਮੇਂ ਹੋਰ ਕੋਈ ਵੀ ਕੰਮ ਨਹੀਂ ਕਰਦੇ ਹਨ। ਅਸਲ ਵਿੱਚ ਉਹ ਹੀ ਲੁਟੇਰੇ ਹਨ। ਉਹ ਹੀ ਚੋਰੀਆਂ ਕਰਦੇ ਹਨ। ਪੰਜਾਬ ਵਿੱਚ ਬਹੁਤ ਵੱਡੇ ਪੱਧਰ ਤੇ ਬੁਰਾਈਆਂ ਦਾ ਫੈਲਾਅ ਉਨ੍ਹਾਂ ਲੋਕਾਂ ਰਾਹੀਂ ਹੀ ਹੋ ਰਿਹਾ ਹੈ। ਮਾਨਯੋਗ ਸਿਹਤ ਮੰਤਰੀ ਸਾਹਿਬ ਖੁਦ ਇੱਕ ਡਾਕਟਰ ਹਨ, ਮੈਂ ਉਨ੍ਹਾਂ ਨੂੰ ਇਹ ਬੇਨਤੀ ਕਰਦੀ ਹਾਂ ਕਿ ਕੋਈ ਸ਼ਡਿਊਲ ਬਣਾਇਆ ਜਾਵੇ ਕਿ ਇੱਕ ਡਰੱਗ ਐਡਿਕਟ ਪਰਸਨ ਨੂੰ ਉਹ ਗੋਲੀ ਕਿੰਨੀ ਦੇਰ ਤੱਕ ਖਾਣੀ ਚਾਹੀਦੀ ਹੈ ਔਰ ਉਸ ਦੀ ਡੋਜ਼ ਘਟਾ ਕੇ ਕਿੰਨੀ ਕੁ ਦੇਰ ਵਿੱਚ ਉਸ ਨੂੰ ਨਸ਼ੇ ਤੋਂ ਮੁਕਤ ਕੀਤਾ ਜਾ ਸਕਦਾ ਹੈ। ਇਸ ਸਬੰਧੀ ਕੋਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣੇ ਚਾਹੀਦੇ ਹਨ। ਨਸ਼ਾ ਮੁਕਤੀ ਦੇ ਨਾਂ ਤੇ ਦਿੱਤੀ ਜਾਂਦੀ ਉਸ ਦਵਾਈ ਨਾਲ ਪੰਜਾਬ ਦੇ ਨੌਜਵਾਨਾਂ ਦੀਆਂ ਰਗਾਂ ਵਿੱਚ ਜ਼ਹਿਰ ਭਰਿਆ ਜਾ ਰਿਹਾ ਹੈ। ਇਸ ਬਾਰੇ ਸਾਨੂੰ ਬਹੁਤ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ। ਮੈਂ ਇਸ ਵਿਸ਼ੇ ਦੀ ਐਕਸਪਰਟ ਨਹੀਂ ਹਾਂ। ਇਸ ਲਈ ਮੈਂ ਇਸ ਸਬੰਧੀ ਜ਼ਿਆਦਾ ਗੱਲਾਂ ਨਹੀਂ ਕਰ ਸਕਦੀ। ਮੈਨੂੰ ਜੋ ਸਮਾਜ ਵਿੱਚ ਨਜ਼ਰ ਆਇਆ ਹੈ ਉਸ ਤੇ ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦੀ ਸੀ। ਧੰਨਵਾਦ ਜੀ।

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ):** ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਸ ਬਹੁਤ ਹੀ ਗੰਭੀਰ ਮੁੱਦੇ ਤੇ ਵੱਖ ਵੱਖ ਐਕਸਪਰਟਸ ਨੇ ਵਿਚਾਰ-ਚਰਚਾ ਕੀਤੀ ਹੈ। ਸਾਡੇ ਮੰਤਰੀ ਜੀ ਵੀ ਡਾਕਟਰ ਹਨ। ਮੈਂ ਇਸ ਵਿਸ਼ੇ ਤੇ ਕਿਸੇ expertness ਵਿੱਚ ਨਹੀਂ ਜਾਵਾਂਗਾ ਕਿਉਂਕਿ ਮੈਂ expert ਨਹੀਂ ਹਾਂ। ਇਸ ਸਬੰਧੀ ਡਾਕਟਰ ਵਿਜੈ ਸਿੰਗਲਾ ਜੀ ਅਤੇ ਹੋਰ ਬੁਲਾਰਿਆਂ ਵੱਲੋਂ ਵਾਰ-ਵਾਰ ਜਿਹੜੀ ਸਭ ਤੋਂ ਵੱਡੀ ਗੱਲ ਉਠਾਈ ਗਈ ਹੈ, ਉਹ ਇਹ ਹੈ ਕਿ ਗੋਲੀਆਂ ਜਾਂ ਇੰਜੈਕਸ਼ਨ ਦੇ ਐਮ.ਆਰ.ਪੀ. ਕੌਣ ਫਿਕਸ ਕਰਦਾ ਹੈ? ਉਨ੍ਹਾਂ ਵਿੱਚ ਇੱਕ ਟੀਕੇ ਦਾ ਐਮ.ਆਰ.ਪੀ. 17,000 ਰੁਪਏ ਹੈ ਅਤੇ ਪਰ ਉਹ 700 ਰੁਪਏ ਵਿੱਚ ਵੀ ਮਿਲਦਾ ਹੈ। 450 ਰੁਪਏ ਦੀ ਗੋਲੀ, 40 ਰੁਪਏ ਵਿੱਚ ਵੀ ਮਿਲਦੀ ਹੈ। ਇਸ ਐਮ.ਆਰ.ਪੀ. ਨੂੰ ਫਿਕਸ ਕੌਣ ਕਰਦਾ ਹੈ? ਮੁੱਦਾ ਇਸ ਗੱਲ ਦਾ ਹੈ ਕਿ

ਦਵਾਈਆਂ ਦੇ ਰੇਟ ਫਿਕਸ ਕਰਨ ਵਾਲੀ ਏਜੰਸੀ ਕਿਹੜੀ ਹੈ? ਜੇ ਉਹ ਏਜੰਸੀ ਐਮ.ਆਰ.ਪੀ. ਫਿਕਸ ਕਰਦੀ ਹੈ ਤਾਂ ਇਸ ਤੋਂ ਲਗਦਾ ਹੈ ਕਿ ਉਸ ਦੇ ਦਵਾਈਆਂ ਤਿਆਰ ਕਰਨ ਵਾਲੀਆਂ ਵੱਡੀਆਂ ਕੰਪਨੀਆਂ ਨਾਲ ਬਹੁਤ ਜ਼ਿਆਦਾ vested interests ਹਨ। ਮੇਰਾ ਮੰਤਰੀ ਜੀ ਅਤੇ ਸਮੁੱਚੇ ਹਾਊਸ ਨੂੰ ਇਹ ਸੁਝਾਅ ਹੈ ਕਿ ਇਸ ਤਰ੍ਹਾਂ ਦੀਆਂ ਦਵਾਈਆਂ ਦੀ ਇੱਕ ਕੰਪੈਰੇਟਿਵ ਸਟੇਟਮੈਂਟ ਲੈ ਕੇ ਹਾਈ ਕੋਰਟ ਵਿੱਚ ਪੀ.ਆਈ.ਐਲ. ਪਾਈ ਜਾਵੇ ਜਿੱਥੇ ਉਨ੍ਹਾਂ ਤੋਂ ਜਾਣਿਆ ਜਾਵੇ ਕਿ ਦਵਾਈਆਂ ਦੇ ਰੇਟ ਫਿਕਸ ਕਰਨ ਦਾ ਪੈਮਾਨਾ ਕੀ ਹੈ? ਕੁਰੱਪਸ਼ਨ ਦੇ ਕੇਸਿਜ਼ ਜੇਕਰ ਕੇਂਦਰ ਸਰਕਾਰ ਦੇ ਖੇਤਰ ਅਧੀਨ ਆਉਂਦੇ ਹੋਣ ਤਾਂ ਈ.ਡੀ. ਅਤੇ ਸੀ.ਬੀ.ਆਈ. ਵੱਲੋਂ ਵੱਖ ਵੱਖ ਜਾਂਚ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਨੂੰ ਇਸ ਮੁੱਦੇ ਸਬੰਧੀ ਕੋਈ ਕਦਮ ਚੁੱਕਣੇ ਚਾਹੀਦੇ ਹਨ ਅਤੇ ਕੇਂਦਰ ਸਰਕਾਰ, ਈ.ਡੀ. ਜਾਂ ਸੀ.ਬੀ.ਆਈ. ਤੋਂ ਕੰਪਲੀਟ ਇਨਵੈਸਟੀਗੇਸ਼ਨ ਕਰਵਾਈ ਜਾਣੀ ਚਾਹੀਦੀ ਹੈ। ਇਸ ਤਰ੍ਹਾਂ ਹੋ ਰਹੀ ਲੁੱਟ ਵਿੱਚ ਬਹੁਤ ਵੱਡੇ ਪੱਧਰ ਦੀ ਕੁਰੱਪਸ਼ਨ ਹੈ। ਸਾਡੇ ਸਮਾਜ ਦਾ ਇੱਕ ਹਿੱਸਾ ਲੁੱਟਿਆ ਜਾ ਰਿਹਾ ਹੈ ਅਤੇ ਸਮਾਜ ਨੂੰ ਇਸ ਤੋਂ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ ਇਸ ਤਰ੍ਹਾਂ ਦੀ ਕੋਈ ਪ੍ਰਪੋਜ਼ਲ ਬਣਾ ਕੇ ਕੇਂਦਰ ਸਰਕਾਰ ਨੂੰ ਭੇਜੀ ਜਾਣੀ ਚਾਹੀਦੀ ਹੈ। ਧੰਨਵਾਦ ਜੀ।

**ਸਰਦਾਰ ਗੁਰਦਿੱਤ ਸਿੰਘ ਸੇਖੋਂ (ਫਰੀਦਕੋਟ):** ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅਸੀਂ ਸਾਰੇ ਬਹੁਤ ਹੀ ਸੰਗੀਨ ਮੁੱਦੇ ਤੇ ਵਿਚਾਰ-ਚਰਚਾ ਕਰ ਰਹੇ ਹਾਂ। ਮੈਂ ਡਾਕਟਰ ਨਹੀਂ ਹਾਂ ਪਰ ਮੈਂ ਪਿਛਲੇ 30-32 ਸਾਲਾਂ ਤੋਂ ਹਸਪਤਾਲਾਂ ਵਿੱਚ ਸੇਵਾ ਕਰਦਾ ਆ ਰਿਹਾ ਹਾਂ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕੈਂਸਰ ਦੇ ਮਰੀਜ਼ਾਂ ਲਈ ਇੱਕ ਟੀਕਾ 20,000 ਰੁਪਏ ਦਾ ਖਰੀਦਦੇ ਸੀ। ਹਾਈ ਕੋਰਟ ਵਿੱਚ writ ਪਾਉਣ ਤੋਂ ਬਾਅਦ ਉਸ ਟੀਕੇ ਦਾ ਰੇਟ 1748 ਰੁਪਏ ਨਿਰਧਾਰਿਤ ਕੀਤਾ ਗਿਆ। ਜਦੋਂ ਅਸੀਂ ਡਾਕਟਰ ਸਾਹਿਬਾਨਾਂ ਨਾਲ ਬੈਠ ਕੇ ਉਸ ਲਿਸਟ ਤੇ ਗੱਲ ਕੀਤੀ ਕਿ ਦਵਾਈਆਂ ਵਿੱਚ ਇੰਨਾ ਫਰਕ ਕਿਵੇਂ ਹੋ ਸਕਦਾ ਹੈ ਤਾਂ ਡਾਕਟਰ ਸਾਹਿਬ ਨੇ ਸਾਨੂੰ ਕਿਹਾ ਕਿ ਜੇ ਇਹ ਟੀਕਾ ਸਹੀ ਰੇਟ ਤੇ ਮਿਲੇ ਤਾਂ ਇਸ ਦਾ ਰੇਟ 200 ਰੁਪਏ ਤੋਂ ਵੀ ਘੱਟ ਹੈ। ਜਿਹੜਾ 20,000 ਰੁਪਏ ਦਾ ਟੀਕਾ ਖਰੀਦ ਕੇ ਅਸੀਂ ਗਰੀਬ ਕੈਂਸਰ ਪੇਸ਼ੈਂਟਾਂ ਨੂੰ ਦਿੰਦੇ ਸੀ, ਉਸ ਦੀ ਕੀਮਤ 200 ਰੁਪਏ ਤੋਂ ਵੀ ਘੱਟ ਸੀ। ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਇਨ੍ਹਾਂ ਦਵਾਈਆਂ ਵਿੱਚ ਬਹੁਤ ਵੱਡੀ ਲੁੱਟ-ਖਸੁੱਟ ਹੁੰਦੀ ਹੈ। ਹੁਣ ਜਦੋਂ ਅਸੀਂ ਇਸ ਪਾਸੇ ਕੰਮ ਕਰਨ ਲੱਗੇ ਹਾਂ ਤਾਂ ਸਰਕਾਰ ਨੂੰ ਮੇਰੀ ਬੇਨਤੀ ਹੈ ਕਿ ਜਿੱਥੇ ਅਸੀਂ ਹੋਰ ਵੱਡੇ ਵੱਡੇ ਕਾਰੋਬਾਰ ਕਰ ਰਹੇ ਹਾਂ, ਵੱਡੀਆਂ ਵੱਡੀਆਂ ਇੰਡਸਟਰੀਆਂ ਲਗਾ ਰਹੇ ਹਾਂ ਉਥੇ ਸਾਨੂੰ ਆਪਣੀਆਂ ਕੁਝ ਅਜਿਹੀਆਂ ਮੈਡੀਸਨਜ਼

ਵੀ ਤਿਆਰ ਕਰ ਲੈਣੀਆਂ ਚਾਹੀਦੀਆਂ ਹਨ ਜੋ ਕਿ ਸਰਕਾਰੀ ਹਸਪਤਾਲਾਂ ਦੇ ਨਾਲ ਨਾਲ ਪ੍ਰਾਈਵੇਟ ਹਸਪਤਾਲਾਂ ਨੂੰ ਵੀ ਦਿੱਤੀਆਂ ਜਾਣ ਅਤੇ ਲੋਕਾਂ ਨੂੰ ਵੀ ਇਸ ਪ੍ਰਤੀ aware ਕੀਤਾ ਜਾਵੇ। ਜਿਸ ਤਰ੍ਹਾਂ ਮੀਤ ਹੇਅਰ ਜੀ ਨੇ ਕਿਹਾ ਸੀ ਕਿ ਪਤਾ ਨਹੀਂ, ਉਸ ਦਵਾਈ ਦੇ salt ਦਾ ਰੇਟ ਕੀ ਹੈ। ਅਸਲ ਵਿੱਚ salt ਦਾ ਰੇਟ ਤਾਂ ਇੱਕੋ ਹੀ ਹੈ ਪਰ ਇਹ ਵੇਚਣ ਵਾਲਿਆਂ ਤੇ ਨਿਰਭਰ ਕਰਦਾ ਹੈ ਕਿ ਉਹ ਉਸ salt ਨੂੰ ਕਿੰਨਾ ਮਹਿੰਗਾ ਵੇਚਦੇ ਹਨ ਜਾਂ ਕਿਸ ਨਾਲ ਰਲ ਕੇ ਵੇਚਦੇ ਹਨ। ਗੁਰੂ ਗੋਬਿੰਦ ਮੈਡੀਕਲ ਕਾਲਜ ਦੇ ਸਾਹਮਣੇ ਇੱਕ ਦੁਕਾਨ ਹੈ, ਜਿਸ ਦਾ ਮੈਂ ਇੱਥੇ ਨਾਂ ਨਹੀਂ ਲੈਣਾ ਚਾਹੁੰਦਾ। ਸਾਰੇ ਡਾਕਟਰ ਇੱਕ ਹੀ ਦੁਕਾਨ ਦੀ ਪਰਚੀ ਤੇ ਦਵਾਈ ਲਿਖ ਕੇ ਭੇਜਦੇ ਹਨ ਅਤੇ ਉਨ੍ਹਾਂ ਦਾ ਕੋਈ ਹਿਸਾਬ-ਕਿਤਾਬ ਨਹੀਂ ਕਿ ਕਿਹੜੀ ਦਵਾਈ ਕਿੰਨੇ ਰੇਟ ਦੀ ਵੇਚਣੀ ਹੈ। ਸੋ, ਸਾਨੂੰ ਇਸ ਦੇ ਉੱਤੇ ਬੜੀ ਸਖਤੀ ਨਾਲ ਫੈਸਲਾ ਲੈਣਾ ਚਾਹੀਦਾ ਹੈ।

**ਟਰਾਂਸਪੋਰਟ ਮੰਤਰੀ (ਸ਼੍ਰੀ ਲਾਲਜੀਤ ਸਿੰਘ ਭੁੱਲਰ):** ਮਾਨਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਡਾਕਟਰ ਚਰਨਜੀਤ ਸਿੰਘ ਜੀ ਨੇ ਜੋ ਮਤਾ ਲਿਆਂਦਾ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਮੈਂ ਸ਼੍ਰੀ ਅਰਵਿੰਦ ਕੇਜਰੀਵਾਲ, ਨੈਸ਼ਨਲ ਕਨਵੀਨਰ ਅਤੇ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਜੀ ਦਾ ਧੰਨਵਾਦ ਵੀ ਕਰਦਾ ਹਾਂ, ਜਿਨ੍ਹਾਂ ਨੇ 504 ਮੁਹੱਲਾ ਕਲੀਨਿਕ ਪੰਜਾਬ ਦੇ ਲੋਕਾਂ ਦੇ ਸਪੁਰਦ ਕੀਤੇ ਹਨ। ਇਨ੍ਹਾਂ ਕਲੀਨਿਕਾਂ ਵਿੱਚ ਫ੍ਰੀ ਦਵਾਈਆਂ, ਫ੍ਰੀ ਇਲਾਜ ਅਤੇ ਫ੍ਰੀ ਟੈਸਟ ਹੋ ਰਹੇ ਹਨ। ਲੋਕਾਂ ਵੱਲੋਂ ਫ੍ਰੀ ਦਵਾਈਆਂ, ਫ੍ਰੀ ਇਲਾਜ ਅਤੇ ਫ੍ਰੀ ਟੈਸਟਾਂ ਦੀ ਚਰਚਾ ਵੀ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਸਹੂਲਤਾਂ ਦਾ ਸੁੱਖ ਵੀ ਮਾਣ ਰਹੇ ਹਨ।

ਇਸ ਦੇ ਨਾਲ ਹੀ ਮੈਂ ਇੱਕ ਅਹਿਮ ਮੁੱਦੇ ਦੀ ਗੱਲ ਵੀ ਕਰਨਾ ਚਾਹੁੰਦਾ ਹਾਂ। ਮੈਂ ਸਾਰੇ ਹਸਪਤਾਲਾਂ ਦੀ ਗੱਲ ਨਹੀਂ ਕਰਦਾ। ਹਰੇਕ ਕਸਬੇ ਜਾਂ ਸ਼ਹਿਰ ਵਿੱਚ 1-2 ਹਸਪਤਾਲ ਅਜਿਹੇ ਹੁੰਦੇ ਹਨ, ਜਿੱਥੇ ਕਿ caesarean delivery ਕੀਤੀ ਜਾਂਦੀ ਹੈ। ਇਨ੍ਹਾਂ ਹਸਪਤਾਲਾਂ ਨੇ ਰੱਬ ਰੂਪੀ ਕਿੱਤੇ ਨੂੰ ਆਪਣਾ business ਬਣਾ ਲਿਆ ਹੈ। ਮੈਂ ਆਪਣੇ ਕਸਬੇ ਪੱਟੀ ਦੀ ਗੱਲ ਕਰਦਾ ਹਾਂ। ਮੇਰੀ ਆੜ੍ਹਤ ਤੇ ਇੱਕ ਨੌਜਵਾਨ ਪੱਲੇਦਾਰੀ ਦਾ ਕੰਮ ਕਰਦਾ ਸੀ ਅਤੇ ਉਸ ਦੀ ਧਰਮ ਪਤਨੀ pregnant ਸੀ। ਉਹ ਉਸ ਨਰਸਿੰਗ ਹੋਮ ਵਿੱਚ ਆਪਣੀ ਧਰਮ ਪਤਨੀ ਨੂੰ ਲੈ ਕੇ ਗਿਆ ਅਤੇ ਉਸ ਨੂੰ ਹਸਪਤਾਲ ਵਾਲਿਆਂ ਨੇ ਇੰਨਾ ਡਰਾ ਦਿੱਤਾ ਕਿ ਜੇ caesarean ਓਪਰੇਸ਼ਨ ਨਹੀਂ ਕਰਵਾਇਆ ਤਾਂ ਜਾਂ ਤਾਂ ਮਾਂ ਨਹੀਂ ਬਚੇਗੀ ਜਾਂ ਬੱਚਾ ਨਹੀਂ ਬਚੇਗਾ। ਲੋਕ ਡਰ ਜਾਂਦੇ

ਹਨ। ਅੱਜ ਕੱਲ੍ਹ ਬੀਬੀਆਂ ਵੀ ਸੋਹਲ ਹੋ ਗਈਆਂ ਹਨ, ਉਹ ਵੀ ਕਹਿ ਦਿੰਦੀਆਂ ਹਨ ਕਿ ਛੇਤੀ-ਛੇਤੀ ਓਪਰੇਟ ਹੋ ਜਾਵੇ ਅਤੇ ਦਰਦ ਨਾ ਹੋਵੇ। ਉਸ ਨਰਸਿੰਗ ਹੋਮ ਵਿੱਚ 100 ਪ੍ਰਤੀਸ਼ਤ caesarean ਬੱਚੇ ਪੈਦਾ ਹੋ ਰਹੇ ਹਨ। ਇਹ ਇੱਕ ਕੁਦਰਤ ਨਾਲ ਛੇੜ ਛਾੜ ਹੈ ਕਿਉਂਕਿ ਜਦੋਂ ਮਾਂ ਨੂੰ ਪੀੜਾਂ ਹੋਣਗੀਆਂ, ਬੱਚਾ ਦਰਦ ਨਾਲ ਪੈਦਾ ਹੋਵੇਗਾ ਤਾਂ ਉਹ ਰੋਏਗਾ, ਕੁਰਲਾਏਗਾ, ਜਿਸ ਨਾਲ ਉਸ ਬੱਚੇ ਦੇ ਸਰੀਰ ਅਤੇ ਦਿਮਾਗ ਦਾ ਵਿਕਾਸ ਹੋਵੇਗਾ। ਅਸੀਂ ਦੇਖਦੇ ਹਾਂ ਕਿ ਜਦੋਂ caesarean ਬੱਚੇ ਪੈਦਾ ਹੁੰਦੇ ਹਨ ਤਾਂ ਡਾਕਟਰਾਂ ਵੱਲੋਂ ਬੱਚੇ ਨੂੰ ਮਾਰ ਕੇ ਰੁਆਇਆ ਜਾਂਦਾ ਹੈ। ਉਸ ਦੇ ਨਾ ਰੋਣ ਦਾ ਕਾਰਨ ਹੀ ਇਹ ਹੁੰਦਾ ਹੈ ਕਿ ਉਹ caesarean ਪੈਦਾ ਹੋਇਆ ਹੈ। ਇਸ ਤਰ੍ਹਾਂ ਬੜੀ ਵੱਡੀ ਲੁੱਟ ਹੁੰਦੀ ਹੈ। ਜਦੋਂ ਉਸ ਪੱਲੇਦਾਰ ਨੂੰ ਇਹ ਕਿਹਾ ਗਿਆ ਕਿ ਜਾਂ ਤਾ ਮਾਂ ਨਹੀਂ ਬਚਣੀ ਜਾਂ ਬੱਚਾ ਤਾਂ ਉਸ ਨੇ ਖਰਚਾ ਪੁੱਛਿਆ। ਉਸ ਕੋਲੋਂ 20,000 ਰੁਪਏ ਦੀ ਮੰਗ ਕੀਤੀ ਗਈ। ਉਹ ਗਰੀਬ ਸੀ, ਜੇਕਰ ਅਮੀਰ ਹੁੰਦਾ ਤਾਂ ਉਸ ਨੇ 20,000 ਰੁਪਏ ਜਮ੍ਹਾ ਕਰਵਾ ਕੇ ਓਪਰੇਟ ਕਰਵਾ ਲੈਣਾ ਸੀ ਅਤੇ ਉਕਤ ਗੱਲਾਂ ਸਬੰਧੀ ਪਤਾ ਨਹੀਂ ਲੱਗਣਾ ਸੀ।ਨਰਸਿੰਗ ਹੋਮ ਤੋਂ ਉਸ ਦੇ ਘਰ ਦੀ ਦੂਰੀ 10 ਕਿਲੋਮੀਟਰ ਦੀ ਸੀ। ਉਸ ਕੋਲ ਇੱਕ ਜੁਗਾੜੂ ਰੇਹੜੀ ਸੀ। ਉਸ ਨੇ 20,000 ਰੁਪਏ ਦਾ ਇੰਤਜ਼ਾਮ ਕਰਨ ਲਈ ਇੱਕ ਦੋ ਥਾਵਾਂ ਤੇ ਪੁੱਛਿਆ ਅਤੇ ਮੈਨੂੰ ਵੀ ਇਸ ਬਾਰੇ ਕਿਹਾ। ਮੈਂ ਉਸ ਨੂੰ ਕਿਹਾ ਕਿ ਮੇਰੇ ਕੋਲ ਆ ਕੇ ਲੈ ਜਾ। ਉਹ ਆਪਣੀ ਪਤਨੀ ਨੂੰ ਜੁਗਾੜੂ ਰੇਹੜੀ ਵਿੱਚ ਪਾ ਕੇ ਨਰਸਿੰਗ ਹੋਮ ਵੱਲ ਤੁਰ ਪਿਆ। ਰਸਤੇ ਵਿੱਚ ਹੁਲਾਰੇ ਲੱਗਣ ਕਾਰਨ ਬੱਚੇ ਦਾ ਜਨਮ ਹੋ ਗਿਆ (ਥੰਪਿੰਗ)। ਇਸੇ ਤਰ੍ਹਾਂ ਹੀ ਮੇਰੇ ਆੜ੍ਹਤ ਤੇ ਇੱਕ ਜ਼ਿਮੀਂਦਾਰ ਵੀ ਸੀ। ਉਸ ਨੂੰ ਵੀ ਉਕਤ ਨਰਸਿੰਗ ਹੋਮ ਵੱਲੋਂ ਇਹੀ ਕਿਹਾ ਗਿਆ ਸੀ ਕਿ ਜੇਕਰ caesarean ਨਹੀਂ ਕਰਵਾਇਆ ਤਾਂ ਮਾਂ ਜਾਂ ਬੱਚੇ ਵਿੱਚੋਂ ਇੱਕ ਹੀ ਬਚੇਗਾ। ਉਸੇ ਨਰਸਿੰਗ ਹੋਮ ਵਿੱਚ ਉਸ ਦੀ ਪਤਨੀ ਨੂੰ ਜਦੋਂ ਓਪਰੇਸ਼ਨ ਥੀਏਟਰ ਅੰਦਰ ਲੈ ਕੇ ਜਾਣ ਲੱਗੇ ਤਾਂ ਜਾਂਦਿਆਂ ਜਾਂਦਿਆਂ ਹੀ ਬੱਚੇ ਦਾ ਜਨਮ ਹੋ ਗਿਆ ਅਤੇ ਬੱਚਾ ਚੰਗਾ ਭਲਾ ਤੰਦਰੁਸਤ ਹੈ। ਮੈਂ ਸਿਹਤ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਰੋਜ਼ਾਨਾ ਪ੍ਰਾਈਵੇਟ ਨਰਸਿੰਗ ਹੋਮ ਦੀ ਰਿਪੋਰਟ ਲੈਣੀ ਚਾਹੀਦੀ ਹੈ ਕਿ ਕਿਹੜੇ ਨਰਸਿੰਗ ਹੋਮ ਵਿੱਚ ਕਿੰਨੇ caesarean ਬੱਚੇ ਪੈਦਾ ਹੋਏ ਹਨ। ਮੈਂ ਸਾਰਿਆਂ ਦੀ ਗੱਲ ਨਹੀਂ ਕਰ ਰਿਹਾ ਕਿਉਂਕਿ ਡਾਕਟਰ ਰੱਬ ਦਾ ਰੂਪ ਹਨ ਪਰ ਹੁਣ ਕਈ ਡਾਕਟਰ ਬਿਜ਼ਨਸਮੈਨ ਬਣ ਗਏ ਹਨ। ਇਹ ਹਰੇਕ ਕਸਬੇ ਜਾਂ ਸ਼ਹਿਰ ਦੀ ਗੱਲ ਹੈ। ਅਸੀਂ ਦੇਖਦੇ ਹਾਂ ਕਿ ਜਿਹੜੇ ਸਾਡੇ ਵੱਡ-ਵਡੇਰੇ ਜਾਂ ਪੁਰਾਣੇ ਲੋਕ ਸਨ, ਉਨ੍ਹਾਂ ਨੇ ਖੇਤਾਂ ਵਿੱਚ ਕੰਮ ਕਰਦੇ ਹੋਣਾ ਤੇ ਬੱਚੇ ਦਾ ਜਨਮ ਹੋ ਜਾਂਦਾ ਸੀ। ਇਸ ਨਾਲ ਵੱਡੇ-ਵੱਡੇ ਪਹਿਲਵਾਨ ਪੈਦਾ ਹੋਏ, ਵੱਡੇ-ਵੱਡੇ

ਮੱਲ ਪੈਦਾ ਹੋਏ। ਜੇਕਰ caesarean ਬੱਚੇ ਪੈਦਾ ਹੋਣਗੇ ਤਾਂ ਜਿਹੜੀ ਕੁਦਰਤੀ ਚੀਜ਼ ਸਾਡੇ ਤੋਂ ਖੋਹੀ ਜਾ ਰਹੀ ਹੈ, ਉਸ ਦਾ ਅਸਰ ਵੀ ਬੱਚੇ ਤੇ ਪਵੇਗਾ। ਉਨ੍ਹਾਂ ਨਰਸਿੰਗ ਹੋਮਾਂ ਤੇ ਕਾਰਵਾਈ ਹੋਣੀ ਚਾਹੀਦੀ ਹੈ ਜਿੱਥੇ 100 ਪ੍ਰਤੀਸ਼ਤ caesarean ਬੱਚੇ ਪੈਦਾ ਹੁੰਦੇ ਹਨ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਮਾਣਯੋਗ ਮੰਤਰੀ ਈ.ਟੀ.ਓ. ਸਾਹਿਬ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ:** ਕੀ ਤੁਸੀਂ ਬੋਲਣਾ ਹੈ?

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਰੱਬ ਦਾ ਸ਼ੁਕਰ ਹੋਵੇਗਾ, ਜੇਕਰ ਬੋਲਣ ਦਿਉਗੇ।

**ਮਾਣਯੋਗ ਡਿਪਟੀ ਸਪੀਕਰ:** ਠੀਕ ਹੈ, ਤੁਸੀਂ ਬੈਠੋ। ਹਾਂ ਜੀ, ਮੰਤਰੀ ਜੀ।

**ਊਰਜਾ ਮੰਤਰੀ (ਸਰਦਾਰ ਹਰਭਜਨ ਸਿੰਘ):** ਧੰਨਵਾਦ, ਡਿਪਟੀ ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਲੋਕ ਹਿੱਤ ਦੇ ਇੱਕ ਅਹਿਮ ਮੁੱਦੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਕੋਈ ਹਸਪਤਾਲ ਵਿੱਚ ਇਲਾਜ ਕਰਵਾਉਣ ਜਾਂਦਾ ਹੈ, ਖਾਸ ਕਰਕੇ ਪ੍ਰਾਈਵੇਟ ਹਸਪਤਾਲ ਵਿਚ ਇਲਾਜ ਕਰਵਾਉਣ ਲਈ ਜਾਂਦਾ ਹੈ ਤਾਂ ਕਈ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਕੋਲ ਕਿਸੇ ਨਾ ਕਿਸੇ ਕੰਪਨੀ ਦਾ ਕੋਈ ਨਾ ਕੋਈ ਕੈਸ਼-ਲੈੱਸ ਕਾਰਡ ਹੁੰਦਾ ਹੈ। ਜਦੋਂ ਉਹ ਇਲਾਜ ਕਰਵਾਉਂਦਾ ਹੈ ਅਤੇ ਜਦੋਂ ਉਸ ਦਾ ਕੋਈ ਟੈਸਟ ਹੋਣਾ ਹੋਵੇ ਅਤੇ ਟੈਸਟ ਦੀ ਫੀਸ 200 ਰੁਪਏ ਹੁੰਦੀ ਹੈ ਤਾਂ ਹਸਪਤਾਲ 200 ਰੁਪਏ ਹੀ ਲੈਂਦਾ ਹੈ। ਪਰੰਤੂ ਜਦੋਂ ਉਥੇ ਹੀ ਕੋਈ ਹੋਰ ਮਰੀਜ਼ ਪਿਆ ਹੋਵੇ ਜਿਸ ਕੋਲ ਕੋਈ ਕਾਰਡ ਨਹੀਂ, ਉਸ ਨੇ ਕੈਸ਼ ਦੇ ਕੇ ਆਪਣੇ ਟੈਸਟ ਕਰਵਾਉਣੇ ਹਨ ਜਾਂ ਇਲਾਜ ਕਰਵਾਉਣਾ ਹੈ ਤਾਂ ਉਸੇ ਟੈਸਟ ਦੀ ਫੀਸ, ਉਸੇ ਹੀ ਹਸਪਤਾਲ ਵਿਚ 1000/- ਤੋਂ 1500/- ਰੁਪਏ ਲੱਗਦੀ ਹੈ। ਖਾਸ ਤੌਰ ਤੇ ਜਿਹੜੇ ਸਰਕਾਰੀ ਮੁਲਾਜ਼ਮ ਜਾਂ ਰਿਟਾਇਰੀ ਹਨ ਜਦੋਂ ਉਹ ਇਲਾਜ ਉਪਰੰਤ ਰੀਇੰਬਰਸਮੈਂਟ ਕਰਵਾਉਂਦੇ ਹਨ ਤਾਂ ਹਸਪਤਾਲ ਦੇ ਟੈਸਟਾਂ ਅਤੇ ਦਵਾਈਆਂ ਦਾ ਬਿੱਲ ਸਿਵਲ ਸਰਜਨ ਕੋਲ ਜਾਂਦਾ ਹੈ। ਸਿਵਲ ਸਰਜਨ ਉਸ ਨੂੰ ਵੈਰੀਫਾਈ ਕਰਦਾ ਹੈ ਤਾਂ ਉਸ ਵਿੱਚੋਂ ਬਹੁਤ ਸਾਰੇ ਪੈਸੇ ਕੱਟ ਦਿੰਦਾ ਹੈ ਕਿਉਂਕਿ ਟੈਸਟਾਂ ਦਾ ਮੁੱਲ ਇੰਨਾ ਨਹੀਂ ਹੁੰਦਾ, ਜਿੰਨਾ ਚਾਰਜ ਕੀਤਾ ਗਿਆ

ਹੁੰਦਾ ਹੈ। ਦਵਾਈਆਂ ਅਤੇ ਟੈਸਟਾਂ ਦੀ ਸਾਰੀ ਡਿਟੇਲ ਹੈਲਥ ਡਿਪਾਰਟਮੈਂਟ ਕੋਲ ਜਾਂਦੀ ਹੈ। ਅਸੀਂ ਉਨ੍ਹਾਂ ਹਸਪਤਾਲਾਂ ਨੂੰ ਇਹ ਕਿਉਂ ਨਹੀਂ ਪੁੱਛਦੇ ਕਿ ਮਰੀਜ਼ ਨੇ ਜੋ ਪੈਸੇ ਹਸਪਤਾਲ ਨੂੰ ਦੇ ਦਿੱਤੇ ਹਨ ਤਾਂ ਸਰਕਾਰ ਅੱਗੋਂ ਉਸ ਨੂੰ ਉਨੇ ਹੀ ਪੈਸੇ ਪੇਅ ਕਿਉਂ ਨਹੀਂ ਕਰਦੀ? ਇੰਨਾ ਡਿਫਰੈਂਸ ਕਿਉਂ ਪਾਇਆ ਜਾਂਦਾ ਹੈ?ਕਿਸੇ ਮੁਲਾਜ਼ਮ ਜਾਂ ਰਿਟਾਇਰੀ ਦੇ ਰੀਇੰਬਰਸਮੈਂਟ ਬਿੱਲ ਬਾਰੇ ਮੰਨ ਲਵੋ ਕਿ ਕਿਸੇ ਦਾ ਦੋ ਲੱਖ ਰੁਪਏ ਦਾ ਬਿੱਲ ਬਣ ਗਿਆ ਤਾਂ ਉਸ ਨੇ ਰੀਇੰਬਰਸਮੈਂਟ ਵਾਸਤੇ ਦੋ ਲੱਖ ਰੁਪਏ ਦਾ ਬਿੱਲ ਦਿੱਤਾ ਹੈ ਪਰੰਤੂ ਉਸ ਨੂੰ ਸਿਰਫ 25-30 ਹਜ਼ਾਰ ਰੁਪਏ ਹੀ ਰੀਇੰਬਰਸ ਹੁੰਦੇ ਹਨ ਅਤੇ ਬਾਕੀ ਪੈਸੇ ਹਸਪਤਾਲ ਵਾਲਿਆਂ ਵਲੋਂ ਵੈਸੇ ਹੀ ਖਾਧੇ ਜਾਂਦੇ ਹਨ। ਸੋ, ਇਹ ਸਾਰੀਆਂ ਚੀਜ਼ਾਂ ਆਨ ਰਿਕਾਰਡ ਹਨ। ਜਦੋਂ ਕਿਸੇ ਦੀ ਰੀਇੰਬਰਸਮੈਂਟ ਹੋਣੀ ਹੈ ਤਾਂ ਉਸ ਦੀ ਪੂਰੀ ਰੀਇੰਬਰਸਮੈਂਟ ਕੀਤੀ ਜਾਵੇ ਅਤੇ ਜਿਹੜੇ ਹਸਪਤਾਲ ਇਹੋ ਜਿਹੇ ਕੰਮ ਕਰਦੇ ਹਨ ਉਨ੍ਹਾਂ ਹਸਪਤਾਲਾਂ ਦੇ ਖਿਲਾਫ ਕਾਰਵਾਈ ਕਰਦਿਆਂ ਹੋਇਆਂ ਇਸ ਹੋ ਰਹੀ ਵੱਡੇ ਪੱਧਰ ਦੀ ਲੁੱਟ-ਖਸੁੱਟ ਨੂੰ ਰੋਕਿਆ ਜਾਵੇ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.):** ਧੰਨਵਾਦ ਡਿਪਟੀ ਸਪੀਕਰ ਸਾਹਿਬ। ਅੱਜ ਬੜੇ ਹੀ ਗੰਭੀਰ ਮੁੱਦੇ ਉੱਤੇ ਸਦਨ ਵਿਚ ਚਰਚਾ ਹੋ ਰਹੀ ਹੈ। ਮੈਂ, ਸਭ ਤੋਂ ਪਹਿਲਾਂ ਤਾਂ ਮਾਨਯੋਗ ਸਪੀਕਰ ਸਾਹਿਬ, ਸਰਦਾਰ ਕੁਲਤਾਰ ਸਿੰਘ ਸੰਧਵਾਂ ਜੀ ਨੂੰ ਵਧਾਈ ਦਿੰਦਾ ਹਾਂ ਔਰ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ। ਮੈਂ ਉਨ੍ਹਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਸਦਨ ਦਾ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੋਕ ਹਿੱਤ ਔਰ ਇਨਸਾਨੀਅਤ ਦੀ ਸੇਵਾ ਨੂੰ ਸਮਰਪਿਤ ਇੱਕ ਮੁੱਦੇ ਤੇ ਚਰਚਾ ਕਰਵਾਈ ਜਿਸ ਤੇ ਅੱਜ ਇਸ ਪਵਿੱਤਰ ਸਦਨ ਵਿੱਚ ਚਰਚਾ ਹੋ ਰਹੀ ਹੈ। ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨਾਂ ਦਾ ਵੀ ਧੰਨਵਾਦ ਕਰਦਾ ਹਾਂ ਕਿ ਸਭ ਇਸ ਮੁੱਦੇ ਤੇ ਇੱਕਜੁੱਟ ਹਨ ਅਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਇਨਸਾਨੀਅਤ ਦੀ ਸੇਵਾ ਨੂੰ ਸਮਰਪਿਤ ਹੋ ਕੇ ਇਸ ਮਤੇ ਦੀ ਪ੍ਰੋੜ੍ਹਤਾ ਕਰਦੇ ਹਨ। (ਥੰਪਿੰਗ) ਸਰ, ਇਸ ਵਿੱਚ ਕੋਈ ਕਿੰਤੂ-ਪਰੰਤੂ ਨਹੀਂ ਹੈ ਕਿ ਦਵਾਈਆਂ ਦੀ ਕੀਮਤ ਨੂੰ assess ਕਰਨ ਜਾਂ ਉਨ੍ਹਾਂ ਨੂੰ ਫਿਕਸ ਕਰਨ ਦੀ jurisdiction ਸੈਂਟਰ ਗੌਰਮਿੰਟ ਕੋਲ ਹੈ। ਮੈਂ ਇੱਕ ਵਕੀਲ ਹਾਂ, ਵਕਾਲਤ ਕੀਤੀ ਹੈ, ਹਾਲਾਂਕਿ ਮੇਰਾ ਮੈਡੀਕਲ ਲਾਈਨ ਨਾਲ ਦੂਰ-ਦੁਰਾਡੇ ਦਾ ਸਬੰਧ ਨਹੀਂ ਹੈ ਪਰ ਮੈਂ ਆਪਣੇ 21 ਸਾਲ ਦੀ ਵਕਾਲਤ ਵਿੱਚ ਕਈ ਕੇਸਿਜ਼ ਸਟੱਡੀ ਵੀ ਕੀਤੇ ਅਤੇ ਕਈ ਕੇਸਿਜ਼ ਕੰਟੈਸਟ ਵੀ ਕੀਤੇ ਹਨ। ਮੇਰਾ ਇਸ ਵਿਸ਼ੇ ਦਾ ਇੱਕ ਮਿਲਿਆ ਜੁਲਿਆ ਐਕਸਪੀਰੀਐਂਸ ਹੈ ਜੋ ਮੈਂ ਸਦਨ ਵਿਚ ਤੁਹਾਡੇ ਸਾਰਿਆਂ ਦੇ ਸਨਮੁਖ ਸ਼ੇਅਰ ਕਰ ਰਿਹਾ ਹਾਂ। ਕੁਝ ਕੁ ਐਕਟ ਇਸ ਤਰ੍ਹਾਂ ਦੇ ਹਨ

ਜਿਨ੍ਹਾਂ ਨੂੰ ਪੰਜਾਬ ਗੌਰਮਿੰਟ ਗਵਰਨ ਕਰਦੀ ਹੈ। ਇਹ ਐਕਟ ਆਪਣੇ ਪੰਜਾਬ ਵਿੱਚ ਬਣੇ ਹਨ ਔਰ ਅਸੀਂ ਜੁਆਇੰਟ ਹੋਲਡਰ ਹਾਂ। ਸਾਡੀ ਜੁਆਇੰਟ ਲਾਇਬਿਲਟੀ ਬਣਦੀ ਹੈ ਕਿ ਜਿਥੇ ਲੁੱਟ-ਖਸੁੱਟ ਹੋ ਰਹੀ ਹੈ, ਉਸ ਨੂੰ ਅਸੀਂ ਕੰਟਰੋਲ ਕਰੀਏ ਅਤੇ ਉਸ ਤੇ ਲਗਾਮ ਲਗਾਈਏ। ਸਰ, ਇਸ ਚਰਚਾ ਵਿੱਚ ਕਈ ਐਮ.ਐਲ.ਏ. ਸਾਹਿਬਾਨ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਹਨ ਅਤੇ ਉਨ੍ਹਾਂ ਦੀਆਂ ਗੱਲਾਂ ਵਿੱਚੋਂ ਕੁਝ ਗੱਲਾਂ ਨਿਕਲ ਕੇ ਆਈਆਂ ਹਨ, ਜਿਹੜੀਆਂ ਮੈਂ ਜਨਾਬ (ਸਿਹਤ ਮੰਤਰੀ) ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ।ਵੈਸੇ ਇਨ੍ਹਾਂ ਦੇ ਧਿਆਨ ਵਿੱਚ ਹੋਵੇਗਾ ਕਿਉਂਕਿ by profession ਇਹ ਡਾਕਟਰ ਹਨ। ਜਿਹੜੇ ਕੈਮਿਸਟ ਦਵਾਈਆਂ ਵੇਚਦੇ ਹਨ ਜਾਂ ਹਸਪਤਾਲਾਂ ਵਿੱਚ ਕੈਮਿਸਟ ਸ਼ਾਪਸ ਹਨ, ਉਨ੍ਹਾਂ ਵਾਸਤੇ ਆਪਣੇ ਸਟਾਕ ਅਤੇ ਰੇਟ ਦੀ ਲਿਸਟ ਲਗਾਉਣੀ ਮੈਨਡੇਟਰੀ ਹੈ। ਸਟਾਕ ਲਿਸਟ ਲਗਾਉਣ ਦਾ ਮਤਲਬ ਕਿ ਉਨ੍ਹਾਂ ਕੋਲ ਕਿਹੜੀਆਂ ਕਿਹੜੀਆਂ ਦਵਾਈਆਂ ਹਨ। ਕਿਉਂ ਨਾ ਅਜਿਹਾ ਹੋਵੇ ਕਿ ਸਰਕਾਰੀ ਪੱਧਰ ਤੇ ਉਨ੍ਹਾਂ ਨੂੰ ਅਸੀਂ ਕੋਈ ਡਾਇਰੈਕਸ਼ਨ ਇਸ਼ੂ ਕਰਕੇ ਰੇਟ ਲਿਸਟ ਲਗਾਉਣੀ ਮੇਨਡੇਟਰੀ ਕੀਤੀ ਜਾਵੇ ਅਤੇ ਜਿਹੜਾ ਇਸ ਦੀ violation ਕਰੇਗਾ ਉਸ ਦਾ ਡਰੱਗ ਲਾਇਸੰਸ ਕੈਂਸਲ ਕੀਤਾ ਜਾਵੇ। ਦੁਕਾਨ ਦੇ ਬਾਹਰ ਇਕ ਪਾਸੇ ਜੈਨਰਿਕ ਦਵਾਈਆਂ ਅਤੇ ਦੂਜੇ ਪਾਸੇ ਫਾਰਮਾ ਦਵਾਈਆਂ ਦੀ ਲਿਸਟ ਰੇਟ ਸਮੇਤ ਲੱਗੀ ਹੋਵੇ ਤਾਂ ਕਿ ਜਦੋਂ ਕੋਈ ਦਵਾਈ ਲੈਣ ਜਾਵੇ ਤਾਂ ਉਸ ਨੂੰ ਪਤਾ ਹੋਵੇ ਕਿ ਉਸ ਨੇ ਜਿਹੜੀ ਦਵਾਈ ਲੈਣੀ ਹੈ, ਉਹ ਜੈਨੇਰਿਕ ਦਵਾਈ ਵੀ ਉਪਲਬਧ ਹੈ ਅਤੇ ਉਹ ਜੈਨੇਰਿਕ ਦਵਾਈ ਖਰੀਦ ਸਕੇ। ਪਰੰਤੂ ਜੇਕਰ ਜੈਨੇਰਿਕ ਵਿੱਚ ਉਪਲਬਧ ਨਹੀਂ ਹੈ ਤਾਂ ਉਹ ਫਾਰਮਾ ਦਵਾਈ ਮੰਗ ਸਕੇ। ਸੋ, ਇਸ ਪ੍ਰਕਾਰ ਅਸੀਂ ਕਸਟਮਰ ਨੂੰ, ਪੇਸ਼ੈਂਟ ਨੂੰ, ਕੰਜ਼ਿਊਮਰ ਨੂੰ ਇੱਕ ਆਪਸ਼ਨ ਦੇ ਸਕਦੇ ਹਾਂ।

**Mr. Deputy Speaker:** Thank you.

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ :** Sir, only one minute. ਮੈਂ ਹੁਣੇ ਡਾਕਟਰ ਨਛੱਤਰ ਪਾਲ ਜੀ ਨਾਲ ਡਿਸਕਸ ਕਰ ਰਿਹਾ ਸੀ ਕਿਉਂਕਿ ਇਹ ਫਾਰਮਾਸਿਸਟ ਰਹੇ ਹਨ। ਇੱਕ ਫਾਰਮਾਸਿਸਟ ਦਾ ਲਾਇਸੰਸ ਤਿੰਨ ਸਾਲ ਬਾਅਦ ਜਾਂ ਪੰਜ ਸਾਲ ਬਾਅਦ ਰੀਨਿਊ ਹੁੰਦਾ ਹੈ।ਪੰਜ ਸਾਲ ਲਈ ਰੀਨਿਊਅਲ ਦੀ ਫੀਸ 2500/- ਰੁਪਏ, 3500/- ਰੁਪਏ ਜਾਂ ਮੈਕਸੀਮਮ 4000/- ਰੁਪਿਆ ਹੁੰਦੀ ਹੈ।

ਮੈਂ ਸਿਹਤ ਮੰਤਰੀ ਜੀ ਨੂੰ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਜੇਕਰ ਕੋਈ ਗਾਈਡਲਾਈਨ ਜਾਰੀ ਕਰਕੇ ਪੰਜ ਸਾਲ ਦੇ renewal period ਨੂੰ ਘਟਾ ਕੇ year to

year ਜਾਂ ਦੋ ਸਾਲ ਦਾ ਕੀਤਾ ਜਾ ਸਕਦਾ ਹੈ ਤਾਂ ਜ਼ਰੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਕੈਮਿਸਟ ਸ਼ਾਪ ਦੀ ਰੀਨਿਊਅਲ ਉਸ ਦੀ ਪਿਛਲੀ ਟੈਨਿਓਰ ਵਿੱਚ, ਭਾਵੇਂ ਉਹ ਸਾਲ ਦੀ ਸੀ ਜਾਂ ਦੋ ਸਾਲ ਹੋਵੇ, ਜੈਨੇਰਿਕ ਦਵਾਈਆਂ ਵੇਚਣ ਦੇ ਰਿਕਾਰਡ ਦੇ ਆਧਾਰ ਤੇ ਕੀਤੀ ਜਾਵੇ। ਉਸ ਵੱਲੋਂ ਸਾਰਾ ਰਿਕਾਰਡ application for renewal ਨਾਲ ਲਗਾਇਆ ਜਾਵੇ ਅਤੇ ਜੇਕਰ ਉਹ ਸਰਕਾਰ ਵਲੋਂ ਦਿੱਤੇ ਗਏ ਟਾਰਗੈਟ ਮੁਤਾਬਿਕ ਜੈਨੇਰਿਕ ਦਵਾਈਆਂ ਨਹੀਂ ਵੇਚਦਾ ਤਾਂ ਉਸ ਦੇ ਲਾਇਸੰਸ ਨੂੰ ਰਿਨਿਊ ਨਾ ਕੀਤਾ ਜਾਵੇ। ਦੂਜਾ ਸੁਝਾਅ ਇਹ ਹੈ ਕਿ ਰਿਨਿਊਅਲ ਦੀ ਫੀਸ ਵੀ ਵਧਾਈ ਜਾਵੇ ਤਾਂ ਕਿ ਸਰਕਾਰ ਨੂੰ ਆਮਦਨ ਹੋਵੇ ਅਤੇ ਇਨ੍ਹਾਂ ਗਾਈਡਲਾਈਨਜ਼ ਰਾਹੀਂ ਵੱਧ ਤੋਂ ਵੱਧ ਲੋਕਾਂ ਤੱਕ ਜੈਨੇਰਿਕ ਦਵਾਈਆਂ ਪਹੁੰਚਣ ਤਾਂ ਕਿ ਲੋਕਾਂ ਨੂੰ ਸਸਤਾ ਇਲਾਜ ਅਤੇ ਸਸਤੀਆਂ ਦਵਾਈਆਂ ਮਿਲ ਸਕਣ।

(ਇਸ ਸਮੇਂ ਖੇਡਾਂ ਤੇ ਯੁਵਕ ਮਾਮਲੇ ਮੰਤਰੀ, ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ, ਸਰਦਾਰ ਚੇਤਨ ਸਿੰਘ ਜੌੜਾਮਾਜਰਾ ਨੇ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਇਸ ਵਾਸਤੇ ਹਾਮੀ ਭਰੀ।)

**ਮਾਣਯੋਗ ਡਿਪਟੀ ਸਪੀਕਰ :** ਧੰਨਵਾਦ ਜੀ। ਬਾਵਾ ਜੀ, ਤੁਸੀਂ ਕਹਿ ਰਹੇ ਸੀ ਕਿ ਤੁਸੀਂ ਬੋਲਣਾ ਚਾਹੁੰਦੇ ਹੋ? (ਵਿਘਨ...) ਤੁਸੀਂ ਦੱਸੋ?ਬਾਵਾ ਜੀ, ਮੈਂ ਤੁਹਾਨੂੰ ਪੁੱਛ ਰਿਹਾ ਹਾਂ।(ਵਿਘਨ...) ਮਾਨਯੋਗ ਮੈਂਬਰ ਅਵਤਾਰ ਹੈਨਰੀ ਜੀ, ਕੀ ਤੁਸੀਂ ਇਸ ਵਿਸ਼ੇ ਤੇ ਬੋਲਣਾ ਚਾਹੁੰਦੇ ਹੋ?

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਮੈਂ ਹੱਥ ਤਾਂ ਕਈ ਵਾਰ ਖੜ੍ਹਾ ਕੀਤਾ ਹੈ।

**ਮਾਣਯੋਗ ਡਿਪਟੀ ਸਪੀਕਰ :** ਨਹੀਂ ਜੀ, ਮੈਨੂੰ ਪਤਾ ਨਹੀਂ ਲੱਗਿਆ। (ਵਿਘਨ)

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਉੱਤਰੀ) :** ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਮਤੇ ਤੇ ਬੋਲਣ ਦਾ ਮੌਕਾ ਦਿੱਤਾ। ਡਾਕਟਰ ਚਰਨਜੀਤ ਸਿੰਘ ਇਸ ਸਮੇਂ ਹਾਊਸ ਵਿੱਚ ਬੈਠੇ ਨਹੀਂ ਹਨ ਪਰ ਡਾਕਟਰ ਸਾਹਿਬ ਲੋਕ ਮਹੱਤਤਾ ਦਾ ਇੱਕ ਬਹੁਤ ਹੀ ਅਹਿਮ ਮੁੱਦਾ ਹਾਊਸ ਵਿੱਚ ਲਿਆਏ ਹਨ ਅਤੇ ਤੁਸੀਂ ਮੈਨੂੰ ਉਸ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਬੇਸ਼ੱਕ ਤੁਸੀਂ ਮੈਨੂੰ ਸਮਾਂ ਲੇਟ ਦਿੱਤਾ ਹੈ ਪਰ ਫੇਰ ਵੀ

ਤੁਹਾਡਾ ਬਹੁਤ-ਬਹੁਤ ਧੰਨਵਾਦ। ਮੈਂ ਵਜ਼ੀਰ ਸਾਹਿਬਾਨ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਹਮਾਇਤ ਤੇ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ।

**ਮਾਣਯੋਗ ਡਿਪਟੀ ਸਪੀਕਰ :** ਨਹੀਂ ਜੀ, ਉਨ੍ਹਾਂ ਦੀ ਹਮਾਇਤ ਤੇ ਨਹੀਂ ਦਿੱਤਾ। ਤੁਸੀਂ ਮੈਨੂੰ ਸਮਾਂ ਦੇਣ ਲਈ ਕਿਹਾ ਹੈ, ਇਸ ਲਈ ਮੈਂ ਨਾਲ ਹੀ ਤੁਹਾਨੂੰ ਸਮਾਂ ਦੇ ਦਿੱਤਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ :** ਸਰ, ਇਸ ਰੈਜ਼ੋਲਿਊਸ਼ਨ ਤੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਆਪਣੇ ਵਡਮੁੱਲੇ ਵਿਚਾਰ ਦਿੱਤੇ ਹਨ। ਮੈਂ ਬਹੁਤ ਜ਼ਿਆਦਾ ਸਮਾਂ ਨਹੀਂ ਲੈਣਾ। ਸਾਡੇ ਬਹੁਤ ਹੀ ਸਤਿਕਾਰਯੋਗ ਵਜ਼ੀਰ ਸਾਹਿਬ ਡਾਕਟਰ ਬਲਬੀਰ ਸਿੰਘ ਜੀ ਦੇ ਮਨ ਦੀ ਭਾਵਨਾ ਸੀ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਦੇ ਕੇ ਜਾਣਾ ਹੈ ਇਸ ਲਈ ਸਾਨੂੰ ਇਸ ਬਾਰੇ ਹੀ ਆਪਣੀ ਗੱਲ ਰੱਖਣੀ ਚਾਹੀਦੀ ਹੈ। ਸਾਨੂੰ ਪੁਲੀਟੀਕਲ ਜਾਂ ਅੱਜ ਦੀਆਂ ਹੋਰ ਗੱਲਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ।

ਮੈਂ ਸਭ ਤੋਂ ਪਹਿਲਾਂ ਵਜ਼ੀਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦਾ ਵਾਤਾਵਰਨ, ਭਾਵੇਂ ਉਹ ਪਾਣੀ ਹੈ ਜਾਂ ਹਵਾ ਹੈ, ਉਹ ਜਿੰਨਾ ਪ੍ਰਦੂਸ਼ਿਤ ਹੈ, ਉਨਾ ਪ੍ਰਦੂਸ਼ਿਤ ਕਿਤੇ ਵੀ ਨਹੀਂ ਹੈ। ਅੱਜ ਇੱਕ ਕੁਐਸਚਨ ਵੀ ਲੱਗਿਆ ਸੀ ਕਿ ਜਿਹੜਾ ਸਾਡਾ ਫਾਰੈਸਟ ਏਰੀਆ ਹੈ...

**ਮਾਨਯੋਗ ਡਿਪਟੀ ਸਪੀਕਰ:** ਤੁਸੀਂ ਐਮ.ਆਰ.ਪੀ ਵਾਲੇ ਮਤੇ ਤੇ ਬੋਲ ਰਹੇ ਹੋ ਜਾਂ ਫਾਰੈਸਟ ਤੇ ਬੋਲ ਰਹੇ ਹੋ?

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਅਗਰ ਤੁਸੀਂ ਸੁਣ ਲਵੋਗੇ ਤਾਂ ਮੈਂ ਐਮ.ਆਰ.ਪੀ. ਵਾਲੇ ਮਤੇ ਤੇ ਹੀ ਆਵਾਂਗਾ। ਸਿਰਫ ਦੋ ਮਿੰਟ ਦਿਉ ਜੀ। ਜਿਵੇਂ ਕਹਿੰਦੇ ਹਨ ਕਿ prevention is better than cure, ਅੱਜ ਇਸ ਮੁਕੱਦਸ ਹਾਊਸ ਵਿੱਚ ਸਾਡੇ ਤਿੰਨ ਵਜ਼ੀਰ ਡਾਕਟਰਜ਼ ਹਨ ਅਤੇ ਮੈਨੂੰ ਲਗਦਾ ਹੈ ਕਿ ਇੱਥੇ ਲਗਭਗ 10 ਤੋਂ 15 ਹੋਰ ਡਾਕਟਰ ਸਾਹਿਬਾਨ ਜਾਂ ਫਾਰਮਾਸਿਸਟ ਮੈਂਬਰ ਸਾਹਿਬਾਨ ਬੈਠੇ ਹਨ। ਸਾਡੇ ਲਈ ਸਭ ਤੋਂ ਵਡਮੁੱਲੀ ਗੱਲ ਇਹ ਹੈ ਕਿ ਅਸੀਂ before cure prevention ਵੱਲ ਚਲੀਏ। ਅਸੀਂ ਆਪਣੇ ਫੋਰੈਸਟ ਏਰੀਏ ਨੂੰ ਵਧਾਉਣ ਵੱਲ ਕੋਸ਼ਿਸ਼ ਕਰੀਏ ਕਿਉਂਕਿ ਉਸ ਦਾ ਸਭ ਤੋਂ ਜ਼ਿਆਦਾ ਪ੍ਰਭਾਵ ਪੈ ਰਿਹਾ ਹੈ। ਅੱਜ ਪੰਜਾਬ ਕੈਂਸਰ ਦਾ ਐਪਿਕ ਸੈਂਟਰ ਬਣ ਗਿਆ ਹੈ। ਜਿਹੜਾ ਡੇਢ ਲੱਖ ਰੁਪਿਆ ਸਰਕਾਰ ਵੱਲੋਂ ਕੈਂਸਰ

ਪੇਸ਼ੈਂਟਸ ਨੂੰ ਦਿੱਤਾ ਜਾ ਰਿਹਾ ਹੈ, ਸਭ ਤੋਂ ਵੱਡਾ ਸਕੈਮ ਉਸ ਡੇਢ ਲੱਖ ਰੁਪਏ ਵਿੱਚ ਹੈ। ਜਿਹੜੀਆਂ ਉਹ ਦਵਾਈਆਂ ਹਨ, ਜਿਹੜਾ ਡੇਢ ਲੱਖ ਰੁਪਿਆ ਹਸਪਤਾਲਾਂ ਨੂੰ ਡਾਇਰੈਕਟਲੀ ਜਾਣਾ ਹੁੰਦਾ ਹੈ, ਉਸ ਵਿੱਚ ਉਨ੍ਹਾਂ ਦੀ ਇਵੈਲਿਉਏਸ਼ਨ ਕੀਤੀ ਜਾਂਦੀ ਹੈ ਜਿਹੜੀ ਇੰਸੋਰੈਂਸ਼ ਕੰਪਨੀਜ਼ ਨੂੰ ਦੇਣੀ ਹੈ। ਇਸ ਡੇਢ ਲੱਖ ਰੁਪਏ ਦੀ ਇਵਜ਼ ਵਿੱਚ ਉਸ ਮਰੀਜ਼ ਦਾ ਸਿਰਫ 60,000-65,000/- ਰੁਪਿਆ ਜਾਇਜ਼ ਲੱਗਣਾ ਚਾਹੀਦਾ ਹੈ ਜਦੋਂ ਕਿ ਉਨ੍ਹਾਂ ਤੋਂ ਡੇਢ ਲੱਖ ਰੁਪਿਆ ਲਿਆ ਜਾਂਦਾ ਹੈ। ਭਾਵੇਂ ਉਨ੍ਹਾਂ ਦੇ ਸਕੈਨਜ਼ ਹੋਣ, ਉਹ ਐਗਜ਼ੈਜਰੇਟ ਪ੍ਰਾਈਸਿਜ਼ ਤੇ ਹਨ, ਜਿਹੜੀਆਂ ਦਵਾਈਆਂ ਹਨ, ਉਹ ਐਗਜ਼ੈਜਰੇਟ ਪ੍ਰਾਈਸਿਜ਼ ਤੇ ਹਨ। ਜੇਕਰ ਉਨ੍ਹਾਂ ਤੇ ਜਾਇਜ਼ ਡੇਢ ਲੱਖ ਰੁਪਿਆ ਲੱਗ ਜਾਵੇ ਤਾਂ ਸਾਡੇ ਬਹੁਤ ਸਾਰੇ ਅਜਿਹੇ ਗਰੀਬ ਪਰਿਵਾਰ ਹਨ, ਜਿਨ੍ਹਾਂ ਦਾ ਇਲਾਜ ਹੋ ਸਕਦਾ ਹੈ। ਉਨ੍ਹਾਂ ਦੇ ਪੱਲਿਓਂ ਪੈਸੇ ਨਾ ਲੱਗਣ, ਅਗਰ ਡਾਕਟਰ ਸਾਹਿਬ ਇਸ ਮਸਲੇ ਨੂੰ ਕੋਈ ਤਰਜੀਹ ਦੇ ਦੇਣ। ਇਹ ਡਿਫਾਈਨ ਕਰ ਦਿੱਤਾ ਜਾਵੇ ਕਿ ਭਾਵੇਂ ਰੂਮ ਦਾ ਕਿਰਾਇਆ ਹੋਵੇ, ਭਾਵੇਂ ਦਵਾਈਆਂ ਦਾ ਰੇਟ ਹੋਵੇ, ਭਾਵੇਂ ਸਕੈਨ ਦਾ ਕਿਰਾਇਆ ਹੋਵੇ, ਇੱਕ ਫਿਕਸ ਰੇਟ ਤੋਂ ਵੱਧ ਨਹੀਂ ਲਿਆ ਜਾ ਸਕਦਾ ਤਾਂ ਮੈਨੂੰ ਲਗਦਾ ਹੈ ਕਿ ਗਰੀਬ ਵਿਅਕਤੀਆਂ ਨੂੰ ਇਸ ਨਾਲ ਬਹੁਤ ਵੱਡਾ ਸਹਾਰਾ ਮਿਲੇਗਾ।

ਮੇਰੀ ਦੂਜੀ ਬੇਨਤੀ ਹੈ ਕਿ ਅੱਜ ਇਸ ਸਦਨ ਵਿੱਚ ਫਿਰ ਈ.ਐਸ.ਆਈ. ਬਾਰੇ ਸਵਾਲ ਉੱਠਿਆ ਹੈ। ਜੇਕਰ ਪੰਜਾਬ ਵਿੱਚ ਵੇਖਿਆ ਜਾਵੇ ਕਿ ਕਿਤੇ ਸਭ ਤੋਂ ਮਾੜੇ ਹਾਲਾਤ ਹਨ ਤਾਂ ਇਨ੍ਹਾਂ ਈ.ਐਸ.ਆਈ. ਹਸਪਤਾਲਾਂ ਦੇ ਹਨ। ਈ.ਐਸ.ਆਈ. ਹਸਪਤਾਲ ਸਿਰਫ ਇੱਕ ਰੈਫਰੈਂਸ ਸੈਂਟਰ ਬਣ ਗਏ ਹਨ। ਨਾ ਉਨ੍ਹਾਂ ਵਿੱਚ ਕੋਈ ਦਵਾਈ ਮਿਲਦੀ ਹੈ, ਨਾ ਉਥੇ ਕੋਈ ਇਲਾਜ ਹੁੰਦਾ ਹੈ ਅਤੇ ਜਿਹੜਾ ਸਭ ਤੋਂ ਵੱਡਾ ਇੱਕ ਨੈਕਸਸ ਹੈ, ਉਹ ਪ੍ਰਾਈਵੇਟ ਹਸਪਤਾਲਾਂ ਦਾ ਅਤੇ ਈ.ਐਸ.ਆਈ. ਦਾ ਹੈ। ਇਹ ਨੈਕਸਸ ਸਭ ਤੋਂ ਵੱਡਾ ਹੈ ਅਤੇ ਜਿਹੜੇ ਗੌਰਮਿਟ ਦੇ ਪੈਸੇ ਹਨ, ਆਮ ਲੋਕਾਂ ਦੇ ਪੈਸੇ ਹਨ, ਉਹ ਉਸ ਵਿੱਚ ਜਾਂਦੇ ਹਨ।

ਡਿਪਟੀ ਸਪੀਕਰ ਸਾਹਿਬ, ਮੇਰੇ ਤੋਂ ਪਹਿਲਾਂ ਬੋਲਦੇ ਹੋਏ ਮੇਰੇ ਸਤਿਕਾਰਯੋਗ ਮੈਂਬਰ ਡਾਕਟਰ ਸਾਹਿਬ ਨੇ ਇਸ ਵਿਸ਼ੇ ਨੂੰ ਥੋੜ੍ਹਾ ਜਿਹਾ ਟੱਚ ਕੀਤਾ ਹੈ। ਪ੍ਰਾਈਵੇਟ ਹਸਪਤਾਲਾਂ ਵਿੱਚ ਪਿੱਛੇ ਜਿਹੇ ਥੋੜ੍ਹੇ ਸਮੇਂ ਤੋਂ ਨਵੀਂ ਪ੍ਰਵਿਰਤੀ ਸ਼ੁਰੂ ਹੋਈ ਹੈ ਕਿ ਕੁਝ ਡਾਕਟਰ ਸਾਹਿਬਾਨਾਂ ਨੇ ਅਤੇ ਵੱਡੇ ਹਸਪਤਾਲਾਂ ਨੇ ਆਪਣੇ ਨਾਮ ਦੀਆਂ ਮੈਡੀਸਨਜ਼ ਬਣਾ ਲਈਆਂ ਹਨ। ਉਹ ਮੈਡੀਸਨਜ਼ ਸਿਰਫ ਤੇ ਸਿਰਫ ਉਸ ਹਸਪਤਾਲ ਦੀ ਫਾਰਮੇਸੀ ਦੇ ਵਿਚ ਹੀ ਮਿਲਦੀਆਂ ਹਨ। ਉਨ੍ਹਾਂ ਦੇ ਪ੍ਰਾਈਸਿਜ਼ ਬਹੁਤ ਜ਼ਿਆਦਾ ਹਨ।

[ਸ਼੍ਰੀ ਅਵਤਾਰ ਸਿੰਘ ਜੂਨੀਅਰ]

ਡਾਕਟਰ ਸਾਹਿਬ, ਅਗਰ ਤੁਸੀਂ ਇਸ ਬਾਰੇ ਕੋਈ ਤਰਜੀਹ ਦਿਉ ਤਾਂ ਤੁਹਾਡੀ ਬਹੁਤ ਵੱਡੀ ਮਿਹਰਬਾਨੀ ਹੋਵੇਗੀ।

ਡਿਪਟੀ ਸਪੀਕਰ ਸਾਹਿਬ, ਮੈਂ ਅਖੀਰ ਵਿੱਚ ਕਹਿਣਾ ਚਾਹੁੰਦਾ ਹਾਂ, ਮੇਰੇ ਤੋਂ ਪਹਿਲਾਂ ਸਤਿਕਾਰਯੋਗ ਡਾਕਟਰ ਸੁਖਵਿੰਦਰ ਸੁੱਖੀ ਜੀ ਨੇ ਫਰੀ ਇਲਾਜ ਬਾਰੇ ਗੱਲ ਕੀਤੀ ਹੈ ਪਰ ਉਹ ਇਸ ਸਮੇਂ ਹਾਊਸ ਵਿੱਚ ਮੌਜੂਦ ਨਹੀਂ ਹਨ। ਉਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਮੈਂਬਰ ਸਾਹਿਬਾਨ ਫਰੀ ਇਲਾਜ ਨੂੰ ਬਹੁਤ ਮਹੱਤਤਾ ਦੇ ਰਹੇ ਹਨ। ਡਾਕਟਰ ਸਾਹਿਬ, ਮੇਰੀ ਹੱਥ ਜੋੜ ਕੇ ਸਾਰੇ ਮੈਂਬਰ ਸਾਹਿਬਾਨਾਂ ਨੂੰ ਅਤੇ ਤੁਹਾਨੂੰ ਬੇਨਤੀ ਹੈ ਕਿ ਅਸੀਂ ਇਸ ਫਰੀ ਦੇ ਕੰਸੈਪਟ ਨੂੰ ਪੰਜਾਬ ਦੀਆਂ ਰਗਾਂ ਵਿੱਚੋਂ ਬੰਦ ਕਰੀਏ, ਆਪਾਂ ਕੁਆਲਿਟੀ ਦੀ ਗੱਲ ਕਰੀਏ। ਸਾਨੂੰ ਕੁਆਲਿਟੀ ਇਲਾਜ ਚਾਹੀਦਾ ਹੈ। ਅਸੀਂ ਪੰਜਾਬ ਦੇ ਵਸਨੀਕਾਂ ਨੂੰ ਕੁਆਲਿਟੀ ਇਲਾਜ ਦੇਈਏ। ਫਰੀ ਦਾ ਕੰਸੈਪਟ ਸਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਨਸਲਕੁਸ਼ੀ ਵੱਲ ਧੱਕ ਰਿਹਾ ਹੈ। ਸਾਡੇ ਬੱਚਿਆਂ ਕੋਲ ਨਾ ਰੋਜ਼ਗਾਰ ਹੈ ਅਤੇ ਨਾ ਉਹ ਕੋਈ ਕੰਮ ਕਰ ਰਹੇ ਹਨ। ਮੇਰੀ ਬੇਨਤੀ ਹੈ ਕਿ ਫਰੀ ਦੇਣ ਨਾਲੋਂ ਕੁਆਲਿਟੀ ਇਲਾਜ ਦਿੱਤਾ ਜਾਵੇ, ਅਗਰ ਘੱਟ ਪੈਸੇ ਨਾਲ ਅੱਛਾ ਇਲਾਜ ਹੋ ਜਾਵੇ ਤਾਂ ਉਹ ਜ਼ਿਆਦਾ ਬਿਹਤਰ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਭਾਵੇਂ ਬੈਠਦੇ ਸਾਡੇ ਵੱਲ ਹੋ ਪਰ ਸਾਡੇ ਵੱਲ ਸਵੱਲੀਆਂ ਅੱਖਾਂ ਨਾਲ ਦੇਖਦੇ ਥੋੜ੍ਹਾ ਘੱਟ ਹੋ। ਲੇਕਿਨ ਤੁਹਾਡਾ, ਸਾਰਿਆਂ ਦਾ ਅਤੇ ਖਾਸ ਕਰਕੇ ਡਾਕਟਰ ਚਰਨਜੀਤ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ। ਉਨ੍ਹਾਂ ਨੇ ਜੋ ਰੈਜ਼ੋਲਿਊਸ਼ਨ ਲਿਆਂਦਾ ਹੈ, ਮੈਂ ਇਸ ਦੀ ਪ੍ਰੋੜ੍ਹਤਾ ਕਰਦਾ ਹਾਂ। ਖਾਸ ਕਰਕੇ ਵਜ਼ੀਰ ਸਾਹਿਬਾਨਾਂ ਦਾ ਧੰਨਵਾਦ ਜਿਨ੍ਹਾਂ ਨੇ ਮੇਰੀ ਪ੍ਰੋੜ੍ਹਤਾ ਕੀਤੀ ਹੈ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਮੈਂਬਰ ਸਾਹਿਬ, ਮੈਂ ਤੁਹਾਨੂੰ ਬਿਨਾਂ ਮੰਗੇ ਟਾਈਮ ਦਿੱਤਾ ਹੈ। ਤੁਸੀਂ ਮੈਨੂੰ ਇੱਕ ਵਾਰੀ ਵੀ ਇਸ਼ਾਰਾ ਨਹੀਂ ਕੀਤਾ।

**ਸ਼੍ਰੀ ਅਵਤਾਰ ਸਿੰਘ ਜੂਨੀਅਰ:** ਧੰਨਵਾਦ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ (ਡੇਰਾਬੱਸੀ):** ਸਤਿਕਾਰਯੋਗ ਡਿਪਟੀ ਸਪੀਕਰ ਸਾਹਿਬ, ਡਾਕਟਰ ਚਰਨਜੀਤ ਸਿੰਘ ਚੰਨੀ ਜੀ ਜਿਹੜਾ ਪ੍ਰਸਤਾਵ ਲਿਆਏ ਹਨ, ਉਸ ਤੇ ਅੱਜ ਅਲੱਗ ਅਲੱਗ ਡਾਕਟਰ ਸਾਹਿਬਾਨਾਂ, ਐਮ.ਐਲ.ਏ. ਸਾਹਿਬਾਨਾਂ ਅਤੇ ਵਜ਼ੀਰ ਸਾਹਿਬਾਨਾਂ ਨੇ ਚਰਚਾ ਕੀਤੀ ਹੈ। ਮੈਨੂੰ ਇਸ ਗੱਲ ਦੀ ਖੁਸ਼ੀ

ਹੈ ਕਿ ਸਾਡੇ ਪੰਜਾਬ ਦੇ ਲੋਕਾਂ ਨੂੰ ਘੱਟੋ-ਘੱਟ ਮੌਤ ਤਾਂ ਯਾਦ ਹੈ। ਅਸੀਂ ਉਸ ਗੱਲ ਦਾ ਧਿਆਨ ਰੱਖਿਆ ਹੈ। ਆਪਾਂ ਸਾਰੇ, ਇੱਧਰ ਵਾਲੇ ਅਤੇ ਉੱਧਰ ਵਾਲੇ, ਇਸ ਗੱਲ ਤੇ ਚਿੰਤਤ ਹਾਂ ਕਿ ਅਸੀਂ ਲੰਬੀ ਜ਼ਿੰਦਗੀ ਜੀਅ ਸਕੀਏ ਪਰ ਡਿਪਟੀ ਸਪੀਕਰ ਸਾਹਿਬ, ਇੱਕ ਗੱਲ ਨੂੰ ਸਾਰਾ ਹਾਊਸ, ਅਸੀਂ ਸਾਰੇ ਐਮ.ਐਲ.ਏ. ਸਾਹਿਬਾਨ ਭੁੱਲ ਰਹੇ ਹਾਂ ਕਿ ਜੇ ਸਾਡਾ ਪਾਣੀ ਸਾਫ ਹੋਵੇਗਾ ਤਾਂ ਸ਼ਾਇਦ ਇਨ੍ਹਾਂ ਦਵਾਈਆਂ ਦੀ ਅਤੇ ਹੋਰ ਚੀਜ਼ਾਂ ਦੀ ਲੋੜ ਨਹੀਂ ਪਵੇਗੀ।

ਮੈਂ ਡੇਰਾਬੱਸੀ ਹਲਕੇ ਤੋਂ ਆਉਂਦਾ ਹਾਂ ਤੇ ਅੱਜ ਉੱਥੇ 10,000 ਤੋਂ ਵੱਧ ਕੈਂਸਰ ਦੇ ਮਰੀਜ਼ ਹਨ। ਮੈਂ ਹਰ ਵਾਰ ਇਸੇ ਮੁੱਦੇ ਤੇ ਗੱਲ ਕੀਤੀ ਹੈ। ਮੈਂ ਮੁੱਖ ਮੰਤਰੀ ਜੀ ਅਤੇ ਸਬੰਧਿਤ ਵਜ਼ੀਰ ਸਾਹਿਬ ਨੂੰ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿੱਥੇ ਅਸੀਂ ਦਵਾਈਆਂ ਦੀ ਐਮ.ਆਰ.ਪੀ. ਦੀ ਲੜਾਈ ਲੜ ਰਹੇ ਹਾਂ ਉੱਥੇ ਜੇਕਰ ਅਸੀਂ 10 ਫੀਸਦੀ ਲੜਾਈ ਪਾਣੀ ਬਚਾਉਣ ਵਾਸਤੇ ਜਾਂ ਪਾਣੀ ਸਾਫ ਕਰਨ ਵਾਸਤੇ ਲੜ ਲਈਏ ਤਾਂ ਅਨੇਕਾਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਮੈਂ ਇਕ ਗੱਲ ਦੀ ਬੜੀ ਖੁਸ਼ੀ ਜ਼ਾਹਰ ਕਰਦਾ ਹਾਂ ਕਿ ਅੱਜ ਪਹਿਲੀ ਵਾਰ ਸਾਰੇ ਸਦਨ ਨੇ ਕਿਸੇ ਇਕ ਮੁੱਦੇ ਤੇ ਇਕ ਮੱਤ ਹੋ ਕੇ ਮੋਹਰ ਲਗਾਈ ਹੈ। ਮੈਂ ਆਪਣੇ ਸਾਰੇ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਜਿਵੇਂ ਅਸੀਂ ਸਾਰੇ ਸਿਹਤ ਦੇ ਮੁੱਦੇ ਤੇ ਇਕੱਠੇ ਹੋਏ ਹਾਂ, ਉਵੇਂ ਪਾਣੀ ਦੇ ਮੁੱਦੇ ਤੇ ਵੀ ਇਕੱਠੇ ਹੋਈਏ। ਸਾਨੂੰ ਪਹਿਲੀ ਵਾਰ ਮੌਕਾ ਮਿਲਿਆ ਹੈ ਅਤੇ ਅਸੀਂ ਪਹਿਲੀ ਵਾਰ ਇਨ੍ਹਾਂ ਚਿਹਰਿਆਂ ਨੂੰ ਮਿਲੇ ਹਾਂ। ਮੇਰੇ ਡੇਰਾਬੱਸੀ ਹਲਕੇ ਦੇ 3 ਲੱਖ ਲੋਕਾਂ ਨੇ ਮੈਨੂੰ ਬੜੀ ਉਮੀਦ ਨਾਲ ਇੱਥੇ ਭੇਜਿਆ ਹੈ। ਮੈਂ ਵੀ ਬੜੀ ਉਮੀਦ ਨਾਲ ਇੱਥੇ ਆਇਆ ਸੀ ਕਿ ਬੜੇ ਤਜਰਬੇਕਾਰ ਆਗੂਆਂ ਵਿਚਕਾਰ ਬੈਠਾਂਗਾ। ਇਨ੍ਹਾਂ ਤੋਂ ਕੁੱਝ ਸਿੱਖਾਂਗਾ ਪਰ ਜਦੋਂ ਲੋਕ ਮੁੱਦਿਆਂ ਦੀ ਗੱਲ ਆਉਂਦੀ ਹੈ ਤਾਂ ਕਿਤੇ ਨਾ ਕਿਤੇ ਅਸੀਂ ਰਾਜਨੀਤੀ ਕਰਨ ਲੱਗ ਜਾਂਦੇ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇੱਕੋ ਬੇਨਤੀ ਕਰਕੇ ਆਪਣਾ ਸਥਾਨ ਲਵਾਂਗਾ। ਅੱਜ ਪੰਜਾਬ ਵਿਧਾਨ ਸਭਾ ਦੇ ਇਸ ਸਦਨ ਵਿਚ ਜਿਹੜੀ ਵਿਚਾਰ ਹੋਈ ਹੈ, ਉਸ ਤੇ ਸਾਰਿਆਂ ਨੇ ਮੋਹਰ ਲਗਾਈ ਹੈ ਇਸ ਲਈ ਮੈਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ। ਮੈਂ ਬੇਨਤੀ ਕਰਦਾ ਹਾਂ ਕਿ ਸਾਨੂੰ ਮੌਕਾ ਮਿਲਿਆ ਹੈ ਤਾਂ ਸਾਨੂੰ ਪਾਣੀ ਬਚਾਉਣ ਲਈ ਹੰਭਲਾ ਮਾਰਨਾ ਚਾਹੀਦਾ ਹੈ। ਮੇਰੇ ਡੇਰਾਬੱਸੀ ਹਲਕੇ ਵਿਚ ਲੋਕ ਚੰਡੀਗੜ੍ਹ, ਹਿਮਾਚਲ ਅਤੇ ਪੰਚਕੂਲਾ ਤੋਂ ਕੰਮ ਕਰਨ ਆਉਂਦੇ ਹਨ। ਉਹ ਆਪਣੇ ਪੀਣ ਲਈ ਪਾਣੀ ਆਪਣੇ ਘਰੋਂ ਲੈ ਕੇ ਆਉਂਦੇ ਹਨ ਕਿਉਂਕਿ ਡੇਰਾਬੱਸੀ ਹਲਕੇ ਦਾ ਪਾਣੀ ਪੀਣਯੋਗ ਨਹੀਂ ਰਿਹਾ।ਦੇਖਿਓ ਕਿਤੇ ਬਹੁਤੀ ਦੇਰ ਨਾ ਹੋ ਜਾਵੇ, ਇਸ ਵੱਲ ਉਚੇਚਾ ਧਿਆਨ ਦਿੱਤਾ ਜਾਵੇ।ਬੱਸ, ਇਹੋ ਮੇਰੀ ਬੇਨਤੀ ਹੈ। ਧੰਨਵਾਦ ਜੀ।

*2.07 ਵਜੇ ਬਾਅਦ ਦੁਪਹਿਰ) (ਇਸ *ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਣਯੋਗ ਸਪੀਕਰ:** ਹਾਂ ਜੀ, ਪਾਹੜਾ ਜੀ, ਤੁਸੀਂ ਕੁਝ ਬੋਲਣਾ ਚਾਹੁੰਦੇ ਹੋ?

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੇਰਾ ਨਾਮ ਲੈ ਲਿਆ, ਮੈਂ ਤਿਆਰੀ ਤਾਂ ਨਹੀਂ ਕੀਤੀ ਸੀ ਪਰ ਬੋਲ ਲੈਂਦਾ ਹਾਂ। ਡਾ. ਚਰਨਜੀਤ ਸਿੰਘ ਜੀ ਨੇ ਸਿਹਤ ਬਾਰੇ ਗੱਲ ਕੀਤੀ ਹੈ। ਇਹ ਵਾਕਿਆ ਹੀ ਬੜੀ ਸੰਜੀਦਾ ਗੱਲ ਹੈ ਅਤੇ ਇਸ ਵਿਸ਼ੇ ਤੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਗੱਲ ਕਰਨੀ ਚਾਹੀਦੀ ਹੈ। ਮੈਂ ਗੁਰਦਾਸੁਪਰ ਹਲਕੇ ਤੋਂ ਆਉਂਦਾ ਹਾਂ ਅਤੇ ਗੁਰਦਾਸਪੁਰ ਵਿਖੇ ਹੈੱਡ ਕੁਆਰਟਰ ਤੇ ਸਰਕਾਰੀ ਹਸਪਤਾਲ ਹੈ। ਮੈਂ ਪਿਛਲੀ ਸਰਕਾਰ ਵੇਲੇ ਵੀ ਬੜੇ ਯਤਨ ਕੀਤੇ ਸੀ ਕਿ ਉੱਥੇ ਇੰਪਰੂਵਮੈਂਟ ਹੋਵੇ ਅਤੇ ਹੋਈ ਵੀ ਹੈ। ਪਰ ਹਾਲੇ ਵੀ ਜਦੋਂ ਗਰੀਬ ਲੋਕ ਛੋਟੇ ਮੋਟੇ ਟੈਸਟ ਵਾਸਤੇ ਹਸਪਤਾਲ ਜਾਂਦੇ ਹਨ ਤਾਂ ਡਾਕਟਰ ਉਨ੍ਹਾਂ ਨੂੰ ਅੱਗੇ ਰੈਫਰ ਕਰ ਦਿੰਦੇ ਹਨ ਕਿ ਹਸਪਤਾਲ ਵਿੱਚ ਇਹ ਸਹੂਲਤ ਨਹੀਂ ਹੈ। ਉੱਥੇ ਇਕੁਵਿਪਮੈਂਟਸ ਹਨ ਪਰ ਸਟਾਫ ਨਹੀਂ ਹੈ। ਮਜਬੂਰਨ ਲੋਕਾਂ ਨੂੰ ਪ੍ਰਾਈਵੇਟ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ ਅਤੇ ਉੱਥੇ ਵਾਕਿਆ ਹੀ ਲੋਕਾਂ ਦੀ ਲੁੱਟ-ਖਸੁੱਟ ਹੁੰਦੀ ਹੈ। ਕਈ ਵਾਰ ਤਾਂ ਮਿਲੀਭੁਗਤ ਨਾਲ ਡਾਕਟਰ ਜਾਣਬੁੱਝ ਕੇ ਵੀ ਰੈਫਰ ਕਰ ਦਿੰਦੇ ਹਨ। ਮੈਂ ਕਈ ਵਾਰ ਹਸਪਤਾਲਾਂ ਵਿਚ ਰਾਤਾਂ ਨੂੰ ਸਰਪ੍ਰਾਈਜ਼ ਵਿਜ਼ਿਟ ਵੀ ਕੀਤਾ ਹੈ, ਚੈਕਿੰਗ ਵੀ ਕੀਤੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਕੱਲ੍ਹ ਰਾਤ 12:30 ਵਜੇ ਕਿਸੇ ਗਰੀਬ ਦਾ ਫੋਨ ਆਇਆ ਕਿ ਡਾਕਟਰ ਸਾਨੂੰ ਪ੍ਰਾਈਵੇਟ ਹਸਪਤਾਲ ਵਿਚ ਰੈਫਰ ਕਰ ਰਹੇ ਹਨ, ਕੋਈ ਡਿਲੀਵਰੀ ਦਾ ਕੇਸ ਸੀ। ਮੈਂ ਰਾਤ ਨੂੰ ਹੀ ਹਸਪਤਾਲ ਪਹੁੰਚ ਗਿਆ, ਮੈਂ ਪਟਕਾ ਬੰਨ੍ਹ ਕੇ ਇਕੱਲਾ ਹੀ ਗੱਡੀ ਚਲਾ ਕੇ ਉੱਥੇ ਪਹੁੰਚ ਗਿਆ। ਮੈਂ ਡਾਕਟਰਾਂ ਨੂੰ ਕਿਹਾ ਕਿ ਇਨ੍ਹਾਂ ਦਾ ਕੇਸ ਇੱਥੇ ਹੀ ਕਰਨਾ ਹੈ। ਸੋ, ਉੱਥੇ ਉਨ੍ਹਾਂ ਦੀ ਨਾਰਮਲ ਡਿਲੀਵਰੀ ਹੋਈ ਪਰ ਨਾਲ ਹੀ ਦੋ ਹੋਰ ਕੇਸ ਅਜਿਹੇ ਸਨ, ਜਿਨ੍ਹਾਂ ਨੂੰ ਰੈਫਰ ਕੀਤਾ ਜਾ ਰਿਹਾ ਸੀ, ਉਨ੍ਹਾਂ ਦੀ ਡਿਲੀਵਰੀ ਵੀ ਉੱਥੇ ਹੀ ਕਰਵਾਈ ਤੇ ਤਿੰਨਾ ਦੇ ਮੁੰਡੇ ਪੈਦਾ ਹੋਏ। (ਹਾਸਾ) ਇਹ ਸੱਚੀ ਗੱਲ ਹੈ। ਜੇਕਰ ਮੈਂ ਉੱਥੇ ਹਸਪਤਾਲ ਨਾ ਜਾਂਦਾ ਤਾਂ ਉਨ੍ਹਾਂ ਨੂੰ ਬਾਹਰ ਭੱਜਣਾ ਪੈਣਾ ਸੀ ਤੇ ਉਨ੍ਹਾਂ ਦਾ ਆਪ੍ਰੇਸ਼ਨ ਕਰ ਦਿੱਤਾ ਜਾਣਾ ਸੀ। ਸੋ, ਮੇਰੇ ਕਹਿਣ ਦਾ ਮਤਲਬ ਹੈ ਕਿ ਸਿਹਤ ਦੇ ਖੇਤਰ ਵਿਚ ਸੁਧਾਰ ਲਈ ਸਾਨੂੰ ਜ਼ਮੀਨੀ ਪੱਧਰ ਤੇ ਕੰਮ ਕਰਨਾ ਪੈਣਾ ਹੈ। ਸਰਕਾਰ ਯਤਨ ਕਰਦੀ ਹੈ, ਮੰਤਰੀ ਯਤਨ ਕਰਦੇ ਹਨ ਪਰ ਕਈ ਵਾਰ ਅਫ਼ਸਰਾਂ ਵਾਲੀ ਸਾਈਡ

ਤੋਂ ਯਤਨਾਂ ਨੂੰ ਬੂਰ ਨਹੀਂ ਪੈਂਦਾ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ SMO/DHO ਦੀ ਪੋਸਟ ਤੇ specialist ਲਾਏ ਹੋਏ ਹਨ, ਮੌਜੂਦਾ ਗੌਰਮਿੰਟ ਵਿੱਚ almost 147 ਸਪੈਸ਼ਲਿਸਟ ਲਗਾਏ ਹੋਏ ਹਨ। ਉਨ੍ਹਾਂ ਦੀ ਜਗ੍ਹਾ ਜੇਕਰ MBBS Doctor as an DHO, as an SMO ਲਗਾ ਦਿੱਤੇ ਜਾਣ ਉਹ ਵੀ ਕੰਮ ਕਰ ਸਕਦੇ ਹਨ। ਜਿਹੜੇ specialist ਹਨ ਉਨ੍ਹਾਂ ਨੂੰ ਹਸਪਤਾਲਾਂ ਵਿੱਚ ਭੇਜਿਆ ਜਾਵੇ ਤਾਂ ਸਰਕਾਰ ਨੂੰ ਇਸ ਦਾ ਕਾਫੀ ਫਾਇਦਾ ਹੋਵੇਗਾ। ਜਿੰਨੇ ਵੀ SMO/DHO ਲੱਗਦੇ ਹਨ, ਉਹ ਪਿਛਲੀਆਂ ਸਰਕਾਰਾਂ ਵੇਲੇ ਵੀ ਅਤੇ ਹੁਣ ਵੀ ਸਿਫਾਰਸ਼ਾਂ ਨਾਲ ਲੱਗਦੇ ਰਹੇ ਹਨ। ਫਿਰ ਉਹ ਉੱਥੇ ਹੀ ਬੈਠੇ ਰਹਿੰਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਸਪੈਸ਼ਲਿਸਟਾਂ ਤੋਂ ਸਪੈਸ਼ਲਿਸਟ ਦਾ ਕੰਮ ਲਿਆ ਜਾਵੇ ਅਤੇ ਮੰਤਰੀ ਸਾਹਿਬ ਇਨ੍ਹਾਂ ਐਮ.ਬੀ.ਬੀ.ਐਸ. ਡਾਕਟਰਜ਼ ਨੂੰ DHO/SMO ਦੀਆਂ ਪੋਸਟਾਂ ਤੇ ਲਗਾਇਆ ਜਾਵੇ। ਇਸ ਨਾਲ ਸਪੈਸ਼ਲਿਸਟਾਂ ਦੀ ਘਾਟ ਵੀ ਪੂਰੀ ਹੋ ਸਕਦੀ ਹੈ। ਮੈਂ ਧੰਨਵਾਦ ਕਰਦਾ ਹਾਂ ਕਿ ਬੜਾ ਵਧੀਆ ਮੁੱਦਾ ਇੱਥੇ ਸਦਨ ਵਿੱਚ ਡਿਸਕਸ ਹੋਇਆ ਹੈ ਅਤੇ ਰੈਜ਼ੋਲਿਊਸ਼ਨ ਤੇ ਸਾਰਿਆਂ ਨੇ ਆਪਣੀ ਰਾਏ ਰੱਖੀ ਹੈ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ।

ਇਸ ਦੇ ਨਾਲ ਹੀ ਮੈਂ ਅਫਸਰਾਂ ਦੀ ਗੱਲ ਕਰਨੀ ਚਾਹੁੰਦਾ ਹਾਂ ਕਿ ਕਈ ਵਾਰ ਹੇਠਲੇ ਪੱਧਰ ਤੇ ਪ੍ਰੈਕਟੀਕਲ ਤੌਰ ਤੇ ਕਈ ਚੀਜ਼ਾਂ implement ਨਹੀਂ ਹੁੰਦੀਆਂ ਹਨ। ਮੈਂ ਪੀ.ਡਬਲਿਊ.ਡੀ. ਮੰਤਰੀ ਸਾਹਿਬ ਦੇ ਘਰ ਇੱਕ ਮਹੀਨਾ ਪਹਿਲਾਂ ਗਿਆ ਸੀ, ਵੈਸੇ ਇਹ ਮੁੱਦਾ ਹੈਲਥ ਤੇ ਨਹੀਂ ਹੈ, but I will take 10 seconds only. ਸਪੀਕਰ ਸਾਹਿਬ, ਗੁਰਦਾਸਪੁਰ ਮੁਕੇਰੀਆਂ ਰੋਡ ਤੇ ਇੱਕ ਅੰਡਰ-ਬਰਿੱਜ ਹੈ ਅਤੇ ਬੜੇ ਸਲੀਕੇ ਨਾਲ ਮਨਿਸਟਰ ਸਾਹਿਬ ਨੇ ਮੈਨੂੰ ਚਾਹ ਪਿਲਾਈ। ਮੇਰੇ ਤੋਂ ਸਾਰਾ ਕੁਝ ਸੁਣਿਆ। ਇਨ੍ਹਾਂ ਨੇ ਐਨਡੋਰਸ ਵੀ ਕੀਤਾ ਕਿ ਬਹੁਤ ਵਧੀਆ ਗੱਲ ਹੈ ਅਤੇ ਇਹ genuine issue ਹੈ। ਇਨ੍ਹਾਂ ਨੇ ਆਸ਼ਵਾਸਨ ਦਿੱਤਾ ਸੀ ਕਿ ਇਹ resolve ਹੋ ਜਾਵੇਗਾ ਪਰ ਅੱਜ ਇੱਕ ਮਹੀਨਾ ਹੋ ਗਿਆ ਉਸ ਸਬੰਧੀ ਲੈਟਰ ਹੀ ਨਹੀਂ ਲੱਭੀ। ਚੀਫ ਸਾਹਿਬ ਕਹਿੰਦੇ ਹਨ ਕਿ ਮੇਰੇ ਕੋਲ ਲੈਟਰ ਨਹੀਂ ਆਈ। ਮੇਰੇ ਕਹਿਣ ਦਾ ਭਾਵ ਹੈ ਕਿ ਇਹ ਸਿਸਟਮ ਇਕੱਲੇ ਮਨਿਸਟਰ ਜਾਂ ਸਰਕਾਰ ਖਰਾਬ ਨਹੀਂ ਕਰਦੀ। ਮੈਂ ਤਾਂ ਪ੍ਰੈਕਟੀਕਲ ਬੰਦਾ ਹਾਂ, ਪ੍ਰੈਕਟੀਕਲ ਕੰਮ ਕਰਦਾ ਹਾਂ। ਸਾਡੀ ਸਰਕਾਰ ਵੇਲੇ ਵੀ ਮੈਂ ਦਫਤਰਾਂ ਦੇ ਵਿੱਚ table to table ਜਾਂਦਾ ਰਿਹਾ ਹਾਂ। ਮੈਂ ਇਹ ਚਾਹੁੰਦਾ ਹਾਂ ਕਿ ਜਿੱਥੇ ਇਹ

ਸਰਕਾਰ effort ਕਰਦੀ ਹੈ, 117 ਵਿਧਾਇਕ effort ਕਰਦੇ ਹਨ, ਉੱਥੇ ਥੋੜ੍ਹੀ ਜਿਹੀ ਨੱਥ ਅਫਸਰਾਂ ਨੂੰ ਜ਼ਰੂਰ ਪਾਓ ਤਾਂ ਜੋ ਕਿਸੇ ਵੀ ਮਨਿਸਟਰ ਜਾਂ ਸਰਕਾਰ ਦਾ ਫੁਰਮਾਨ ਥੱਲੇ ਤੱਕ ਜਾਵੇ ਅਤੇ ਲੋਕਾਂ ਨੂੰ ਇਸ ਦਾ ਫਾਇਦਾ ਹੋਵੇ। ਲੋਕਾਂ ਦਾ ਜੇਕਰ ਕੋਈ issue ਹੈ ਉਸ ਦਾ ਹੱਲ ਹੋਵੇ। ਆਪਾਂ ਹਰ ਗੱਲ ਨੂੰ agitation ਵੱਲ ਨਾ ਤੋਰੀਏ। ਸਪੀਕਰ ਸਾਹਿਬ, ਸੋ ਮੈਂ ਅਖੀਰ ਦੇ ਵਿੱਚ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਬਿਨਾਂ ਮੰਗੇ ਮੈਨੂੰ ਸਮਾਂ ਦਿੱਤਾ ਹੈ। ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਕਰਦਾ ਹਾਂ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਇਸ ਤੋਂ ਪਹਿਲਾਂ ਕਿ ਮੈਂ ਮਾਨਯੋਗ ਸਿਹਤ ਮੰਤਰੀ ਸਾਹਿਬ ਨੂੰ ਬੁਲਾਵਾਂ, ਮੈਂ ਆਪਣਾ ਇੱਕ ਐਕਸਪੀਰੀਐਂਸ ਤੁਹਾਡੇ ਨਾਲ ਸ਼ੇਅਰ ਕਰਨਾ ਚਾਹੁੰਦਾ ਹਾਂ। ਕੈਂਸਰ ਦੀਆਂ ਦਵਾਈਆਂ ਬੜੀਆਂ ਮਹਿੰਗੀਆਂ ਹਨ। ਸਾਡੇ ਹੱਥ ਇੱਕ chemist ਦਾ ਬਿਲ ਲੱਗ ਗਿਆ ਜਿਸ ਵਿੱਚ ਕਾਫੀ ਸਾਰੀਆਂ ਦਵਾਈਆਂ ਦੀ ਲਿਸਟ ਸੀ। ਇੱਕ ਕੈਂਸਰ ਦੀ ਦਵਾਈ ਦਾ ਬਿਲ 1980/-ਰੁਪਏ ਸੀ ਜੋ ਕਿ ਕੈਮਿਸਟ ਨੇ ਖਰੀਦੀ ਸੀ ਪਰ ਉਸ ਦੀ MRP 19,800/- ਰੁਪਏ ਸੀ। ਦੇਖੋ ਇਹ ਇੰਨਾ ਵੱਡਾ ਫਰਕ ਸੀ। ਸਾਡੇ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਚੰਦਬਾਜਾ ਜੀ ਨੇ ਮਾਨਯੋਗ ਰਾਸ਼ਟਰਪਤੀ ਸਾਹਿਬ ਤੋਂ ਲੈ ਕੇ ਥੱਲੇ ਐਮ.ਐਲ.ਏ. ਤੱਕ ਚਿੱਠੀ ਪਾ ਦਿੱਤੀ ਕਿ ਕੈਂਸਰ ਦੇ ਮਰੀਜ਼ਾਂ ਦੀ ਇੰਨੀ ਲੁੱਟ ਹੋ ਰਹੀ ਹੈ। ਇਸ ਨੂੰ ਠੀਕ ਕੀਤਾ ਜਾਵੇ। ਸਿਰਫ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਸਾਹਿਬ ਦਾ ਰਿਸਪਾਂਸ ਆਇਆ ਲੇਕਿਨ ਹੋਰ ਕਿਸੇ ਦਾ ਰਿਸਪਾਂਸ ਹੀ ਨਹੀਂ ਆਇਆ। ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਇਸ ਮੁੱਦੇ ਨੂੰ ਅਸਲ ਮੁੱਦਾ ਮੰਨ ਕੇ ਇਸ ਤੇ ਡਿਸਕਸ਼ਨ ਕਰਵਾਈ (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)। ਇਹ ਬਹੁਤ ਵੱਡੀ ਗੱਲ ਹੈ, ਹੋਇਆ ਇਹ ਕਿ ਕੈਂਸਰ ਦੀਆਂ ਦਵਾਈਆਂ regulate ਹੋ ਗਈਆਂ। ਹਾਈ ਕੋਰਟ ਨੇ amicus curiae ਲਗਾਇਆ, ਉਸ ਚਿੱਠੀ ਨੂੰ writ ਮੰਨਿਆ। Drug and Cosmetic Act ਵਿੱਚ ਪ੍ਰੋਵੀਜ਼ਨ ਹੈ ਕਿ ਜਿਹੜੀ scheduled drug and non-scheduled drug ਹੈ, ਉਸ ਨੂੰ differentiate ਕਰਨ ਵਾਸਤੇ ਲਾਲ ਤੇ ਹਰੀ ਪੈਕਿੰਗ ਦੀ differentiation ਸੀ। ਉਹ by-law ਕਰਨੀ ਜ਼ਰੂਰੀ ਸੀ। ਹਾਈ ਕੋਰਟ ਨੇ ਇਹ ਵੀ ਕਹਿ ਦਿੱਤਾ ਕਿ 30 ਦਿਨਾਂ ਦੇ ਅੰਦਰ ਅੰਦਰ ਇਸ ਨੂੰ implement ਕੀਤਾ ਜਾਵੇ। ਪਤਾ ਲੱਗ ਜਾਂਦਾ ਹੈ ਕਿ ਕਿਹੜਾ ਡਾਕਟਰ ਮਹਿੰਗੀ ਦਵਾਈ ਲਿਖਦਾ ਹੈ, ਉਹ ਅਲੱਗ ਰੰਗ ਦੀ ਹੋਵੇਗੀ ਅਤੇ ਸਸਤੀ ਅਲੱਗ ਰੰਗ ਦੀ ਹੋਵੇਗੀ। ਅਸੀਂ ਕਿਹਾ ਕਿ ਅਸੀਂ ਬੜਾ ਮਾਅਰਕਾ ਮਾਰ ਲਿਆ ਹੈ।

ਮਹੀਨਾ ਲੰਘ ਗਿਆ ਹੈ, ਦੋ ਮਹੀਨਿਆਂ ਬਾਅਦ ਅਸੀਂ H.C. Arora ਜੀ ਨੂੰ ਪੁੱਛਿਆ ਕਿ ਇਹ ਲਾਲ ਅਤੇ ਹਰੇ ਵਾਲੀਆਂ ਦਵਾਈਆਂ ਬਾਜ਼ਾਰਾਂ ਵਿੱਚ ਤਾਂ ਦਿਸਣ ਨਹੀਂ ਲੱਗੀਆਂ। ਉਹ ਕਹਿੰਦੇ ਕਿ ਕੋਰਟ ਨੇ ਤਾਂ ਕਾਨੂੰਨ ਇੰਪਲੀਮੈਂਟ ਕਰਨਾ ਹੁੰਦਾ ਹੈ ਅਤੇ ਕੋਰਟ ਨੇ ਡਾਇਰੈਕਸ਼ਨ ਦੇ ਦਿੱਤੀ ਹੈ। ਇਹ ਕੰਪਨੀਆਂ ਜਿਹੜੀਆਂ ਮਰੀਜ਼ਾਂ ਨੂੰ ਲੁੱਟਦੀਆਂ ਹਨ, ਇਹ ਇੰਨੀਆਂ ਪਾਵਰਫੁੱਲ ਹਨ ਕਿ ਇਨ੍ਹਾਂ ਨੇ ਮਹੀਨੇ ਦੇ ਅੰਦਰ ਅੰਦਰ ਉਹ ਕਾਨੂੰਨ ਹੀ ਬਦਲਾ ਦਿੱਤਾ। Differentiation ਵਾਲਾ clause ਹੀ ਕੱਟ ਦਿੱਤਾ। ਸੋ, ਮੈਂ ਸਮਝਦਾ ਹਾਂ ਕਿ ਇਸ ਮਤੇ ਤੇ ਕਾਫੀ ਗੱਲ ਹੋ ਗਈ ਹੈ।

**ਸ਼੍ਰੀ ਗੁਰਲਾਲ ਘਨੌਰ:** ਸਰ, ਜਿਵੇਂ ਆਪਾਂ ਮੈਡੀਸਨ ਦੀ ਗੱਲ ਕੀਤੀ ਹੈ, ਥੋੜ੍ਹੀ ਜਿਹੀ ਸਪੋਰਟਸ ਮੈਡੀਸਨ ਦੀ ਗੱਲ ਰਹਿੰਦੀ ਹੈ। ਉਹ ਵੀ ਵੱਡਾ ਇਸ਼ੂ ਹੈ।

**ਮਾਣਯੋਗ ਸਪੀਕਰ:** ਗੁਰਲਾਲ ਜੀ, ਸਾਰੀਆਂ ਦਵਾਈਆਂ ਦੀ ਐਮ.ਆਰ.ਪੀ. ਰੈਗੂਲੇਟ ਕਰਨੀ ਹੈ। ਇਕੱਲੀ ਸਪੋਰਟਸ ਮੈਡੀਸਨ ਦੀ ਹੀ ਗੱਲ ਨਹੀਂ ਹੈ ਪਰ ਚਲੋ, ਇੱਕ ਮਿੰਟ ਤੁਸੀਂ ਵੀ ਲੈ ਲਉ।

**ਸ਼੍ਰੀ ਗੁਰਲਾਲ ਘਨੌਰ (ਘਨੌਰ) :** ਸਪੀਕਰ ਸਾਹਿਬ ਸਮਾਂ ਦੇਣ ਲਈ ਤੁਹਾਡਾ ਬਹੁਤ ਬਹੁਤ ਧੰਨਵਾਦ। ਅਸੀਂ ਮੈਡੀਸਿਨ ਦੀ ਐਮ.ਆਰ.ਪੀ. ਤੇ ਗੱਲ ਕੀਤੀ ਹੈ। ਮੈਂ ਸਿਹਤ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਪੰਜਾਬ ਦਾ ਸਾਂਝਾ ਮੁੱਦਾ ਹੈ। ਜਦੋਂ ਮੈਡੀਸਿਨ ਦੀ ਗੱਲ ਚੱਲਦੀ ਹੈ ਤਾਂ ਨਾਲ ਕਿਤੇ ਨਾ ਕਿਤੇ ਸਪੋਰਟਸ ਮੈਡੀਸਿਨ ਦੀ ਵੀ ਗੱਲ ਚੱਲਦੀ ਹੈ। ਬਹੁਤ ਸਾਰੇ ਮੈਡੀਕਲ ਸਟੋਰਾਂ ਤੇ ਜਾਅਲੀ ਸਪਲੀਮੈਂਟ, ਜਾਅਲੀ ਐਮ.ਆਰ.ਪੀ. ਲਗਾ ਕੇ ਵੇਚੇ ਜਾਂਦੇ ਹਨ। ਵਿਦੇਸ਼ਾਂ ਦੇ ਲੇਬਲ ਲੱਗੇ ਹੁੰਦੇ ਹਨ ਕਿ ਇਹ ਯੂ.ਐਸ.ਏ. ਤੋਂ ਆਇਆ ਹੈ, ਇਹ ਆਸਟ੍ਰੇਲੀਆ ਜਾਂ ਅਮਰੀਕਾ ਤੋਂ ਆਇਆ ਹੈ ਜਾਂ ਅਲੱਗ-ਅਲੱਗ ਕੰਟਰੀਜ਼ ਤੋਂ ਆਇਆ ਹੈ। ਉਨ੍ਹਾਂ ਤੇ ਇੱਛਾ ਅਨੁਸਾਰ ਐਮ.ਆਰ.ਪੀ. ਲਾਈ ਜਾਂਦੀ ਹੈ ਅਤੇ ਇਨ੍ਹਾਂ ਕਾਰਨ ਬਹੁਤ ਸਾਰੇ ਸਪੋਰਟਸ ਪਰਸਨਜ਼ ਦੇ ਲੀਵਰ, ਕਿਡਨੀਆਂ ਖਰਾਬ ਹੋ ਰਹੇ ਹਨ। ਜਾਅਲੀ ਵਿਟਾਮਿਨ ਆਉਂਦੇ ਹਨ, ਜਾਅਲੀ ਸਟੀਰਾਇਡ ਆਉਂਦੇ ਹਨ, ਜਾਅਲੀ ਸਪਲੀਮੈਂਟ ਆਉਂਦੇ ਹਨ, ਇਨ੍ਹਾਂ ਨੂੰ ਕੌਣ ਅਲਾਉ ਕਰਦਾ ਹੈ? ਇਹ ਕਿੱਥੋਂ ਲਿਆਂਦੇ ਜਾਂਦੇ ਹਨ ਜਾਂ ਇਨ੍ਹਾਂ ਨੂੰ ਵੇਚਣ ਲਈ ਉਨ੍ਹਾਂ ਕੋਲ ਕੀ ਅਥਾਰਟੀ ਹੈ? ਐਮ.ਆਰ.ਪੀ. ਦੇ ਮੁੱਦੇ ਦੇ ਨਾਲ ਨਾਲ ਇਸ ਨੂੰ ਵੀ ਵਾਚਿਆ ਜਾਵੇ ਤਾਂ ਕਿ ਅਸੀਂ ਆਪਣੀਆਂ ਖੇਡਾਂ, ਪੰਜਾਬ ਦੀ ਜਵਾਨੀ ਨੂੰ ਬਚਾ ਸਕੀਏ। ਜੇਕਰ ਉਨ੍ਹਾਂ ਕੋਲ ਕੋਈ ਅਥਾਰਟੀ ਹੈ ਤਾਂ ਆਪਣੇ ਸੀ.ਐਮ.ਓ. ਜਾਂ ਐਸ.ਐਮ.ਓ. ਨੂੰ ਕਹਿ ਕੇ ਜ਼ਰੂਰ ਚੈੱਕ ਕਰਵਾਇਆ ਜਾਵੇ। ਇਹ

ਦੇਖਿਆ ਜਾਵੇ ਕਿ ਪੰਜਾਬ ਦੇ ਮੈਡੀਕਲ ਸਟੋਰਾਂ ਤੇ ਸਪਲੀਮੈਂਟ ਵੇਚਣ ਦੀ ਅਥਾਰਟੀ ਕਿੱਥੋਂ ਪ੍ਰਾਪਤ ਹੋਈ ਹੈ? ਵਿਦੇਸ਼ਾਂ ਤੋਂ ਲਿਆ ਕੇ ਸਪਲੀਮੈਂਟ, ਸਟੀਰਾਇਡ ਜਾਂ ਵਿਟਾਮਿਨ ਵੇਚੇ ਜਾਂਦੇ ਹਨ, ਇਹ ਕਿਵੇਂ ਸਾਡੇ ਮੁਲਕ ਵਿੱਚ ਆਉਂਦੇ ਹਨ? ਇਸ ਗੱਲ ਦੀ ਤਹਿ ਤੱਕ ਜ਼ਰੂਰ ਜਾਣਾ ਚਾਹੀਦਾ ਹੈ। ਸਾਡੇ ਬਹੁਤ ਸਾਰੇ ਯੰਗਸਟਰ ਬੱਚੇ, ਚਾਹੇ ਕਿਸੇ ਦੀ ਕੋਈ ਵੀ ਖੇਡ ਹੋਵੇ, ਉਨ੍ਹਾਂ ਵਿੱਚ ਜਲਦੀ ਤਕੜੇ ਹੋਣ ਦੀ ਇੱਕ ਹੋੜ ਲੱਗੀ ਹੋਈ ਹੈ ਅਤੇ ਉਹ ਇਸ ਦਾ ਸ਼ਿਕਾਰ ਹੋ ਰਹੇ ਹਨ। ਜਿਹੜੇ ਵੀ ਇਸ ਮਸਲੇ ਵਿੱਚ ਸ਼ਰਾਰਤੀ ਅਨਸਰ ਹਨ, ਉਨ੍ਹਾਂ ਨੂੰ ਸਖਤੀ ਨਾਲ ਚੈੱਕ ਕੀਤਾ ਜਾਵੇ ਕਿ ਉਹ ਕਿਸ ਅਥਾਰਟੀ ਨਾਲ ਜਾਅਲੀ ਸਪਲੀਮੈਂਟ ਵੇਚਦੇ ਹਨ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ :** ਧੰਨਵਾਦ ਜੀ। ਮਾਣਯੋਗ ਸਿਹਤ ਮੰਤਰੀ, ਡਾਕਟਰ ਬਲਬੀਰ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ) :** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਪਹਿਲਾਂ ਤਾਂ ਮੈਂ ਤੁਹਾਡੇ ਰਾਹੀਂ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਬਹੁਤ ਹੀ ਅਹਿਮ ਮੁੱਦੇ ਤੇ ਚਰਚਾ ਕੀਤੀ ਹੈ। ਇਹ ਮੁੱਦਾ ਪਬਲਿਕ ਇੰਟਰਸਟ ਦਾ ਮੁੱਦਾ ਹੈ। ਅਸੀਂ ਲੋਕਾਂ ਪ੍ਰਤੀ ਜਵਾਬਦੇਹ ਹਾਂ। ਸਾਡਾ ਮਕਸਦ ਹੈ ਕਿ ਇੱਥੇ ਲੋਕਾਂ ਦੇ ਮੁੱਦੇ ਚੁੱਕੇ ਜਾਣ। ਅੱਜ ਬਹੁਤ ਵਧੀਆ ਤਰੀਕੇ ਨਾਲ ਇਹ ਮੁੱਦਾ ਡਿਸਕਸ ਹੋਇਆ ਹੈ। ਮੈਂ ਕੋਈ ਇੱਧਰ ਉੱਧਰ ਦੀ ਗੱਲਬਾਤ ਕਰਨ ਦੀ ਥਾਂ ਸਿੱਧਾ ਮੁੱਦੇ ਤੇ ਆਉਂਦਾ ਹਾਂ। ਮੈਂ ਸਭ ਤੋਂ ਪਹਿਲਾਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਪਿੱਛੇ ਜਿਹੇ ਤੁਸੀਂ ਇਸੇ ਮੁੱਦੇ ਤੇ ਇੱਕ ਮੀਟਿੰਗ ਬੁਲਾਈ ਸੀ ਜਿਸ ਵਿੱਚ ਤੁਸੀਂ ਮਾਣਯੋਗ ਐਮ.ਐਲ.ਏਜ਼. ਨੂੰ ਬੁਲਾਇਆ ਸੀ, ਸਾਰੇ ਅਫ਼ਸਰ ਸਾਹਿਬਾਨ ਵੀ ਆਏ ਸਨ, ਪਬਲਿਕ ਦੇ ਨੁਮਾਇੰਦੇ ਵੀ ਆਏ ਸਨ ਅਤੇ ਐਨ.ਜੀ.ਓਜ਼. ਦੇ ਨੁਮਾਇੰਦੇ ਵੀ ਆਏ ਸਨ। ਉਸ ਮੀਟਿੰਗ ਵਿੱਚ ਬਹੁਤ ਅੱਛੀ ਡਿਸਕਸ਼ਨ ਹੋਈ ਸੀ। ਇਹ ਮੀਟਿੰਗ ਤੁਸੀਂ 21 ਫਰਵਰੀ ਨੂੰ ਬੁਲਾਈ ਸੀ ਜਿਸ ਵਿੱਚ ਕੈਬਨਿਟ ਵਿੱਚੋਂ ਮੈਂ ਅਤੇ ਮੇਰੇ ਸਹਿਯੋਗੀ ਡਾਕਟਰ ਨਿੱਜਰ ਜੀ ਵੀ ਪਹੁੰਚੇ ਸਨ। ਹਾਲਾਂਕਿ ਉਸ ਦਿਨ ਸਾਡੀ ਕੈਬਨਿਟ ਮੀਟਿੰਗ ਸੀ ਅਤੇ ਮੈਂ ਉਸ ਤੋਂ ਬਾਅਦ ਤੁਹਾਡੀ ਮੀਟਿੰਗ ਵਿੱਚ ਆ ਕੇ ਗੱਲ ਕੀਤੀ ਸੀ। ਇਸ ਮੀਟਿੰਗ ਵਿੱਚ ਬਹੁਤ ਹੀ ਅੱਛੇ ਮੁੱਦੇ ਸਾਹਮਣੇ ਆਏ ਸਨ। ਮੈਂ ਬਾਅਦ ਵਿੱਚ ਤੁਹਾਡੇ ਤੋਂ ਫੀਡ ਬੈਕ ਲੈ ਕੇ 22 ਤਾਰੀਖ ਨੂੰ ਇੱਕ ਲੈਟਰ ਡਰਾਫਟ ਕੀਤੀ ਸੀ। ਇਸ ਨਾਲ ਸਬੰਧਤ ਮਹਿਕਮਾ National Pharmaceutical Pricing Authority ਹੈ, ਇਹ Ministry for Chemical and Fertilizers ਅਧੀਨ ਹੈ। ਅੱਛੀ ਗੱਲ ਇਹ ਹੈ ਕਿ ਡਾਕਟਰ ਮਨਸੁਖ ਮਾਂਡਵੀਆ ਵੀ

ਇੱਕ ਡਾਕਟਰ ਹਨ। ਮੈਂ ਉਨ੍ਹਾਂ ਨੂੰ ਇੱਕ ਚਿੱਠੀ ਲਿਖੀ ਜਿਸ ਵਿੱਚ ਉਹ ਸਾਰੇ ਮੁੱਦੇ ਦਰਜ ਸਨ ਜਿਹੜੇ ਕਿ ਉਸ ਮੀਟਿੰਗ ਵਿੱਚ ਡਿਸਕਸ ਹੋਏ ਸਨ। ਉਹ ਮੀਟਿੰਗ 21 ਤਾਰੀਖ ਨੂੰ ਹੋਈ ਸੀ ਅਤੇ 22 ਤਾਰੀਖ ਨੂੰ ਉਨ੍ਹਾਂ ਨੂੰ ਮੇਰੀ ਚਿੱਠੀ ਚਲੀ ਗਈ ਸੀ।

**ਮਾਣਯੋਗ ਸਪੀਕਰ :** ਮੰਤਰੀ ਜੀ, ਤੁਹਾਡੀ ਇਹ ਕਾਰਵਾਈ ਬਹੁਤ ਪ੍ਰਸੰਸਾਯੋਗ ਹੈ। (ਥੰਪਿੰਗ) ਤੁਸੀਂ ਨਾਲ ਦੀ ਨਾਲ ਐਕਸ਼ਨ ਲਿਆ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਸਰ, ਮੈਂ ਇਸ ਸਦਨ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ, ਜਿਹੜੇ ਵੀ ਇਸ ਸਮੇਂ ਸੁਣ ਰਹੇ ਹਨ, ਉਨ੍ਹਾਂ ਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਵੱਲੋਂ ਕਿਤੇ ਵੀ ਡਿਲੇਅ ਨਹੀਂ ਕੀਤੀ ਜਾਵੇਗੀ, ਨੈਗਲੀਜੈਂਸ ਤਾਂ ਬਹੁਤ ਦੂਰ ਦੀ ਗੱਲ ਹੈ। ਸਰ, ਇਸ ਡਿਸਕਸ਼ਨ ਵਿੱਚ ਬਹੁਤ ਸਾਰੇ ਮੁੱਦੇ ਸਾਹਮਣੇ ਆਏ ਹਨ। ਮੈਂ ਜਿਹੜੀ ਚਿੱਠੀ ਲਿਖੀ ਹੈ, ਉਸ ਵਿੱਚ ਜਿਹੜੇ ਮੁੱਦੇ ਹਨ, ਜਿਹੜੇ ਕਿ ਇਸ ਡਿਸਕਸ਼ਨ ਵਿੱਚ ਨਹੀਂ ਆਏ, ਉਨ੍ਹਾਂ ਦਾ ਜ਼ਿਕਰ ਕਰਾਂਗਾ। ਜਿਵੇਂ ਕਿ 388 ਸ਼ਡਿਊਲਡ ਡਰੱਗਜ਼ ਹਨ।ਮੀਤ ਹੇਅਰ ਜੀ ਨੇ ਮੁੱਦਾ ਚੁੱਕਿਆ ਸੀ ਕਿ ਜਿਹੜਾ salt ਹੈ, ਉਸ ਨੂੰ ਹੀ ਰੈਗੂਲੇਟ ਕਰ ਦਿੱਤਾ ਜਾਵੇ। ਬਿਲਕੁਲ ਮੀਤ ਜੀ ਇਹ ਹੋ ਸਕਦਾ ਹੈ ਕਿਉਂਕਿ ਇਹ ਕੈਂਸਰ ਡਰੱਗ ਵਿੱਚ ਸ਼ਾਇਦ ਕੋਰਟ ਦੇ ਇੰਟਰਵੈਨਸ਼ਨ ਕਰਕੇ ਹੋਇਆ ਹੈ ਕਿ ਉਸ ਵਿੱਚ 30% ਤੋਂ ਜ਼ਿਆਦਾ ਮਾਰਜਿਨ ਨਹੀਂ ਹੋ ਸਕਦਾ। ਸੋ, ਕੈਂਸਰ ਡਰੱਗਜ਼ ਨੂੰ ਰੈਗੂਲੇਟ ਕੀਤਾ ਗਿਆ ਪਰੰਤੂ ਜਿਹੜੀਆਂ ਨਾਨ-ਸ਼ਡਿਊਲਡ ਡਰੱਗਜ਼ ਹਨ, ਉਹ ਇਸ ਤੋਂ ਬਾਹਰ ਰੱਖੀਆਂ ਗਈਆਂ।

ਇੱਕ ਮੁੱਦਾ ਸਦਨ ਦੇ ਧਿਆਨ ਵਿੱਚ ਨਹੀਂ ਆਇਆ, ਇੱਕ ਈ-ਫਾਰਮੇਸੀ ਚੱਲਦੀ ਹੈ। ਅਸੀਂ ਬਾਕੀ ਕੈਮਿਸਟ ਦੀ malpractice ਦੀ ਗੱਲ ਕੀਤੀ ਹੈ, ਸਭ ਤੋਂ ਜ਼ਿਆਦਾ ਈ-ਫਾਰਮੇਸੀ ਵਿੱਚ malpractices ਹੋ ਰਹੀਆਂ ਹਨ। ਜੇ ਤੁਸੀਂ ਆਨਲਾਈਨ ਵੇਖੋਗੇ ਤਾਂ ਉਸ ਤੇ ਲਿਖਿਆ ਹੁੰਦਾ ਹੈ ਕਿ 25% concession and very attractive offers. ਮੈਨੂੰ ਸਮਝ ਨਹੀਂ ਆਈ ਕਿ ਦਵਾਈ ਤੇ ਕੀ ਐਟਰੈਕਟਿਵ ਆਫਰ ਹੋਣਗੇ? What is an attractive offer on life saving medicine? That market is not regulated. ਮੈਂ ਮਾਣਯੋਗ ਸਿਹਤ ਮੰਤਰੀ ਨੂੰ ਮਿਲਣਾ ਸੀ ਅਤੇ ਚਿੱਠੀ ਲਿਖੀ ਸੀ ਕਿ ਮੈਨੂੰ ਟਾਈਮ ਦਿਉ। ਜਿਵੇਂ ਕਹਿੰਦੇ ਹਨ ਕਿ ਨੀਅਤ ਨੂੰ ਮੁਰਾਦਾਂ, ਜੇਕਰ ਨੀਅਤਾਂ ਸੱਚੀਆਂ ਹੋਣ ਤਾਂ ਸਭ ਕੰਮ ਹੋ ਜਾਂਦੇ ਹਨ। ਮੈਂ ਉਨ੍ਹਾਂ ਨੂੰ ਮਿਲਣ ਲਈ ਦਿੱਲੀ ਜਾਣਾ ਸੀ, ਉਹ 5 ਤਾਰੀਖ ਨੂੰ ਪਟਿਆਲਾ ਹੀ ਆ ਗਏ। ਮੈਂ ਉਨ੍ਹਾਂ ਨੂੰ ਮਿਲਿਆ, ਸਾਰੇ ਮੁੱਦੇ ਡਿਸਕਸ ਵੀ ਕੀਤੇ ਅਤੇ ਸਾਰਾ ਕੁਝ

ਧਿਆਨ ਵਿੱਚ ਲਿਆਂਦਾ, ਉਨ੍ਹਾਂ ਨੇ ਖੁਦ ਵੀ ਮੰਨਿਆ, ਉਹ ਕਹਿੰਦੇ ਕਿ ਡਾਕਟਰ ਸਾਹਿਬ ਐਮ.ਆਰ.ਪੀ. ਵਿੱਚ ਜਿਵੇਂ ਕੋਈ ਦਵਾਈ 10/- ਰੁਪਏ ਦੀ ਹੈ, ਉਸ ਦਾ ਐਮ.ਆਰ.ਪੀ. 200/- ਰੁਪਏ ਲਿਖਿਆ ਹੋਇਆ ਹੈ, ਉਹ ਕਹਿੰਦੇ ਕਿ 50% concession ਅਤੇ ਉਹ 100/- ਰੁਪਏ ਦੀ ਹੈ ਪਰ ਉਸ ਦੀ ਅਸਲ ਕੀਮਤ ਤਾਂ 10/- ਰੁਪਏ ਹੀ ਹੈ, ਵੱਧ ਤੋਂ ਵੱਧ ਓਵਰਹੈੱਡ ਚਾਰਜਿਜ਼ ਲਗਾ ਕੇ 15/- ਰੁਪਏ ਜਾਂ 20/- ਰੁਪਏ ਦੀ ਵੇਚੋ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਬਿਲਕੁਲ ਨਬਜ਼ ਫੜ ਲਈ ਹੈ ਅਤੇ ਜਿਹੜੀਆਂ ਤੁਹਾਡੀਆਂ ਨਾਨ-ਸ਼ਡਿਊਲਡ ਡਰੱਗਜ਼ ਹਨ ਜਿਸ ਤਰ੍ਹਾਂ ਐਂਟੀ ਕੈਂਸਰ ਡਰੱਗਜ਼ ਨੂੰ ਰੈਗੂਲੇਟ ਕੀਤਾ ਹੈ, ਉਸ ਹਿਸਾਬ ਨਾਲ ਇਨ੍ਹਾਂ ਨੂੰ ਵੀ ਰੈਗੂਲੇਟ ਕਰੋ, ਈ-ਫਾਰਮੇਸੀ ਨੂੰ ਵੀ ਰੈਗੂਲੇਟ ਕਰੋ। ਪੰਜਾਬ ਸਰਕਾਰ ਕੀ ਕਰੇਗੀ? ਮੈਂ ਉਨ੍ਹਾਂ ਨਾਲ ਟੇਕਅੱਪ ਕਰਾਂਗਾ, ਮੈਂ ਵੀ ਆਪਣੀ ਡਿਊਟੀ ਨਿਭਾਵਾਂਗਾ।

ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਹੈ ਕਿਉਂਕਿ ਜਨ ਔਸ਼ਧੀ ਕੇਂਦਰਾਂ ਦੀ ਗੱਲ ਆਈ ਹੈ, ਭਰਾਵੋ ਇਹ ਤੁਹਾਡੇ ਹੱਥ ਹੈ, ਇਹ ਤੁਸੀਂ ਕਰਨਾ ਹੈ। ਆਪਣੇ 25 ਜਨ ਔਸ਼ਧੀ ਕੇਂਦਰ ਹਨ, ਅਸੀਂ 16 ਹੋਰ ਅਪਰੂਵ ਕਰ ਦਿੱਤੇ ਹਨ। ਤੁਸੀਂ ਜਿੰਨੇ ਮਰਜ਼ੀ ਕੇਂਦਰ ਖੋਲ੍ਹ ਲਵੋ, ਤੁਸੀਂ ਆਪੋ ਆਪਣੇ ਹਲਕੇ ਵਿੱਚ ਚਾਹੇ 10-10 ਖੋਲ੍ਹ ਦਿਉ, ਤੁਹਾਨੂੰ ਕੌਣ ਰੋਕਦਾ ਹੈ? ਇਹ ਤਾਂ ਇੱਕ surest, easiest way ਹੈ। ਜਿਹੜੇ ਹਸਪਤਾਲਾਂ ਵਿੱਚ ਜਨ ਔਸ਼ਧੀ ਕੇਂਦਰ ਖੋਲ੍ਹਣੇ ਹਨ, ਉਸ ਲਈ ਰੋਗੀ ਕਲਿਆਣ ਸੰਮਤੀ ਜਾਂ ਰੈੱਡ ਕਰਾਸ ਨੂੰ ਮਿਲਣਾ ਪਵੇਗਾ, ਰੈੱਡ ਕਰਾਸ ਵੀ ਲੋਕਲ ਹੈ, ਉਸ ਲਈ ਤੁਸੀਂ ਡਿਪਟੀ ਕਮਿਸ਼ਨਰ ਨੂੰ ਮਿਲੋ ਅਤੇ ਉਸ ਨੂੰ ਕਹੋ ਕਿ ਫਲਾਣੇ ਫਲਾਣੇ ਹਸਪਤਾਲ ਵਿੱਚ ਜਨ ਔਸ਼ਧੀ ਕੇਂਦਰ ਨਹੀਂ ਹੈ, ਉੱਥੇ ਕੇਂਦਰ ਖੋਲ੍ਹ ਲਵੋ। ਇਸ ਨਾਲ ਇੱਕ ਪਾਸੇ ਤਾਂ ਲੋਕਾਂ ਨੂੰ ਸਸਤੀਆਂ ਦਵਾਈਆਂ ਮਿਲਣਗੀਆਂ ਤੇ ਦੂਜੇ ਪਾਸੇ ਰੁਜ਼ਗਾਰ ਮਿਲੇਗਾ। ਤੁਸੀਂ ਪੰਜਾਬ ਵਿੱਚ 3 ਹਜ਼ਾਰ ਕੇਂਦਰ ਖੁਲ੍ਹਵਾ ਦਿਉ, ਇੱਕ ਕੇਂਦਰ ਪਿੱਛੇ 4-5 ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਉਸ ਨਾਲ ਤੁਹਾਡੇ 10-15 ਹਜ਼ਾਰ ਬੰਦਿਆਂ ਨੂੰ ਰੁਜ਼ਗਾਰ ਵੀ ਮਿਲ ਜਾਵੇਗਾ। ਲੋਕਾਂ ਨੂੰ ਦਵਾਈਆਂ ਵੀ ਸਸਤੀਆਂ ਮਿਲਣਗੀਆਂ ਅਤੇ ਰੁਜ਼ਗਾਰ ਵੀ ਮਿਲੇਗਾ। ਸੋ, ਤੁਹਾਡੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ।

ਸਰ, ਜਿੱਥੋਂ ਤੱਕ ਪੰਜਾਬ ਸਰਕਾਰ ਦਾ ਤਾਅਲੁੱਕ ਹੈ, ਪਹਿਲੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਇਸ ਨੂੰ ਆਪਾਂ ਫਰੀ ਨਾ ਕਹੀਏ, Health is a Fundamental Right, it is the duty of the State Government as well as the Central Government to provide world class quality health care without any cost managed and funded by the Government and

our Government is committed to do that (Thumping). ਇਹ ਸਾਡੇ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੀ ਗਾਰੰਟੀ ਵਿੱਚ ਵੀ ਸੀ ਅਤੇ ਸਰਦਾਰ ਭਗਵੰਤ ਮਾਨ ਜੀ ਵੀ ਵਾਰ ਵਾਰ ਕਹਿ ਚੁੱਕੇ ਹਨ ਕਿ ਅਸੀਂ ਲੋਕਾਂ ਨੂੰ ਵਰਲਡ ਕਲਾਸ ਸਰਵਿਸਿਜ਼ ਦੇਵਾਂਗੇ which will be managed and funded by the Government and we have made a beginning.

ਮੈਂ ਇੱਕ-ਦੋ ਗਲਤ ਫਹਿਮੀਆਂ ਦੂਰ ਕਰਨਾ ਚਾਹੁੰਦਾ ਹਾਂ। ਇੱਕ ਤਾਂ ਇਹ ਸੀ ਕਿ ਅਸੀਂ ਬਹੁਤ ਸਾਰੇ ਡਾਕਟਰ ਪਿੰਡਾਂ ਵਿੱਚੋਂ ਕੱਢ ਦਿੱਤੇ। ਮੈਂ ਕਲੈਰੀਫਾਈ ਕਰਨਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਨੇ ਇੱਕ ਨਵਾਂ ਕੰਸੈਪਟ ਹੈਲਥ ਐਂਡ ਵੈਲਨੈੱਸ ਸੈਂਟਰ ਲਿਆਂਦਾ, ਇਸ ਬਾਰੇ ਡਾਕਟਰਜ਼ ਨੂੰ ਤਾਂ ਪਤਾ ਹੋਵੇਗਾ ਪਰ ਬਾਕੀਆਂ ਨੂੰ ਮੈਂ ਦੱਸਦਾ ਹਾਂ। ਇਸ ਕੰਸੈਪਟ ਵਿੱਚ ਇੱਕ ਕਮਿਊਨਿਟੀ ਹੈਲਥ ਅਫਸਰ ਹੋਵੇਗਾ, ਉਹ ਇੱਕ ਨਰਸ ਜਾਂ ਆਯੂਰਵੈਦਿਕ ਦਾ ਇੱਕ ਡਾਕਟਰ ਹੋਵੇਗਾ ਜਿਹੜਾ ਕਿ ਛੇ ਮਹੀਨੇ ਦਾ ਬ੍ਰਿਜ ਕੋਰਸ ਕਰੇਗਾ। ਇਹ ਡਾਕਟਰ ਸਾਹਿਬਾਨਾਂ ਨੂੰ ਪਤਾ ਹੈ। ਹੈਲਥ ਐਂਡ ਵੈਲਨੈੱਸ ਸੈਂਟਰ ਅਸੀਂ ਪੰਜਾਬ ਵਿੱਚ ਸਭ ਤੋਂ ਜ਼ਿਆਦਾ ਖੋਲ੍ਹੇ ਹਨ ਔਰ ਉਹ ਚੱਲ ਰਹੇ ਹਨ। ਉਹ co-located ਸੀ, ਕਮਿਊਨਿਟੀ ਹੈਲਥ ਅਫਸਰ ਦੇ ਨਾਲ ਨਾਲ ਸਾਡਾ ਡਾਕਟਰ ਵੀ ਉੱਥੇ ਹੀ ਸੀ। ਉਹ ਦੋਨੋਂ ਮਿਲ ਕੇ 20-25 ਮਰੀਜ਼ ਦੇਖਦੇ ਸੀ ਅਤੇ ਉਨ੍ਹਾਂ ਦੀ ਐਵਰੇਜ 200 ਮਰੀਜ਼ ਪ੍ਰਤੀ ਮਹੀਨਾ ਸੀ। ਉਸ ਵਿੱਚ ਦੂਜੀ ਗੱਲ ਇਹ ਹੈ ਕਿ ਉਹ ਬਹੁਤ ਜ਼ਿਆਦਾ imbalance ਸੀ, ਰੂਰਲ ਏਰੀਆ ਵਿੱਚ ਜਿੰਨੇ ਡਾਕਟਰ ਸੀ, ਉੱਥੇ ਕਮਿਊਨਿਟੀ ਹੈਲਥ ਅਫਸਰ ਲਗਾ ਦਿੱਤੇ, ਉਨ੍ਹਾਂ ਨੂੰ ਹੈਲਥ ਐਂਡ ਵੈਲਨੈੱਸ ਸੈਂਟਰ ਕਹਿ ਦਿੱਤਾ। ਪਹਿਲਾਂ ਹੀ 99% ਬੈੱਡ ਸ਼ਹਿਰਾਂ ਵਿੱਚ ਹਨ, 90% ਤੋਂ ਜ਼ਿਆਦਾ ਡਾਕਟਰ ਸ਼ਹਿਰਾਂ ਵਿੱਚ ਹਨ। ਇਸ ਨਾਲ ਰੂਰਲ ਏਰੀਏ ਦੇ ਲੋਕ ਵਾਂਝੇ ਰਹਿ ਗਏ। ਅਸੀਂ 504 ਆਮ ਆਦਮੀ ਕਲੀਨਿਕ ਚਾਲੂ ਕੀਤੇ, ਜਿਸ ਵਿੱਚੋਂ 353 ਪਿੰਡਾਂ ਵਿੱਚ ਬਣੇ ਹਨ। 155 ਦੇ ਕਰੀਬ ਆਮ ਆਦਮੀ ਕਲੀਨਿਕ ਸ਼ਹਿਰਾਂ ਵਿੱਚ ਬਣੇ ਹਨ। ਪਿੰਡਾਂ ਦੀ ਪਾਪੂਲੇਸ਼ਨ ਲਗਭਗ 60 ਪਰਸੈਂਟ ਹੈ ਪਰ 70 ਪਰਸੈਂਟ ਆਮ ਆਦਮੀ ਕਲੀਨਿਕ ਪਿੰਡਾਂ ਵਿੱਚ ਬਣੇ ਹਨ। ਹੁਣ ਪਿੰਡਾਂ ਵਿੱਚ ਵੀ qualified doctors, laboratories and standard medicines ਮਿਲਣਗੀਆਂ। ਇਹ ਸਾਡੀ intention ਹੈ।

------

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ:** ਇੱਕ ਮਿੰਟ ਮੰਤਰੀ ਜੀ, ਇੱਕ ਮਿੰਟ ਬੈਠੋ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਸ ਮਤੇ ਤੇ ਬਹਿਸ ਅਤੇ ਵੋਟਿੰਗ ਖਤਮ ਹੋਣ ਤੱਕ ਸਦਨ ਦੀ ਅੱਜ ਦੀ ਬੈਠਕ ਦਾ ਸਮਾਂ ਵਧਾ ਲਿਆ ਜਾਵੇ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਇਸ ਮਤੇ ਤੇ ਬਹਿਸ ਅਤੇ ਵੋਟਿੰਗ ਖਤਮ ਹੋਣ ਤੱਕ ਸਦਨ ਦੀ ਅੱਜ ਦੀ ਬੈਠਕ ਦਾ ਸਮਾਂ ਵਧਾਇਆ ਜਾਂਦਾ ਹੈ।

------

## NON OFFICIAL RESOLUTION REG. URGING THE CENTRAL GOVERNMENT TO STOP THE LOOTING OF THE PEOPLE DUE TO SALE OF MEDICINES AT EXORBITANT RATES *(Resumption)*

**ਮਾਣਯੋਗ ਸਪੀਕਰ:** ਹਾਂ ਜੀ, ਮੰਤਰੀ ਜੀ ਕੰਟੀਨਿਊ ਕਰੋ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ:** ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਇਹ Primary Health Care ਦਾ ਕੰਸੈਪਟ ਹੈ। ਸਾਡੇ Health and Wellness Centre ਵੀ ਚੱਲ ਰਹੇ ਹਨ। ਮੈਕਸੀਮਮ ਇਹੋ ਸੈਂਟਰ ਚੱਲ ਰਹੇ ਹਨ ਅਤੇ ਇਸ ਵਾਸਤੇ ਸਾਨੂੰ ਟਰਾਫੀ ਵੀ ਮਿਲੀ ਹੈ, ਜਿਹੜੀ ਕਿ ਮੈਂ ਦਿਖਾਈ ਵੀ ਸੀ। ਇਸ ਦੇ ਨਾਲ ਨਾਲ ਅਸੀਂ 504 ਆਮ ਆਦਮੀ ਕਲੀਨਿਕ ਪਹਿਲਾਂ ਬਣਾਏ ਹਨ ਅਤੇ 150 ਆਮ ਆਦਮੀ ਕਲੀਨਿਕ ਹੋਰ ਬਣਾ ਰਹੇ ਹਾਂ। ਅਸੀਂ ਇੱਕ ਕੰਪਨੀ ਤੋਂ ਲੈਬ ਟੈਸਟਿੰਗ ਕਰਵਾ ਰਹੇ ਸੀ। ਅਸੀਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਬਾਕੀ ਸੈਂਟਰਾਂ/ਕਲੀਨਿਕਾਂ ਵਿੱਚ ਵੀ ਟੈਸਟਿੰਗ ਕਰੋ। ਉਹ ਮੰਨ ਗਏ ਅਤੇ ਕਹਿੰਦੇ ਕਿ ਇਹ ਕੰਮ ਉਨ੍ਹਾਂ ਨੂੰ ਚਾਰ-ਪੰਜ ਸਾਲ ਵਾਸਤੇ ਦੇ ਦਿੱਤਾ ਜਾਵੇ। ਇਹ ਨਾ ਹੋਵੇ ਕਿ ਕਿਤੇ ਬਾਅਦ ਵਿੱਚ ਕਿਸੇ ਹੋਰ ਨੂੰ ਦੇ ਦਿੱਤਾ ਜਾਵੇ। ਅਸੀਂ ਕਿਹਾ ਕਿ ਠੀਕ ਹੈ। ਮਾਣਯੋਗ ਸਪੀਕਰ ਸਾਹਿਬ, ਉਸ ਦਾ ਟੈਂਡਰ ਹੋ ਚੁੱਕਾ ਹੈ। ਅਸੀਂ Ayushman ਸਕੀਮ ਨੂੰ charity ਮੋਡ ਤੇ ਚਲਾ ਰਹੇ ਹਾਂ, ਕਿਉਂਕਿ ਉਹ. bruptly cancel ਹੋ ਗਈ ਸੀ। ਅਸੀ ਉਸ ਉੱਤੇ modalities workout ਕਰ ਰਹੇ ਹਾਂ। ਜਿਹੜੀ ਟੈਸਟਿੰਗ ਹੈ, it is

not working on 100 percent efficiency, ਕਿਤੇ 20 ਪ੍ਰਤੀਸ਼ਤ ਹੈ ਔਰ ਕਿਤੇ 80 ਪ੍ਰਤੀਸ਼ਤ ਹੈ, depending on the efficiency of the local staff ਲੇਕਿਨ ਦਵਾਈਆਂ ਸਾਰੀਆਂ ਮਿਲ ਰਹੀਆਂ ਹਨ। Qualified Doctors ਦੀ consultation ਮਿਲ ਰਹੀ ਹੈ। ਸਾਡਾ ਟੈਂਡਰਿੰਗ ਪ੍ਰਾਸੈਸ April ਵਿੱਚ ਕੰਪਲੀਟ ਹੋ ਜਾਵੇਗਾ। ਸਾਰੇ ਦੇ ਸਾਰੇ 41 ਟੈਸਟ across the length and breadth of Punjab ਲੋਕਾਂ ਨੂੰ available ਹੋ ਜਾਣਗੇ। ਸਾਰੇ ਆਮ ਆਦਮੀ ਕਲੀਨਿਕ digitally operated ਹਨ, IT enabled ਹਨ ਅਤੇ ਇਨ੍ਹਾਂ ਦੀ daily ਰਿਪੋਰਟ real time ਤੇ ਆਉਂਦੀ ਹੈ। ਕਈ ਜਗ੍ਹਾ ਤੇ ਨੈੱਟਵਰਕ ਦੀ ਪ੍ਰਾਬਲਮ ਹੈ but those things are teething troubles and it is being worked out.

ਸਪੀਕਰ ਸਾਹਿਬ, ਇਸ ਦਾ ਕੀ ਫਾਇਦਾ ਹੈ? ਅਸੀਂ ਪਹਿਲਾਂ ਬਣਾਏ ਗਏ 100 clinics ਦਾ ਐਨਾਲਸਿਸ ਕੀਤਾ ਤਾਂ ਪਤਾ ਲੱਗਾ ਕਿ ਉਸ ਵਿੱਚ ਇੱਕ ਮਿਲੀਅਨ ਤੋਂ ਜ਼ਿਆਦਾ patients ਆਏ। ਉਸ ਵਿੱਚ 1 ਲੱਖ 31 ਹਜ਼ਾਰ ਟੈਸਟ ਹੋਏ। ਅਸੀਂ ਸਭ ਕੁਝ identify ਕੀਤਾ ਕਿ ਉਸ ਵਿੱਚ ਕਿੰਨੇ ਬੱਚੇ ਆਏ, ਉਨ੍ਹਾਂ ਵਿੱਚੋਂ ਕਿੰਨੇ anaemic ਹਨ, ਕਿੰਨੀਆਂ pregnant ladies ਆਈਆਂ, ਕਿੰਨੀਆਂ high risk pregnant ladies ਆਈਆਂ। ਇਸ ਬਾਰੇ ਬਹੁਤ ਸਾਰੇ ਮੈਂਬਰਜ਼ ਨੇ ਗੱਲ ਵੀ ਕੀਤੀ ਹੈ। ਇਹ ਵੀ identify ਕੀਤਾ ਕਿ ਉੱਥੇ ਕਿੰਨੇ diabetics patient ਆਏ, ਕਿੰਨੇ hypertensive ਹਨ, ਕਿੰਨੇ unknown ਹਨ ਅਤੇ ਕਿੰਨੇ first time diagnose ਆਏ। ਪਹਿਲਾਂ ਲੋਕਾਂ ਕੋਲ ਇਹ ਸਹੂਲਤ ਨਹੀਂ ਸੀ। ਇਹ ਵੀ ਪਤਾ ਲੱਗਾ ਕਿ ਉਨ੍ਹਾਂ ਵਿੱਚੋਂ ਕਿੰਨੇ controlled ਹਨ ਅਤੇ ਕਿੰਨੇ controlled ਨਹੀਂ ਹਨ ਕਿਉਂਕਿ ਅਸੀਂ disease ਨੂੰ last stage ਤੱਕ tackle ਕਰ ਰਹੇ ਹਾਂ। ਜੇ patient ਦੇ ਗੁਰਦੇ ਫੇਲ੍ਹ ਹੋ ਗਏ ਤਾਂ ਅਸੀਂ ਉਨ੍ਹਾਂ ਦੇ dialysis ਕਰ ਰਹੇ ਹਾਂ। ਕੋਈ ਕੈਂਸਰ ਵਾਲਾ ਪੇਸ਼ੈਂਟ ਆ ਗਿਆ ਤਾਂ ਲੋਕਾਂ ਨੂੰ ਇਹ ਸਮਝਾਉਣਾ ਪੈਣਾ ਹੈ ਕਿ cancer is preventive if diagnosed then it is curable. ਜਦੋਂ ਸਾਡੇ ਕੋਲ ਇੱਕ ਨੈੱਟਵਰਕ ਹੋਵੇਗਾ ਤਾਂ ਅਸੀਂ ultimately ਕਾਮਯਾਬ ਹੋਵਾਂਗੇ।

ਹੁਣ ਮੈਂ secondary care ਦੀ ਗੱਲ ਕਰਦਾ ਹਾਂ। ਸਾਡੀ Secondary Health Care ਵਿੱਚ Community Health Centre, Sub-Divisional Hospital and District Hospitals ਆ ਜਾਂਦੇ ਹਨ। ਜਿਹੜੇ ਡਿਸਟ੍ਰਿਕਟ ਹਸਪਤਾਲ ਹਨ, ਉਨ੍ਹਾਂ ਸਾਰਿਆਂ ਵਿੱਚ ਆਉਣ ਵਾਲੇ ਸਮੇਂ ਦੌਰਾਨ ਸਮਾਂਬੱਧ ਤਰੀਕੇ ਨਾਲ ਐਮ.ਆਰ.ਆਈਜ਼ ਅਤੇ ਸਿਟੀ ਸਕੈਨ ਵੀ ਹੋਣਗੇ ਅਤੇ ਸਾਰੇ specialists ਵੀ

ਹੋਣਗੇ। ਇਹ ਗੱਲ ਰਿਪੀਟ ਕਰਨ ਦਾ ਕੋਈ ਫਾਇਦਾ ਨਹੀਂ ਕਿ ਆਪਾਂ specialists ਨਹੀਂ ਰੱਖੇ, ਆਪਾਂ ਬਾਂਡ ਵੀ ਅਪਲਾਈ ਨਹੀਂ ਕੀਤਾ, ਹੁਣ ਤੱਕ ਸਾਡੇ ਕੋਲ ਚਾਰ ਹਜ਼ਾਰ ਸਪੈਸ਼ਲਿਸਟ ਡਾਕਟਰ ਹੋਣੇ ਸੀ, ਸਾਡੇ ਕੋਲ ਕੋਈ ਕਮੀ ਨਹੀਂ ਹੋਣੀ ਸੀ। ਸਾਡੇ ਕੋਲ ਮੈਡੀਕਲ ਟੀਚਰ ਵੀ ਆਉਣੇ ਸਨ।

ਸਰ, ਇੱਕ ਬਹੁਤ ਹੀ ਇੰਪਾਰਟੈਂਟ ਮੁੱਦਾ ਆਇਆ ਹੈ ਜੋ ਕਿ ਪ੍ਰਾਈਵੇਟ ਸੈਕਟਰ ਦੀ malpractices ਦਾ ਹੈ। ਸਾਨੂੰ ਇੱਕ ਬੈਲੇਂਸ ਰੱਖਣਾ ਪਵੇਗਾ। ਜਿਹੜਾ Government sector ਹੈ, it has to be equally good. ਮਾਣਯੋਗ ਮੁੱਖ ਮੰਤਰੀ ਜੀ ਵੱਲੋਂ ਮੈਨੂੰ work ਅਤੇ mandate ਦਿੱਤਾ ਗਿਆ ਹੈ ਕਿ ਅਸੀਂ ਲੋਕਾਂ ਨੂੰ world class services ਪ੍ਰੋਵਾਈਡ ਕਰਨੀਆਂ ਹਨ। Government Services ਦਾ ਮਤਲਬ third class ਨਹੀਂ ਹੈ ਬਲਕਿ ਅਸੀਂ operation theatre ਵੀ modular ਕਰ ਰਹੇ ਹਾਂ and we have made a very humble beginning regarding this. ਅਸੀਂ ਪਟਿਆਲਾ ਵਿਖੇ 100% bed emergency expand ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਕੰਮ ਲਈ ਇੱਕ ਪ੍ਰਾਈਵੇਟ ਡਾਕਟਰ ਜੋ ਕਿ ਪ੍ਰਾਈਵੇਟ ਹਸਪਤਾਲ ਚਲਾਉਂਦਾ ਹੈ, ਜਿਵੇਂ ਕਿ cardiologist ਹੈ, ਉਹ ਸਾਨੂੰ ਆਪਣਾ ਟਾਈਮ ਦੇ ਰਿਹਾ ਹੈ। ਸਾਡੇ ਸਾਰੇ ਟੀਚਰਜ਼ ਵੀ co-operate ਕਰ ਰਹੇ ਹਨ। The point is well made ਕਿ ਜਦੋਂ ਲਾਕਡਾਊਨ ਲੱਗਿਆ ਸੀ, ਤੁਹਾਨੂੰ ਯਾਦ ਹੋਵੇਗਾ ਕਿ ਕਰੋਨਾ ਦੇ ਸਮੇਂ ਗੌਰਮਿੰਟ ਨੇ ਹਸਪਤਾਲ ਵੀ ਬੰਦ ਕਰ ਦਿੱਤੇ ਸਨ। ਉਦੋਂ ਅਸੀਂ Indian Medical Association, PCMS Association ਨਾਲ ਮਿਲ ਕੇ ਪ੍ਰੋਟੈੱਸਟ ਕੀਤਾ ਅਤੇ ਕਿਹਾ ਕਿ ਜੇਕਰ ਬਾਰਡਰ ਤੇ ਦੁਸ਼ਮਣ ਨੇ ਹਮਲਾ ਕਰ ਦਿੱਤਾ ਤਾਂ ਕੀ ਤੁਸੀਂ ਫੌਜ ਨੂੰ ਕਹੋਗੇ ਕਿ ਅੰਦਰ ਬੈਠ ਜਾਉ। ਹੁਣ ਜਦੋਂ invisible ਦੁਸ਼ਮਣ ਆਇਆ ਤਾਂ ਡਾਕਟਰਾਂ ਨੂੰ ਕਿਵੇਂ ਕਹਿ ਸਕਦੇ ਹਾਂ ਕਿ ਅੰਦਰ ਬੈਠ ਜਾਉ? ਜੇਕਰ ਇੱਕ ਡਾਕਟਰ ਮਰ ਜਾਵੇਗਾ ਤਾਂ 100 ਮਰੀਜ਼ ਤਾਂ ਬਚ ਜਾਣਗੇ ਪਰੰਤੂ ਗੌਰਮਿੰਟ ਨੇ ਸਾਡੀ ਗੱਲ ਨਹੀਂ ਮੰਨੀ। ਉਦੋਂ 850 ਤੋਂ ਵੱਧ ਡਾਕਟਰ ਮਰੇ। ਇਨ੍ਹਾਂ ਵਿੱਚ ਪ੍ਰਾਈਵੇਟ ਡਾਕਟਰ ਵੀ ਸਨ ਅਤੇ ਸਰਕਾਰੀ ਡਾਕਟਰ ਵੀ ਸਨ। ਡਾਕਟਰਾਂ ਨੇ ਬਹੁਤ ਵੱਡਾ ਸੈਕਰੀਫਾਈਜ਼ ਕੀਤਾ। ਇਸ ਤੋਂ ਇਲਾਵਾ ਬਹੁਤ ਸਾਰੇ Medical Personnel ਵੀ ਮਰੇ। ਜਿਹੜੇ ਸਰਕਾਰੀ ਡਾਕਟਰ ਸਨ, ਉਨ੍ਹਾਂ ਵਾਸਤੇ 50 ਲੱਖ ਰੁਪਏ ਦੀ ਇੰਸ਼ੋਰੈਂਸ ਸੀ, ਜੋ ਗੌਰਮਿੰਟ ਵੱਲੋਂ ਉਨ੍ਹਾਂ ਨੂੰ ਦਿੱਤਾ ਜਾਣਾ ਸੀ। ਪ੍ਰਾਈਵੇਟ ਡਾਕਟਰਾਂ ਦੀ ਇਸ ਤਰ੍ਹਾਂ ਦੀ ਕੋਈ ਵੀ ਇੰਸ਼ੋਰੈਂਸ ਨਹੀਂ ਸੀ ਜੋ ਕਿ ਸਹੀ ਨਹੀਂ ਸੀ। ਜਦੋਂ ਆਪਣਿਆਂ ਨੇ ਹੀ ਛੱਡ ਦਿੱਤਾ ਤਾਂ ਪ੍ਰਾਈਵੇਟ ਡਾਕਟਰਾਂ ਨੇ ਮਰੀਜ਼ਾਂ ਦਾ ਇਲਾਜ ਕੀਤਾ। ਉਸ ਸਮੇਂ ਡਾਕਟਰਾਂ

ਤੇ ਬਹੁਤ ਸਟਰੈੱਸ ਵੀ ਰਿਹਾ। ਉਨ੍ਹਾਂ ਨੂੰ ਫੈਮਿਲੀ ਪ੍ਰਾਬਲਮਜ਼ ਵੀ ਆਈਆਂ। ਮੈਂ ਇਸ ਗੱਲ ਤੇ ਜ਼ਿਆਦਾ ਟਾਈਮ ਨਹੀਂ ਦੇਣਾ ਚਾਹੁੰਦਾ। ਚਾਹੇ PCMS ਡਾਕਟਰ ਸਨ, ਚਾਹੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਡਾਕਟਰ ਸਨ, ਉਨ੍ਹਾਂ ਸਭ ਨੇ ਬਹੁਤ ਵਧੀਆ ਕੰਮ ਕੀਤਾ। ਮੇਰੇ ਖਿਆਲ ਨਾਲ ਪੰਜਾਬ ਵਿੱਚ ਸਭ ਤੋਂ ਘੱਟ ਕ੍ਰਾਈਸਿਜ਼ ਹੋਇਆ। I think I compliment my colleagues and they deserve an appreciation from this House for this noble cause.

ਸਪੀਕਰ ਸਾਹਿਬ, ਇਸ ਤੋਂ ਇਲਾਵਾ ਜਿਹੜਾ ਗੌਰਮਿੰਟ ਦਾ ਕੰਮ ਹੈ, ਇਸ ਸਬੰਧੀ ਮੈਂ ਇੱਕ ਨਵੀਂ ਗੱਲ ਕਹਿਣ ਲੱਗਾ ਹਾਂ। ਬਹੁਤ ਸਾਰੇ ਮੈਂਬਰਾਂ ਦੇ ਸਵਾਲ ਆਏ ਹਨ ਅਤੇ ਉਨ੍ਹਾਂ ਵਿੱਚ ਤੱਤ ਦੀ ਗੱਲ ਇਹੀ ਹੈ ਕਿ ਸਾਡੇ ਹਸਪਤਾਲ ਵਿੱਚ ਕਿੰਨਾ ਸਟਾਫ ਹੈ, ਕਿੰਨੇ ਸਟਾਫ ਦੀ ਕਮੀ ਹੈ। ਹਸਪਤਾਲਾਂ ਵਿੱਚ ਤਕਰੀਬਨ 40% ਜਾਂ 50% ਤੋਂ ਘੱਟ ਸਟਾਫ ਹੈ। ਉਸ ਵਿੱਚ ਸਿਰਫ ਸਪੈਸ਼ਲਿਸਟ ਹੀ ਨਹੀਂ ਬਲਕਿ ਨਰਸਾਂ ਦੀ ਵੀ ਘਾਟ ਹੈ। ਦਰਜਾ-4 ਕਰਮਚਾਰੀਆਂ ਦੀ ਵੀ ਬਹੁਤ ਘਾਟ ਹੈ। ਇਹ ਪ੍ਰਾਬਲਮ ਸਾਰੇ ਪੰਜਾਬ ਦੀ ਹੈ। ਇਹ ਇੱਕ ਦਿਨ ਵਿੱਚ ਸਾਲਵ ਨਹੀਂ ਹੋ ਸਕਦੀ ਕਿਉਂਕਿ ਇਹ ਪ੍ਰਾਬਲਮ ਬਹੁਤ ਪੁਰਾਣੀ ਹੈ। ਇਸ ਨੂੰ ਓਵਰਕਮ ਕੀਤਾ ਜਾਵੇਗਾ। ਹਰ ਬਜਟ ਤੇ ਮੈਂ ਆਪਣਾ ਰਿਕਾਰਡ ਆਪ ਪੇਸ਼ ਕਰਾਂਗਾ (ਥੰਪਿੰਗ) ਕਿ ਮੈਂ ਇੱਕ ਸਾਲ ਵਿੱਚ ਕੀ-ਕੀ ਕੰਮ ਕੀਤੇ ਹਨ। ਚਾਰ ਮੈਡੀਕਲ ਕਾਲਜ ਸ਼ੁਰੂ ਹੋ ਗਏ ਹਨ, ਇੰਨੇ ਡਾਕਟਰ ਰੱਖੇ ਹਨ, ਇੰਨੇ ਕਲਾਸ-4 ਰੱਖੇ ਹਨ ਅਤੇ ਤੁਹਾਡੀ ਜਿਹੜੀ 60% ਕਮੀ ਸੀ ਉਹ ਹੁਣ 10% ਰਹਿ ਗਈ ਹੈ। ਜਿਹੜੀ ਮੈਂਬਰ ਸਾਹਿਬ ਨੇ ਕੋਡ ਵਾਲੀ ਗੱਲ ਕੀਤੀ ਸੀ, ਜਿਹੜੀ ਮੇਰੀ ਫਾਈਨਲ ਰਿਪੋਰਟ ਹੋਵੇਗੀ ਉਹ ਕੋਡ ਤੋਂ ਪਹਿਲਾਂ ਪੇਸ਼ ਹੋਵੇਗੀ। ਮੈਂ ਕੋਡ ਨਹੀਂ ਲੱਗਣ ਦੇਵਾਂਗਾ। ਸਾਲ 2027 ਵਿੱਚ ਇਲੈਕਸ਼ਨਾਂ ਹੋਣੀਆਂ ਹਨ। ਸਾਲ 2026 ਵਿੱਚ ਜਿਹੜਾ ਬਜਟ ਪੇਸ਼ ਹੋਵੇਗਾ ਉਸ ਵਿੱਚ ਮੈਂ ਆਪਣੀ ਫਾਈਨਲ ਰਿਪੋਰਟ ਪੇਸ਼ ਕਰਾਂਗਾ। (ਥੰਪਿੰਗ) So, I am answerable to you. ਮੈਂ ਤੁਹਾਨੂੰ ਜਵਾਬਦੇਹ ਹਾਂ, ਤੁਸੀਂ ਲੋਕਾਂ ਨੂੰ ਜਵਾਬਦੇਹ ਹੋ ਅਤੇ ਇਹ ਅਫਸਰ ਸਾਨੂੰ ਜਵਾਬਦੇਹ ਹਨ। ਇਸ ਵਿੱਚ ਤੁਸੀਂ ਜਿੰਨੀਆਂ ਵੀ ਮਾਲਪ੍ਰੈਕਟਿਸਜ਼ ਕੀਤੀਆਂ ਹਨ ਮੈਂ ਉਨ੍ਹਾਂ ਨੂੰ ਸਿੰਪਲੀਫਾਈ ਕਰ ਦਿਆਂਗਾ।

ਸਰ, ਇੱਕ ਮੁੱਦਾ ਡਰੱਗਜ਼ ਦਾ ਵੀ ਹੈ। I am very passionate about it, ਇਹ ਮੁੱਦਾ ਸਭ ਤੋਂ ਸੀਰੀਅਸ ਹੈ। ਮੈਂ ਇਸ ਮੁੱਦੇ ਤੇ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਬਹਿਸ ਲਈ ਅੱਧੇ ਘੰਟੇ ਦਾ ਟਾਈਮ ਰੱਖੋ।ਪਹਿਲਾਂ ਮੈਂਬਰਜ਼ ਨੂੰ ਟਾਈਮ ਦੇਵੋ ਅਤੇ ਉਸ ਤੋਂ ਬਾਅਦ ਮੈਨੂੰ ਅੱਧੇ ਘੰਟੇ ਦਾ ਟਾਈਮ ਦੇਵੋ। ਮੈਂ ਤੁਹਾਨੂੰ ਪੂਰੀ strategy

ਦੱਸਾਂਗਾ। ਜਸਵੰਤ ਕੰਵਲ ਜੀ ਦਾ ਇੱਕ ਨਾਵਲ ਹੈ "ਪੰਜਾਬ ਕੀ ਬਣੂ ਤੇਰਾ" ਇਹ ਸਭ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਮੈਂ ਵੀ ਇਹ ਨਾਵਲ ਪੜ੍ਹਿਆ ਹੈ। ਤੁਸੀਂ ਪੜ੍ਹ ਕੇ ਰੋ ਪਵੋਗੇ ਜੇਕਰ ਤੁਸੀਂ ਉਸ ਵਿਧਵਾ ਨੂੰ ਮਿਲੋਗੇ, ਉਸ ਮਾਂ ਨੂੰ ਮਿਲੋਗੇ। ਮੈਂ ਉਸ ਨੂੰ ਬਤੌਰ ਡਾਕਟਰ ਮਿਲਿਆ ਹਾਂ, ਸੁੱਖੀ ਜੀ ਵੀ ਮਿਲੇ ਹੋਣਗੇ, ਡਾ. ਨਛੱਤਰ ਪਾਲ ਜੀ ਵੀ ਮਿਲੇ ਹੋਣਗੇ, ਸਾਰੇ ਹੀ ਡਾਕਟਰ ਮਿਲੇ ਹੋਣਗੇ। ਉਹ ਕਹਿੰਦੀ ਹੈ ਕਿ ਡਾਕਟਰ ਸਾਹਿਬ, ਮੇਰਾ ਘਰਵਾਲਾ ਮੁੱਕ ਗਿਆ। ਮੇਰਾ ਇੱਕੋ-ਇੱਕ ਮੁੰਡਾ ਹੈ। ਮੈਨੂੰ ਨਹੀਂ ਪਤਾ ਲੱਗਦਾ ਕਿ ਉਹ ਕਿੱਥੇ ਚਲਾ ਜਾਂਦਾ ਹੈ। ਉਹ ਟਾਈਮ ਸਿਰ ਵਾਪਸ ਨਹੀਂ ਆਉਂਦਾ। ਉਹ ਨਸ਼ੇ ਕਰਨ ਲੱਗ ਗਿਆ ਹੈ। ਉਸ ਦਾ ਬਾਪ ਤਾਂ ਮੁੱਕ ਗਿਆ। ਉਸ ਨੇ ਵੀ ਮੁੱਕ ਜਾਣਾ ਹੈ। ਉਸ ਮਾਂ ਦੇ ਹੰਝੂ ਮੈਨੂੰ ਮੋਟੀਵੇਟ ਕਰਦੇ ਹਨ। ਮੈਂ ਹਾਊਸ ਵਿੱਚ ਇਸ ਕਰਕੇ ਹੀ ਆਇਆ ਹਾਂ। ਮੈਂ ਇਸ ਹਾਊਸ ਵਿੱਚ ਜਸਵੰਤ ਕੰਵਲ ਜੀ ਦਾ ਨਾਵਲ ਪੜ੍ਹ ਕੇ ਆਇਆ ਹਾਂ। ਮੈਨੂੰ ਲੱਗਿਆ ਕਿ ਇੱਥੇ ਬਾਹਰ ਬੈਠ ਕੇ ਕੁਝ ਨਹੀਂ ਹੋ ਸਕਦਾ, ਇਨ੍ਹਾਂ ਮਾਵਾਂ ਦੇ ਹੰਝੂ ਦੇਖਦੇ ਦੇਖਦੇ ਤੂੰ ਮਰ ਜਾਵੇਗਾ। ਜਿਵੇਂ ਜਸਵੰਤ ਸਿੰਘ ਕੰਵਲ ਤੜਫਦਾ ਮਰ ਗਿਆ ਇਸ ਤਰ੍ਹਾਂ ਹੀ ਤੂੰ ਮਰ ਜਾਵੇਗਾ। ਅਸੀਂ ਸਾਰੇ ਮਰ ਜਾਵਾਂਗੇ। ਇਸ ਹਾਊਸ ਦੇ 117 ਬੰਦੇ ਇਸ ਮੁੱਦੇ ਪ੍ਰਤੀ ਸੰਜੀਦਾ ਹੋਣਗੇ। ਇਹ ਨਸ਼ਾ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਜੇਕਰ ਪੰਜਾਬ ਵਿੱਚ ਟੈਰੋਰਿਜ਼ਮ ਆਇਆ ਤਾਂ ਨਾਰਕਾਟਿਕਸ ਕਰਕੇ ਆਇਆ। ਜੇਕਰ ਹੈਪੇਟਾਈਟਸ ਜ਼ਿਆਦਾ ਹੈ ਤਾਂ ਨਸ਼ੇ ਕਰਕੇ ਹੀ ਹੈ। ਐਚ.ਆਈ.ਵੀ. ਏਡਜ਼ ਵੀ ਨਸ਼ੇ ਕਰਕੇ ਹੀ ਹੈ। ਕਰਾਈਮ ਵੀ ਨਸ਼ੇ ਕਰਕੇ ਹੀ ਜ਼ਿਆਦਾ ਹੋ ਰਹੇ ਹਨ। ਪੰਜਾਬ ਵਿੱਚ ਹੁੱਲੜਬਾਜ਼ੀ ਵੀ ਨਸ਼ਿਆਂ ਕਰਕੇ ਹੀ ਹੁੰਦੀ ਹੈ। ਧੀਆਂ-ਭੈਣਾਂ ਮੁੰਡਿਆਂ ਦੇ ਨਸ਼ਾ ਕਰਨ ਕਰਕੇ ਬਾਹਰ ਨਹੀਂ ਨਿਕਲ ਸਕਦੀਆਂ। ਜੇਕਰ ਸਾਡੀਆਂ ਕੁੜੀਆਂ ਨੂੰ ਬੀ.ਏ., ਐਮ.ਏ., ਪੀ.ਐਚ.ਡੀ. ਕਰਕੇ ਵਿਆਹ ਕਰਵਾਉਣ ਲਈ ਬੀ.ਏ. ਪਾਸ ਮੁੰਡਾ ਨਹੀਂ ਮਿਲਦਾ ਤਾਂ ਇਹ ਸਿਰਫ ਨਸ਼ਿਆਂ ਕਰਕੇ ਹੀ ਹੈ। ਜੇਕਰ ਸਾਡੀਆਂ ਬੀਬੀਆਂ ਡੇਰਿਆਂ ਤੇ ਤੁਰੀਆਂ ਫਿਰਦੀਆਂ ਹਨ ਤਾਂ ਸਿਰਫ ਨਸ਼ਿਆਂ ਕਰਕੇ ਹੈ। ਸਾਡੇ ਮੁੰਡੇ ਨਸ਼ਾ ਕਰਕੇ ਨਪੁੰਸਕ ਹੋ ਚੁੱਕੇ ਹਨ, ਉਨ੍ਹਾਂ ਦੇ ਬੱਚੇ ਪੈਦਾ ਨਹੀਂ ਹੁੰਦੇ। ਔਰਤਾਂ ਨੂੰ PCOD ਹੋ ਗਈ ਹੈ। ਮੈਨੂੰ ਪਾਣੀ ਦੀ ਫਿਕਰ ਹੈ, ਹਵਾ ਦੀ ਵੀ ਫਿਕਰ ਹੈ ਅਤੇ ਜਿਹੜਾ ਖਾਣਾ ਲੋਕ ਖਾਂਦੇ ਹਨ ਮੈਨੂੰ ਉਸ ਖਾਣੇ ਦਾ ਵੀ ਫਿਕਰ ਹੈ। ਜਿੰਨੀ ਦੇਰ ਇਹ ਸਿਸਟਮ ਠੀਕ ਨਹੀਂ ਹੋਵੇਗਾ ਓਨੀ ਦੇਰ ਦਵਾਈਆਂ ਦਾ ਅਸਰ ਨਹੀਂ ਹੋ ਸਕਦਾ। ਦਵਾਈਆਂ ਨਾਲ ਸਿਰਫ ਟੈਂਪਰੇਰੀ ਰਿਲੀਫ ਹੀ ਮਿਲ ਸਕਦਾ ਹੈ। ਮੈਂ ਆਉਂਦੇ ਸਾਰ ਹੀ ਸਪੋਰਟਸ ਮੈਡੀਸਨ ਦੀ ਗੱਲ ਕੀਤੀ ਹੈ। ਮੈਂ ਹਦਾਇਤ ਕੀਤੀ ਹੈ ਕਿ ਪੰਜਾਬ ਦੇ ਲੋਕ ਜੋ ਵੀ ਖਾਂਦੇ ਹਨ, ਜਿਹੜੀ ਵੀ ਦਵਾਈ ਲੈਂਦੇ ਹਨ ਉਨ੍ਹਾਂ ਸਾਰਿਆਂ

ਦਾ ਟੈਸਟ ਹੋਣਾ ਚਾਹੀਦਾ ਹੈ।

ਇਹ ਮੇਰਾ ਪਰਮ ਧਰਮ ਹੈ, ਮੇਰਾ ਕਰਮ ਹੈ ਕਿ ਉਨ੍ਹਾਂ ਨੂੰ ਜਿਹੜਾ ਵੀ ਖਾਣਾ ਮਿਲੇ ਉਹ ਮਿਆਰੀ ਹੋਵੇ। ਉਸ ਵਿੱਚ ਕੋਈ ਜ਼ਹਿਰ ਨਾ ਹੋਵੇ। ਕਿਸੇ ਦੇ ਵਿੱਚ ਕੋਈ ਸਟੀਰਾਈਡਜ਼ ਨਾ ਹੋਣ ਅਤੇ ਪੰਜਾਬ ਦੇ ਲੋਕ ਕੋਈ ਵੀ ਨਕਲੀ ਚੀਜ਼ ਨਾ ਖਾਣ। ਮੈਂ ਹਦਾਇਤ ਕੀਤੀ ਹੈ ਕਿ Across the length and breadth of Punjab, ਸਾਰਾ ਪਾਣੀ ਟੈਸਟ ਕਰੋ। ਲੋਕ ਇੱਕ ਫੈਕਟਰੀ ਦੇ ਬਾਹਰ ਕਿੰਨੀ ਦੇਰ ਤੱਕ ਬੈਠੇ ਰਹੇ। ਜੇਕਰ ਆਸੇ ਪਾਸੇ ਦੇ 10 ਪਿੰਡਾਂ ਨੂੰ ਆਰ.ਓ. ਪਲਾਂਟ ਲਗਾ ਕੇ ਪੀਣ ਵਾਲਾ ਪਾਣੀ ਦੇ ਦਿੰਦੇ ਤਾਂ ਇਸ ਵਿੱਚ ਲੱਗਣਾ ਹੀ ਕੀ ਸੀ। ਇਸ ਵਿੱਚ ਕੁਝ ਵੀ ਖਰਚਾ ਨਹੀਂ ਸੀ। ਇਹ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ ਦਾ ਪਾਰਟ ਹੋਣਾ ਚਾਹੀਦਾ ਹੈ। ਬਹੁਤ ਸਾਰੀਆਂ ਫੈਕਟਰੀਆਂ ਅਜਿਹੀਆਂ ਹਨ, ਜਿਹੜੀਆਂ ਰੈੱਡ ਕੈਟਾਗਰੀ ਵਿੱਚ ਆਉਂਦੀਆਂ ਹਨ ਜੋ ਕਿ ਪੰਜਾਬ ਵਿੱਚ ਨਹੀਂ ਆਉਣੀਆਂ ਚਾਹੀਦੀਆਂ ਸਨ ਪਰ ਇਹ ਵੀ ਲੋਕਾਂ ਦੀ ਜ਼ਰੂਰਤ ਹੈ। ਉਨ੍ਹਾਂ ਦੀ Corporate Social Responsibility ਬਣਦੀ ਹੈ ਕਿ ਜਿੱਥੇ ਉਹ ਫੈਕਟਰੀ ਹੈ, ਉਹ ਆਸ ਪਾਸ ਦੇ ਲੋਕਾਂ ਨੂੰ ਪੀਣ ਲਈ ਪਾਣੀ ਦੇਵੇ। ਮੈਂ ਸਮਝਦਾ ਹਾਂ ਕਿ ਜਿਹੜਾ ਬੰਦਾ ਪੰਜਾਬ ਵਿੱਚੋਂ ਪੈਸੇ ਕਮਾਉਂਦਾ ਹੈ ਇਹ ਉਸ ਦੀ ਜ਼ਿੰਮੇਵਾਰੀ ਹੈ। ਮੈਨੂੰ ਉਮੀਦ ਹੈ ਕਿ ਉਹ ਲੋਕ ਅੱਜ ਲਾਈਵ ਟੈਲੀਕਾਸਟ ਰਾਹੀਂ ਸੁਣ ਵੀ ਰਹੇ ਹੋਣਗੇ। ਉਹ ਇੱਕ ਹਸਪਤਾਲ ਬਣਾ ਸਕਦੇ ਹਨ, ਬੱਚਿਆਂ ਨੂੰ ਪੜ੍ਹਨ ਲਈ ਇੱਕ ਸਕੂਲ ਬਣਾ ਸਕਦੇ ਹਨ। ਇਹ ਉਨ੍ਹਾਂ ਦਾ ਮੈਂਡੇਟ ਹੈ ਕਿ ਜਿਹੜਾ ਉਨ੍ਹਾਂ ਦਾ ਐਕਚੂਅਲ ਨੈੱਟ ਪ੍ਰਾਫਿਟ ਹੈ, ਉਸ ਵਿੱਚੋਂ ਇੱਕ ਸ਼ੇਅਰ ਖਰਚਣਾ ਹੁੰਦਾ ਹੈ। ਇਹ ਜੋ ਸ਼ੇਅਰ ਖਰਚਣਾ ਹੁੰਦਾ ਹੈ, ਇਹ ਉਨ੍ਹਾਂ ਨੇ ਆਪਣੇ ਕੋਲੋਂ ਨਹੀਂ ਖਰਚਣਾ ਹੁੰਦਾ ਬਲਕਿ ਪ੍ਰਾਫਿਟ ਵਿੱਚੋਂ ਖਰਚਣਾ ਹੁੰਦਾ ਹੈ। ਅਸੀਂ ਜਿਹੜੀ ਮਿੱਟੀ ਵਿੱਚੋਂ ਨਿਕਲੇ ਹਾਂ, ਇੱਕ ਦਿਨ ਉਸੇ ਮਿੱਟੀ ਵਿੱਚ ਮਿਲ ਜਾਣਾ ਹੈ। ਉਨ੍ਹਾਂ ਨੇ ਵੀ ਇੱਕ ਦਿਨ ਮਿੱਟੀ ਵਿੱਚ ਮਿਲ ਜਾਣਾ ਹੈ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਆਪਣੇ ਪੂਰੇ ਦੇਸ਼ ਵਿੱਚ ਸਿਰਫ 8,000 Psychiatrist ਹਨ। ਯੂ.ਕੇ. ਵਿੱਚ 6,000 Psychiatrist ਹਨ and they are trained in India. ਜੇਕਰ ਮੈਂ ਫੌਰਨ ਕੰਟਰੀਜ਼ ਦੀ ਗੱਲ ਕਰਾਂ ਤਾਂ ਬਾਹਰਲੇ ਦੇਸ਼ਾਂ ਵਿੱਚ ਜ਼ਿਆਦਾ ਹਨ ਅਤੇ ਸਾਡੇ ਘੱਟ ਹਨ and that is true for all the doctors. ਅਸੀਂ ਆਪਣੇ ਡਾਕਟਰ ਬਣਾ ਕੇ ਬਾਹਰ ਭੇਜੀ ਜਾ ਰਹੇ ਹਾਂ। ਸਾਡੇ ਬੱਚੇ ਬਾਹਰ ਜਾ ਰਹੇ ਹਨ। ਹਰ-ਰੋਜ਼ ਸਾਢੇ ਤਿੰਨ ਲੱਖ ਬੱਚਾ ਆਈਲੈਟਸ ਕਰਨ ਚਲਾ ਜਾਂਦਾ ਹੈ। ਸਾਡੇ ਡੈਂਟਲ ਕਾਲਜ ਬੰਦ ਹੋ ਰਹੇ ਹਨ, ਇੰਜੀਨੀਅਰਿੰਗ ਕਾਲਜ ਬੰਦ ਹੋ ਰਹੇ ਹਨ।

ਇਹ ਪੰਜਾਬ ਦੀ ਪੀੜਾ ਹੈ। ਅੱਜ ਤੁਸੀਂ ਸਾਰਿਆਂ ਨੇ ਪੰਜਾਬ ਦੀ ਦੁਖਦੀ ਰਗ ਤੇ ਹੱਥ ਰੱਖਿਆ ਹੈ। ਬਾਹਰਲੇ ਲੋਕ ਸਾਨੂੰ ਦੇਖ ਰਹੇ ਹਨ, ਅੱਜ ਮੈਨੂੰ ਐਨ.ਆਰ.ਆਈਜ਼. ਲੋਕ ਬਾਹਰੋਂ ਫੋਨ ਕਰਦੇ ਹਨ ਕਿ ਡਾਕਟਰ ਸਾਹਿਬ, ਮੇਰੀ 13 ਕੁ ਏਕੜ ਜ਼ਮੀਨ ਹੈ, ਲੈ ਲਵੋ ਤੇ ਹਸਪਤਾਲ ਬਣਾ ਦਿਉ, ਮੈਡੀਕਲ ਕਾਲਜ ਬਣਾ ਦਿਉ। ਕੋਈ ਕੁਝ ਕਹਿੰਦਾ ਹੈ ਤੇ ਕੋਈ ਕੁਝ। ਉਹ ਇੱਥੇ ਆ ਕੇ ਕੁਝ ਕਰਨਾ ਚਾਹੁੰਦੇ ਹਨ ਅਤੇ ਬਹੁਤ ਸਾਰੇ ਬੰਦੇ ਇੱਥੇ ਆ ਵੀ ਰਹੇ ਹਨ। ਬਹੁਤ ਸਾਰੇ ਡਾਕਟਰ ਵਾਪਸ ਆਉਣਾ ਚਾਹੁੰਦੇ ਹਨ। ਉਹ ਕੰਟਰੀਬਿਊਟ ਕਰਨਾ ਚਾਹੁੰਦੇ ਹਨ। ਇਹ ਨਾ ਹੋਵੇ ਕਿ ਸਾਡੀ ਮਾਂ-ਬੋਲੀ ਹੀ ਨਾ ਰਹੇ ਤੇ ਦੇਸ਼ ਪੰਜਾਬ ਹੀ ਨਾ ਰਹੇ, ਜਿਹੜੀ ਕੌਮ ਇਨ੍ਹਾਂ ਦੋ ਚੀਜ਼ਾਂ ਤੋਂ ਟੁੱਟ ਜਾਂਦੀ ਹੈ,ਉਸ ਦਾ ਵਜੂਦ ਦੁਨੀਆ ਤੋਂ ਖਤਮ ਹੋ ਜਾਂਦਾ ਹੈ। ਸੋ, ਆਪਾਂ ਇਸ ਪੰਜਾਬ ਨੂੰ ਬਚਾਉਣਾ ਹੈ।

ਅਸੀਂ ਬਹੁਤ ਸਾਰੇ ਬਿਲ ਲਿਆਉਣ ਦੀ ਗੱਲ ਕਰਦੇ ਹਾਂ ਪਰ ਇਹ ਬਿਲ ਪਾਸ ਕਰਨ ਨਾਲ ਠੀਕ ਨਹੀਂ ਹੋਣਾ ਹੈ, ਇਹ ਸਾਰੇ ਦੇ ਸਾਰੇ 117 ਮੈਂਬਰਾਂ ਦੇ ਕਿਰਦਾਰ ਨਾਲ ਠੀਕ ਹੋਣਾ ਹੈ। ਮਾਲਪ੍ਰੈਕਟਿਸਜ਼ ਕਿਉਂ ਹੁੰਦੀਆਂ ਹਨ? ਇਹ ਸਾਰਾ ਸਿਸਟਮ ਕਮਿਸ਼ਨ ਬੇਸਡ ਕਿਉਂ ਹੈ? ਮੇਰੇ ਟੀਚਰ ਕਹਿੰਦੇ ਹੁੰਦੇ ਸੀ ਕਿ 'health is not a profession, it is a passion'. ਜਿਹੜੇ ਬੰਦੇ ਦੀ ਹੈਲਥ ਪੈਸ਼ਨ ਨਹੀਂ ਹੈ, ਉਹ ਇਸ ਡਿਪਾਰਟਮੈਂਟ ਵਿੱਚ ਫਿੱਟ ਨਹੀਂ ਹੈ। He does not deserve to be a Doctor. A Doctor without compassion is a butcher. ਐਸੇ ਬੰਦੇ ਹਰ ਪ੍ਰੋਫੈਸ਼ਨ ਵਿੱਚ ਹੁੰਦੇ ਹਨ, ਸਾਡੇ ਵਿੱਚ ਵੀ ਹੋਣਗੇ (ਥੰਪਿੰਗ) The compassion has to be a first ingredient in a Doctor. ਸੋ, ਜਿਸ ਦਿਨ ਇਹ ਸਾਡੇ 117 ਬੰਦੇ ਪਾਕ ਸਾਫ ਹੋਣਗੇ। ਮੈਂ ਬੋਲਣਾ ਨਹੀਂ ਸੀ ਚਾਹੁੰਦਾ ਪਰ ਮੈਨੂੰ ਇਹ ਬੋਲਣਾ ਪੈਣਾ ਹੈ ਕਿ ਜਿਨ੍ਹਾਂ ਨੇ ਇੰਨੇ ਵਧੀਆ ਪੁਆਇੰਟ ਉਠਾਏ, (ਆਪੋਜ਼ੀਸ਼ਨ ਦੇ ਕੁਝ ਖਾਲੀ ਬੈਂਚਿਜ਼ ਵੱਲ ਇਸ਼ਾਰਾ ਕਰਦੇ ਹੋਏ) ਉਨ੍ਹਾਂ ਨੂੰ ਇੱਥੇ ਬੈਠਣਾ ਚਾਹੀਦਾ ਸੀ, ਸੁਣਨਾ ਚਾਹੀਦਾ ਸੀ। ਜੇਕਰ ਹੁਣ ਵੀ ਉਹ ਮੇਰੀ ਆਵਾਜ਼ ਸੁਣਦੇ ਹੋਣ ਤਾਂ ਵਾਪਸ ਆ ਜਾਣ। You have to lead by example. We are leaders so we should lead by examples. ਤੁਸੀਂ ਉਧਰ (ਮੁੱਖ ਮੰਤਰੀ ਦੀ ਚੇਅਰ)ਇਸ਼ਾਰਾ ਕਰ ਦਿੱਤਾ ਕਿ ਪਹਿਲਾਂ ਵਾਲੇ ਤਾਂ ਸੁਣਦੇ ਨਹੀਂ ਸੀ। ਹੁਣ ਜਿਹੜੇ ਕਹਿੰਦੇ ਹਨ ਕਿ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰੋ, ਤੁਸੀਂ ਉਨ੍ਹਾਂ ਨਾਲ ਗੱਲ ਨਹੀਂ ਕਰਦੇ। (ਇੰਡੀਅਨ ਨੈਸ਼ਨਲ ਕਾਂਗਰਸ ਦੇ ਮੈਂਬਰਾਂ ਵੱਲ ਇਸ਼ਾਰਾ ਕਰਕੇ ਬੋਲਦੇ ਹੋਏ।) ਪਹਿਲਾਂ ਤੁਸੀਂ ਚਿੱਠੀਆਂ ਲਿਖਦੇ ਸੀ ਕਿ ਨਹੀਂ ਲਿਖਦੇ ਸੀ? ਹੁਣ ਤੁਹਾਨੂੰ ਚਿੱਠੀ ਤਾਂ ਨਹੀਂ ਲਿਖਣੀ ਪੈਂਦੀ। (ਵਿਘਨ) ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਤੁਸੀਂ ਸੁਣ ਰਹੇ ਹੋ।

ਇੱਕ ਵਾਰੀ ਕਿਸੇ ਨੇ ਗੌਤਮ ਬੁੱਧ ਜੀ ਨੂੰ ਬੁਲਾਇਆ ਕਿ ਤੁਸੀਂ ਸਾਨੂੰ ਆ ਕੇ ਕੁਝ ਸੁਣਾਓ, ਸਾਡਾ ਜੀਵਨ ਸੁਧਾਰੋ। ਉਨ੍ਹਾਂ ਨੇ ਕਿਹਾ ਕਿ ਸੁਣਾਉਂਦੇ ਹਾਂ ਜੀ, ਅੱਧਾ ਘੰਟਾ ਠਹਿਰ ਜਾਓ। ਉਨ੍ਹਾਂ ਨੇ ਫਿਰ ਕਿਹਾ ਕਿ ਥੋੜ੍ਹੀ ਦੇਰ ਹੋਰ ਠਹਿਰ ਜਾਓ। ਇੰਨੇ ਨੂੰ ਬੰਦੇ ਉੱਠ ਕੇ ਜਾਣ ਲੱਗ ਪਏ। ਜਦੋਂ 11 ਕੁ ਬੰਦੇ ਰਹਿ ਗਏ, ਬੁੱਧ ਜੀ ਕਹਿਣ ਲੱਗੇ ਕਿ ਮੈਂ ਹੁਣ ਸੁਣਾਉਂਦਾ ਹਾਂ। ਕਹਿੰਦੇ ਜੀ ਕਿ ਜਨਤਾ ਤਾਂ ਸਾਰੀ ਚਲੀ ਗਈ ਹੈ, ਮਹਾਤਮਾ ਜੀ ਕਹਿੰਦੇ ਕਿ ਜਿਨ੍ਹਾਂ ਨੇ ਸੁਣਨਾ ਸੀ, ਉਹ ਬੈਠੇ ਹਨ। ਇਸ ਲਈ ਜਿਨ੍ਹਾਂ ਨੂੰ ਪੰਜਾਬ ਦਾ ਦਰਦ ਹੈ, ਉਹ ਬੈਠੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਕਿ ਜਿਹੜੇ ਤੁਸੀਂ ਬੈਠੇ ਹੋ ਕਿਉਂਕਿ ਤੁਸੀਂ ਇੱਕ ਇੱਕ ਐੱਮ.ਐੱਲ.ਏ. ਤਿੰਨ-ਤਿੰਨ ਲੱਖ ਬੰਦੇ ਨੂੰ ਰਿਪ੍ਰਿਜ਼ੈਂਟ ਕਰਦੇ ਹੋ। ਜਿਹੜੇ ਸੁਣਨਾ ਚਾਹੁੰਦੇ ਸੀ, ਉਹ ਬੈਠੇ ਹਨ। ਜਿਹੜੇ ਮੈਂਬਰ ਸਦਨ ਵਿੱਚ ਨਹੀਂ ਬੈਠੇ ਹਨ ਉਨ੍ਹਾਂ ਨੂੰ introspection ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਮੇਰਾ ਬਾਈਕਾਟ ਨਹੀਂ ਕਰਨਾ ਸੀ। ਅੱਜ ਰਾਸ਼ਟਰਪਤੀ ਜੀ ਆਏ ਹੋਏ ਹਨ। ਮੈਂ ਸਾਰੀਆਂ ਪਾਰਟੀਆਂ ਦੇ ਮੈਂਬਰਾਂ ਬਾਰੇ ਗੱਲ ਕਰ ਰਿਹਾ ਹਾਂ।

**ਮਾਣਯੋਗ ਸਪੀਕਰ:** ਮੰਤਰੀ ਜੀ, ਆਪਾਂ ਰੈਜ਼ੋਲਿਊਸ਼ਨ ਤੇ ਗੱਲ ਕਰੀਏ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ:** ਮੈਂ ਉਸ ਤੇ ਹੀ ਆ ਰਿਹਾ ਹਾਂ ਜੀ।

**Shri Avtar Singh Junior (while sitting):** Please talk about over-population.

**ਸਿਹਤ ਤੇ ਪਰਿਵਾਰ ਭਲਾਈ ਮੰਤਰੀ:** ਬਹੁਤ ਅੱਛੀ ਗੱਲ ਹੈ ਜੀ। ਇਸ ਤੇ ਵੀ ਆ ਜਾਂਦੇ ਹਾਂ।

**ਮਾਣਯੋਗ ਸਪੀਕਰ:** ਆਪਾਂ ਰੈਜ਼ੋਲਿਊਸ਼ਨ ਤੇ ਆ ਜਾਈਏ ਜੀ। (ਹਾਸਾ)

**ਰੱਖਿਆ ਸੇਵਾਵਾਂ ਭਲਾਈ ਮੰਤਰੀ (ਬੈਠੇ ਬੈਠੇ):** ਸਰ, ਕੀ ਅੱਜ ਲੰਚ ਨਹੀਂ ਹੈ? (ਹਾਸਾ)

**ਮਾਣਯੋਗ ਸਪੀਕਰ:** ਜੌੜਾਮਾਜਾਰਾ ਜੀ, ਕੀ ਤੁਸੀਂ ਕੋਈ ਪੁਆਇੰਟ ਆਫ ਆਰਡਰ ਲੈਣਾ ਹੈ। (ਹਾਸਾ) ਚਲੋ ਜੀ, ਸਿਹਤ ਮੰਤਰੀ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ :** ਸਰ, ਅਸੀਂ ਪ੍ਰਾਈਵੇਟ ਸੈਕਟਰ ਨਾਲ ਇੱਕ collaborative relationship, ਇੱਕ better relationship ਬਣਾ ਰਹੇ

ਹਾਂ। ਇੱਕ ਦੋ ਮੈਂਬਰਜ਼ ਨੇ ਜ਼ਿਕਰ ਕੀਤਾ ਸੀ ਕਿ ਆਪਣੇ ਕੋਲ radiologist ਨਹੀਂ ਹੈ but ਅਲਟਰਾਸਾਊਂਡ ਹੋ ਰਿਹਾ ਹੈ। ਸਰ, ਆਪਣੇ ਕੋਲ radiologist ਦੀ ਬਹੁਤ ਜ਼ਿਆਦਾ ਸ਼ਾਰਟੇਜ ਹੈ। ਇਹ ਸਿਸਟਮ ਚੱਲਦਾ ਸੀ ਕਿ ਅਸੀਂ ਸਰਵਿਸ ਨੂੰ ਆਊਟਸੋਰਸ ਕਰ ਦਿੱਤਾ ਜਾਂਦਾ ਸੀ। ਪਹਿਲਾਂ ਅਸੀਂ ਇਹ ਸਿਸਟਮ ਕੀਤਾ ਸੀ ਕਿ ਡਾਕਟਰ ਸਾਡੇ ਹਸਪਤਾਲ ਵਿੱਚ ਆ ਕੇ ਅਲਟਰਾਸਾਊਂਡ ਕਰੇਗਾ ਅਤੇ ਅਸੀਂ ਉਸ ਨੂੰ 250 ਰੁਪਏ ਦਿੰਦੇ ਸੀ। ਹੁਣ ਸ਼ਾਇਦ ਉਹ ਪੈਸੇ ਵਧਣੇ ਚਾਹੀਦੇ ਸਨ। ਮੈਂ ਕਿਹਾ ਕਿ ਨਵੀਂ ਪ੍ਰਪੋਜ਼ਲ ਲੈ ਕੇ ਆਓ। ਡਾਕਟਰਾਂ ਨੂੰ ਪੁੱਛ ਲਵੋ। ਜਿੰਨੇ ਪੈਸੇ ਤੇ ਡਾਕਟਰ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਉਨੇ ਪੈਸੇ ਤੇ ਲੈ ਆਵੋ because we have to provide services to the people. ਇਸ ਤਰ੍ਹਾਂ ਕਦੇ ਨਹੀਂ ਹੁੰਦਾ ਕਿ ਡਾਕਟਰ ਨਾ ਹੋਵੇ ਅਤੇ ਅਲਟਰਾਸਾਊਂਡ ਹੋ ਜਾਵੇ।

**ਡਾਕਟਰ ਰਾਜ ਕੁਮਾਰ:** ਸਰ, ਮੈਂ ਅਲਟਰਾਸਾਊਂਡ ਦੀ ਗੱਲ ਨਹੀਂ ਕਰ ਰਿਹਾ ਸੀ। ਉਹ ਕੰਮ ਬਿਲਕੁਲ ਠੀਕ ਹੋ ਰਿਹਾ ਹੈ। ਮੈਂ ਇਹ ਗੱਲ ਕਰ ਰਿਹਾ ਸੀ ਕਿ ਆਪਾਂ ਸੀ.ਟੀ., ਐਮ.ਆਰ.ਆਈ. ਲਈ ਇੱਕ ਪ੍ਰਾਈਵੇਟ ਕੰਪਨੀ ਨੂੰ contract ਦਿੱਤਾ ਹੋਇਆ ਹੈ। ਜਿੰਪਾ ਜੀ ਵੀ ਇੱਥੇ ਬੈਠੇ ਹਨ। ਮੇਰੇ ਹਲਕੇ ਵਿੱਚ ਡਾਕਟਰ ਹੈ ਤੇ ਉਹ ਉਸ ਪ੍ਰਾਈਵੇਟ ਕੰਪਨੀ ਨਾਲ ਰਜਿਸਟਰਡ ਹੈ। ਉਸ ਪ੍ਰਾਈਵੇਟ ਕੰਪਨੀ ਨੇ ਪੰਜਾਬ ਦੇ ਹੋਰ ਕਈ ਜ਼ਿਲ੍ਹਿਆਂ ਵਿੱਚ ਸੈਂਟਰ ਲਗਾਏ ਹੋਏ ਹਨ ਅਤੇ ਦੋ ਤਿਹਾਈ ਜ਼ਿਲ੍ਹਿਆਂ ਵਿੱਚ ਕੋਈ radiologist ਹੀ ਨਹੀਂ ਹੈ। ਉਹ ਦੋ ਨੰਬਰ ਵਿੱਚ ਹੀ ਕੰਮ ਕਰੀ ਜਾਂਦੇ ਹਨ। ਸੋ, ਮੇਰਾ ਕਹਿਣ ਦਾ ਇਹ ਮਤਲਬ ਸੀ ਕਿ ਉਨ੍ਹਾਂ ਨੂੰ ਪਰਾਪਰ ਰਜਿਸਟਰ ਕੀਤਾ ਜਾਣਾ ਚਾਹੀਦਾ ਹੈ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ:** ਇਸ ਸਬੰਧੀ ਮੈਂ ਤੁਹਾਨੂੰ ਥੋੜ੍ਹਾ ਜਿਹਾ ਦੱਸਣਾ ਚਾਹੁੰਦਾ ਹਾਂ। ਤੁਸੀਂ ਤਾਂ ਮੇਰੇ ਤੋਂ ਬਹੁਤ ਸੀਨੀਅਰ ਹੋ। ਪਿਛਲੇ ਪੰਜ ਸਾਲ ਵੀ ਤੁਸੀਂ ਮੈਂਬਰ ਰਹੇ ਹੋ। ਅਸੀਂ ਕਿਸੇ ਵੀ ਪ੍ਰਾਈਵੇਟ ਕੰਪਨੀ ਨੂੰ ਠੇਕਾ ਨਹੀਂ ਦਿੱਤਾ ਹੈ। ਇਹ ਪਹਿਲਾਂ ਤੋਂ ਹੀ ਚੱਲਦਾ ਆ ਰਿਹਾ ਹੈ। ਆਊਟਸੋਰਸਿੰਗ ਸਰਵਿਸ, ਪਿਛਲੀਆਂ ਸਰਕਾਰਾਂ ਦੀ ਪਾਲਿਸੀ ਸੀ। ਅਸੀਂ ਉਨ੍ਹਾਂ ਨੂੰ ਰੈਗੁਲੇਰਾਈਜ਼ ਕਰ ਰਹੇ ਹਾਂ। ਜਿਵੇਂ ਕਿ ਮੈਂ ਤੁਹਾਨੂੰ ਟੈਸਟਿੰਗ ਬਾਰੇ ਕਿਹਾ ਸੀ, ਅਸੀਂ ਕੁਝ ਕੁ ਸਰਵਿਸ ਜ਼ਰੂਰ ਆਊਟਸੋਰਸ ਕੀਤੀਆਂ ਹਨ ਔਰ ਅਸੀਂ ਕਰਾਂਗੇ। ਦਿੱਲੀ ਵਿੱਚ ਵੀ ਸਰਵਿਸਿਜ਼ ਆਊਟਸੋਰਸ ਕੀਤੀਆਂ ਹਨ। It is a very good model ਕਿ ਕਿਸੇ ਵੀ ਟੈਸਟ ਦਾ ਇੱਕ ਰੇਟ ਫਿਕਸ ਕਰ ਦਿੱਤਾ ਜਾਂਦਾ ਹੈ। Suppose ਕਰੋ ਜਿਵੇਂ ਅਲਟਰਾਸਾਊਂਡ 500 ਰੁਪਏ

ਦਾ ਹੋਣਾ ਹੈ, ਸੀ.ਟੀ. ਸਕੈਨ 2100 ਰੁਪਏ ਵਿੱਚ ਹੋਣਾ ਹੈ। ਇਸ ਵਿੱਚ ਅਸੀਂ ਇਹ ਕਰਦੇ ਹਾਂ ਕਿ ਮਰੀਜ਼ ਜਿੱਥੋਂ ਮਰਜ਼ੀ ਜਾ ਕੇ ਟੈਸਟ ਕਰਵਾ ਸਕਦਾ ਹੈ। ਪੇਸ਼ੈਂਟ ਹਸਪਤਾਲ ਨੂੰ ਇਸ ਸਬੰਧੀ pay ਨਹੀਂ ਕਰੇਗਾ। ਹਸਪਤਾਲ ਬਿਲ ਰੇਜ਼ ਕਰਨਗੇ, and government will pay them. ਅਸੀਂ ਇਹ ਮਾਡਲ ਲੈ ਕੇ ਆਵਾਂਗੇ। Outsourcing is a legacy issue. ਬਹੁਤ ਸਾਰੇ legacy issues ਹਨ। ਜਿਵੇਂ user charges ਵੀ ਹਨ। We are going to face them out.

ਸਾਡੇ ਮੁੱਖ ਮੰਤਰੀ ਦਾ ਮੈਨਡੇਟ ਇਹ ਹੈ ਕਿ ਜਦੋਂ ਹਸਪਤਾਲ ਵਿੱਚ ਕੋਈ ਪੇਸ਼ੈਂਟ ਆ ਗਿਆ ਤਾਂ ਉਸ ਦੇ ਸਾਰੇ ਟੈੱਸਟ ਹਸਪਤਾਲ ਵਿੱਚ ਹੀ ਹੋਣਗੇ। ਪੇਸ਼ੈਂਟ ਨੂੰ ਟੈੱਸਟ ਕਰਵਾਉਣ ਲਈ ਬਾਹਰ ਨਹੀਂ ਭੇਜਿਆ ਜਾਵੇਗਾ। ਅਸੀਂ ਚਾਹੇ ਸਰਵਿਸ ਆਊਟਸੋਰਸ ਕਰੀਏ, ਜਿਵੇਂ ਮਰਜ਼ੀ ਕਰਵਾਈਏ। ਸਾਰੇ ਟੈਸਟ ਫਰੀ ਹੋਣਗੇ, which will be Managed and funded by the Government. ਮਰੀਜ਼ ਨੂੰ ਸਾਰੀਆਂ ਦਵਾਈਆਂ ਹਸਪਤਾਲ ਵਿੱਚੋਂ ਹੀ ਮਿਲਣਗੀਆਂ। ਇਹ ਇਸ ਦਾ ਹੱਲ ਹੈ। ਪੇਸ਼ੈਂਟ ਤੋਂ ਬਾਹਰੋਂ ਕੋਈ ਵੀ ਦਵਾਈ ਨਹੀਂ ਮੰਗਵਾਈ ਜਾਵੇਗੀ। (ਥੰਪਿੰਗ) ਸਾਰੇ ਡਾਕਟਰ ਉਥੇ ਹੀ ਹੋਣਗੇ।

ਪੇਅ ਰਿਵੀਜ਼ਨ ਵਿੱਚ ਸਪੈਸ਼ਲਿਸਟਾਂ ਦੀ ਤਨਖਾਹ 1,18,000/- ਰੁਪਏ ਤੋਂ ਘਟ ਕੇ 99,000/- ਰੁਪਏ ਹੋ ਗਈ ਹੈ। ਪ੍ਰਾਈਵੇਟ ਡਾਕਟਰਾਂ ਦੇ ਪੈਕੇਜ ਅਤੇ ਇਨ੍ਹਾਂ ਤਨਖਾਹਾਂ ਵਿੱਚ ਬਹੁਤ ਜ਼ਿਆਦਾ ਗੈਪ ਹੈ। I have to retain them. ਉਸ ਲਈ ਮੈਂ immediately ਇੱਕ policy propose ਕੀਤੀ ਹੈ। ਤੁਹਾਨੂੰ ਪਤਾ ਹੋਵੇਗਾ ਕਿ ਪਹਿਲਾਂ ਇੱਕ house-job ਹੁੰਦੀ ਸੀ ਕਿ ਜਦੋਂ ਬੱਚੇ ਪੀ.ਜੀ. ਦੀ ਤਿਆਰੀ ਕਰਦੇ ਹਨ ਤਾਂ ਉਨ੍ਹਾਂ ਨੂੰ house-job ਦਿੱਤੀ ਜਾਂਦੀ ਸੀ। ਉਨ੍ਹਾਂ ਦਾ 30,000 ਰੁਪਿਆ stipend ਸੀ। ਮੈਂ ਕਿਹਾ ਕਿ ਇਸ ਨੂੰ 70,000/- ਰੁਪਏ ਕਰੋ। ਇਸ ਦੇ ਨਾਲ ਹੀ ਉਨ੍ਹਾਂ ਦੀ ਪੀ.ਜੀ. ਦੀ ਤਿਆਰੀ ਵੀ ਕਰਵਾਈ ਜਾਵੇ ਤਾਂ ਕਿ ਸਾਰੇ ਹਸਪਤਾਲਾਂ ਵਿੱਚ assured presence of a qualified doctor ਹੋ ਜਾਵੇ। That is the immediate quick fix. ਜਿੰਨੀਆਂ ਪੋਸਟਾਂ ਖਾਲੀ ਪਈਆਂ ਹਨ, ਉਹ ਸਾਰੀਆਂ ਭਰੀਆਂ ਜਾਣਗੀਆਂ। Class IV, Nurses, Doctors ਦੀਆਂ ਸਾਰੀਆਂ ਪੋਸਟਾਂ ਭਰੀਆਂ ਜਾਣਗੀਆਂ। ਰਾਜਿੰਦਰਾ ਹਸਪਤਾਲ, ਪਟਿਆਲਾ ਵਿੱਚ gap-analysis ਹੋਇਆ ਹੈ। ਤੁਹਾਡੀ ਐਕਸਰਸਾਈਜ਼ ਦਾ ਮੈਨੂੰ ਇਹ ਫਾਇਦਾ ਹੋ ਗਿਆ ਹੈ ਕਿ ਬਹੁਤ ਸਾਰੇ ਮੈਂਬਰਜ਼ ਨੇ ਇਹ ਐਨਾਲਸਿਜ਼ ਕੀਤਾ ਹੈ। ਮੈਂ ਸਾਰੀਆਂ ਰਿਪੋਰਟਾਂ

ਇੱਕਠੀਆਂ ਕੀਤੀਆਂ ਹਨ ਕਿ ਸਾਡੇ ਕੋਲ ਪੈਰਾਮੈਡੀਕਸ ਦੀ ਕਿੰਨੀ ਸ਼ਾਰਟੇਜ ਹੈ? ਸਾਡੇ ਕੋਲ ਡਾਕਟਰਾਂ ਦੀ ਕਿੰਨੀ ਸ਼ਾਰਟੇਜ ਹੈ ਜਾਂ ਹਸਪਤਾਲ ਵਿੱਚ ਹੋਰ ਕਿੰਨੇ ਕਮਰੇ ਚਾਹੀਦੇ ਹਨ? ਸਾਨੂੰ ਹੋਰ ਕਿੰਨੀਆਂ ਦਵਾਈਆਂ ਚਾਹੀਦੀਆਂ ਹਨ? ਦਵਾਈਆਂ ਦਾ ਵੀ ਬੜਾ ਜਟਿਲ ਪ੍ਰਾਸੈੱਸ ਹੈ। ਪਹਿਲਾਂ ਉਸ ਦੀ ਟੈਂਡਰਿੰਗ ਹੁੰਦੀ ਹੈ, ਉਸ ਤੋਂ ਬਾਅਦ ਕੁਆਰਨਟਾਈਨ ਤੇ ਜਾਣੀਆਂ ਹਨ ਅਤੇ ਫਿਰ ਟੈਸਟਿੰਗ ਹੋਣੀ ਹੈ।It takes minimum four months. ਉਸ ਪੀਰੀਅਡ ਨੂੰ cut shot ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਹਸਪਤਾਲਾਂ ਨੂੰ ਕਹਿ ਰਹੇ ਹਾਂ ਕਿ ਸਾਨੂੰ 6 ਮਹੀਨੇ ਪਹਿਲਾਂ ਦਿਓ। ਹਸਪਤਾਲ ਵਿੱਚ ਘੱਟੋ-ਘੱਟ ਇੱਕ ਮਹੀਨੇ ਦੀਆਂ ਦਵਾਈਆਂ ਦਾ ਸਟੋਰ ਹੋਣਾ ਚਾਹੀਦਾ ਹੈ।ਅਗਲਾ ਬਜਟ ਸੈਸ਼ਨ ਆਉਣ ਤੋਂ ਪਹਿਲਾਂ-ਪਹਿਲਾਂ ਇਸ ਨੂੰ smooth ਕਰ ਦਿੱਤਾ ਜਾਵੇਗਾ। ਹਸਪਤਾਲ ਵਿੱਚ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਫ੍ਰੀ ਅਤੇ ਵਧੀਆ ਕੁਆਲਿਟੀ ਦੀਆਂ ਮਿਲਣਗੀਆਂ। ਹਸਪਤਾਲ ਵਿੱਚ ਹੀ ਸਾਰੇ ਟੈਸਟ ਹੋਣਗੇ। ਮਰੀਜ਼ ਨੂੰ ਜਿਹੜੀ ਮਰਜ਼ੀ ਬਿਮਾਰੀ ਹੋਵੇ, ਅਸੀਂ gradually ਇੱਥੇ ਲੈ ਕੇ ਆਵਾਂਗੇ। ਜਿਹੜੇ ਸਾਡੇ ਸਰਕਾਰੀ ਹਸਪਤਾਲ ਹੋਣਗੇ, ਉਹ ਵੀ ਟਾਂਨ. accredited ਹੋਣਗੇ। I have told all the hospitals to move in that direction. They will be NABH accredited. ਮੇਰੇ ਕੋਲ manpower ਬਹੁਤ ਹੈ। ਪ੍ਰਾਈਵੇਟ ਮਿਲਾ ਕੇ ਮੇਰੇ ਕੋਲ 25000 ਨਰਸਿੰਗ ਸਟੂਡੈਂਟ ਹਨ। ਜਿੱਥੇ ਵੀ ਲੋੜ ਹੈ, ਭਾਵੇਂ ਮਰੀਜ਼ ਦਾ first contact ਹੈ, ਐਮਰਜੈਂਸੀ ਹੈ ਜਾਂ ਓ.ਪੀ.ਡੀ. ਹੈ, ਉੱਥੇ ਨਰਸਿੰਗ ਸਟੂਡੈਂਟਸ ਖੜ੍ਹੀਆਂ ਹੋਣੀਆਂ ਚਾਹੀਦੀਆਂ ਹਨ। ਮਰੀਜ਼ ਨੂੰ ਕੀ ਪਤਾ ਕਿ ਗਲਾ ਖਰਾਬ ਹੋਣ ਤੇ ਜਾਂ ਪੇਟ ਖਰਾਬ ਹੋਣ ਤੇ ਕਿੱਥੇ ਜਾਣਾ ਹੈ। ਉਹ ਨਰਸਾਂ ਮਰੀਜ਼ਾਂ ਨੂੰ ਦੇਖਣਗੀਆਂ ਅਤੇ ਉਨ੍ਹਾਂ ਨੂੰ ਨਾਲ ਲੈ ਕੇ ਜਾਣਗੀਆਂ ਅਤੇ ਮਰੀਜ਼ ਨੂੰ ਡਾਕਟਰ ਕੋਲ ਛੱਡ ਕੇ ਆਉਣਗੀਆਂ। ਮਰੀਜ਼ ਦੀ ਪਰਚੀ ਬਣਾ ਕੇ, ਉਸ ਨੂੰ ਗਾਈਡ ਕਰਕੇ ਅਤੇ ਡਾਕਟਰ ਨੂੰ ਦੱਸ ਕੇ ਆਉਣਗੀਆਂ। ਕਹਿਣ ਤੋਂ ਭਾਵ ਹੈ ਕਿ ਮਰੀਜ਼ ਡਾਕਟਰ ਨੂੰ ਹੈਂਡ ਓਵਰ ਕਰਕੇ ਆਉਣਗੀਆਂ। ਸੋ, ਜਦੋਂ ਵੀ ਮਰੀਜ਼ ਹਸਪਤਾਲ ਵਿੱਚ ਆਵੇਗਾ, within 15 to 20 minutes, ਉਹ ਡਾਕਟਰ ਕੋਲ ਪਹੁੰਚ ਜਾਵੇਗਾ। ਅਸੀਂ ਇਹੋ ਜਿਹਾ ਸਿਸਟਮ ਰੈਗੂਲੇਟ ਕਰ ਕੇ ਦੇਵਾਂਗੇ। ਮੇਰਾ ਖਿਆਲ ਹੈ ਕਿ ਜਿੰਨੀਆਂ ਵੀ malpractices ਹਨ, ਉਹ ਉਸ ਦਿਨ disappear ਹੋ ਜਾਣਗੀਆਂ, ਜਦੋਂ ਸਰਕਾਰੀ ਹਸਪਤਾਲ ਪ੍ਰਾਈਵੇਟ ਹਸਪਤਾਲਾਂ ਦੇ ਬਰਾਬਰ ਹੋ ਗਏ ਅਤੇ ਸਾਰੇ ਸਪੈਸ਼ਲਿਸਟ ਆ ਗਏ। ਫਿਰ ਪ੍ਰਾਈਵੇਟ ਹਸਪਤਾਲ ਵਾਲੇ ਹੱਥ ਜੋੜ ਜੋੜ ਕੇ ਮਰੀਜ਼ਾਂ ਕੋਲ ਜਾਣਗੇ ਕਿ ਸਾਡੇ ਕੋਲ ਆਓ, ਅਸੀਂ ਬਹੁਤ ਵਧੀਆ ਸੇਵਾਵਾਂ ਦੇ ਰਹੇ ਹਾਂ। ਮੈਨੂੰ ਯਾਦ ਹੈ ਕਿ ਇਸੇ ਤਰ੍ਹਾਂ ਹੀ ਪ੍ਰਾਈਵੇਟ

ਸਕੂਲਾਂ ਵਾਲੇ ਕਰਦੇ ਹੁੰਦੇ ਸੀ ਕਿ ਆਪਣਾ ਬੱਚਾ ਸਾਨੂੰ ਦਿਓ, ਇਸੇ ਤਰ੍ਹਾਂ ਮਰੀਜ਼ਾਂ ਕੋਲ ਜਾਂਦੇ ਹੁੰਦੇ ਸੀ ਕਿ ਸਾਨੂੰ ਮਰੀਜ਼ ਦਿਓ, ਅਸੀਂ ਬਹੁਤ ਵਧੀਆ ਸੇਵਾਵਾਂ ਦੇਵਾਂਗੇ। ਇੱਕ Healthy Public Sector ਹੋਣਾ ਬਹੁਤ ਜ਼ਰੂਰੀ ਹੈ। ਜਿੰਨਾ ਜਨਤਾ ਨੇ ਸਾਨੂੰ ਟਾਈਮ ਦਿੱਤਾ ਹੈ, ਅਸੀਂ ਆਉਣ ਵਾਲੇ ਚਾਰ ਸਾਲਾਂ ਵਿੱਚ ਜਨਤਾ ਨੂੰ ਹੈਂਡ ਓਵਰ ਕਰਕੇ ਦੇ ਦੇਵਾਂਗੇ। ਮੇਰੇ ਖਿਆਲ ਵਿੱਚ ਮੈਨੂੰ ਇਕੱਲੀ-ਇਕੱਲੀ malpractices ਤੇ ਜਾਣ ਦੀ ਲੋੜ ਨਹੀਂ ਹੈ। ਜਿਸ ਤਰ੍ਹਾਂ ਡਾਕਟਰ ਸੁੱਖੀ ਜੀ ਨੇ ਗੂੰਗੇ, ਬਹਿਰੇ ਬੱਚਿਆਂ ਦੀ ਗੱਲ ਕੀਤੀ ਸੀ, ਉਸ ਸਬੰਧੀ ਮੈਂ ਆਉਂਦੇ ਸਾਰ ਹੀ ਬਹੁਤ ਸਾਰੇ initiative ਸ਼ੁਰੂ ਕਰ ਦਿੱਤੇ ਹਨ, ਸਾਡੇ ਕੋਲ ਬਹੁਤ ਵਧੀਆ ਈ.ਐੱਨ.ਟੀ. ਸਰਜਨ ਹਨ, ਮਸ਼ੀਨਰੀ ਪਈ ਹੋਈ ਹੈ। Neuro ਦੀ ਮਸ਼ੀਨਰੀ ਵੀ ਪਈ ਹੋਈ ਹੈ। ਸਾਡੇ ਕੋਲ ਡਾਕਟਰ ਵੀ ਹਨ, ਉਨ੍ਹਾਂ ਨੂੰ speech therapist ਚਾਹੀਦਾ ਸੀ। ਉਹ ਵੀ ਹਫਤੇ ਜਾਂ 10 ਦਿਨ ਦੇ ਅੰਦਰ-ਅੰਦਰ ਜੁਆਇੰਨ ਕਰ ਜਾਣਗੇ। ਉਨ੍ਹਾਂ ਨੂੰ ਜੋ ਬਹਿਰੇ ਦੀ ਟੈਸਟਿੰਗ ਸਬੰਧੀ facility ਚਾਹੀਦੀ ਹੈ, ਉਹ ਵੀ ਦੇ ਦੇਵਾਂਗੇ। ਪੰਜਾਬ ਦੇ ਵਿੱਚ Cochlear transplant ਸ਼ੁਰੂ ਹੋ ਜਾਣਗੇ, ਬਹੁਤ ਜਲਦੀ Neuro surgery ਸ਼ੁਰੂ ਹੋ ਜਾਵੇਗੀ ਅਤੇ ਬਹੁਤ ਜਲਦੀ ਸਾਡੇ trauma centre, MCA centre ਸ਼ੁਰੂ ਹੋ ਜਾਣਗੇ। ਮੈਂ ਇਨ੍ਹਾਂ ਸ਼ਬਦਾਂ ਨਾਲ ਤੁਹਾਡੇ majority concerns ਅਡਰੈੱਸ ਕਰ ਸਕਿਆ ਹਾਂ। ਹਵਾ, ਪਾਣੀ, ਖਾਣਾ, ਜੋ ਲੋਕਾਂ ਦੇ holistic health care ਵਿੱਚ ਹੈ, ਦੀ ਗੱਲ ਹੋ ਗਈ ਹੈ, ਅਸੀਂ ਉਸ ਵਿੱਚ ਬਹੁਤ ਜਲਦੀ prevention of disease and promotion of health ਕਰਾਂਗੇ। ਅਗਲੇ ਦੋ ਸਾਲਾਂ ਵਿੱਚ ਅਸੀਂ disease surveillance ਸ਼ੁਰੂ ਕਰਾਂਗੇ ਅਤੇ ਆਪਣੇ ਸਟਾਫ ਨੂੰ ਟਰੇਂਡ ਕਰਾਂਗੇ।ਪੰਜਾਬ ਦੀ ਆਬਾਦੀ, ਜਿਹੜੀ ਕਿ hypertension, diabetes, obesity and C.O.P.D. ਨਾਲ ਜੂਝ ਰਹੇ ਹਨ, ਉਨ੍ਹਾਂ ਦੀ ਸਕਰੀਨਿੰਗ ਕਰਾਂਗੇ ਅਤੇ ਇਸ ਨਾਲ ਸਾਨੂੰ ਆਈਡੀਆ ਹੋ ਜਾਵੇਗਾ ਕਿ ਸਾਡੇ ਕੋਲ disease burn ਕਿੰਨਾ ਹੈ। ਸਾਡੇ ਕੋਲ ਆਮ ਆਦਮੀ ਕਲੀਨਿਕ ਦਾ ਸੈਕੰਡਰੀ ਟੈਸਟਿੰਗ ਕੇਅਰ ਦਾ ਨੈੱਟਵਰਕ ਹੋ ਜਾਵੇਗਾ। ਉਨ੍ਹਾਂ ਸਾਰਿਆਂ ਨੂੰ efficiently treat ਕਰਾਂਗਾ। I am sure ਕਿ ਲੋਕਾਂ ਨੂੰ ਜਿਹੜੀ ਗੋਡਿਆਂ ਵਗੈਰਾ ਦੀ ਦਿੱਕਤ ਹੈ, ਉਹ ਟ੍ਰੀਟ ਕੀਤੀ ਜਾਵੇਗੀ।

ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਤਿੰਨ ਚੀਜ਼ਾਂ ਹੁੰਦੀਆਂ ਹਨ। ਸਭ ਤੋਂ ਪਹਿਲੀ ਦਵਾਈ ਹੁੰਦੀ ਸੀ, ਗੁਰ ਮੰਤਰ, ਮੂਲ ਮੰਤਰ, ਗਾਇਤਰੀ ਮੰਤਰ, ਬੁੱਧਮ ਸ਼ਰਨਮ and it used to work. It still works for those who believe in them. ਦੂਜੀ ਜਿਹੜੀ ਚੀਜ਼ ਆਈ ਸੀ, ਉਹ ਸੀ ਯੋਗਾ ਅਤੇ ਫਿਰ ਤੀਸਰੀ ਚੀਜ਼ ਐਲੋਪੈਥੀ ਮੈਡੀਸਨ ਸੀ। ਯੋਗਾ ਵਿੱਚ ਸਾਰਾ Ayush ਆ ਗਿਆ and that also

works. ਆਉਣ ਵਾਲੇ ਦਿਨਾਂ ਵਿੱਚ ਪੰਜਾਬ ਅੰਦਰ ਯੋਗਸ਼ਾਲਾ ਹੋਣ ਜਾ ਰਹੀ ਹੈ। ਇਹ ਸਾਰਾ ਕੰਮ ਸਰਕਾਰੀ ਹਸਪਤਾਲਾਂ ਵਾਲੇ ਕਰਨਗੇ। ਉਹ ਬੰਦਿਆਂ ਨੂੰ ਪੁੱਛਣਗੇ ਕਿ ਕੀ ਤੈਨੂੰ border-line hypertension ਜਾਂ border-line diabetes ਹੈ ਅਤੇ ਕਹਿਣਗੇ ਕਿ ਗੋਲੀ ਤਾਂ ਮੇਰੇ ਕੋਲ ਹੈ ਪਰ ਮੇਰੀ ਰਾਏ ਇਹ ਹੈ ਕਿ ਤੁਸੀਂ ਯੋਗਸ਼ਾਲਾ ਵਿੱਚ ਜਾਓ। ਇਹ ਹਸਪਤਾਲਾਂ ਦੇ ਬਾਹਰ ਬਣੇ ਹੋਣਗੇ ਅਤੇ ਇਹ ਆਉਣ ਵਾਲੇ ਇੱਕ ਸਾਲ ਵਿੱਚ, ਜਿੱਥੇ ਵੀ ਜਗ੍ਹਾ ਹੋਵੇਗੀ, ਬਣਾ ਦਿੱਤੇ ਜਾਣਗੇ।ਇਸ ਵਿੱਚ ਵਾਕਿੰਗ ਟਰੈਕ ਹੋਵੇਗਾ, ਯੋਗਾ-ਕਮ-ਮੈਡੀਟੇਸ਼ਨ ਸੈਂਟਰ ਹੋਵੇਗਾ ਅਤੇ ਦੂਜੇ ਪਾਸੇ open air gym ਹੋਵੇਗਾ। ਉਸ ਨੂੰ ਕਿਹਾ ਜਾਵੇਗਾ ਕਿ ਅੱਧਾ ਘੰਟਾ ਵਰਜਿਸ਼ ਕਰਨੀ ਹੈ, ਅੱਧਾ ਘੰਟਾ ਸੈਰ ਕਰਨੀ ਹੈ ਅਤੇ ਮਹੀਨੇ ਬਾਅਦ ਆ ਜਾਣਾ, ਦਵਾਈ ਦੀ ਲੋੜ ਨਹੀਂ (ਥੰਪਿੰਗ)। ਸ਼੍ਰੀ ਕੁਲਦੀਪ ਧਾਲੀਵਾਲ ਜੀ ਮੇਰੇ colleague ਹਨ। ਬੱਚੇ ਗਲਤ ਡਾਈਟ, ਜਿਸ ਵਿੱਚ Junk food ਆਉਂਦਾ ਹੈ, ਖਾਈ ਜਾਂਦੇ ਹਨ। ਬੱਚਿਆਂ ਨੂੰ ਦੱਸਿਆ ਜਾਵੇਗਾ ਕਿ ਜੋ ਕੁਦਰਤ ਨੇ ਪੈਦਾ ਕੀਤਾ ਹੈ ਜਿਵੇਂ ਫਰੂਟ ਜਾਂ ਸਲਾਦ ਹੈ, ਰੱਜ ਕੇ ਖਾ ਲਉ, ਤੁਸੀਂ ਕਦੇ ਬਿਮਾਰ ਨਹੀਂ ਹੋਵੋਗੇ, ਕਦੇ ਮੋਟੇ ਨਹੀਂ ਹੋਵੋਗੇ। ਜਿਹੜਾ ਕਿਸਾਨ ਨੇ ਉਗਾਇਆ, ਬੇਬੇ ਨੇ ਪਕਾਇਆ ਉਹ ਵੀ ਰੱਜ ਕੇ ਖਾ ਲਵੋ, ਬਿਮਾਰ ਨਹੀਂ ਹੋਵੋਗੇ। ਜਿਹੜੀ ਚੀਜ਼ ਡੱਬੇ ਵਿਚ ਆਉਂਦੀ ਹੈ, ਜਿਹੜੀ ਪੈਕਡ ਆਉਂਦੀ ਹੈ, ਜਿਹੜੀ ਮਾਰਕੀਟ ਵਿਚੋਂ ਆਉਂਦੀ ਹੈ, ਉਹ ਸੰਕੋਚ ਨਾਲ ਖਾਉ, ਹਫਤੇ ਵਿੱਚ ਇੱਕ ਅੱਧੀ ਵਾਰੀ ਖਾ ਲਵੋ, ਉਸ ਵਿੱਚ ਕੋਈ ਹਰਜ਼ ਨਹੀਂ। ਸੋ, ਇਹ ਸਾਰਾ ਕੁਝ ਕਰਾਂਗੇ, ਹੈਲਥ ਐਜੂਕੇਸ਼ਨ ਵੀ ਦਿਆਂਗੇ। ਹਸਪਤਾਲ ਦੇ ਨਾਲ ਇਨਫਰਾਸਟਰੱਕਚਰ ਵੀ ਦਿਆਂਗੇ। ਬਹੁਤ-ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਠੀਕ ਹੈ ਮੰਤਰੀ ਜੀ। ਤੁਸੀਂ ਮਤੇ ਦੇ ਹੱਕ ਵਿੱਚ ਹੋ ਤਾਂ ਬੋਲ ਦਿਓ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ:** ਬਿਲਕੁਲ ਜੀ, ਮੈਂ ਮਤੇ ਦੇ ਹੱਕ ਵਿੱਚ ਹਾਂ ਔਰ ਇਹ ਮੇਰਾ ਫਰਜ਼ ਹੈ। ਇਹ ਮੇਰਾ ਪਰਮ ਧਰਮ ਹੈ। ਮੈਂਬਰਾਂ ਦੇ ਸੈਂਟੀਮੈਂਟਸ ਉਤੇ ਮੈਂ ਫੁੱਲ ਚੜ੍ਹਾਵਾਂਗਾ ਔਰ ਆਪਣੀ ਜ਼ਿੰਮੇਵਾਰੀ ਤਹਿ ਦਿਲ ਨਾਲ ਪੂਰੀ ਨਿਭਾਵਾਂਗਾ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਮੈਂ ਸਾਰੇ ਹਾਊਸ ਨੂੰ ਵਧਾਈ ਦਿੰਦਾ ਹਾਂ ਕਿ ਅੱਜ ਬਹੁਤ ਵਧੀਆ, ਸੰਜੀਦਾ ਬਹਿਸ ਹੋਈ ਹੈ। (ਵਿਘਨ) ਕੋਟਲੀ ਸਾਹਿਬ, ਤੁਸੀਂ ਬੈਠ ਜਾਓ, ਲਗਭਗ ਸਾਰੀਆਂ ਗੱਲਾਂ ਹੋ ਗਈਆਂ ਹਨ। ਚਲੋ ਫਿਰ ਵੀ ਦੱਸੋ ਕਿ ਕੀ ਕਹਿਣਾ ਹੈ?

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ:** ਸਪੀਕਰ ਸਾਹਿਬ, ਮੈਂ ਤਾਂ ਧੰਨਵਾਦ ਹੀ ਕਰਨਾ ਹੈ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਬਹੁਤ ਖੁਸ਼ੀ ਹੋਈ ਕਿ ਅੱਜ ਭਾਵੇਂ ਸਦਨ ਵਿੱਚ ਹੋਰ ਬਹੁਤ ਮਤੇ ਆਉਣੇ ਸੀ, ਉਨ੍ਹਾਂ ਤੇ ਬਹਿਸ ਹੋਣੀ ਸੀ, ਪਰ ਜਿਹੜੀ ਤੁਸੀਂ ਇਹ ਬਹਿਸ ਦਾ ਮੌਕਾ ਦਿੱਤਾ, ਬਹੁਤ ਸ਼ਲਾਘਾਯੋਗ ਕਦਮ ਹੈ। ਜਿਹੜੀ ਤੁਸੀਂ ਕੁਝ ਦਿਨ ਪਹਿਲਾਂ ਦਵਾਈਆਂ ਦੇ ਮਾਮਲੇ ਸਬੰਧੀ ਮੀਟਿੰਗ ਕੀਤੀ ਸੀ, ਉਸ ਵਿਚ ਬਹੁਤ ਸਾਰੇ ਐਨ.ਜੀ.ਓਜ਼ ਅਤੇ ਐਕਸਪਰਟਸ ਬੁਲਾਏ ਸੀ, ਉਸ ਦੇ ਲਈ ਵੀ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਖਾਸ ਤੌਰ ਤੇ ਜਵਾਬ ਵਿੱਚ ਮੰਤਰੀ ਸਾਹਿਬ ਨੇ ਜੋ ਕਿਹਾ ਹੈ ਅਸੀਂ ਉਸ ਦੀ ਬਹੁਤ ਉਮੀਦ ਕਰਦੇ ਹਾਂ ਕਿ ਅਜਿਹਾ ਹੋਵੇ, ਇਹ ਪੰਜਾਬ ਖੁਸ਼ਹਾਲ ਹੋਵੇ, ਲੋਕ ਖੁਸ਼ਹਾਲ ਹੋਣ, ਉਨ੍ਹਾਂ ਦੀ ਸਿਹਤ ਚੰਗੀ ਹੋਵੇ ਤੇ ਲੋਕ ਸਰਕਾਰ ਦੀ ਵਾਹ-ਵਾਹ ਵੀ ਕਰਨ ਅਤੇ ਅਸੀਂ ਇਸ ਸਦਨ ਵਿੱਚ ਸਾਲ ਬਾਅਦ ਜਦੋਂ ਇਨ੍ਹਾਂ ਵਿਸ਼ਿਆਂ ਉਤੇ ਚਰਚਾ ਹੋਵੇ ਤਾਂ ਮੰਤਰੀ ਸਾਹਿਬ ਦਾ ਫਿਰ ਦੁਬਾਰਾ ਧੰਨਵਾਦ ਕਰੀਏ ਕਿ ਤੁਸੀਂ ਪੰਜਾਬ ਦੇ ਅੰਦਰ ਬਹੁਤ ਚੰਗਾ ਉਪਰਾਲਾ ਕੀਤਾ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਇਹ ਸਦਨ ਰਾਜ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਰਾਜ ਵਿੱਚ ਦਵਾਈਆਂ ਦੀ ਵਿਕਰੀ ਅਸਮਾਨੀ ਦਰਾਂ ਤੇ ਫਿਕਸ ਕੀਤੇ ਐਮ.ਆਰ.ਪੀ. ਤੇ ਵੇਚਣ ਕਾਰਨ ਲੋਕਾਂ ਨਾਲ ਹੋ ਰਹੀ ਲੁੱਟ ਨੂੰ ਰੋਕਣ ਲਈ ਮਾਮਲਾ ਕੇਂਦਰ ਸਰਕਾਰ ਨਾਲ ਉਠਾਇਆ ਜਾਵੇ।

**ਮਾਣਯੋਗ ਸਪੀਕਰ:** ਮੇਰਾ ਖਿਆਲ ਹੈ ਕਿ ਸਰਬਸੰਮਤੀ ਹੀ ਹੋਵੇਗੀ?

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** **(ਥੰਪਿੰਗ)**

----------

## ANNOUNCEMENT BY THE SPEAKER PERTAINING TO THE WORKSHOP TO BE CONDUCTED FOR THE M.L.As. IN REGARD TO THE BUDGET

**ਮਾਣਯੋਗ ਸਪੀਕਰ:** ਧੰਨਵਾਦ । ਇਹ ਬਜਟ ਸੈਸ਼ਨ ਹੈ ਔਰ ਬਜਟ ਇੱਕ

[ਮਾਣਯੋਗ ਸਪੀਕਰ]

ਬਹੁਤ ਹੀ ਇੰਪਾਰਟੈਂਟ ਡਾਕੂਮੈਂਟ ਹੁੰਦਾ ਹੈ, ਉਸ ਦੀ nitty-gritties ਨੂੰ ਸਮਝਣ ਵਾਸਤੇ, ਉਸ ਦੇ ਜਿਹੜੇ ਤਕਨੀਕੀ ਪਹਿਲੂ ਹਨ, ਉਨ੍ਹਾਂ ਨੂੰ ਸਮਝਣ ਵਾਸਤੇ ਕੱਲ੍ਹ 2.00 ਵਜੇ ਬਾਅਦ ਦੁਪਹਿਰ ਤੋਂ ਲੈ ਕੇ 5.00 ਵਜੇ ਤੱਕ ਐਮ.ਐਲ.ਏ.ਸਾਹਿਬ ਵਾਸਤੇ ਇੱਕ ਵਰਕਸ਼ਾਪ ਦਾ ਇੰਤਜ਼ਾਮ ਕੀਤਾ ਗਿਆ ਹੈ। ਸੋ, ਮੇਰੀ ਸਾਰੇ ਮਾਨਯੋਗ ਐਮ.ਐਲ.ਏ. ਸਾਹਿਬਾਨ, ਵਿਧਾਇਕ ਸਾਹਿਬਾਨ ਨੂੰ ਬੇਨਤੀ ਹੈ ਕਿ ਇਸ ਵਰਕਸ਼ਾਪ ਨੂੰ ਜ਼ਰੂਰ ਅਟੈਂਡ ਕਰਨ ਤਾਂ ਕਿ ਬਜਟ ਦੀ ਬਹਿਸ ਵਿੱਚ ਸ਼ਮੂਲੀਅਤ ਕਰਨ ਵਿੱਚ ਮਦਦ ਮਿਲੇ। ਕੱਲ੍ਹ ਵਿਧਾਨ ਸਭਾ ਵਿੱਚ ਹੀ 2.00 ਵਜੇ ਤੋਂ ਲੈ 5.00 ਵਜੇ ਤੱਕ ਇਹ ਵਰਕਸ਼ਾਪ ਹੋਵੇਗੀ। ਹੁਣ ਆਪਾਂ ਅੱਗੇ ਚਲਦੇ ਹਾਂ।

ਹੁਣ ਸਦਨ, ਸ਼ੁੱਕਰਵਾਰ, ਮਿਤੀ 10 ਮਾਰਚ, 2023 ਦੇ 10.00 ਵਜੇ ਸਵੇਰੇ ਤੱਕ ਸਥਗਿਤ ਹੁੰਦਾ ਹੈ।

*2.53 ਵਜੇ ਬਾਅਦ ਦੁਪਹਿਰ)

(*ਇਸ ਉਪਰੰਤ ਸਦਨ ਸ਼ੁੱਕਰਵਾਰ, ਮਿਤੀ 10 ਮਾਰਚ, 2023 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।)

-------

**Annexure-1**

**PUNJAB VIDHAN SABHA**
**Bulletin No. 4**
**Thursday, the 9th March, 2023**
**(From 10.00 P.M. to 02.53 P.M.)**

1. Questions

**(a) Starred Questions:**

| Total no. of questions on the order paper | Answered | Not put | Postponed | Answered under Rule 38 | No. of Supple-mentaries |
|---|---|---|---|---|---|
| 20 | 17 | - | - | 3 | 20 |

**(b) Unstarred Questions : 20**

**2. Consent of the House in regard to include the Supplementary Demands in Today's List of Business**

The Hon'ble Speaker sought the consent of the House to include Supplementary Demands for Grants for Expenditure of the Government of Punjab for the year 2022-23 in today's List of Business.

**3. Walk -Out**

Members of the Indian National Congress Party present in the House staged a walk-out from the House as a mark of protest for not granting more time to speak during the Zero Hour.

4. **Ruling by the Hon'ble Speaker**

The Hon'ble Speaker gave the ruling as under :

The Committees of the Vidhan Sabha are very important for our democracy. There should be maximum attendance in these Committees, complete work should be done. Those Members who have full attendance, will be honoured in the next Session and those Members who have less attendance will be requested by

name for having full attendance in the Committees. Executive can be made accountable only through the Committees.

**5. Calling Attention Notices**

1. Shri Dinesh Kumar Chadha, M.L.A drew the attention of the Transport Minister towards the permission being denied to the truckers from Punjab to carry goods from Himachal Pradesh to Punjab.

(No. 21)

The Transport Minister gave a reply.

2. Shrimati Sarvjit Kaur Manuke, M.L.A drew the attention of the Transport Minister towards the barring of the advertisement of tobacco and other narcotic harmful substances on the Public Transport.

(No. 29)

The Transport Minister gave a reply.

3. Sardar Tripat Rajinder Singh Bajwa, M.L.A and Sardar Balwinder Singh Dhaliwal, M.L.A. drew the attention of the Health and Family Welfare Minister towards non-receipt of cancer relief funds by cancer patient in the State.

(No. 38)

The Health and Family Welfare Minister gave a reply.

6. Financial Business

I. The Finance Minister presented the Supplementary Demands for Grants for the Expenditure of the Government of Punjab for the year 2022-23.

II. The Chairman of the Committee on Estimates, Sardar Harmit Singh Pathanmajra presented the Report of the Committee on Estimates on the Supplementary

Demands for Grants for the Expenditure of the Government of Punjab for the year 2022-23.

III. Supplementary Demands for Grants for Expenditure of the Government of Punjab for the year 2022-23.

1) Discussion on the Estimates of the Expenditure Charged on revenue of the State.

2) Voting on the Demands for Supplementary Grants.

Supplementary Demands No. 1 to 3, 5, 7 to 9, 11 to 13, 15, 16, 17, 18, 20, 22 to 27, 28, 29 to 33, 35 to 37, 38, 39 to 42 for Grants for Expenditure of the Government of Punjab for the year 2022-23 as listed in the List of Business were put to the vote of the House collectively and carried.

**IV The Punjab Appropriation (No.2) Bill, 2023**

The Finance Minister introduced the Punjab Appropriation (No.2) Bill, 2023 and also moved that the Bill be taken into consideration at once.

The Motion was put to the vote of the House and carried.

During clause-wise consideration of the Bill, clauses 2 to 4 collectively, schedule, clause 1 and Title were put to the vote of the House and carried.

The Motion moved by the Finance Minister that "The Punjab Appropriation (No.2) Bill, 2023 be passed" was put to the vote of the House and carried.

7. **Presentation of Reports**

1. The Chairman of the Committee on Public Accounts (Sardar Sukhbinder Singh Sarkaria) presented the following Reports:-

i. 213th Report of the Committee on Public Accounts on the Appropriation Accounts of the Government of Punjab for the year 2017-18 and the Report of the Comptroller and Auditor General of India for the year 2017-18 (Civil) related to the Department of Labour.

ii. 214th Report of the Committee on Public Accounts on the Appropriation Accounts of the Government of Punjab for the year 2014-15 and Report of the Comptroller and Auditor General of India for the year 2014-15 (Revenue Receipts) relating to the Department of Revenue, Rehabilitation and Disaster Management.

2. The Chairman of the Committee on Public Undertakings (Shri Budh Ram) presented the 120th Report of the Committee on Public Undertakings on the Audit Para's appearing in the Report of the Comptroller and Auditor General of India on Public Sector Undertakings (Social, General and Economic Sectors) for the year 2017-18 relating to the Punjab State Bus Stand Management Company Limited (PUNBUS).

**8. Resolution**

1) Doctor Charanjit Singh, M.L.A moved the following Non-Official Resolution in the House which was carried unanimously :-

"This House recommends to the State Government to take up the matter with the Central Government to stop the looting of the people due to sale of medicines in the State on M.R.P. fixed at exorbitant rates."

While moving the Resolution Doctor Charanjit Singh, M.L.A. spoke for 07 minutes.

The following Members took part in the discussion on

the Resolution and spoke for the time as mentioned against their names:-

| | | |
|---|---|---|
| 1. | Shri Budh Ram, Aam Aadmi Party | 03 minutes |
| 2. | Shri Dinesh Kumar Chadha, Aam Aadmi Party | 02 minutes |
| 3. | Sardar Sukhpal Singh Khaira, Indian National Congress | 06 minutes |
| 4. | Sardar Kulwant Singh Sidhu, Aam Aadmi Party | 03 minutes |
| 5. | Doctor Sukhwinder Kumar Sukhi, Shiromani Akali Dal | 13 minutes |
| 6. | Doctor Raj Kumar, Indian National Congress | 10 minutes |
| 7. | Shri Raman Arora , Aam Aadmi Party | 01 minute |
| 8. | Doctor Vijay Singla, Aam Aadmi Party | 04 minutes |
| 9. | Doctor Ajay Gupta, Aam Aadmi Party | 08 minutes |
| 10. | Doctor Nachhatar Pal, Bahujan Samaj Party | 06 minutes |
| 11. | Shrimati Neena Mittal, Aam Aadmi Party | 03 minutes |
| 12. | Doctor Jasbir Singh Sandhu, Aam Aadmi Party | 02 minutes |
| 13. | Shri Sandeep Jakhar, Indian National Congress | 03 minutes |
| 14. | Shri Gurmeet Singh Meet Hayer, Governance Reforms Minister | 06 minutes |
| 15. | Shrimati Inderjit Kaur Mann, Aam Aadmi Party | 03 minutes |

| | | |
|---|---|---|
| 16. | Sardar Jagroop Singh Gill,<br>Aam Aadmi Party | 02 minutes |
| 17. | Sardar Gurdit Singh Sekhon,<br>Aam Aadmi Party | 03 minutes |
| 18. | Shri Laljit Singh Bhullar,<br>Transport Minister | 03 minutes |
| 19. | Sardar Harbhajan Singh,<br>Power Minister | 03 minutes |
| 20. | Shri Rajneesh Kumar Dahiya,<br>Aam Aadmi Party | 06 minutes |
| 21. | Shri Avtar Singh Junior,<br>Indian National Congress | 06 minutes |
| 22. | Sardar Kuljit Singh Randhawa,<br>Aam Aadmi Party | 03 minutes |
| 23. | Sardar Barindermeet Singh Pahra,<br>Indian National Congress | 05 minutes |
| 24. | Shri Gurlal Ghanaur, Aam Aadmi Party | 02 minutes |

The Health and Family Welfare Minister, by way of reply to the discussion spoke for 24 minutes.

9. **Announcement by the Hon'ble Speaker pertaining to the Workshop to be conducted for the M.L.As in regard to the Budget**

The Hon'ble Speaker made an announcement as under-

This is the budget session, and the budget is a very important document, to understand its nitty-gritties, to understand its technical aspects, a workshop has been arranged tomorrow from 2.00 P.M to 5.00 P.M for the M.L.As. So, all the Hon'ble M.L.As, Legislators are requested to do attend this workshop so that we can

get quite a good help in the discussion that will be held on the Budget. This workshop will be conducted tomorrow from 2.00 P.M to 5.00 P.M in the Vidhan Sabha itself .

The Hon'ble Deputy Speaker occupied the Chair of the House from 12.31 P.M to 02.07 P.M.

The House, then adjourned till 10.00 A.M. on Friday, the 10th March, 2023.

## ਬੁਲੇਟਿਨ ਨੰ: 4
## ਵੀਰਵਾਰ, 09 ਮਾਰਚ, 2023
## (10.00 ਵਜੇ ਸਵੇਰ ਤੋਂ 02.53 ਬਾਅਦ ਦੁਪਹਿਰ ਤੱਕ)

**1. ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ:**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 17 | - | - | 3 | 20 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 20**

**2. ਅੱਜ ਦੀ ਕਾਰਜ-ਸੂਚੀ ਵਿਚ ਅਨੁਪੂਰਕ ਮੰਗਾਂ ਨੂੰ ਸ਼ਾਮਿਲ ਕਰਨ ਸਬੰਧੀ ਸਦਨ ਦੀ ਸਹਿਮਤੀ**

ਮਾਨਯੋਗ ਸਪੀਕਰ ਦੁਆਰਾ ਅੱਜ ਦੀ ਕਾਰਜ ਸੂਚੀ ਵਿਚ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਨੂੰ ਸ਼ਾਮਿਲ ਕਰਨ ਸਬੰਧੀ ਸਦਨ ਦੀ ਸਹਿਮਤੀ ਲਈ ਗਈ।

**3. ਵਾਕ-ਆਊਟ**

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ, ਜ਼ੀਰੋ ਆਵਰ ਦੌਰਾਨ ਹੋਰ ਬੋਲਣ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕ-ਆਊਟ ਕਰ ਗਏ।

**4. ਮਾਣਯੋਗ ਸਪੀਕਰ ਦੁਆਰਾ ਰੂਲਿੰਗ**

ਮਾਨਯੋਗ ਸਪੀਕਰ ਦੁਆਰਾ ਹੇਠ ਲਿਖੇ ਅਨੁਸਾਰ ਰੂਲਿੰਗ ਦਿੱਤੀ ਗਈ :

ਵਿਧਾਨ ਸਭਾ ਦੀਆਂ ਕਮੇਟੀਆਂ ਸਾਡੀ ਡੈਮੋਕ੍ਰੇਸੀ ਲਈ ਬਹੁਤ ਇੰਪਾਰਟੈਂਟ ਹਨ। ਇਨ੍ਹਾਂ ਕਮੇਟੀਆਂ ਵਿੱਚ ਵੱਧ ਤੋਂ ਵੱਧ ਹਾਜ਼ਰੀ ਰਹੇ, ਪੂਰਾ

ਕੰਮ-ਕਾਰ ਹੋਵੇ। ਅਗਲੇ ਸੈਸ਼ਨ ਵਿੱਚ ਜਿਨ੍ਹਾਂ ਮੈਂਬਰਾਂ ਦੀ ਹਾਜ਼ਰੀ ਪੂਰੀ ਹੋਵੇਗੀ, ਉਨ੍ਹਾਂ ਦਾ ਮਾਣ ਸਨਮਾਨ ਕੀਤਾ ਜਾਵੇਗਾ ਅਤੇ ਜਿਨ੍ਹਾਂ ਦੀ ਹਾਜ਼ਰੀ ਘੱਟ ਹੋਵੇਗੀ ਉਨ੍ਹਾਂ ਦਾ ਨਾਂ ਲੈ ਕੇ ਬੇਨਤੀ ਕੀਤੀ ਜਾਵੇਗੀ ਕਿ ਕਮੇਟੀਆਂ ਵਿੱਚ ਹਾਜ਼ਰੀ ਪੂਰੀ ਰੱਖਿਆ ਕਰਨ। ਕਮੇਟੀਆਂ ਰਾਹੀਂ ਹੀ Executive ਨੂੰ ਜਵਾਬਦੇਹ ਰੱਖਿਆ ਜਾ ਸਕਦਾ ਹੈ।

## 5. ਧਿਆਨ ਦਿਵਾਊ ਨੋਟਿਸ

1. ਸ਼੍ਰੀ ਦਿਨੇਸ਼ ਕੁਮਾਰ ਚੱਢਾ, ਐਮ.ਐਲ.ਏ ਵੱਲੋਂ ਟਰਾਂਸਪੋਰਟ ਮੰਤਰੀ ਦਾ ਧਿਆਨ ਪੰਜਾਬ ਦੇ ਟਰੱਕ ਵਾਲਿਆਂ ਨੂੰ ਹਿਮਾਚਲ ਪ੍ਰਦੇਸ਼ ਤੋਂ ਪੰਜਾਬ ਮਾਲ ਲੈ ਕੇ ਜਾਣ ਦੀ ਆਗਿਆ ਨਾ ਦਿੱਤੇ ਜਾਣ ਵੱਲ ਦਿਵਾਇਆ ਗਿਆ।

(ਨੰ :21)

ਟਰਾਂਸਪੋਰਟ ਮੰਤਰੀ ਨੇ ਜਵਾਬ ਦਿੱਤਾ।

2. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ ਵੱਲੋਂ ਟਰਾਂਸਪੋਰਟ ਮੰਤਰੀ ਦਾ ਧਿਆਨ ਪਬਲਿਕ ਟ੍ਰਾਂਸਪੋਰਟ ਤੇ ਤੰਬਾਕੂ ਅਤੇ ਹੋਰ ਨਸ਼ੀਲੇ ਨੁਕਸਾਨਦਾਇਕ ਪਦਾਰਥਾਂ ਦੇ ਪ੍ਰਚਾਰ ਨੂੰ ਰੋਕਣ ਵੱਲ ਦਿਵਾਇਆ ਗਿਆ।

(ਨੰ: 29)

ਟਰਾਂਸਪੋਰਟ ਮੰਤਰੀ ਨੇ ਜਵਾਬ ਦਿੱਤਾ।

3. ਸਰਦਾਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਐਮ.ਐਲ.ਏ ਅਤੇ ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਐਮ.ਐਲ.ਏ ਵੱਲੋਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦਾ ਧਿਆਨ ਰਾਜ ਵਿੱਚ ਕੈਂਸਰ ਦੇ ਮਰੀਜ਼ ਨੂੰ ਕੈਂਸਰ ਰਾਹਤ ਫੰਡ ਨਾ ਪ੍ਰਾਪਤ ਹੋਣ ਵੱਲ ਦਿਵਾਇਆ ਗਿਆ।

(ਨੰ :38)

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਜਵਾਬ ਦਿੱਤਾ।

## 6. ਵਿੱਤੀ ਕੰਮ-ਕਾਰ

I. ਵਿੱਤ ਮੰਤਰੀ ਨੇ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਪੇਸ਼ ਕੀਤੀਆਂ।

II. ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਸਭਾਪਤੀ, ਅਨੁਮਾਨ ਕਮੇਟੀ ਨੇ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚੇ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕੀਤੀ।

III. ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ।

1) ਰਾਜ ਦੇ ਮਾਲੀਏ ਤੇ ਭਾਰਿਤ ਖਰਚੇ ਦੇ ਅਨੁਮਾਨਾਂ ਤੇ ਬਹਿਸ।

2) ਅਨੁਪੂਰਕ ਗ੍ਰਾਂਟਾਂ ਲਈ ਮੰਗਾਂ ਤੇ ਵੋਟਿੰਗ।

ਕਾਰਜ ਸੂਚੀ ਵਿਚ ਦਰਜ ਸਾਲ 2022-23 ਲਈ ਪੰਜਾਬ ਸਰਕਾਰ ਦੇ ਖਰਚਿਆਂ ਲਈ ਗ੍ਰਾਂਟਾਂ ਲਈ ਅਨੁਪੂਰਕ ਮੰਗਾਂ ਨੰ: 1 ਤੋਂ 3, 5, 7 ਤੋਂ 9, 11 ਤੋਂ 13, 15, 16, 17, 18, 20, 22 ਤੋਂ 27, 28, 29 ਤੋਂ 33, 35 ਤੋਂ 37, 38, 39 ਤੋਂ 42 ਇੱਕਠੀਆਂ ਹੀ ਸਦਨ ਦੀ ਵੋਟ ਲਈ ਰੱਖੀਆਂ ਗਈਆਂ ਅਤੇ ਪ੍ਰਵਾਨ ਹੋਈਆਂ।

IV. ਪੰਜਾਬ ਨਮਿੱਤਣ (ਨੰ:2) ਬਿਲ, 2023

ਵਿੱਤ ਮੰਤਰੀ ਨੇ ਪੰਜਾਬ ਨਮਿੱਤਣ (ਨੰ:2) ਬਿਲ, 2023 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ਾਂ 2 ਤੋਂ 4 ਇਕੱਠੀਆਂ, ਸ਼ਡਿਊਲ, ਕਲਾਜ਼ 1 ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ ਪੰਜਾਬ ਨਮਿੱਤਣ (ਨੰ: 2) ਬਿਲ, 2023 ਪਾਸ ਕੀਤਾ ਜਾਵੇ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

## 7. ਰਿਪੋਰਟਾਂ ਪੇਸ਼ ਕਰਨਾ

1. ਲੋਕ ਲੇਖਾ ਸਬੰਧੀ ਕਮੇਟੀ ਦੇ ਸਭਾਪਤੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ) ਨੇ ਹੇਠ ਲਿਖੀਆਂ ਰਿਪੋਰਟਾਂ ਪੇਸ਼ ਕੀਤੀਆਂ:-

   i. ਸਾਲ 2017-18 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 213ਵੀਂ ਰਿਪੋਰਟ ਅਤੇ ਸਾਲ 2017-18 ਲਈ ਕਿਰਤ ਵਿਭਾਗ ਨਾਲ ਸਬੰਧਤ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਸਿਵਲ)

   ii. ਸਾਲ 2014-15 ਲਈ ਪੰਜਾਬ ਸਰਕਾਰ ਦੇ ਨਮਿੱਤਣ ਲੇਖਿਆਂ ਤੇ ਲੋਕ ਲੇਖਾ ਕਮੇਟੀ ਦੀ 214ਵੀਂ ਰਿਪਰੋਟ ਅਤੇ ਸਾਲ 2014-15 ਲਈ ਮਾਲ, ਮੁੜ ਵਸੇਬਾ ਅਤੇ ਆਫ਼ਤਾਂ ਪ੍ਰਬੰਧਨ ਵਿਭਾਗ ਨਾਲ ਸੰਬਧਤ ਭਾਰਤ ਦੇ ਕੰਪਟਰੋਲਰ ਅਤੇ ਆਡਿਟਰ ਜਨਰਲ ਦੀ ਰਿਪੋਰਟ (ਮਾਲੀਆ ਪ੍ਰਾਪਤੀਆਂ)

2. ਸਰਕਾਰੀ ਕਾਰੋਬਾਰ ਸਬੰਧੀ ਕਮੇਟੀ ਦੇ ਸਭਾਪਤੀ (ਸ਼੍ਰੀ ਬੁੱਧ ਰਾਮ) ਨੇ ਪੰਜਾਬ ਰਾਜ ਬੱਸ ਮੈਂਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਨਾਲ ਸਬੰਧਤ ਸਾਲ 2017-18 ਲਈ ਸਾਰਵਜਨਿਕ ਖੇਤਰ ਦੇ ਅਦਾਰੇ (ਸਮਾਜਿਕ, ਆਮ ਅਤੇ ਆਰਥਿਕ ਖੇਤਰ) ਤੇ ਭਾਰਤ ਦੇ ਕੰਪਟ੍ਰੋਲਰ ਅਤੇ ਆਡਿਟਰ ਜਨਰਲ ਦੀ ਰਿਪੋਰਟ ਵਿੱਚ ਦਰਜ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ 120ਵੀਂ ਰਿਪੋਰਟ ਪੇਸ਼ ਕੀਤੀ।

## 8. ਮਤਾ

1) ਡਾਕਟਰ ਚਰਨਜੀਤ ਸਿੰਘ, ਐਮ.ਐਲ.ਏ. ਨੇ ਹੇਠ ਲਿਖਿਆ ਗੈਰ-ਸਰਕਾਰੀ ਮਤਾ ਸਦਨ ਵਿਚ ਪੇਸ਼ ਕੀਤਾ ਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ:-

   "ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਰਾਜ ਵਿੱਚ ਦਵਾਈਆਂ ਦੀ ਵਿਕਰੀ ਅਸਮਾਨੀ ਦਰਾਂ ਤੇ ਫਿਕਸ ਕੀਤੇ ਐਮ.ਆਰ.ਪੀ. ਤੇ ਵੇਚਣ ਕਾਰਨ ਲੋਕਾਂ ਨਾਲ ਹੋ ਰਹੀ ਲੁੱਟ ਨੂੰ ਰੋਕਣ ਲਈ ਮਾਮਲਾ ਕੇਂਦਰ ਸਰਕਾਰ ਨਾਲ ਉਠਾਇਆ ਜਾਵੇ।"

ਮਤਾ ਪੇਸ਼ ਕਰਦੇ ਹੋਏ ਡਾਕਟਰ ਚਰਨਜੀਤ ਸਿੰਘ, ਐਮ.ਐਲ.ਏ 07 ਮਿੰਟ ਲਈ ਬੋਲੇ।

ਮਤੇ ਤੇ ਹੋਈ ਬਹਿਸ ਤੇ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

| | | |
|---|---|---|
| 1. | ਸ਼੍ਰੀ ਬੁੱਧ ਰਾਮ, ਆਮ ਆਦਮੀ ਪਾਰਟੀ | 03 ਮਿੰਟ |
| 2. | ਸ਼੍ਰੀ ਦਿਨੇਸ਼ ਕੁਮਾਰ ਚੱਢਾ, ਆਮ ਆਦਮੀ ਪਾਰਟੀ | 02 ਮਿੰਟ |
| 3. | ਸ. ਸੁਖਪਾਲ ਸਿੰਘ ਖਹਿਰਾ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 4. | ਸ. ਕੁਲਵੰਤ ਸਿੰਘ ਸਿੱਧੂ, ਆਮ ਆਦਮੀ ਪਾਰਟੀ | 03 ਮਿੰਟ |
| 5. | ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ | 13 ਮਿੰਟ |
| 6. | ਡਾ. ਰਾਜ ਕੁਮਾਰ, ਇੰਡੀਅਨ ਨੈਸ਼ਨਲ ਕਾਂਗਰਸ | 10 ਮਿੰਟ |
| 7. | ਸ਼੍ਰੀ ਰਮਨ ਅਰੋੜਾ, ਆਮ ਆਦਮੀ ਪਾਰਟੀ | 01 ਮਿੰਟ |
| 8. | ਡਾ. ਵਿਜੈ ਸਿੰਗਲਾ, ਆਮ ਆਦਮੀ ਪਾਰਟੀ | 04 ਮਿੰਟ |
| 9. | ਡਾ. ਅਜੈ ਗੁਪਤਾ, ਆਮ ਆਦਮੀ ਪਾਰਟੀ | 08 ਮਿੰਟ |
| 10. | ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 06 ਮਿੰਟ |
| 11. | ਸ਼੍ਰੀਮਤੀ ਨੀਨਾ ਮਿੱਤਲ, ਆਮ ਆਦਮੀ ਪਾਰਟੀ | 03 ਮਿੰਟ |
| 12. | ਡਾ. ਜਸਬੀਰ ਸਿੰਘ ਸੰਧੂ, ਆਮ ਆਦਮੀ ਪਾਰਟੀ | 02 ਮਿੰਟ |
| 13. | ਸ਼੍ਰੀ ਸੰਦੀਪ ਜਾਖੜ, ਇੰਡੀਅਨ ਨੈਸ਼ਨਲ ਕਾਂਗਰਸ | 03 ਮਿੰਟ |
| 14. | ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ, ਪ੍ਰਸ਼ਾਸਕੀ ਸੁਧਾਰ ਮੰਤਰੀ | 06 ਮਿੰਟ |
| 15. | ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ | 03 ਮਿੰਟ |

| | | |
|---|---|---|
| 16. | ਸ. ਜਗਰੂਪ ਸਿੰਘ ਗਿੱਲ, ਆਮ ਆਦਮੀ ਪਾਰਟੀ | 02 ਮਿੰਟ |
| 17. | ਸ. ਗੁਰਦਿੱਤ ਸਿੰਘ ਸੇਖੋਂ, ਆਮ ਆਦਮੀ ਪਾਰਟੀ | 03 ਮਿੰਟ |
| 18. | ਸ਼੍ਰੀ ਲਾਲਜੀਤ ਸਿੰਘ ਭੁੱਲਰ, ਟਰਾਂਸਪੋਰਟ ਮੰਤਰੀ | 03 ਮਿੰਟ |
| 19. | ਸ. ਹਰਭਜਨ ਸਿੰਘ, ਊਰਜਾ ਮੰਤਰੀ | 03 ਮਿੰਟ |
| 20. | ਸ਼੍ਰੀ ਰਜਨੀਸ਼ ਕੁਮਾਰ ਦਹੀਯਾ, ਆਮ ਆਦਮੀ ਪਾਰਟੀ | 06 ਮਿੰਟ |
| 21. | ਸ਼੍ਰੀ ਅਵਤਾਰ ਸਿੰਘ ਜੂਨੀਅਰ, ਇੰਡੀਅਨ ਨੈਸ਼ਨਲ ਕਾਂਗਰਸ | 06 ਮਿੰਟ |
| 22. | ਸ. ਕੁਲਜੀਤ ਸਿੰਘ ਰੰਧਾਵਾ, ਆਮ ਆਦਮੀ ਪਾਰਟੀ | 03 ਮਿੰਟ |
| 23. | ਸ. ਬਰਿੰਦਰਮੀਤ ਸਿੰਘ ਪਾਹੜਾ, ਇੰਡੀਅਨ ਨੈਸ਼ਨਲ ਕਾਂਗਰਸ | 05 ਮਿੰਟ |
| 24. | ਸ਼੍ਰੀ ਗੁਰਲਾਲ ਘਨੌਰ, ਆਮ ਆਦਮੀ ਪਾਰਟੀ | 02 ਮਿੰਟ |

ਬਹਿਸ ਦਾ ਜਵਾਬ ਦਿੰਦੇ ਹੋਏ ਸਿਹਤ ਤੇ ਪਰਿਵਾਰ ਭਲਾਈ ਮੰਤਰੀ 24 ਮਿੰਟ ਲਈ ਬੋਲੇ।

## 9. ਮਾਣਯੋਗ ਸਪੀਕਰ ਵੱਲੋਂ ਐਮ.ਐਲ.ਏਜ਼ ਲਈ ਬਜਟ ਸਬੰਧੀ ਕਰਵਾਈ ਜਾਣ ਵਾਲੀ ਵਰਕਸ਼ਾਪ ਸਬੰਧੀ ਐਲਾਨ

ਮਾਨਯੋਗ ਸਪੀਕਰ ਵੱਲੋਂ ਹੇਠ ਲਿਖੇ ਅਨੁਸਾਰ ਐਲਾਨ ਕੀਤਾ ਗਿਆ –

ਇਹ ਬਜਟ ਸੈਸ਼ਨ ਹੈ, ਔਰ ਬਜਟ ਇੱਕ ਬਹੁਤ ਹੀ ਇੰਪਾਰਟੈਂਟ ਡਾਕੂਮੈਂਟ ਹੁੰਦਾ ਹੈ, ਉਸ ਦੀ nitty-gritties ਨੂੰ ਸਮਝਣ ਵਾਸਤੇ, ਉਸੇ ਦੇ ਜਿਹੜੇ ਤਕਨੀਕੀ ਪਹਿਲੂ ਹਨ, ਉਨ੍ਹਾਂ ਨੂੰ ਸਮਝਣ ਵਾਸਤੇ ਕੱਲ੍ਹ 2.00 ਵਜੇ ਬਾਅਦ ਦੁਪਹਿਰ ਤੋਂ ਲੈ ਕੇ 5.00 ਵਜੇ ਤੱਕ ਐਮ.ਐਲ.ਏ ਸਾਹਿਬ ਵਾਸਤੇ ਇੱਕ ਵਰਕਸ਼ਾਪ ਦਾ ਇੰਤਜ਼ਾਮ ਕੀਤਾ ਗਿਆ ਹੈ। ਸੋ, ਮੇਰੀ ਸਾਰੇ ਮਾਨਯੋਗ ਐਮ.ਐਲ.ਏ ਸਾਹਿਬਾਨ, ਵਿਧਾਇਕ ਸਾਹਿਬਾਨ ਨੂੰ ਬੇਨਤੀ ਹੈ ਕਿ ਇਸ

ਵਰਕਸ਼ਾਪ ਨੂੰ ਜ਼ਰੂਰ ਅਟੈਂਡ ਕਰਨ ਤਾਂ ਕਿ ਬਜਟ ਦੇ ਉਪਰ ਜਿਹੜੀ ਬਹਿਸ ਹੋਵੇਗੀ, ਉਸ ਦੇ ਵਿੱਚ ਆਪਾਂ ਨੂੰ ਬਹਿਸ ਕਰਨ ਵਿੱਚ ਕਾਫ਼ੀ ਮਦਦ ਮਿਲੇਗੀ। ਕੱਲ੍ਹ ਵਿਧਾਨ ਸਭਾ ਦੇ ਵਿੱਚ ਹੀ 02.00 ਵਜੇ ਤੋਂ ਲੈ ਕੇ 5.00 ਵਜੇ ਤੱਕ ਇਹ ਵਰਕਸ਼ਾਪ ਹੋਵੇਗੀ।

ਮਾਨਯੋਗ ਡਿਪਟੀ ਸਪੀਕਰ ਨੇ 12:31 ਵਜੇ ਬਾਅਦ ਦੁਪਹਿਰ ਤੋਂ 02.07 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ, ਸਦਨ ਸ਼ੁੱਕਰਵਾਰ ਮਿਤੀ 10 ਮਾਰਚ, 2023 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

---------

# Annexure-II

## ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ

| ਕ੍ਰਮ ਨੰਬਰ | ਨਿਸ਼ਾਨ ਵਾਲਾ ਪ੍ਰਸ਼ਨ ਨੰਬਰ | ਮੈਂਬਰ ਦਾ ਨਾਮ | ਸਬੰਧਿਤ ਮੰਤਰੀ | ਵਿਸ਼ਾ |
|---|---|---|---|---|
| 1. | 694 | ਸ਼੍ਰੀ ਅਵਤਾਰ ਸਿੰਘ ਜੂਨੀਅਰ | ਜੰਗਲਾਤ ਮੰਤਰੀ | ਰਾਜ ਵਿੱਚ 2022 ਅਤੇ 2023 ਹੁਣ ਤੱਕ ਲਗਾਏ ਗਏ ਰੁੱਖਾਂ ਦੇ ਵੇਰਵੇ |
| 2. | 612 | ਸ਼੍ਰੀ ਨਰਿੰਦਰਪਾਲ ਸਿੰਘ ਸਵਨਾ | ਜਲ ਸਰੋਤ ਮੰਤਰੀ | ਨਹਿਰੀ ਵਿਭਾਗ ਦੇ ਅਧਿਕਾਰੀਆਂ ਦੀ ਤਾਇਨਾਤੀ ਫਾਜ਼ਿਲਕਾ ਵਿਖੇ ਕਰਨਾ |
| 3. | 590 | ਡਾ. ਚਰਨਜੀਤ ਸਿੰਘ | ਖੇਤੀਬਾੜੀ ਮੰਤਰੀ | ਬੰਦ ਪਏ ਬੇਲਾ-ਪਨਿਆਲੀ ਲਿੰਕ ਸੜਕ ਦਾ ਕੰਮ ਦੁਬਾਰਾ ਸ਼ੁਰੂ ਕਰਨਾ |
| 4. | 597 | ਸ਼੍ਰੀ ਬੁੱਧ ਰਾਮ | ਟਰਾਂਸਪੋਰਟ ਮੰਤਰੀ | ਕੈਂਸਰ ਦੇ ਮਰੀਜਾਂ ਅਤੇ ਆਸ਼ਰਿਤਾਂ ਲਈ ਬੱਸ ਕਿਰਾਏ ਵਿੱਚ ਛੂਟ ਦੇਣਾ |
| 5. | 665 | ਸ਼੍ਰੀ ਜਗਦੀਪ ਕੰਬੋਜ ਗੋਲਡੀ | ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ | ਹਲਕਾ ਜਲਾਲਾਬਾਦ (ਪ) ਦੇ ਬਲਾਕ ਅਰਨੀਵਾਲਾ ਦਾ ਵਾਟਰ ਵਰਕਸ ਚਾਲੂ ਕਰਨਾ |
| 6. | 628 | ਸ਼੍ਰੀ ਬਰਿੰਦਰ ਕੁਮਾਰ ਗੋਇਲ | ਉਚੇਰੀ ਸਿੱਖਿਆ ਮੰਤਰੀ | ਬਾਬਾ ਹੀਰਾ ਸਿੰਘ ਭੱਠਲ ਕਾਲਜ ਨੂੰ ਮੁੜ ਚਲਾਉਣਾ |
| 7. | 713 | ਡਾ. ਵਿਜੈ ਸਿੰਗਲਾ | ਸਥਾਨਕ ਸਰਕਾਰ ਮੰਤਰੀ | TSPCL ਨੂੰ ਦਿੱਤੇ ਜਾਂਦੇ ਪਾਣੀ ਨੂੰ ਸਿੰਚਾਈ ਲਈ ਵਰਤੋਂ ਵਿੱਚ ਲਿਆਉਣਾ |

| | | | | |
|---|---|---|---|---|
| 8. | 588 | ਸ਼੍ਰੀਮਤੀ ਰਾਜਿੰਦਰ ਪਾਲ ਕੌਰ | ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | ਲੁਧਿਆਣਾ ਸ਼ਹਿਰ ਵਿੱਚ ਅੱਗ, ਤੇਜਾਬ ਜਾਂ ਰਸਾਇਣ ਨਾਲ ਝੁਲਸੇ ਵਿਅਕਤੀਆਂ ਲਈ ਹਸਪਤਾਲ ਬਣਾਉਣਾ |
| 9. | 487 | ਸ਼੍ਰੀ ਗੁਰਪ੍ਰੀਤ ਬੱਸੀ ਗੋਗੀ | ਮੁੱਖ ਮੰਤਰੀ | ਲੁਧਿਆਣਾ ਦੱਖਣੀ ਬਾਈਪਾਸ ਤੇ ਫੋਕਲ ਪੁਆਇੰਟ ਬਣਾਉਣਾ |
| 10. | 722 | ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ | ਵਿੱਤ ਮੰਤਰੀ | ਪੰਜਾਬ ਦੀ ਇੰਡਸਟਰੀ ਦੇ ਪੁਰਾਣੇ ਵੈਟ ਅਸੈਸਮੈਂਟ ਕੇਸਾਂ ਦੀ ਵਨ ਟਾਈਮ ਸੈਟਲਮੈਂਟ ਤਜਵੀਜ |
| 11. | 673 | ਸ਼੍ਰੀ ਨਰੇਸ਼ ਕਟਾਰੀਆ | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ | ਹਲਕਾ ਜੀਰਾ ਵਿੱਚ ਅਦਾਇਗੀ ਲਈ ਲੰਬਿਤ ਪਏ ਸ਼ਗਨ ਸਕੀਮ ਦੇ ਕੇਸਾਂ ਦੇ ਵੇਰਵੇ |
| 12. | 424 | ਸ਼੍ਰੀ ਦਿਨੇਸ਼ ਚੱਢਾ | ਕਿਰਤ ਮੰਤਰੀ | ਪ੍ਰਾਈਵੇਟ ਡਰਾਈਵਰਾਂ ਤੇ ਵੀ ਕਿਰਤ ਕਾਨੂੰਨ ਲਾਗੂ ਕਰਨਾ |
| 13. | 402 | ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ | ਖੇਡ ਮੰਤਰੀ | ਹਲਕਾ ਜਗਰਾਉਂ ਵਿੱਚ ਖੇਡ ਸਟੇਡੀਅਮ ਬਣਾਉਣਾ |
| 14. | 646 | ਸ. ਅੰਮ੍ਰਿਤਪਾਲ ਸਿੰਘ ਸੁਖਾਨੰਦ | ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ | ਹਲਕਾ ਬਾਘਾਪੁਰਾਣਾ ਦੇ ਪਿੰਡਾਂ ਦੇ ਛੱਪੜਾਂ ਦਾ ਨਵੀਨੀਕਰਨ ਕਰਨਾ |
| 15. | 346 | ਕੁੰਵਰ ਵਿਜੇ ਪ੍ਰਤਾਪ ਸਿੰਘ | ਟਰਾਂਪੋਰਟ ਮੰਤਰੀ | ਬੀ.ਆਰ.ਟੀ.ਐਸ. ਪ੍ਰੋਜੈਕਟ ਦੀ ਮੌਜੂਦਾ ਸਥਿਤੀ ਦੇ ਵੇਰਵੇ |
| 16. | 506 | ਸ਼੍ਰੀਮਤੀ ਗਨੀਵ ਕੌਰ ਮਜੀਠੀਆ | ਸਮਾਜਿਕ ਸੁਰੱਖਿਆ ਮੰਤਰੀ | ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤਾਂ ਨੂੰ ਦਿੱਤੀ ਜਾਂਦੀ ਪੈਨਸ਼ਨ ਵਿੱਚ ਵਾਧਾ ਕਰਨਾ |
| 17. | 718 | ਸ਼੍ਰੀ ਸੁਖਵਿੰਦਰ ਸਿੰਘ ਕੋਟਲੀ | ਉਚੇਰੀ ਸਿੱਖਿਆ ਮੰਤਰੀ | ਆਦਮਪੁਰ ਵਿਖੇ ਸ਼੍ਰੀ ਕਾਂਸ਼ੀ ਰਾਮ ਜੀ ਦੇ ਨਾਮ ਤੇ ਮਨਜ਼ੂਰ ਹੋਏ ਸਰਕਾਰੀ ਡਿਗਰੀ ਕਾਲਜ ਦੀ ਤਾਜ਼ਾ ਸਥਿਤੀ |

| | | | | |
|---|---|---|---|---|
| 18. | 657 | ਸ਼੍ਰੀ ਸੰਦੀਪ ਜਾਖੜ | ਖੇਤੀਬਾੜੀ ਮੰਤਰੀ | ਬੀਜ ਪੈਕਟਾਂ ਅਤੇ ਕੀਟ ਨਾਸ਼ਕਾਂ ਤੇ ਕਿਊ.ਆਰ. ਕੋਡ ਲਗਾਉਣਾ |
| 19. | 707 | ਸ. ਮਨਜੀਤ ਸਿੰਘ ਬਿਲਾਸਪੁਰ | ਪਸ਼ੂ ਪਾਲਣ ਮੰਤਰੀ | ਨਿਹਾਲ ਸਿੰਘ ਵਾਲਾ ਦੇ ਪਿੰਡ ਦੌਧਰ, ਮਾੜੀਕੇ ਅਤੇ ਮਧੇਕੇ ਵਿਖੇ ਪਸ਼ੂ ਹਸਪਤਾਲ ਬਣਾਉਣਾ |
| 20. | 497 | ਡਾ. ਸੁਖਵਿੰਦਰ ਕੁਮਾਰ | ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ | ਕਿੱਕ ਬੋਕਸਿੰਗ ਖੇਡਣ ਵਾਲੇ ਬੱਚਿਆਂ ਨੂੰ ਮੁਫਤ ਸਿਖਲਾਈ ਦੇਣਾ |

-------

# ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ

| ਕ੍ਰਮ ਨੰਬਰ | ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ | ਮੈਂਬਰ ਦਾ ਨਾਮ | ਸਬੰਧਿਤ ਮੰਤਰੀ | ਵਿਸ਼ਾ |
|---|---|---|---|---|
| 1. | 112 | ਸ. ਮਨਜਿੰਦਰ ਸਿੰਘ ਲਾਲਪੁਰਾ | ਟਰਾਂਸਪੋਰਟ ਮੰਤਰੀ | ਤਰਨਤਾਰਨ ਵਿਖੇ ਆਰ.ਟੀ.ਓ. ਦਫਤਰ ਖੋਲ੍ਹਣਾ |
| 2. | 113 | ਸ. ਮਨਜਿੰਦਰ ਸਿੰਘ ਲਾਲਪੁਰਾ | ਲੋਕ ਨਿਰਮਾਣ (ਭ ਤੇ ਮ) ਮੰਤਰੀ | ਹਲਕਾ ਖਡੂਰ ਸਾਹਿਬ ਅਧੀਨ ਆਉਂਦੇ ਰੈਸਟ ਹਾਊਸਾਂ ਦੀ ਤਾਜ਼ਾ ਸਥਿਤੀ |
| 3. | 119 | ਸ਼੍ਰੀ ਬੁੱਧ ਰਾਮ | ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | ਬਰੇਟਾ ਸ਼ਹਿਰ ਦੇ ਸਰਕਾਰੀ ਹਸਪਤਾਲ ਦੀਆਂ ਅਸਾਮੀਆਂ ਦੇ ਵੇਰਵੇ |
| 4. | 139 | ਸ਼੍ਰੀ ਬੁੱਧ ਰਾਮ | ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ | ਜਿਲ੍ਹਾ ਪ੍ਰੀਸ਼ਦਾਂ ਨੂੰ ਆਈ ਪੇਂਡੂ ਵਿਕਾਸ ਦੀ ਗ੍ਰਾਂਟ ਦੀ ਵੰਡ ਸਬੰਧੀ |
| 5. | 142 | 1. ਡਾ. ਸੁਖਵਿੰਦਰ ਕੁਮਾਰ<br>2. ਡਾ. ਨਛੱਤਰ ਪਾਲ | ਜਲ ਸਰੋਤ ਮੰਤਰੀ | ਜ਼ਮੀਨ ਹੇਠਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ ਤੇ ਕਾਰਵਾਈ |
| 6. | 143 | ਡਾ. ਸੁਖਵਿੰਦਰ ਕੁਮਾਰ | ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ | ਖਿਡਾਰੀਆਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ ਵਿੱਚ ਵਾਧਾ ਕਰਨਾ |
| 7. | 156 | ਡਾ. ਸੁਖਵਿੰਦਰ ਕੁਮਾਰ | ਲੋਕ ਨਿਰਮਾਣ (ਭ ਤੇ ਮ) ਮੰਤਰੀ | ਲੋਕ ਨਿਰਮਾਣ ਵਿਭਾਗ ਦੀਆਂ ਖਤਮ ਕੀਤੀਆਂ ਅਸਾਮੀਆਂ ਦੇ ਵੇਰਵੇ |
| 8. | 157 | ਡਾ. ਸੁਖਵਿੰਦਰ ਕੁਮਾਰ | ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੀਆਂ ਖਤਮ ਕੀਤੀਆ ਅਸਾਮੀਆਂ ਦੇ ਵੇਰਵੇ |

| | | | | |
|---|---|---|---|---|
| 9. | 144 | ਸ. ਜਸਵੰਤ ਸਿੰਘ ਗੱਜਣਮਾਜਰਾ | ਦਿਹਾਤੀ ਵਿਕਾਸ ਅਤੇ ਪੰਚਾਇਤ ਮੰਤਰੀ | ਪਿੰਡਾਂ ਦੀਆਂ ਲਿੰਕ ਸੜਕਾਂ ਦੇ ਕਿਨਾਰੇ ਦਰੱਖਤ ਲਗਾਉਣ ਦੀ ਜ਼ਿੰਮੇਵਾਰੀ ਵਣ ਵਿਭਾਗ ਨੂੰ ਦੇਣਾ |
| 10. | 149 | ਡਾ. ਰਾਜ ਕੁਮਾਰ ਚੱਬੇਵਾਲ | ਸਿੱਖਿਆ ਮੰਤਰੀ | ਹਲਕਾ ਚੱਬੇਵਾਲ ਦੇ ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ ਸਕੂਲਾਂ ਦੇ ਵੇਰਵੇ |
| 11. | 173 | ਡਾ. ਨਛੱਤਰ ਪਾਲ | ਸੂਚਨਾ ਅਤੇ ਲੋਕ ਸੰਪਰਕ ਮੰਤਰੀ | ਜਿਲ੍ਹਾ ਹੈੱਡ ਕੁਆਰਟਰਾਂ ਤੇ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦਾ ਬੁੱਤ ਲਗਾਉਣਾ |
| 12. | 174 | ਡਾ. ਨਛੱਤਰ ਪਾਲ | ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | ਸਾਲ 2022 ਅਤੇ 2023 ਹੁਣ ਤੱਕ ਐਚ.ਆਈ.ਵੀ. ਪੋਜੇਟਿਵ ਪੁਰਸ਼ਾਂ ਅਤੇ ਔਰਤਾਂ ਦੇ ਰਜ਼ਿਸਟਰਡ ਕੇਸਾਂ ਦੇ ਵੇਰਵੇ |
| 13. | 175 | ਡਾ. ਨਛੱਤਰ ਪਾਲ | ਮੁੱਖ ਮੰਤਰੀ | ਅਪ੍ਰੈਲ 2022 ਤੋਂ ਹੁਣ ਤੱਕ ਡਰੱਗ ਮਾਫੀਏ ਦੇ ਦਰਜ ਮਾਮਲਿਆਂ ਦੇ ਵੇਰਵੇ |
| 14. | 186 | ਸ. ਗੁਰਦੇਵ ਸਿੰਘ ਦੇਵ ਮਾਨ | ਮੁੱਖ ਮੰਤਰੀ | ਭਾਦਸੋਂ ਵਿਖੇ ਇੰਡਸਟ੍ਰੀਅਲ ਫੋਕਲ ਪੋਆਇੰਟ ਬਣਾਉਣਾ |
| 15. | 187 | ਸ. ਗੁਰਦੇਵ ਸਿੰਘ ਦੇਵ ਮਾਨ | ਲੋਕ ਨਿਰਮਾਣ (ਭ ਤੇ ਮ) ਮੰਤਰੀ | ਨਾਭਾ ਵਿਖੇ ਬਾਈਪਾਸ ਬਣਾਉਣਾ |
| 16. | 188 | ਸ. ਗੁਰਦੇਵ ਸਿੰਘ ਦੇਵ ਮਾਨ | ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ | ਵਿਰਾਸਤੀ ਸ਼ਹਿਰ ਨਾਭਾ ਵਿਖੇ ਇਤਿਹਾਸਕ ਇਮਾਰਤ ਦੀ ਸੰਭਾਲ ਅਤੇ ਰਿਪੇਅਰ ਕਰਨਾ |
| 17. | 189 | ਸ. ਗੁਰਦੇਵ ਸਿੰਘ ਦੇਵ ਮਾਨ | ਸਥਾਨਕ ਸਰਕਾਰ ਮੰਤਰੀ | ਨਾਭਾ ਸਥਿਤ ਭਾਈ ਕਾਹਨ ਸਿੰਘ ਲਾਇਬ੍ਰੇਰੀ ਦੀ ਸੰਭਾਲ ਅਤੇ ਸਟਾਫ ਦੀ ਨਿਯੁਕਤੀ ਅਤੇ ਭਾਦਸੋਂ ਵਿਖੇ ਨਵੀਂ ਲਾਇਬ੍ਰੇਰੀ ਬਣਾਉਣਾ |

| | | | | |
|---|---|---|---|---|
| 18. | 201 | ਡਾ. ਜਸਬੀਰ ਸਿੰਘ ਸੰਧੂ | ਮੁੱਖ ਮੰਤਰੀ | ਨਗਰ ਸੁਧਾਰ ਟ੍ਰੱਸਟ ਅੰਮ੍ਰਿਤਸਰ ਦੇ ਸਾਬਕਾ ਚੇਅਰਮੈਨ ਖਿਲਾਫ ਕੀਤੀ ਕਾਰਵਾਈ ਦੇ ਵੇਰਵੇ |
| 19. | 202 | ਡਾ. ਜਸਬੀਰ ਸਿੰਘ ਸੰਧੂ | ਬਿਜਲੀ ਮੰਤਰੀ | ਅੰਮ੍ਰਿਤਸਰ ਦੀਆਂ ਅਧਿਕਾਰਤ ਕਲੋਨੀਆਂ ਵਿੱਚ ਬਿਜਲੀ ਦੇ ਕੁਨੈਕਸ਼ਨ ਦੇਣਾ |
| 20. | 203 | ਡਾ. ਜਸਬੀਰ ਸਿੰਘ ਸੰਧੂ | ਬਿਜਲੀ ਮੰਤਰੀ | ਹਲਕਾ ਪੱਛਮੀ ਦੇ ਸੰਘਣੀ ਅਬਾਦੀ ਵਾਲੇ ਇਲਾਕਿਆਂ ਵਿੱਚੋਂ ਬਿਜਲੀ ਦੀਆਂ ਹਾਈ ਵਾਲਟੇਜ ਤਾਰਾਂ ਹਟਾਉਣਾ |

------

**© 2023**

**Published under the authority of the
Punjab Vidhan Sabha and type-setting & printed
by the Controller, Printing & Stationery, Punjab
at the Printing Centre, Chandigarh.**